# ਰਕਿਆ ਰਹਿਤ

ਸਤਬੀਰ ਸਿੰਘ

Sri Satguru Jagjit Singh Ji eLibrary NamdhariElibrary@gmail.com

RACHHIA REHIT

*by* PRINCIPAL SATBIR SINGH

Published by :
New Book Co., Mai Hiran Gate, Jalandhar. Ph : 2280045, 3093190, 2284325, 5534190
Telefax : 0181-2234081

www.archive.org/details/namdhari

ਪਹਿਲੀ ਵਾਰ : 1974, ਦੂਜੀ ਵਾਰ : 1982, ਤੀਜੀ ਵਾਰ : 1989, ਚੌਥੀ ਵਾਰ : 1996

ਮੁੱਲ : 65 ਰੁਪਏ

ਪ੍ਰਕਾਸ਼ਕ : ਮਹਿਤਾਬ ਸਿੰਘ
ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ, ਜਲੰਧਰ।
Ph : 2280045, 3093190, 2284325, 5534190
Fax : 0181-2234081
E-mail : newbookco@hotmail.com

ਛਾਪਕ : ਸਹਿਗਲ ਪ੍ਰਿੰਟਰਜ਼, ਦੁਆਬਾ ਚੌਕ, ਜਲੰਧਰ।

Sri Satguru Jagjit Singh Ji eLibrary NamdhariElibrary@gmail.com

# ਚਾਰ ਸ਼ਬਦ

ਸਾਡੀ ਦਸ਼ਾ ਅੱਜ ਬਿਲਕੁਲ ਐਸੀ ਹੋ ਗਈ ਹੈ ਜੈਸੀ ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਦਰਸਾਈ ਹੈ ਕਿ ਰਹਿਤ ਹੋਰ ਹੈ ਅਸੀਂ ਹੋਰ ਹੀ ਅਪਣਾਈ ਤੁਰੀ ਜਾ ਰਹੇ ਹਾਂ। ਗਲੀਂ ਤਾਂ ਬਹੁਤ ਕੁਛ ਹੈ ਪਰ ਆਚਾਰ ਤੇ ਪ੍ਰੀਤ ਵਾਲੀ ਗੱਲ ਕਿਧਰੇ ਦਿਖਾਈ ਨਹੀਂ ਦਿੰਦੀ। 'ਰਹਤ ਅਵਰ ਕਛੁ ਅਵਰ ਕਮਾਵਤ। ਮਨਿ ਨਹੀ ਪ੍ਰੀਤਿ ਮੁਖਹੁ ਗੰਢ ਲਾਵਤੁ' ਪੰਜਵੇਂ ਪਾਤਸ਼ਾਹ ਦਾ ਫ਼ਰਮਾਨ ਹੈ। ਇਸ ਤੇ ਸਾਡੀ ਅਵਸਥਾ ਇਹ ਕਿ ਸਾਨੂੰ ਗਿਆਨ ਵੀ ਨਹੀਂ ਰਿਹਾ ਕਿ ਮੁੱਖ ਰਹਤਾਂ ਕਿਹੜੀਆਂ ਹਨ ਅਤੇ ਗੁਰਮਤਿ ਦੀ ਸਦਾਚਾਰਕ ਨਿਯਮਾਵਲੀ ਕੀ ਹੈ। ਭਾਈ ਕਨ੍ਹੀਆ ਜੀ ਨੇ ਇਕ ਵਾਰੀ ਇਕ ਸਵਾਲ ਦੇ ਉੱਤਰ ਵਿਚ ਕਿਹਾ ਸੀ, 'ਰੀਤ ਰਸਮ ਤੇ ਗੁਰਮਤਿ ਪਰ੍ਹੇ।' ਗੁਰਮਤਿ ਰੀਤਾਂ, ਰਸਮਾਂ, ਰਵਾਜਾਂ ਅਤੇ ਪਖੰਡਾਂ ਤੋਂ ਬਹੁਤ ਉਤੇ ਹੈ। ਇਸ ਨੂੰ ਸਮੇਂ ਦਾ ਗੇੜ ਨਾ ਬਦਲਾ ਸਕਦਾ ਹੈ ਅਤੇ ਨਾ ਹੀ ਗਿਆਨ ਵਿਗਿਆਨ ਦੀ ਹਨੇਰੀ ਹਿਲਾ ਸਕਦੀ ਹੈ। ਇਸ ਦੀ 'ਸਚ ਕੋਟ ਸਤਾਨੀ ਨੀਵ ਹੈ।' ਕੋਈ ਉਪਰਲਾ ਗਿਆਨ ਇਸ ਦੀ ਤਹਿ ਤੱਕ ਨਹੀਂ ਪੁਜ ਸਕਦਾ। ਮੇਰੇ ਵੀਰ ਮਿਤਰ ਸਰਦਾਰ ਸਰੂਪ ਸਿੰਘ ਜੀ ਸਾਨੂੰ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਕੈਂਪਾਂ ਵਿਚ ਕਿਹਾ ਕਰਦੇ ਸਨ ਕਿ ਬਦਕਿਸਮਤੀ ਦੇਖੋ ਸਿੱਖ ਧਰਮ ਵਿਰੁਧ ਬਗੈਰ ਸੁਣੇ ਹੀ (ਬਾਈ ਡੀਫ਼ਾਲਟ) ਫੈਸਲਾ ਸੁਣਾਇਆ ਜਾ ਰਿਹਾ ਹੈ। ਇਸ ਦਾ ਤਾਂ ਅਜੇ ਤੱਕ ਬਿਆਨ ਵੀ ਨਹੀਂ ਹੋਇਆ। ਇਹ ਪੁਸਤਕ ਇਕ ਪ੍ਰਕਾਰ ਦਾ ਬਿਆਨ ਹੀ ਹੈ ਅਤੇ ਹਰ ਉਸ ਉਠਦੇ ਸਵਾਲ ਤੇ ਆਉਂਦੇ ਖ਼ਿਆਲ ਦਾ ਉੱਤਰ ਦੇਣ ਦੀ ਕੋਸ਼ਿਸ਼ ਕੀਤੀ ਹੈ ਜਿਸ ਦਾ ਜਵਾਬ ਨ ਮਿਲਣ ਕਾਰਨ ਸਿੱਖ ਅਸ਼ਰਧਕ ਹੋ ਕੁਰਾਹੇ ਪੈ ਜਾਂਦਾ ਹੈ।

ਪੁਸਤਕ ਦਾ ਨਾਂ ਜਾਣ ਬੁਝ ਕੇ 'ਰਛਿਆ ਰਹਿਤ' ਰਖਿਆ ਹੈ। ਮੇਰੀ ਜਾਚੇ ਅੱਜ ਦੀ ਸਭ ਤੋਂ ਵੱਡੀ ਲੋੜ ਹੀ ਰਹਿਤ ਦੀ ਰਛਿਆ ਦੀ ਹੈ ਨਾਂਹ ਕਿ ਰਛਿਆ ਰਿਆਇਤ ਦੀ। ਅਕਾਲੀ ਕੌਰ ਸਿੰਘ ਜੀ ਦਾ ਦ੍ਰਿੜ ਵਿਚਾਰ ਸੀ ਅਤੇ ਪੁਰਾਤਨ ਹੱਥ ਲਿਖਤ ਗੁਟਕਿਆਂ ਵਿਚ ਲਿਖੀ ਅਰਦਾਸ ਇਸ ਗੱਲ ਦੀ ਸ਼ਾਹਦ ਹੈ ਕਿ ਸਿੱਖ ਅਰਦਾਸ ਸਮੇਂ ਜਹਾਂ ਜਹਾਂ ਗੁਰ ਖਾਲਸਾ ਜੀ ਸਾਹਿਬ ਤਹਾਂ ਤਹਾਂ 'ਰਛਿਆ ਰਹਿਤ' ਦੀ ਦਾਤ ਮੰਗਦੇ ਸਨ। ਪਹਿਲਾ, ਹੁਣ ਤੇ ਅਗੋਂ ਵੀ ਸੰਘਰਸ਼ ਸਿੱਖੀ ਸਰੂਪ ਬਚਾਉਣ

Sri Satguru Jagjit Singh Ji eLibrary NamdhariElibrary@gmail.com

ਦਾ ਰਿਹਾ । 'ਪੰਥ ਕੀ ਰਹੀ ਤੋਂ ਗ੍ਰੰਥ ਕੀ ਰਹੇਗੀ ਨਾਥ' ਘਲੂਘਾਰਿਆਂ ਸਮੇਂ ਕੀਤੀ ਪੁਕਾਰ ਸੀ । ਅੱਜ ਵੀ ਹੱਲਾ ਸਿੱਖੀ ਸਰੂਪ ਤੇ ਹੈ ਅਤੇ ਮਨਸੂਬੇ ਇਸੇ ਨੂੰ ਹਟਾਉਣ ਦੇ ਵਿਰੋਧੀਆਂ ਵਲੋਂ ਬਣਾਏ ਜਾ ਰਹੇ ਹਨ । ਜਦ ਔਰੰਗਜ਼ੇਬ ਨੇ ਇਹ ਫ਼ਰਮਾਨ ਜਾਰੀ ਕੀਤਾ ਸੀ ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਜ਼ਿੰਦਾ ਜਾ ਮੁਰਦਾ ਪਕੜ ਕੇ ਲਿਆਓ ਤਾਂ ਦਸ ਲੱਖ ਨੇ ਘੇਰ ਕੇ ਪੂਰੇ ਜਤਨ ਕੀਤੇ ਸਨ ਪਰ ਜ਼ਫ਼ਰਨਾਮਾ ਵਿਚ ਦਸਮ ਪਾਤਸ਼ਾਹ ਉਸੇ ਔਰੰਗਜ਼ੇਬ ਨੂੰ ਲਿਖਦੇ ਹਨ ਕਿ ਤੇਰੇ ਸਾਰੇ ਜਤਨ ਨਾ-ਕਾਮਯਾਬ ਹੋਏ ਅਤੇ ਪ੍ਰਭੂ ਮੇਹਰ ਸਦਕਾ ਨਾ ਹੀ ਮੇਰਾ ਵਾਲ਼ ਵਿੰਗਾ ਹੋਇਆ ਅਤੇ ਨਾ ਹੀ ਮੇਰੇ ਤਨ ਤੇ ਰਤਾ ਕੁ ਝਰੀਟ ਆਈ । **"ਨ ਪੇਰੀਦ ਮੂਏ । ਨ ਰੰਜੀਦਾ ਤਨ ।"** ਅੱਜ ਮੇਰੀ ਕਲਗੀਆਂ ਵਾਲੇ ਅਗੇ ਅਰਦਾਸ ਹੈ ਕਿ ਸਚੇ ਪਾਤਸ਼ਾਹ ਤੁਸੀਂ ਤਾਂ ਘੇਰੇ ਵਿਚੋਂ ਤਾੜੀ ਮਾਰ ਕੇ ਨਿਕਲ ਗਏ, ਅੱਜ ਤੁਹਾਡੇ ਸਰੂਪ ਤੇ ਅੰਦਰੋਂ, ਬਾਹਰੋਂ ਹੱਲੇ ਹੋ ਰਹੇ ਹਨ । ਸਾਡੇ ਤੇ ਵੀ ਰਹਿਮਤ ਕਰੋ ਕਿ ਅਸੀਂ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਂਦੇ ਜੈਕਾਰੇ ਛੱਡਦੇ ਤੇਰੇ ਦਰਬਾਰ ਵਿਚ ਹਾਜ਼ਰ ਹੋਈਏ । 'ਰਛਿਆ ਰਹਿਤ' ਦਾ ਦਾਨ ਸਾਨੂੰ ਬਖ਼ਸ਼ੋ ।

ਇਸ ਪੁਸਤਕ ਵਿਚ ਜਿਥੇ ਹਰ ਦਿੱਤੇ ਹੁਕਮ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ ਉਥੇ ਸਭ ਪ੍ਰਗਟ ਤੇ ਛੁਪੇ ਰਹਿਤਨਾਮਿਆਂ ਨੂੰ ਪੜ੍ਹ ਘੋਖ ਕੇ ਇਕ ਸਿੱਖ ਸਦਾਚਾਰਕ ਨਿਯਮਾਵਲੀ ਬਣਾਉਣ ਦਾ ਜਤਨ ਵੀ ਕੀਤਾ ਹੈ । ਇਹ ਨਿਰੋਲ ਇਸ ਪਾਸੇ ਦਾ ਸੰਕੇਤ ਹੈ ਕਿ ਪੰਥ ਨੂੰ ਆਪਣੀ ਸਦਾਚਾਰਕ ਨਿਯਮਾਵਲੀ (ਕੋਡ ਔਫ਼ ਐਥਿਕਸ) ਬਣਾਉਣੀ ਚਾਹੀਦੀ ਹੈ ਤਾਕਿ ਕੋਝੇ ਰੀਤੀ-ਰਿਵਾਜ ਤੇ ਪਖੰਡ ਆਪਣਾ ਸਿਰ ਨ ਉਠਾਉਣ ।

ਪਹਲਗਾਮ ਨੂੰ 'ਚੁਪ ਦੀ ਨਗਰੀ' ਕਿਹਾ ਜਾਂਦਾ ਹੈ । ਇਥੇ ਲਿਧਰ ਤੇ ਸ਼ੇਸ਼ਨਾਗ ਨਿਰੰਤਰ ਵਹਿ ਕੇ ਐਸਾ ਰਾਗ ਅਲਾਪਦੇ ਹਨ ਕਿ ਇਕ ਰਸਮਯ ਛਾ ਜਾਂਦਾ ਹੈ ਤੇ ਜਗਿਆਸੂ ਆਪੇ ਤੋਂ ਉਤਾਂਹ ਦੇਖਣ ਲਈ ਮਜਬੂਰ ਹੋ ਜਾਂਦਾ ਹੈ । ਹਰ ਪੁਸਤਕ ਨੂੰ ਆਖਰੀ ਸ਼ਕਲ ਮੈਂ ਇਥੇ ਹੀ ਦੇਂਦਾ ਹਾਂ । ਵੀਰ ਨਰਿੰਦਰ ਸਿੰਘ ਜੀ, ਅੰਮੀ ਜੀ ਅਤੇ ਸਰਦਾਰ ਜਗਤ ਸਿੰਘ ਕੋਲੋਂ ਅਮੁਕ ਸਨੇਹ ਲੈ ਖੀਵਾ ਹੁੰਦਾ ਹਾਂ ।

ਮੈਨੂੰ ਇਹ ਲਿਖਣ ਵਿਚ ਖੁਸ਼ੀ ਹੈ ਕਿ ਮਿੱਤਰ ਵੀਰ ਸਰਦਾਰ ਇੰਦਰਜੀਤ ਸਿੰਘ ਜੀ ਦੇ ਉਤਸ਼ਾਹ ਨੇ ਕਕਾਰਾਂ ਸੰਬੰਧੀ ਪੂਰੀ ਪੁਸਤਕ ਲਿਖਣ ਦੀ ਪ੍ਰੇਰਨਾ ਦਿੱਤੀ । ਸਰਦਾਰ ਮਹਿਤਾਬ ਸਿੰਘ ਜੀ ਨੇ ਹਮੇਸ਼ਾਂ ਵਾਂਗ ਇਸ ਪੁਸਤਕ ਨੂੰ ਚਾਅ ਨਾਲ ਛਾਪਿਆ ਹੈ । 'ਦਲੀਪ' ਜੀ ਨੇ ਦੱਖ ਉਘਾੜੀ ਹੈ ਅਤੇ ਸਰਦਾਰ ਪਰਮਜੀਤ ਸਿੰਘ ਨੇ ਹੱਥ ਵਟਾਇਆ ਹੈ । ਜਸਪਾਲ ਜੀ ਨੇ ਖਰੜੇ ਨੂੰ ਪੜ੍ਹ ਸੁਣ ਸੁੰਦਰ ਸੁਝਾਅ ਦਿੱਤੇ ਹਨ । ਮੈਂ ਸਭ ਦਾ ਰਿਣੀ ਹਾਂ ।

ਪਹਿਲਗਾਮ,
ਜੂਨ ੩੦, ੧੯੭੪

**—ਸਤਿਬੀਰ ਸਿੰਘ**

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਦੂਜੇ ਐਡੀਸ਼ਨ ਬਾਰੇ

'ਰਛਿਆ ਰਹਿਤ' ਛਪਦੇ ਸਾਰ ਹੀ ਹਥੋਂ ਹੱਥ ਵਿਕ ਗਈ ਸੀ ਅਤੇ ਪਾਠਕ ਬਾਰ ਬਾਰ ਲਿਖ ਰਹੇ ਸਨ ਕਿ ਫਿਰ ਛਾਪੋ ਪਰ ਗੁਰੂ ਪਾਤਸ਼ਾਹਾਂ ਦੀਆਂ ਜੀਵਨੀਆਂ ਲਿਖਣ ਤੇ ਛਪਣ ਵਿਚ ਐਸਾ ਰੁਝਿਆ ਕਿ ਇਧਰ ਧਿਆਨ ਨਾ ਦੇ ਸਕਿਆ। ਜਦ ਰਤਾ ਕੁ ਵਿਹਲ ਮਿਲੀ ਤਾਂ ਸੋਧ ਕੇ ਪਾਠਕਾਂ ਹੱਥ ਦੇ ਕੇ ਖ਼ੁਸ਼ੀ ਲੈ ਰਿਹਾ ਹਾਂ।

ਭਾਵੇਂ ਹੈਡਿੰਗ ਉਹੋ ਹੀ ਰਹਿਣ ਦਿੱਤੇ ਹਨ ਪਰ ਅੱਜ ਤਕ ਕੀਤੀ ਖੋਜ ਨੂੰ ਇਸ ਪੁਸਤਕ ਦਾ ਹਿੱਸਾ ਬਣਾਇਆ ਹੈ। ਟਾਈਟਲ ਵੀ ਨਵਾਂ ਬਣਾਇਆ ਹੈ।

ਹੁਣ ਇਕ ਹੀ ਖ਼ਾਹਿਸ਼ ਹੈ ਕਿ ਜੋ ਗੁਰੂ ਗ੍ਰੰਥ ਸਾਹਿਬ ਦਾ ਸਾਰ-ਵਿਸਥਾਰ ੩੧ ਹਿੱਸਿਆਂ ਤੇ ੧੪ ਜਿਲਦਾਂ ਵਿਚ ਦੇਣ ਦਾ ਸੰਕਲਪ ਕੀਤਾ ਹੈ, ਗੁਰੂ ਪਾਤਸ਼ਾਹ ਪਹਿਲੇ ਵਾਂਗ ਹੀ ਆਪਣਾ ਹੱਥ ਸਿਰ ਤੇ ਰੱਖ ਕੇ ਸੰਪੂਰਨ ਕਰਾਉਣ। ਪਹਿਲੀ ਜਿਲਦੀ 'ਪਰਸਤਾਵਨਾ' ਪੂਰਨ ਆਸ ਹੈ ਕਿ ਸਤੰਬਰ ਤਕ ਛਪ ਕੇ ਬਾਹਰ ਆ ਜਾਏਗੀ।

ਜਉ ਗੁਰਦੇਉ ਤ ਸੀਸੁ ਅਕਾਸਿ।
ਜਉ ਗੁਰਦੇਉ ਸਦਾ ਸਾਬਾਸਿ।

—ਸਤਿਬੀਰ ਸਿੰਘ

ਜੂਨ ੧੯੯੨
ਯਮਨਾ ਨਗਰ,

Sri Satguru Jagjit Singh Ji eLibrary NamdhariElibrary@gmail.com

ਗਿਆਨੀ ਸਰੂਪ ਸਿੰਘ ਕੜਿਆਣਾ * (ਜਲੰਧਰ) ਪਿੰਡ ਕੜਿਆਣਾ ਤਹਿ: ਫਿਲੌਰ *
ਮੋਬਾਇਲ
98150-
03075

| ਕੀ ? | ਕਿੱਥੇ ? |
|---|---|
| ਕਕਾਰ ਕਿਉਂ ? | ੧੩ |
| ਰਹਿਤ ਕਿਸ ਲਈ ? | ੨੩ |
| ਕੇਸ ਸਾਡੀ ਮੋਹਰ ਹੈ | ੨੭ |
| ਕੰਘਾ ਕੇਸਾਂ ਦੇ ਵਿਚ ਧਰਾ | ੩੪ |
| ਸਰਬ ਲੋਹ ਦਾ ਕੜਾ ਪਹਿਨਣਾ | ੩੮ |
| ਪਰਵਾਣਿਤ ਸਿੱਖ ਰਹਿਤ ਮਰਯਾਦਾ | ੪੩ |
| ਸਿੱਖ ਰਹਿਤ ਮਰਯਾਦਾ | ੪੬ |
| ਸੀਲ ਜਤ ਕੀ ਕਛ | ੬੫ |
| ਕ੍ਰਿਪਾਨ ਦਾ ਵਿਸਾਹ ਕਰਨਾ ਨਾਹੀ | ੭੨ |
| ਜਗਤ ਜੂਠ ਤਮਾਕੂ ਨ ਸੇਵ | ੮੧ |
| ਅਭਾਖਿਆ ਕਾ ਕੁੱਠਾ ਖਾਵੇ ਨਾਹੀ | ੮੭ |
| ਪਰ ਤਨ ਗਾਮੀ ਨਹੀਂ ਹੋਣਾ | ੯੪ |
| ਸ਼ਾਸਤਰ ਅਤੇ ਸ਼ਸਤਰ | ੯੯ |
| ਵਿਸਾਖੀ—'ਜੈ ਜੀਵਨ ਤੇ ਜਾਗ੍ਰਤੀ ਦਾ ਦਿਨ' | ੧੦੨ |
| ਦੀਵਾਲੀ ਕੀ ਰਾਤਿ ਦੀਵੇ ਬਾਲੀਅਹਿ | ੧੦੮ |
| ਹੋਲਾ-ਮਹੱਲਾ ਸਭ ਸ਼ਕਤੀਆਂ ਦਾ ਪ੍ਰਤੀਕ | ੧੧੫ |
| ਸ਼ਹੀਦੀ ਪ੍ਰੰਪਰਾ | ੧੨੦ |
| ਗੁਰੂ ਗ੍ਰੰਥ ਜੀ ਮਾਨਿਓਂ, ਪ੍ਰਗਟ ਗੁਰਾਂ ਕੀ ਦੇਹ | ੧੨੩ |
| ਆਗਿਆ ਭਈ ਅਕਾਲ ਕੀ | ੧੩੭ |
| ਐਸੀ ਲਾਲ ਤੁਝ ਬਿਨ ਕਉਨ ਕਰੇ | ੧੪੪ |
| ਬਲਿਹਾਰੀ ਗੁਰ ਆਪਣੇ | ੧੫੩ |
| ਅਸਲ ਕਰਾਮਾਤ | ੧੫੮ |
| ਅਨੰਦ ਕਾਰਜ | ੧੬੩ |
| ਸਿੱਖ ਸਦਾਚਾਰਕ ਨਿਯਮਾਵਲੀ | ੧੬[illegible] |

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਕਕਾਰ ਕਿਉਂ ?

ਗੁਰੂ ਨਾਨਕ ਦੇਵ ਜੀ ਨੇ ਰਾਗ ਬਿਲਾਵਲ ਦੇ ਇਕ ਸ਼ਬਦ ਵਿਚ ਵਾਹਿਗੁਰੂ ਦੀ ਵਡਿਆਈ ਅਤੇ ਵਡਿਆਈ ਕਰਨ ਵਾਲੇ ਦੀ ਅਸਮੱਰਥਾ ਦਾ ਜ਼ਿਕਰ ਕਰਦੇ ਹੋਏ ਫ਼ਰਮਾਇਆ ਹੈ; "ਪ੍ਰਭੂ ਤੇਰਾ ਵਰਣਨ ਕਰਨਾ ਕਠਨ ਹੈ, ਕਿਉਂ ਜੋ ਤੈਨੂੰ ਬਿਆਨ ਕਰ ਕਰਕੇ ਮੈਂ ਇਸ ਸਿੱਟੇ ਉਤੇ ਪੁੱਜਾ ਹਾਂ ਕਿ ਤੈਨੂੰ ਬਿਆਨ ਨਹੀਂ ਕੀਤਾ ਜਾ ਸਕਦਾ :

"ਕਿਆ ਹਉ ਕਥੀ ਕਥੇ ਕਥਿ ਦੇਖਾ,
ਮੈ ਅਕਥੁ ਨ ਕਥਨਾ ਜਾਈ ।" (ਬਿਲਾਵਲ ਮਹਲਾ ੧, ਪੰਨਾ ੭੯੫)

ਕੁਝ ਐਸੀ ਹੀ ਅਵਸਥਾ ਹੈ ਉਸ ਲੇਖਕ, ਕਥਾਕਾਰ, ਇਤਿਹਾਸਕਾਰ ਤੇ ਸਾਖੀਕਾਰ ਦੀ ਜੋ ਗੁਰੂ ਗੋਬਿੰਦ ਸਿੰਘ ਦੇ ਜੀਵਨ, ਕਰਮ, ਫ਼ਰਮਾਨ ਨੂੰ ਬਿਆਨ ਕਰਨ ਦੀ ਕੋਸ਼ਿਸ਼ ਕਰਦਾ ਹੈ। ਵਿਦਵਾਨ ਆਪਣੀ ਵਰ੍ਹਿਆਂ ਬੱਧੀ ਖੋਜ ਬਾਅਦ ਇਸ ਹੀ ਨਤੀਜੇ ਉਤੇ ਪੁੱਜਦਾ ਹੈ ਕਿ ਕਲਗੀਧਰ ਦੀ ਬਹੁਰੰਗੀ ਸ਼ਖਸੀਅਤ ਅਤੇ ਸਰਬ-ਕਲਾ ਸੰਪੂਰਣ ਸ਼ਕਤੀ ਦਾ ਵਰਣਨ ਕਰਨਾ ਕਠਨ ਹੀ ਨਹੀਂ, ਕਈ ਥਾਂਵੇਂ ਅਸੰਭਵ ਵੀ ਹੈ। ਜਦ ਇਤਿਹਾਸਕਾਰ ਟਾਕਰੇ ਵਜੋਂ ਦੇਖਦਾ ਹੈ ਕਿ ਜਿਸ ਉਮਰ ਵਿਚ ਸੰਸਾਰ ਦੇ ਪ੍ਰਸਿੱਧ ਪੈਗੰਬਰਾਂ ਤੇ ਅਵਤਾਰਾਂ ਨੇ ਆਪਣੇ ਪ੍ਰੋਗਰਾਮ ਤੇ ਪੈਗਾਮ ਲੁਕਾਈ ਤਕ ਦਰਸਾਏ, ਉਸ ਆਯੂ ਵਿਚ ਗੁਰੂ ਗੋਬਿੰਦ ਸਿੰਘ ਜੀ ਆਪਣਾ ਆਸ਼ਾ ਦਰਸਾ, ਕੌਮ ਦਾ ਮੂੰਹ ਮੁੰਹਾਂਦਰਾ ਬਣਾ ਵੀ ਚੁਕੇ ਸਨ। ਗੁਰੂ ਸਾਹਿਬ ਸਗੋਂ ਉਸ ਸਮੇਂ "ਜਬ ਆਵ ਕੀ ਆਉਧ ਨਿਦਾਨ ਬਨੈ, ਅਤਿ ਹੀ ਰਣ ਮਹਿ ਤਬ ਜੂਝ ਮਰਉ" ਦੀ ਅਰਦਾਸ ਕਰ ਰਹੇ ਸਨ। 'ਖਾਲਸਾ' ਦੀ ਸਾਜਨਾ ਗੁਰੂ ਗੋਬਿੰਦ ਸਿੰਘ ਜੀ ਨੇ ੩੩ ਸਾਲ ਦੀ ਆਯੂ ਵਿਚ ਕੀਤੀ ਸੀ। ਇਤਿਹਾਸ ਦੀ ਗਵਾਹੀ ਹੈ ਕਿ ਹਜ਼ਰਤ ਈਸਾ ਨੇ ਖ਼ੁਦਾ ਦੀ ਬਾਦਸ਼ਹਤ ਤੇ ਰੱਬ ਦਾ ਪੁਤਰ ਹੋਣ ਦਾ ਦਾਅਵਾ ੩੯ ਸਾਲ ਦੀ ਉਮਰ ਵਿਚ ਕੀਤਾ ਸੀ। ਬੁੱਧ ਜੀ ਉਤੇ ਗਿਆਨ ਦਾ ਸੂਰਜ ੩੫ ਸਾਲ ਦੀ ਆਯੂ ਵਿਚ ਚੜ੍ਹਿਆ ਸੀ। ਸੋ ਮੇਰਾ ਯਕੀਨ ਹੈ ਕਿ ਗੁਰੂ ਸਾਹਿਬ ਦੇ ਹੁਕਮਾਂ ਨੂੰ ਸਮਝਣਾ ਤਾਂ ਹੋਰ ਵੀ ਮੁਸ਼ਕਲ ਹੈ ਕਿਉਂਕਿ ਉਹਨਾਂ ਦੇ ਹਰ ਹੁਕਮ, ਆਗਿਆ ਤੇ ਫ਼ਰਮਾਨ ਪਿਛੇ ਸਦੀਆਂ ਦਾ ਗਿਆਨ ਸੀ। ਫਿਰ ਉਹਨਾਂ ਦੀ ਲੰਮੀ ਨਦਰ ਆਉਣ ਵਾਲੇ ਯੁਗਾਂ ਨੂੰ ਨਿਕਟ ਕਰ ਦੇਖ ਰਹੀ ਸੀ। ਐਡਮੈਂਡ ਕੈਂਡਲਰ ਦਾ ਕਹਿਣਾ ਠੀਕ ਹੈ ਕਿ ਗੁਰੂ ਗੋਬਿੰਦ ਸਿੰਘ

Sri Satguru Jagjit Singh Ji eLibrary NamdhariElibrary@gmail.com

ਜੀ ਇਤਿਹਾਸਕਾਰ, ਸਟੇਟਸਮੈਨ ਦੇ ਨਾਲ ਡੂੰਘੇ ਮਨੋਵਿਗਿਆਨੀ ਵੀ ਸਨ। ਉਹ ਘਟ ਘਟ ਦੀ ਜਾਣਨਹਾਰ ਸਨ ਤੇ ਕੋਈ ਵੀ ਓਪਰੀ ਨਜ਼ਰ ਵਾਲਾ ਉਹਨਾਂ ਦੇ ਹੁਕਮਾਂ ਦੀ ਡੂੰਘਾਈ ਦੀ ਤਹਿ ਨੂੰ ਨਹੀਂ ਪਾ ਸਕਦਾ। ੨੦੯ ਸਾਲ ਦਾ (ਗੁਰ ਨਾਨਕ ਜੀ ਤੋਂ ਗੁਰੂ ਤੇਗ਼ ਬਹਾਦਰ ਜੀ ਤਕ ਦਾ) ਮਹਾਨ ਵਿਰਸਾ ਤੇ ਤਜਰਬਾ ਵੀ ਉਹਨਾਂ ਕੋਲ ਸੀ। ਇਸ ਵਿਚ ਕੋਈ ਸ਼ੱਕ ਨਹੀਂ ਕਿ ਅੱਜ ਦਾ ਯੁੱਗ ਸੂਝ ਦਾ ਯੁੱਗ ਕਰਕੇ ਪ੍ਰਸਿੱਧ ਹੈ ਤੇ ਹਰ ਗੱਲ ਸਮਝ ਦੇ ਤਰਾਜ਼ੂ ਉਤੇ ਤੋਲੀ ਪਰਖੀ ਜਾਂਦੀ ਹੈ ਪਰ ਇਸ ਵਿਚ ਵੀ ਰਤਾ ਭਰ ਸ਼ਕ ਨਹੀਂ ਚਾਹੀਦਾ ਕਿ ਅਜੇ ਵੀ ਅਸੀਂ ਗੁਰੂ ਸਾਹਿਬ ਦੇ ਹੁਕਮਾਂ ਨੂੰ ਸਮਝਣ ਵਿਚ ਸਮੱਰਥ ਨਹੀਂ ਹੋਏ। ਇਹ ਵੀ ਠੀਕ ਹੈ ਕਿ ਅਸੀਂ ਪੁਲਾੜਾਂ ਨੂੰ ਚੀਰ ਚੰਦ ਤੇ ਤਾਂ ਪੈਰ ਰੱਖਣ ਵਿਚ ਕਾਮਯਾਬ ਹੋ ਗਏ ਹਾਂ ਪਰ ਅਸਲ ਗੱਲ ਨਿਊਟਨ ਵਾਲੀ ਹੀ ਹੈ ਕਿ ਇਹ ਜੀਵ ਬੱਚਾ, ਵਿਸ਼ਾਲ ਤੇ ਗਹਿਰੇ ਸਮੁੰਦਰ ਕਿਨਾਰੇ ਖੜੋਤਾ ਘੋਗੇ ਹੀ ਚੁਗ ਰਹਿਆ ਹੈ ਪਰ ਆਖ ਰਿਹਾ ਹੈ ਕਿ ਉਸ ਵਿਸ਼ਾਲ ਸਾਗਰ ਦਾ ਹਾਥ ਪਾ ਲਿਆ ਹੈ। ਸਚੀ ਗੱਲ ਤਾਂ ਇਹ ਹੈ ਕਿ ਜੇ ਇਸ ਧਰਤੀ ਬਾਰੇ ਸਭ ਕੁਝ ਜਾਣ ਵੀ ਜਾਈਏ ਤਾਂ ਵੀ 'ਧਰਤੀ ਹੋਰ ਪਰੈ ਹੋਰੁ ਹੋਰੁ' ਹੈ। ਸੋ ਸੁਕਰਾਤ ਵਾਲੀ ਹੀ ਗੱਲ ਕਹਿਣੀ ਬਣਦੀ ਹੈ ਕਿ ਅਸੀਂ ਸਿਰਫ਼ ਇਹ ਜਾਣ ਸਕੇ ਹਾਂ ਕਿ ਅਸੀਂ ਕੁਝ ਨਹੀਂ ਜਾਣਦੇ। ਪਰ ਇਹ ਕਦੇ ਵੀ ਨਹੀਂ ਭੁਲਣਾ ਚਾਹੀਦਾ ਕਿ ਇਹ ਗਿਆਨ ਦਾ ਯੁਗ ਹੈ ਅਤੇ ਇਸ ਯੁੱਗ ਨੇ ਇਕ ਰੁਚੀ "ਕਿਉਂ, ਕਿਵੇਂ, ਕੈਸੇ, ਕਿਸ ਤਰ੍ਹਾਂ ਕਾਹਦੇ ਲਈ" ਸਾਨੂੰ ਦਿੱਤੀ ਹੈ। ਇਸ ਕਿਉਂ ਤੇ ਕਾਹਦੇ ਲਈ ਨੇ ਹੀ ਵਿਗਿਆਨ ਦੀ ਪਰਗਤੀ ਕਰਾਈ ਹੈ ਤੇ ਦੂਜੇ ਪਾਸੇ ਕਿਉਂ ਤੇ ਕਿਵੇਂ ਦੀ ਪੂਰਤੀ ਨਾ ਹੋਣ ਦੀ ਸੂਰਤ ਵਿਚ ਢੂੰਢਾਊ ਨਿਰਾਸ ਹੋ ਕੇ ਝੂਰਨ ਲੱਗ ਪੈਂਦਾ ਹੈ। ਉਸੇ ਝੋਰੇ ਝੋਰੇ ਵਿਚ ਕਈ ਲਾਭਵੰਦ ਵਸਤੂਆਂ ਨੂੰ ਵੀ ਫਜ਼ੂਲ ਕਹਿਕੇ ਵਗਾਹ ਮਾਰਦਾ ਹੈ। ਟੈਨੀਸਨ ਦੀ ਆਖੀ ਗੱਲ ਨਾਲ ਮੈਂ ਇਨ ਬਿਨ ਸਹਿਮਤ ਹਾਂ ਕਿ ਬੰਸਰੀ ਵਿਚ ਰਤਾ ਭਰ ਆਈ ਤਰੇੜ ਰਾਗ ਨੂੰ ਹੀ ਖ਼ਤਮ ਕਰ ਦੇਵੇਗੀ। ਸੋ ਹਰ ਰਾਗ ਦੇ ਆਸ਼ਕ ਨੂੰ ਤਰੇੜ ਦੇ ਰੋਕਣ ਤੇ ਹੋਰ ਵਧਣ ਤੋਂ ਟੋਕਣ ਦਾ ਉਪਰਾਲਾ ਕਰਨਾ ਚਾਹੀਦਾ ਹੈ।

ਇਸੇ ਯੁੱਗ ਦੇ ਪ੍ਰਭਾਵ ਕਾਰਨ ਇਕ ਸਵਾਲ ਦਾ ਹਰ ਸਿੱਖ ਨੂੰ ਕਿਸੇ ਨਾ ਕਿਸੇ ਰੂਪ ਵਿਚ ਸਾਹਮਣਾ ਕਰਨਾ ਪੈਂਦਾ ਹੈ ਤੇ ਉਹ ਹੈ 'ਕਕਾਰ ਕਿਉਂ? ਕੇਸ ਕਿਸ ਵਾਸਤੇ? ਰਹਿਤ ਬਹਤ ਕਾਹਦੇ ਲਈ? ਨਿੱਤ ਨੇਮ ਦਾ ਕੀ ਲਾਭ?" ਇਨ੍ਹਾਂ ਉੱਭਰਦੇ ਵੇਗਾਂ ਤੇ ਉੱਠਦੇ ਸਵਾਲਾਂ ਦਾ ਉੱਤਰ ਨਿਰਣੇਜਨਕ ਢੰਗ ਨਾਲ ਨ ਮਿਲਣ ਕਾਰਨ ਕਿਤੂ ਕਰਨ ਵਾਲਾ ਦੁਰਾਡੇ ਹੋਈ ਚਲਾ ਜਾਂਦਾ ਹੈ ਤੇ ਸਮਾਂ ਮਿਲਣ ਉਤੇ ਸ਼ਾਖ ਨਾਲੋਂ ਹੀ ਟੁੱਟ ਜਾਂਦਾ ਹੈ ਤੇ ਫਿਰ ਕਈ ਵਾਰੀ ਦੂਜਿਆਂ ਨਾਲ ਰਲ ਕੇ ਤਨੇ ਤੇ ਹੀ ਸੱਟਾਂ ਮਾਰਨ ਲੱਗ ਪੈਂਦਾ ਹੈ। ਬਰਟਰੈਂਡ ਰਸਲ ਨੇ ਇਕ ਸਮੇਂ ੧੧ ਯੁਕਤੀਆਂ ਈਸਾਈ ਧਰਮ ਵਿਰੁੱਧ ਉਠਾਕੇ ਇਕ ਲੇਖ 'ਮੈਂ ਕਿਉਂ ਈਸਾਈ ਨਹੀਂ ਹਾਂ' ਲਿਖ ਕੇ ਕਈਆਂ ਨੂੰ ਈਸਾਈਆਂ ਤੋਂ ਮੁਨੁਕਰ ਕੀਤਾ ਸੀ। ਅੱਜ ਇਹ ਬੀਮਾਰੀ ਸਾਡੀਆਂ ਰਗਾਂ ਵਿਚ ਵੀ ਆ ਰਹੀ ਹੈ। ਰੁੜਕੀ ਦੇ ਇਕ ਪ੍ਰੋਫੈਸਰ ਨੇ ਇਕ ਸਰਕੂਲਰ ਰਾਹੀਂ ਗੁਰੂ ਗੋਬਿੰਦ ਸਿੰਘ ਜੀ ਨੂੰ ਨੌਂ ਗੁਰੂ ਸਹਿਬਾਨ ਦੇ ਵਿਰੁਧ ਆਖ ਕੇ ਜ਼ਹਿਰੀਲਾ ਪ੍ਰਚਾਰ ਕੀਤਾ ਵੀ ਹੈ। ਸੋ ਸਾਨੂੰ ਪਹਿਲਾਂ ਹੀ 'ਮੈਂ ਖਾਲਸਾ ਕਿਉਂ ਹਾਂ' ਸੰਬੰਧੀ ਭਾਵ ਪੂਰਤ ਉੱਤਰ ਦੇ ਕੇ ਨੌਜਵਾਨਾਂ, ਬਜ਼ੁਰਗਾਂ ਪ੍ਰਚਾਰਕਾਂ ਹੱਥ ਪਹੁੰਚਾਣੇ ਚਾਹੀਦੇ ਹਨ। 'ਧਰਮ ਕਰਮ' ਦੀ ਆਯੂ ਤ ਜਦ ਬੱਚਾ ਪਹੁੰਚੇ ਉਸ ਸਮੇਂ ਹੀ ਨੀਂਹ ਪੱਕੀ

Sri Satguru Jagjit Singh Ji eLibrary NamdhariElibrary@gmail.com

ਕਰ ਦੇਣੀ ਚਾਹੀਦੀ ਹੈ। ਛਿਥਿਆਂ ਪੈ ਕੇ, ਕਿੰਤੂ ਕਰਨ ਵਾਲੇ ਨੂੰ ਓਝੜੇ ਪਿਆ, ਕੁਰਾਹੀਆ, ਨਾਸਤਕ ਕਹਿ ਕੇ ਭੰਡਣਾ ਨਹੀਂ ਚਾਹੀਦਾ। ਤ੍ਰਿਪਤੀ ਨ ਹੋਣ ਕਾਰਨ ਹੀ ਨੌਜਵਾਨ ਭਟਕਦਾ ਹੈ ਤੇ ਫਿਰ ਆਦਰਸ਼ ਤੋਂ ਡਿੱਗ ਜਾਂਦਾ ਹੈ। ਜੇ ਉਸ ਦੇ ਕਿੰਤੂ ਸੁਭਾਵ ਨੂੰ ਸ਼ਾਂਤ ਕਰ ਦਿੱਤਾ ਜਾਏ ਤਾਂ ਉਹ ਠੇਡੇ ਨਹੀਂ ਖਾਏਗਾ ਤੇ ਗੰਭੀਰ ਹੋ ਵਿਚਰਣ ਲਈ ਤਿਆਰ ਹੋ ਜਾਏਗਾ। 'ਗਿਆਨ ਖੰਡ' ਧਰਮ ਦੀ ਸੜਕ ਤੇ ਇਕ ਜ਼ਰੂਰੀ ਪੜਾਅ ਹੈ; ਮੰਜ਼ਲ ਬੇਸ਼ਕ ਨਾ ਹੋਵੇ। 'ਮਨ ਸਮਝਾਵਨ ਕਾਰਨੇ' ਤਾਂ ਕਬੀਰ ਜੀ ਨੇ ਵੀ 'ਕਛੂਅਕ ਗਿਆਨ' ਹਾਸਲ ਕਰਨ ਦੀ ਇੱਛਾ ਪ੍ਰਗਟ ਕੀਤੀ ਹੈ। ਇਸ ਵਿਚ ਕੋਈ ਦੋ ਰਾਵਾਂ ਨਹੀਂ ਹਨ ਕਿ ਅਸੀਂ ਅਲਪ ਬੁਧੀ ਵਾਲੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਾਂ ਨੂੰ ਸਮਝਣ ਤੋਂ ਅਸਮਰਥ ਹਾਂ, ਇਸ ਵਿਚ ਵੀ ਕੋਈ ਸ਼ੱਕ ਨਹੀਂ ਕਿ ਜੇ ਹੁਕਮ ਸਮਝ ਵੀ ਲਿਆ ਜਾਏ ਤਾਂ ਉਸ ਦਾ ਵਰਣਨ ਕਰਨਾ ਉਤਨਾ ਹੀ ਕਠਨ ਹੈ, 'ਜੇ ਹਉ ਜਾਣਾ ਆਖਾ ਨਾਹੀ, ਕਹਣਾ ਕਥਨ ਨ ਜਾਈ।' ਪਰ ਇਹ ਕਿਧਰੇ ਵੀ ਨਹੀਂ ਲਿਖਿਆ ਕਿ ਹੁਕਮ ਸਮਝਣ ਜਾਨਣ ਦਾ ਯਤਨ ਹੀ ਨਹੀਂ ਕਰਨਾ ਚਾਹੀਦਾ। ਹੁਕਮ ਸਮਝਣ ਦੇ ਦਰਵਾਜ਼ੇ ਬੰਦ ਨਹੀਂ ਕਰਨੇ ਚਾਹੀਦੇ। ਹੁਕਮ ਬਿਆਨ ਕਰਨਾ ਜ਼ਰੂਰ ਅਸੰਭਵ ਹੈ ਪਰ ਜਾਣਨਾ ਤੇ ਬੁੱਝਣਾ ਉਤਨਾ ਕਠਨ ਨਹੀਂ। ਸਿੱਖ ਘਰ ਵਿਚ "ਹੁਕਮੈ ਬੂਝੈ ਤਾ ਦਰੁ ਸੂਝੈ, ਗਿਆਨ ਵਿਹੂਣਾ ਕਥਿ ਕਥਿ ਲੂਝੈ" ਧਰਮ ਦਾ ਜ਼ਰੂਰੀ ਅੰਗ ਹੈ। ਸੋ ਜੋ ਸਜਨ, ਮਹਾਂ ਪੁਰਸ਼ ਪ੍ਰਚਾਰਕ ਇਹ ਆਖਦੇ ਹਨ ਕਿ 'ਕਕਾਰ ਸਾਡੇ ਲਈ ਹੁਕਮ ਹੈ', ਉਹਨਾਂ ਅਗੇ ਮੇਰੀ ਬੇਨਤੀ ਹੈ ਕਿ ਇਸ 'ਹੁਕਮ' ਦੀ ਮਹਿਮਾ ਹੀ ਸਮਝਾਉਣ। ਹੁਕਮੀ ਜੀਵਨ ਦਾ ਅਨੰਦ ਹੁਕਮੀ ਬੰਦੇ ਦੇ ਜੀਵਨ ਦੀਆਂ ਉਦਾਹਰਨਾਂ, ਹੁਕਮ ਦਾ ਮਾਰਗ ਸਿੱਖੀ-ਮਾਰਗ, ਰਜ਼ਾ ਤੋਂ ਬਖਸ਼ਸ਼, ਜਪ, ਸਿਮਰਨ ਤੇ ਨਾਮ ਤੋਂ ਹੁਕਮ ਵਿਚ ਪੁਜਣ ਦੀ ਵਿਧੀ ਤੇ ਸਾਧਨਾਂ ਉਤੇ ਭਾਵ ਪੂਰਤ ਵਿਚਾਰਾਂ ਦੇਣ ਤਾਕਿ ਹਨੇਰੇ ਵਿਚ ਰਹਿਣ ਵਾਲਾ ਮਨ ਕਛੂਆ 'ਅੰਗਾਰ ਦੀ ਭਾਲ ਕਰੇ ਤੇ ਲੂਕੀ ਵਾਂਗ ਹਨੇਰੇ ਵਿਚ ਭੁੱਜਦਾ ਮਨ ਲੋਕਾਂ ਨੂੰ ਸ਼ਬਦ ਸੁਣਾਏ।' ਸੋ ਸਭ ਤੋਂ ਪਹਿਲਾਂ ਹੁਕਮ ਦਾ ਰਹੱਸ ਸਮਝਣਾ ਤੇ ਸਮਝਾਉਣਾ ਜ਼ਰੂਰੀ ਹੈ, ਤਾਂ ਹੀ ਫਿਰ ਕਕਾਰ ਕਿਉਂ, ਚਿੰਨ੍ਹਾਂ ਦਾ ਧਰਮ ਵਿਚ ਅਸਥਾਨ, ਧਾਰਮਕ ਤੇ ਪੰਥਕ ਜੀਵਨ ਉਤੇ ਚਿੰਨਾਂ ਦਾ ਪ੍ਰਭਾਵ, ਕਕਾਰਾਂ ਦੀ ਧਾਰਮਕ, ਪੰਥਕ, ਰਾਜਨੀਤਕ, ਵਿਗਿਆਨਕ ਮਹੱਤਤਾ, ਰਹਿਤ ਦਾ ਨਿੱਤ ਜੀਵਨ ਨਾਲ ਸੰਬੰਧ ਤੇ ਨਿਤ ਨੇਮ ਦੀ ਲੋੜ ਉਤੇ ਆਸਾਨੀ ਨਾਲ ਵੀਚਾਰ ਕੀਤੀ ਜਾ ਸਕੇਗੀ।

'ਰਹਿਤ ਪਿਆਰੀ ਮੋਹਿ ਕੋ' ਗੁਰੂ ਗੋਬਿੰਦ ਸਿੰਘ ਜੀ ਦਾ ਫ਼ਰਮਾਨ ਹੈ ਤੇ 'ਹੁਕਮ ਰਜਾਈ ਚਲਣਾ' ਗੁਰੂ ਨਾਨਕ ਦੇਵ ਜੀ ਦਾ ਮੁੱਖ ਸਿਧਾਂਤ ਹੈ। ਸਿੱਖੀ 'ਹੁਕਮੀ ਮਾਰਗ' ਹੀ ਹੈ। ਜਪੁ ਜੀ ਨ ਸਿਰਫ਼ ਗੁਰੂ ਗ੍ਰੰਥ ਸਾਹਿਬ ਜੀ ਦੀ ਮੁੱਖ ਬਾਣੀ ਹੈ, ਸਗੋਂ ਸਿੱਖ ਆਸ਼ਿਆਂ ਦਾ ਮੂਲ ਮੰਤਰ (ਬੇਸ਼ਕ ਬੀਲੀਫਜ਼) ਵੀ ਹੈ। ਜਪੁ ਜੀ ਵਿਚ ਜੀਵਨ ਦਾ ਮੁੱਖ ਆਸ਼ਾ 'ਪ੍ਰਸ਼ਾਦ' ਲੈਣਾ ਦਰਸਾਇਆ ਹੈ। 'ਨਦਰੀ ਨਦਰ ਨਿਹਾਲ' ਜਪੁ ਜੀ ਦੀ ਆਖ਼ਰੀ ਪਉੜੀ ਦੀ ਆਖਰੀ ਤੁਕ ਤੇ 'ਜਪ' ਦਾ ਸਿਖਰ ਹੈ। ਜਪ, ਸਿਮਰਨ, ਨਾਮ 'ਹੁਕਮ' ਤੇ 'ਰਜ਼ਾ' ਪਛਾਣਨ ਦੇ ਹੀ ਸਾਧਨ ਹਨ। ਸਿਮਰਨ ਦੁਆਰਾ ਨਾਮ ਪ੍ਰਗਟ ਕਰ ਕੇ ਰਜ਼ਾ ਵਿਚ ਟਿਕ ਜਾਣਾ ਹੀ ਸਿੱਖੀ ਹੈ। ਰਜ਼ਾ ਵਿਚ ਰਹਿਣ ਕਰਕੇ ਤੇ ਹੁਕਮ ਪਛਾਣਨ ਸਦਕਾ ਸਿੱਖ 'ਨਦਰ' ਦਾ ਪਾਤਰ ਅਵੱਸ਼ ਬਣ ਜਾਏਗਾ। ਰਜ਼ਾ ਤੇ ਹੁਕਮ ਵਿਚ ਤੁਰਨਾ ਇਹ ਇਕ ਵਿਧੀ ਹੈ। ਇਹ ਵਿਧੀ ਧੁਰ ਤੋਂ ਜਦ ਤੋਂ ਜਗਤ ਬਣਿਆ ਹੈ ਲਿਖੀ ਚਲੀ ਆ ਰਹੀ ਹੈ। ਅਸਲ ਗੱਲ ਇਹ ਹੈ ਕਿ ਜੇ ਕੋਈ ਮਨੁੱਖ ਹੁਕਮ ਨੂੰ ਸਮਝ ਲਵੇ ਤਾਂ ਫਿਰ ਉਹ ਨਿੱਜ ਦਾ ਖ਼ਿਆਲ,

Sri Satguru Jagjit Singh Ji eLibrary NamdhariElibrary@gmail.com

ਸਆਰਥ ਦੀਆਂ ਗੱਲਾਂ ਤੇ ਕਿਉਂ ਅਤੇ ਕਿੰਤੂ ਨਹੀਂ ਕਰਦਾ। ਉਸ ਦਾ ਸੁਆਰਥੀ ਜੀਵਨ ਮੁਕ ਜਾਂਦਾ ਹੈ, ਜੀਵਨ ਪਰਉਪਕਾਰੀ ਬਣ ਜਾਂਦਾ ਹੈ। ਵਾਹਿਗੁਰੂ ਦਾ ਹੁਕਮ ਨਿਰਾਲਾ ਹੈ ਤੇ ਉਸ ਨੇ ਇਹ ਧਰਤੀ ਵੀ ਆਪਣੇ ਹੁਕਮ ਵਿਚ ਧਰਮ ਕਮਾਣ ਲਈ ਬਣਾਈ ਹੈ। 'ਹੁਕਮੈ ਧਰਤੀ ਸਾਜੀਅਨ ਸਚੀ ਧਰਮ ਸਾਲ।' ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਵੀ ਨਿਰਾਲੇ ਹਨ, ਉਹਨਾਂ ਸਾਨੂੰ ਇਹ ਰਹਤ, ਕਕਾਰਾਂ ਦੀ ਬੰਦਸ਼, ਸਾਨੂੰ ਧਰਮ ਕਮਾਣ ਲਈ ਹੀ ਦਿੱਤੇ ਹਨ। ਗੁਰੂ ਨਾਨਕ ਜੀ ਉਤੇ ਸਿਧਾਂ ਵਲੋਂ ਹੋਏ ਮੁੱਖ ਸਵਾਲਾਂ ਵਿਚ ਇਕ ਸਵਾਲ ਇਹ ਸੀ ਕਿ "ਇਹ ਜੀਵ ਕਿਥੋਂ ਆਉਂਦਾ ਹੈ, ਕਿਥੇ ਜਾਂਦਾ ਹੈ, ਕਿਥੇ ਟਿਕਿਆ ਰਹਿੰਦਾ ਹੈ ਅਤੇ ਜੀਵਨ ਕਿਵੇਂ ਬਤੀਤ ਕਰਦਾ ਹੈ।" ਗੁਰੂ ਜੀ ਦਾ ਉੱਤਰ ਸੀ, "ਇਹ ਜੀਵ ਹੁਕਮ ਵਿਚ ਆਉਂਦਾ ਹੈ। ਹੁਕਮ ਵਿਚ ਜਾਂਦਾ ਹੈ, ਹੁਕਮ ਵਿਚ ਜੀਵਨ ਬਤੀਤੀ ਕਰਨਾ ਜ਼ਰੂਰੀ ਹੈ, ਜੋ ਵੀ ਹੁਕਮ ਦੇ ਉਲਟ ਜੀਵਨ ਬਤੀਤ ਕਰਨ ਦੀ ਕੋਸ਼ਿਸ਼ ਵੀ ਕਰਦਾ ਹੈ ਉਹ ਠੇਡੇ ਖਾਂਦਾ ਹੈ।" ਵਾਹਿਗੁਰੂ ਨਿਰੰਜਨ ਨੂੰ ਲੱਭਣ ਲਈ ਗੁਰੂ ਦੇ ਚਰਨਾਂ ਉਤੇ ਟੁਰਨ ਤੋਂ ਛੁਟ ਹੋਰ ਕੋਈ ਕਰਮ ਕਰਨ ਦੀ ਵੀ ਲੋੜ ਨਹੀਂ, ਜੋ ਵੀ ਗੁਰੂ—ਆਸ਼ੇ ਅਨੁਸਾਰ ਜੀਵਨ ਗੁਜ਼ਾਰਦਾ ਹੈ ਉਹ ਜੀਵ ਉਸ ਮਾਇਆ ਰਹਿਤ ਪ੍ਰਭੂ ਨੂੰ ਪ੍ਰਾਪਤ ਕਰ ਲੈਂਦਾ ਹੈ। ਇਹ ਹੈ ਹੁਕਮੀ ਮਾਰਗ ਦਾ ਚਮਤਕਾਰ।

"ਗੁਰ ਬਚਨੀ ਅਵਿਗਤਿ ਸਮਾਈਐ,
ਤਤੁ ਨਿਰੰਜਨੁ ਸਹਜਿ ਲਹੈ।
ਨਾਨਕ ਦੂਜੀ ਕਾਰ ਨ ਕਰਣੀ,
ਸੇਵੈ ਸਿਖੁ ਸੁ ਖੋਜਿ ਲਹੈ ॥ ੨੩ ॥ (ਸਿੱਧ ਗੋਸ਼ਟ)

ਹੁਕਮ ਮੰਨਣਾ ਅਸਚਰਜ ਖ਼ਿਆਲ ਹੈ, ਰਤਾ ਕੁ ਅਕਲ ਰੱਖਣ ਵਾਲਾ ਤਾਂ ਹੋਰ ਵੀ ਹੈਰਾਨ ਹੁੰਦਾ ਹੈ। ਉਸ ਦੀ ਅਕਲ ਤੋਂ ਇਹ ਵਿਚਾਰ ਪਰ੍ਹੇ ਹੈ। ਇਹ ਖ਼ਿਆਲ ਹੀ ਕਿ ਗੁਰੂ ਦੇ ਹੁਕਮ ਵਿਚ ਤੁਰਿਆਂ ਪ੍ਰਮਾਤਮਾ ਹਰੀ ਵਿਚ ਸਮਾ ਸਕੀਦਾ ਹੈ, ਹੈਰਾਨਗੀ ਪੈਦਾ ਕਰਨ ਵਾਲਾ ਹੈ ਪਰ ਜੋ ਮਨੁੱਖ 'ਹੁਕਮ' ਨੂੰ ਪਛਾਣਦਾ ਹੈ, ਉਹ ਜੀਵਨ ਦੀ ਸਹੀ ਜੁਗਤ ਤੇ ਸੱਚੀ ਅਸਲੀਅਤ ਨੂੰ ਜਾਣ ਲੈਂਦਾ ਹੈ। ਐਸਾ ਮਨੁੱਖ ਹੀ ਅਸਲ ਗਿਆਨੀ ਹੈ। ਗਿਆਨੀ 'ਪੁਰਸ਼', 'ਹਉਮੈਂ', 'ਆਪਾ' ਭਾਵ ਤੇ ਆਪਣੀ ਸਮਤਿ ਮਿਟਾ ਕੇ ਖ਼ੁਸ਼ੀ ਪ੍ਰਾਪਤ ਕਰਦਾ ਹੈ। ਉਸ ਨੂੰ ਇਹ ਸਮਝ ਆ ਜਾਂਦੀ ਹੈ ਕਿ ਹੁਕਮ ਵਿਚ ਰਹਿਆਂ, ਦੁਨੀਆਂ ਵਿਚ ਰਹਿੰਦੇ ਹੋਏ ਵੀ ਦੁਨੀਆਂ ਤੋਂ ਵੱਖਰਾ ਹੋ ਜਾਈਦਾ ਹੈ। ਐਸੇ 'ਹੁਕਮੀ ਪੁਰਖ ਗਿਆਨੀ' ਦੇ ਹਿਰਦੇ ਵਿਚ ਸਦਾ ਕਾਇਮ ਰਹਿਣ ਵਾਲਾ ਸਾਖਿਆਤ ਹੋ ਜਾਂਦਾ ਹੈ।

"ਹੁਕਮੁ ਬਿਸਮਾਦੁ ਹੁਕਮਿ ਪਛਾਣੈ,
ਜੀਅ ਜੁਗਤਿ ਸਚੁ ਜਾਣੈ ਸੋਈ।
ਆਪੁ ਮੇਟਿ ਨਿਰਾਲਮੁ ਹੋਵੈ,
ਅੰਤਰਿ ਸਾਚੁ ਜੋਗੀ ਕਹੀਐ ਸੋਈ ॥ ੨੩ ॥ (ਸਿੱਧ ਗੋਸ਼ਟ)

ਸੋ ਇਹ ਸਪੱਸ਼ਟ ਹੈ ਕਿ 'ਗੁਰਾਂ ਗੁਰ' ਗੁਰੂ ਨਾਨਕ ਦੇਵ ਜੀ ਨੇ ਹੁਕਮ ਨੂੰ ਮੁੱਖ ਥਾਂ ਦਿੱਤੀ ਹੈ। ਸਾਡੇ ਲਈ ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ 'ਕੇਸ ਸਾਡੀ ਮੁਹਰ ਹੈ,' ਨੂੰ ਸਿਰ ਮੱਥੇ ਮੰਨਦੇ ਹੋਏ ਮੁਹਰ ਨੂੰ ਇਨ ਬਿਨ ਉਸੇ ਸ਼ਕਲ ਵਿਚ ਰੱਖਣਾ ਚਾਹੀਦਾ

Sri Satguru Jagjit Singh Ji eLibrary NamdhariElibrary@gmail.com

ਹੈ ਤਾਕਿ ਦਰ ਪਰਵਾਨ ਹੋ ਸਕੀਏ। ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਹੁਣ ਦੀ ਯਾਚਨਾ ਤਾਂ ਹੀ ਅਰਦਾਸ ਵਿਚ ਕੀਤੀ ਜਾਂਦੀ ਹੈ ਅਤੇ ਐਸਾ ਕਰ ਦਿਖਾਉਣ ਵਾਲੇ ਨੂੰ ਨਿੱਤ ਗੁਰੂ ਸਾਹਿਬਾਨ ਨਾਲ ਹੀ ਯਾਦ ਕੀਤਾ ਜਾਂਦਾ ਹੈ।

ਗੁਰੂ ਨਾਨਕ ਜੀ ਨੇ ਸੰਸਾਰ ਦੇ ਗੁਣਾਂ ਚੰਗਿਆਈਆਂ ਦਾ ਤਤ ਨਿੰਮਤ੍ਰਾ ਤੇ ਮਿਠਾ ਬੋਲਣਾ ਦੱਸਿਆ ਹੈ ਅਤੇ ਹੁਕਮ ਵਿਚ ਤੁਰਨ ਲਈ ਪਹਿਲਾ ਗੁਰ 'ਨਿੰਮ੍ਰਤਾ' ਹੈ। ਨਿੰਮ੍ਰਤਾ ਵਿਚ ਰਹਿੰਦਾ ਹੋਇਆ ਮਨੁੱਖ ਹੁਕਮ ਨੂੰ ਸਮਝਣ ਯੋਗ ਹੋ ਜਾਂਦਾ ਹੈ। ਐਸਾ ਮਨੁੱਖ ਹੀ ਆਤਮਕ ਅਨੰਦ ਮਾਣਦਾ ਹੈ। ਹੁਕਮ ਮੰਨਣ ਨਾਲ ਪਿਛਲੇ ਕੀਤੇ ਕਰਮਾਂ ਦਾ ਲੇਖ ਵੀ ਮੱਥੇ ਉਤੇ ਉਘੜ ਆਉਂਦਾ ਹੈ।

"ਰੇਣ ਸਗਲ ਇਆ ਮਨੁ ਕਰੈ,
ਏਊ ਕਰਮ ਕਮਾਇ।
ਹੁਕਮੈ ਬੂਝੈ ਸਦਾ ਸੁਖੁ,
ਨਾਨਕ ਲਿਖਿਆ ਪਾਇ ॥ ੩੧ ॥
(ਗਉੜੀ ਮਹਲਾ ੫, ਬਾਵਨ ਅਖਰੀ, ਪੰਨਾ ੨੫੬)

ਗੁਰੂ ਅਮਰ ਦਾਸ ਜੀ ਦਾ ਵੀ ਫ਼ਰਮਾਨ ਹੈ,

ਇਹੁ ਸਿਰੁ ਦੀਜੈ ਆਪੁ ਗਵਾਇ ॥
ਹੁਕਮੈ ਬੂਝੈ ਸਦਾ ਸੁਖੁ ਪਾਏ ॥੩॥ (ਆਸਾ ਮਹਲਾ ੩, ਪੰਨਾ ੬੨੮)

ਜੋ ਪੁਰਸ਼ ਹੁਕਮ ਪਛਾਣ ਲੈਂਦਾ ਹੈ ਉਸ ਦਾ ਆਤਮਕ ਅਨੰਦ ਕਦੇ ਵੀ ਨਹੀਂ ਟੁੱਟਦਾ। ਉਸ ਦਾ ਪ੍ਰਭੂ ਨਾਲ ਮਿਲਾਪ ਹੋ ਜਾਂਦਾ ਹੈ।

"ਇਤੁ ਸੰਗਤਿ ਨਾਹੀ ਮਰਣਾ ॥
ਹੁਕਮੁ ਪਛਾਣਿ ਤਾ ਖਸਮੈ ਮਿਲਣਾ ॥੧॥ (ਸ੍ਰੀ ਰਾਗ; ਕਬੀਰ, ਪੰਨਾ ੯੨)

ਐਸਾ ਹੁਕਮੀ ਬੰਦਾ ਸਦਾ ਖਿੜੇ ਮੱਥੇ ਰਹਿੰਦਾ ਹੈ। ਸੁੱਖ ਹੀ ਸੁੱਖ ਉਸ ਦਾ ਸੰਗੀ ਹੋ ਜਾਂਦਾ ਹੈ।

"ਹੁਕਮੇ ਬੁਝਿ ਨਿਹਾਲੁ ਸੁਖਿ ਸੁਖੇਟਿਆ ॥
ਪਰਖਿ ਖਜਾਨੈ ਪਾਏ ਸੇ ਬਹੁੜਿ ਨ ਖੋਟਿਆ ॥ ੧੦ ॥
(ਮਹਲਾ ੫; ਗੁਜਰੀ ਕੀ ਵਾਰ, ਪੰਨਾ ੫੨੦)

ਇਹ ਵੀ ਸੱਚ ਹੈ ਕਿ ਜੋ ਮਨੁੱਖ ਰਜ਼ਾ ਦੇ ਮਾਲਕ ਪ੍ਰਭੂ ਦੇ ਹੁਕਮ ਵਿਚ ਤੁਰਦਾ ਹੈ, ਉਸ ਨੂੰ ਜੀਵਨ ਸਫ਼ਰ ਵਿਚ ਮਾਇਆ ਤੇ ਮੋਹ ਆਦਿਕ ਦੀ ਕੋਈ ਰੋਕ ਨਹੀਂ ਪੈਂਦੀ। ਜੋ ਹੁਕਮ ਤੇ ਰਜ਼ਾ ਵਿਚ ਤੁਰਦਾ ਹੈ ਉਹ ਖਰਾ ਸਿੱਕਾ ਬਣ ਕੇ ਪ੍ਰਭੂ ਦੇ ਖਜ਼ਾਨੇ ਵਿਚ ਪੈਂਦਾ ਹੈ ਤੇ ਜੋ ਆਪਣੀ ਮੱਤ ਦੇ ਸਹਾਰੇ ਜੀਵਨ ਗੁਜ਼ਾਰਦਾ ਹੈ ਉਹ ਖੋਟੇ ਸਿਕੇ ਵਾਂਗੂ ਦੁਰਕਾਰਿਆ ਜਾਂਦਾ ਹੈ ਤੇ ਖਜ਼ਾਨੇ ਵਿਚ ਥਾਂ ਨਹੀਂ ਮਿਲਦੀ।

"ਅਹਿਨਿਸਿ ਨਾਮਿ ਸੰਤੋਖੀਆ ਸੇਵਾ ਸਚੁ ਸਾਈ ॥
ਤਾ ਕਉ ਬਿਘਨੁ ਨ ਲਾਗਈ ਚਾਲੈ ਹੁਕਮਿ ਰਜਾਈ ॥
ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ ॥
ਖੋਟੇ ਠਵਰ ਨ ਪਾਇਨੀ ਰਲੈ ਜੂਠਾਨੈ ॥੪॥ (ਆਸਾ ਮਹਲਾ ੧, ਪੰਨਾ ੪੨੧)

Sri Satguru Jagjit Singh Ji eLibrary NamdhariElibrary@gmail.com

ਇਸੇ ਤਰ੍ਹਾਂ ਜੋ ਜੀਵ ਇਸਤਰੀ ਹੁਕਮ ਵਿਚ ਤੁਰਦੀ ਹੈ, ਉਹ ਸਦਾ ਹੀ ਸੁਹਾਗ ਭਾਗ ਵਾਲੀ ਰਹਿੰਦੀ ਹੈ। ਉਹ ਸਦਾ ਆਤਮਕ ਜੀਵਨ ਮਾਣਦੀ ਰਹਿੰਦੀ ਹੈ। ਉਸ ਨੂੰ ਸੰਸਾਰ ਦੀਆਂ ਚੋਟਾਂ ਕੁਝ ਨਹੀਂ ਆਖ ਸਕਦੀਆਂ। "ਆਗਿਆਕਾਰੀ ਸਦਾ ਸੁਹਾਗਣਿ ਆਪ ਮੇਲੀ ਕਰਤਾਰ"। ਆਗਿਆਕਾਰੀ ਹੁਕਮ ਵਿਚ ਤੁਰਨ ਜੋਗ ਬਣੇ ਰਹਿਣ ਦੀ ਸੁੰਦਰ ਉਦਾਹਰਣ ਭਾਈ ਜੋਗਾ ਸਿੰਘ ਜੀ ਦੀ ਹੈ। ਜੋਗਾ ਸਿੰਘ ਜੀ ਨੇ ਆਪ ਨੂੰ ਗੁਰੂ ਜੋਗਾ ਆਖ ਕੇ ਆਪਣਾ ਆਪ ਪੇਸ਼ ਕਰ ਦਿੱਤਾ। ਲਾਵਾਂ ਤੋਂ ਜ਼ਰੂਰੀ 'ਹੁਕਮ' ਸਮਝ ਕੇ ਅਨੰਦਪੁਰੀ ਵੱਲ ਟੁਰ ਪਿਆ ਅਤੇ ਫਿਰ ਜੇ ਰਾਹ ਵਿਚ ਮਾਇਆ ਨੇ ਰੂਪ ਧਾਰ ਮਨ ਉਤੇ ਹੱਲਾ ਕੀਤਾ ਵੀ, ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਪਹਿਰੇਦਾਰ ਬਣ ਰੋਕ ਪਾਈ। ਹੁਕਮ ਦੇ ਰਾਹ ਟੁਰਨ ਵਾਲੇ ਨੂੰ ਕਾਮਾਦਿਕ ਜੇ ਭਰਮਾਨਾ ਵੀ ਚਾਹੁਣਗੇ ਤਾਂ ਪਤੀ, ਮਾਲਕ, ਪਰਮਾਤਮਾ, ਗੁਰੂ, ਸੁਹਾਗ ਨਹੀਂ ਡਿਗਣ ਦੇਵੇਗਾ। ਆਗਿਆਕਾਰੀ ਨੂੰ ਸਦਾ ਸੁਹਾਗਣ ਰਖੇਗਾ ਤੇ ਛਾਤੀ ਨਾਲ ਲਗਾਈ ਰਖੇਗਾ। 'ਹੁਕਮ ਰਜਾਈ' ਦੀਆਂ ਖੇਡਾਂ ਅਨੋਖੀਆਂ!

ਕਬੀਰ ਜੀ ਫ਼ਰਮਾਂਦੇ ਹਨ ਕਿ ਮਨੁੱਖ ਚਾਹੁੰਦਾ ਹੈ ਕਿ ਉਸ ਨੂੰ ਵਾਹਿਗੁਰੂ ਦਾ ਆਤਮਕ ਝਲਕਾਰਾ ਵਜੇ ਪਰ ਉਹ ਅੰਞਾਣਾ ਇਹ ਨਹੀਂ ਜਾਣਦਾ ਕਿ ਉਸ ਦਾ ਦਰਸ਼ਨ ਇਹਨਾਂ ਅਖਾਂ ਨਾਲ ਨਹੀਂ, ਹੋਰ ਅੱਖਾਂ ਨਾਲ ਹੋਣਾ ਹੈ। ਉਸ ਲਈ ਦੁਨੀਆਂ ਦੇ ਡਰਾਂ, ਤਾਹਨਿਆਂ, ਮਿਹਣਿਆਂ ਤੋਂ ਉਚਾ ਹੋਣਾ ਪਵੇਗਾ।

"ਅਨਭਉ ਕਿਨੈ ਨ ਦੇਖਿਆ, ਬੈਰਾਗੀਅੜੇ ॥
ਬਿਨ ਭੈ ਅਨਭਉ ਹੋਇ ਵਣਾਹੰਬੈ।"

ਤੇ ਉਸ ਦੀ ਰਜ਼ਾ ਵਿਚ ਟੁਰ ਕੇ ਉਹ ਮਨੁੱਖ ਸੰਸਾਰ ਦੇ ਡਰਾਂ ਤੋਂ ਰਹਿਤ ਹੋ ਜਾਇਗਾ।

"ਹੁਕਮੈ ਬੂਝੈ ਤ ਨਿਰਭਉ ਹੋਇ ਵਣਾਹੰਬੈ।" (ਮਾਰੂ ਕਬੀਰ, ਪੰਨਾ ੧੧੦੪)

ਜਿਵੇਂ ਪਤੀ ਦੀ ਪ੍ਰੇਮਣ ਇਸਤਰੀ ਸਦਾ ਆਪਣੇ ਪਤੀ ਨੂੰ ਪ੍ਰਸੰਨ ਕਰਨ ਲਈ ਸਰੀਰਕ ਸ਼ਿੰਗਾਰ ਕਰਦੀ ਹੈ। ਕਿਸੇ ਦਿਰਾਣੀ, ਜਠਾਣੀ, ਲੋਕਾਂ ਦੀ ਇਸ ਬਾਰੇ ਨੋਕ ਝੋਂਕ, ਤਾਹਨੇ-ਮਿਹਣੇ ਦੀ ਉਹ ਉਕਾ ਹੀ ਪਰਵਾਹ ਨਹੀਂ ਕਰਦੀ। ਕਿਉਂਕਿ ਉਹ ਜਾਣਦੀ ਹੈ ਕਿ ਉਸ ਦਾ ਇਕੋ ਇਕ ਨਿਸ਼ਾਨਾ ਪਤੀ ਨੂੰ ਰਿਝਾਉਣਾ ਹੈ।

'ਮੈਂ ਕਾਮਣਿ ਮੇਰਾ ਕੰਤੁ ਕਰਤਾਰੁ ॥
ਜੇਹਾ ਕਰਾਏ ਤੇਹਾ ਕਰੀ ਸੀਗਾਰ ।੧।
ਉਸਤਤਿ ਨਿੰਦਾ ਕਰੇ ਕਿਆ ਕੋਈ।
ਜਾਂ ਆਪੇ ਵਰਤੈ ਏਕੋ ਸੋਈ ।੨। (ਭੈਰਉ ਮਹਲਾ ੩, ਪੰਨਾ ੧੧੨੮)

ਇਹ ਆਮ ਦੇਖਣ ਵਿਚ ਆਉਂਦਾ ਹੈ ਕਿ ਉਸ ਘਰ ਦੀ ਸ਼ਕਲ ਹੀ ਬਦਲ ਜਾਂਦੀ ਹੈ ਜਿਸ ਵੇਲੇ ਘਰ ਵਾਲੀ ਨੂੰ ਪਤੀ ਦੇ ਆਉਣ ਦੀ ਚਿੱਠੀ ਮਿਲਦੀ ਹੈ। ਉਹ ਇਸਤਰੀ ਜੋ ਖੋਹੀ-ਖੋਹੀ ਰਹਿੰਦੀ ਸੀ ਚਾਉ ਭਰੇ ਮਨ ਨਾਲ ਘਰ ਦੀ ਨੁੱਕਰ-ਨੁੱਕਰ ਨੂੰ ਸਾਫ਼ ਕਰਦੀ ਹੈ, ਸਜਾਉਂਦੀ ਹੈ। ਉਸ ਦਾ ਮਨ ਹਾਰ ਸ਼ਿੰਗਾਰ ਵਿਚ ਮੁੜ ਪਰਚਨ ਲੱਗ ਪੈਂਦਾ ਹੈ ਤੇ ਘੰਟਿਆਂ ਬੱਧੀ ਸ਼ੀਸ਼ੇ ਅਗੇ ਬੈਠ ਸੰਵਰਦੀ ਰਹਿੰਦੀ ਹੈ। ਇਸ ਅਨੰਦ ਦਾ ਮਿੱਠਾ ਸੁਆਦ ਕੋਈ ਸੁਹਾਗਣ ਹੀ ਮਾਣ ਸਕਦੀ ਹੈ। ਦੁਹਾਗਣ ਤੇ ਛੁੱਟੜ ਕੀ ਜਾਣੇ ਪ੍ਰੀਤਾਂ ਦੇ ਹੁਲਾਰੇ।

Sri Satguru Jagjit Singh Ji eLibrary NamdhariElibrary@gmail.com

ਸੋ ਜੇ ਕੋਈ ਇਹ ਆਖਿਆ ਸੁਣੀਦਾ ਹੈ ਕਿ ਅਸੀਂ ਗੁਰੂ ਨੂੰ ਹਿਰਦੇ ਵਿਚ ਰੱਖਦੇ ਹਾਂ, ਸਿੱਖੀ ਅੰਦਰ ਦੀ ਸ਼ੈ ਹੈ, ਕਈ ਦਿਖਾਵੇ ਦੀ ਚੀਜ਼ ਨਹੀਂ, ਉਹਨਾਂ ਅਗੇ ਸਿਰਫ ਮੇਰੀ ਇਤਨੀ ਬੇਨਤੀ ਹੈ ਕਿ ਉਹ ਮਨ ਨੂੰ ਧੋਖਾ ਦੇ ਰਹੇ ਹਨ ਤੇ ਧਰਮ ਵਿਚ ਸਭ ਕੁਝ ਚਲ ਸਕਦਾ ਹੈ ਪਰ ਮਨ ਨਾਲ ਧੋਖਾ ਨਹੀਂ। ਉਹਨਾਂ ਡੋਲੇ ਹੋਏ ਪਰ ਦਿਖਾਵੇ ਲਈ ਪੱਕੇ ਬਣੇ ਸਜਨਾਂ ਨੂੰ ਗੁਰੂ ਅੰਗਦ ਦੇਵ ਜੀ ਦਾ ਮਹਾਨ ਫ਼ਰਮਾਨ ਚੇਤ ਕਰਨਾ ਚਾਹੀਦਾ ਹੈ। "ਜਿਸ ਨਾਲ ਸੱਚਾ ਪਿਆਰ ਹੋਵੇ। ਆਪਾ ਭਾਵ ਉਸ ਅੱਗੇ ਭੇਟ ਕਰਨਾ ਪੈਂਦਾ ਹੈ। ਉਸ ਦੀ ਮਰਜ਼ੀ ਵਿਚ ਆਪਣੀ ਮਰਜ਼ੀ ਲੀਨ ਕਰਨੀ ਪੈਂਦੀ ਹੈ।"

"ਜਿਸ ਪਿਆਰੇ ਸਿਉ ਨੇਹੁ ਤਿਸੁ ਆਗੈ ਮਰਿ ਚਲੀਐ।
ਧ੍ਰਿਗ ਜੀਵਣੁ ਸੰਸਾਰਿ ਤਾ ਕੈ ਪਾਛੈ ਜੀਵਣਾ।"

(ਸ੍ਰੀ ਰਾਗ ਕੀ ਵਾਰ, ਮ: ੪ ਸਲੋਕ ਮ: ੨)

ਪ੍ਰੀਤਾਂ ਦੀ ਦੁਨੀਆਂ ਵਿਚ ਇਹ ਨਹੀਂ ਚਲਦਾ ਕਿ ਮਰਜ਼ੀ ਵੀ ਕਰੀ ਜਾਉ ਤੇ ਪ੍ਰੀਤ ਵੀ ਨਿਭਾਉਣੀ ਚਾਹੋ। ਸਲਾਮ ਵੀ ਕਰੋ ਤੇ ਜੁਆਬ ਵੀ। ਮੁਰਸ਼ਦ ਵੀ ਆਖੋ ਤੇ ਹੁਜਤਾਂ ਵੀ ਕਰੀ ਜਾਉ। ਇਹ ਸ੍ਵੈ-ਵਿਰੋਧੀ ਭਾਵਨਾਵਾਂ ਤਾਂ ਕਿਧਰੇ ਵੀ ਪੁਜਣ ਨਹੀਂ ਦੇਣਗੀਆਂ। ਐਸਾ ਮਨੁੱਖ ਤਾਂ ਮੁਢੋਂ ਹੀ ਖੁੰਜਿਆ ਤੇ ਗਵਾਚਿਆ ਜਾਣੋ।

ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ। (ਸਲੋਕ ਮ: ੨, ਪੰਨਾ ੪੭੪)

ਗੁਰੂ ਅੰਗਦ ਸਾਹਿਬ ਫਰਮਾਂਦੇ ਹਨ ਕਿ ਇਹ ਵੀ ਨਿਸ਼ਚੇ ਜਾਣੋ ਕਿ ਉਹ ਨੌਕਰ ਕਦੇ ਵੀ ਮਾਲਕ ਦੀ ਖੁਸ਼ੀ ਹਾਸਲ ਨਹੀਂ ਕਰ ਸਕੇਗਾ ਜੋ ਨੌਕਰੀ ਭੀ ਕਰੇ ਤੇ ਨਾਲ-ਨਾਲ ਮਾਲਕ ਅੱਗੇ ਆਕੜ ਦੀਆਂ ਗੱਲਾਂ ਭੀ ਕਰੀ ਜਾਏ। ਮਾਲਕ ਨੂੰ ਬਹੁਤੀਆਂ ਹੁਜਤਾਂ ਤੇ ਬਾਤਾਂ ਤਾਂ ਕਦੇ ਵੀ ਚੰਗੀਆਂ ਨਹੀਂ ਲਗਦੀਆਂ। ਸੁਆਦ ਤਾਂ ਖੁਸ਼ੀ ਲੈਣ ਵਿਚ ਹੈ।

"ਚਾਕਰੁ ਲਗੈ ਚਾਕਰੀ ਨਾਲੇ ਗਾਰਬੁ ਵਾਦੁ।
ਗਲਾਂ ਕਰੇ ਘਣੇਰੀਆ ਖਸਮ ਨ ਪਾਏ ਸਾਦੁ।"

(ਆਸਾ ਦੀ ਵਾਰ, ਸਲੋਕ ਮ: ੨, ਪੰਨਾ ੪੭੪)

ਉਹ ਆਸ਼ਕ ਕਾਹਦਾ ਹੋਇਆ ਜੋ ਲੇਖੇ ਗਿਣ-ਗਿਣ ਕੇ ਪਿਆਰ ਦੀ ਸਾਂਝ ਬਣਾਨਾ ਚਾਹੇ। ਆਸ਼ਕ ਲਈ ਤਾਂ ਕੀ, ਕਿਉਂ, ਕਿਥੋਂ, ਕੌਣ, ਕਿਵੇਂ ਤੇ ਕਦੋਂ ਤਾਂ ਕਦੇ ਵੀ ਨਹੀਂ ਸ਼ੋਭਦੇ।

"ਆਸਕੁ ਇਹੁ ਨ ਆਖੀਐ ਜਿ ਲੇਖੈ ਵਰਤੈ ਸੋਇ।" ॥ ੧ ॥

(ਸਲੋਕ ਮ: ੨; ਆਸਾ ਦੀ ਵਾਰ, ਪੰਨਾ ੪੭੪)

ਕੈਸੇ ਕਮਜ਼ੋਰ ਸਵਾਲ ਹਨ ਇਹ ਕਿ "ਜੇ ਗੁਰੂ ਗੋਬਿੰਦ ਸਿੰਘ ਜੀ ਕੇਸਾਂ ਦਾ ਹੁਕਮ ਨਾ ਦਿੰਦੇ ਤਾਂ ਕਿਤਨਾ ਚੰਗਾ ਹੁੰਦਾ ? ਜੇ ਗੁਰੂ ਜੀ ਇਤਨੀ ਕਰੜੀ ਰਹਿਤ ਨਾ ਦਸਦੇ ਤਾਂ ਸਾਰਾ ਸੰਸਾਰ ਸਿੱਖ ਬਣ ਜਾਂਦਾ। ਜੇ ਗੁਰੂ ਜੀ ਕੁਰਹਿਤਾਂ ਵਿਚੋਂ ਇਹ ਕੁਠਾ ਨ ਖਾਣਾ ਵਾਲੀ ਗੱਲ ਕੱਢ ਦਿੰਦੇ ਤਾਂ ਧਰਮ ਸਰਬ ਵਿਆਪੀ ਹੋ ਜਾਂਦਾ। ਜੇ "ਭਲਕਿ ਉਠ ਹਰਿ ਨਾਮ ਧਿਆਵੈ" ਲਈ ਨ ਫੁਰਮਾਂਦੇ ਤਾਂ ਕਿਤਨਾ ਸਹਿਲ ਧਰਮ ਹੋ ਜਾਂਦਾ ? ਜੇ ਗੁਰੂ ਜੀ ਇਹ ਨਾ ਕਰਦੇ, ਉਹ ਨ ਕਹਿੰਦੇ ? ਇਹ ਸਭ ਖ਼ਿਆਲ ਕਮਜ਼ੋਰ ਮਨ ਵਿਚੋਂ ਹੀ ਨਿਕਲਦੇ ਹਨ। ਹਰ ਸਿੱਖ ਨੂੰ ਇਹ ਗੱਲ ਪੱਕੀ ਧਾਰ ਲੈਣੀ ਚਾਹੀਦੀ ਹੈ ਕਿ ਡਾਲ ਨਾਲ ਲੱਗੇ ਰਹਿਆਂ ਅੰਬ ਪੱਕ ਕੇ ਹੀ ਆਪਣਾ

Sri Satguru Jagjit Singh Ji eLibrary NamdhariElibrary@gmail.com

ਮੁੱਲ ਪਵਾਂਦੇ ਹਨ। ਜੋ ਸਿਦਕੋਂ ਡੋਲ ਗਿਆ ਉਹ ਜੀਵਨ ਹਾਰ ਗਿਆ। ਖ਼ੁਆਰ ਹੋ ਗਿਆ। ਰੁੱਲ ਗਿਆ। ਉਂਞ ਦੇਖਣ ਨੂੰ ਬੇਸ਼ੱਕ ਡਾਲ ਨਾਲ ਲਗਿਆ ਵੀ ਦਿਸੇ ਪਰ ਰਹਿੰਦਾ ਕੱਚਾ ਫਿੱਕਾ ਹੀ ਹੈ। "ਕਬੀਰ ਫਲ ਲਾਗੇ ਫਲਨਿ,

ਪਾਕਨਿ ਲਾਗੇ ਆਬ ॥

ਜਾਇ ਪਹੂਚਹਿ ਖਸਮੁ ਕਉ,

ਜਉ ਬੀਚ ਨ ਖਾਹੀ ਕਾਂਬ ॥ ੧੩੪ ॥ (ਸਲੋਕ ਕਬੀਰ ਜੀ)

ਪ੍ਰੀਤ ਤਾਂ ਉਹ ਹੀ ਹੈ ਜਿਥੇ ਪ੍ਰੀਤਮ ਦੀ ਸੋਅ ਸੁਣ ਕੇ ਲੂੰ ਲੂੰ ਖਿੜ ਪਏ। ਆਪਣੇ ਸਜਣ ਦਾ ਨਾਮ ਮੂੰਹੋਂ ਲਿਆਂ ਹੀ ਚੇਹਰਾ ਚਮਕਣ ਲਗ ਪਵੇ। ਚਿਰ ਵਿਛੁੰਨੀ ਨਾਰ ਜਦੋਂ ਪੇਕੇ ਘਰੋਂ ਪਤੀ ਦੇ ਘਰ ਵੱਲ ਤੁਰਦੀ ਹੈ ਤਾਂ ਉਸ ਵਿਚ ਅਜੀਬ ਜਹਿਆ ਉਤਸ਼ਾਹ ਆ ਜਾਂਦਾ ਹੈ। ਜਿਉਂ ਜਿਉਂ ਉਸ ਦਾ ਪੈਂਡਾ ਮੁੱਕਦਾ ਹੈ, ਉਸ ਦਾ ਵਿਛੋੜਾ ਵੀ ਮੁਕਦਾ ਹੈ ਤੇ ਉਸ ਦੇ ਹਿਰਦੇ ਠੰਢ ਪੈਂਦੀ ਹੈ। ਉਹ ਠੰਢ ਉਸੇ ਰਾਹ ਟੁਰਨ ਵਾਲੇ ਪੰਧ ਜੁਲੰਦੜੀ ਨੂੰ ਹੀ ਪਏਗੀ। ਕਿਸੇ ਕੁਰਾਹੇ ਪੁੱਠੇ ਰਸਤੇ ਪੈਣ ਵਾਲੇ ਨੂੰ ਕਿਵੇਂ ਪੈ ਸਕਦੀ ਹੈ ? ਗੁਰੂ ਨੇ ਪੰਥ (ਰਾਹ) ਸਾਜਿਆ ਹੈ। ਉਸ ਰਸਤੇ ਟੁਰਨ ਵਾਲੇ ਜੀਵ ਨੂੰ ਅਵੱਸ਼ ਠੰਢ, ਆਤਮਕ ਅਨੰਦ ਤੇ ਖੇੜਾ ਮਿਲੇਗਾ।

"ਸੋਇ ਸੁਣੰਦੜੀ ਮੇਰਾ ਮਨ ਤਨੁ ਮਉਲਾ,

ਨਾਮੁ ਜਪੰਦੜੀ ਲਾਲੀ।

ਪੰਧਿ ਜੁਲੰਦੜੀ ਮੇਰਾ ਅੰਦਰੁ ਠੰਢਾ,

ਗੁਰੁ ਦਰਸਨੁ ਦੇਖਿ ਨਿਹਾਲੀ।"

(ਰਾਮਕਲੀ ਕੀ ਵਾਰ ਮ: ੫, ਸਲੋਕ ਮ: ੫, ਪੰਨਾ ੯੬੪)

ਮੁੱਕਦੀ ਗੱਲ, ਜੋ ਵੀ ਹੁਕਮ ਵਿਚ ਖਿੜੇ ਮਥੇ ਟੁਰਗਾ, ਦਰ ਕਬੂਲ ਹੋਵੇਗਾ ਤੇ ਮਾਲਕ ਨੂੰ ਪਾ ਲਵੇਗਾ। ਜਦੋਂ ਸਿੱਖ ਉਹ ਹੀ ਕਰਮ ਕਰੇਗਾ ਜੋ ਗੁਰੂ ਨੂੰ ਚੰਗੇ ਲਗਦੇ ਹਨ ਤਾਂ ਇਥੇ ਹੀ ਇੱਜ਼ਤ ਨਹੀਂ ਦਰਗਾਹ ਵਿਚ ਵੀ ਪਤਿ ਨਾਲ ਜਾਏਗਾ। ਉਥੇ ਰੇ, ਰੇ ਕੋਈ ਨਹੀਂ ਆਖੇਗਾ।

"ਹੁਕਮਿ ਮੰਨਿਐ ਹੋਵੈ ਪਰਵਾਣੁ,

ਤਾ ਖਸਮੈ ਕਾ ਮਹਲੁ ਪਾਇਸੀ।"

"ਖਸਮੈ ਭਾਵੈ ਸੋ ਕਰੇ,

ਮਨਹੁ ਚਿੰਦਿਆ ਸੋ ਫਲੁ ਪਾਇਸੀ।

ਤਾ ਦਰਗਹ ਪੈਧਾ ਜਾਇਸੀ ॥ ੧੫ ॥ (ਆਸਾ ਦੀ ਵਾਰ)

ਹੁਕਮ ਵਿਚ ਟੁਰਨ ਦਾ ਜੋ ਸੁਆਦ ਹੈ, ਹੁਲਾਰਾ ਹੈ, ਆਨੰਦ ਹੈ, ਇਹ ਉਹ ਹੀ ਜਾਣਦਾ ਹੈ ਜਿਸ ਨੇ ਜ਼ਿੰਦਗੀ ਅਰਪ ਦਿੱਤੀ ਹੈ, ਜਿਸ ਨੇ ਕਿੰਤੂ ਛੱਡ ਦਿੱਤਾ ਹੈ। ਇਹ ਵੈਸਾਖੀ ਵਾਲਾ ਦਿਹਾੜਾ "ਪਿਆਰਾ" ਬਣਨ ਦਾ ਨੁਸਖਾ ਸੰਭਾਲੀ ਬੈਠਾ ਹੈ। ਆਪਾ ਪੇਸ਼ ਕੀਤਾ, ਸੀਸ ਭੇਟ ਦਿੱਤੇ ਤਾਂ ਉਹ ਗੁਰੂ ਗੋਬਿੰਦ ਸਿੰਘ ਜੀ ਦੇ "ਪਿਆਰੇ" ਕਹਿਲਾਏ। ਵੈਸਾਖੀ ਵਾਲੇ ਦਿਨ ਸੂਰਜ ਵੀ ਸਿਖਰ ਉਤੇ ਹੁੰਦਾ ਹੈ ਤੇ ਸਿਖ ਇਤਿਹਾਸ ਵਿਚ ਵੀ ਇਹ ਸਿਖਰ ਦੀ ਘਟਨਾ ਹੈ। ਮੁਰਦਾ ਹੋਇ ਮੁਰੀਦ ਨਾ ਗਲੀ ਹੋਵਣਾ ਦਾ ਸਿਖਰ ਹੀ ਹੈ। ਜਿਵੇਂ ਕਬਰ ਵਿਚ ਪੈਣ ਲਈ ਮੁਰਦਾ ਹੋਣਾ ਜ਼ਰੂਰੀ ਹੈ, ਮੂਕ ਹੋਣਾ ਲਾਜ਼ਮੀ ਹੈ, ਤਿਵੇਂ ਗੁਰੂ ਵਿਚ ਸਮਾਣ ਲਈ, ਥਾਂ ਪ੍ਰਾਪਤ ਕਰਨ ਲਈ, ਪਿਆਰਾ ਬਣਨ ਲਈ ਆਪਾ ਮਾਰਨਾ ਅਵੱਸ਼ਕ ਹੈ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari



ਵੈਸਾਖੀ ਵਾਲਾ ਦਿਨ ਪਹਿਲਾਂ ਮਰਨ ਕਬੂਲ ਦਾ ਅਮਲੀ ਪ੍ਰਗਟਾਵਾ ਹੀ ਹੈ। ਸਿਰ ਧਰ ਤਲੀ ਦਾ ਹੀ ਉਲਥਾ ਹੈ। "ਸੀਸ ਬਢੇ ਕਰ ਬੈਸਣ ਦੀਜੈ" ਦਾ ਪ੍ਰਤੱਖ ਨਜ਼ਾਰਾ ਹੀ ਹੈ। ਵੈਸਾਖੀ ਵਾਲੇ ਦਿਨ ਸੁਤੀ ਹੋਏ ਨਬਾਤਾਤ ਜਾਗਦੀ ਹੈ ਅਤੇ ਉਸ ਦਿਨ ਤੋਂ ਜੰਮੀ ਹੋਈ ਬਰਫ਼ ਢਲਣੀ ਆਰੰਭ ਹੋ ਕੇ ਮੈਦਾਨਾਂ ਵਿਚ ਵਗਣੀ ਸ਼ੁਰੂ ਹੁੰਦੀ ਹੈ। ਇਸ ਦਿਨ ਬਖਸ਼ਸ਼ਾਂ ਦੀ ਨਦੀ ਕੇਸ ਗੜ੍ਹ ਤੋਂ ਸੰਸਾਰਕ ਜੀਵਾਂ ਲਈ ਵਗੀ ਹੈ। ਲੁਕੀਆਂ ਹੋਈਆਂ ਕਲਾਂ ਜਾਗੀਆਂ ਹਨ। ਘੂਕ ਸੁੱਤੀ ਲੁਕਾਈ ਨੇ ਪਾਸਾ ਪਲਟਿਆ ਹੈ। ਤਲਵਾਰ ਦੀ ਨੋਕ ਉਤੇ ਨਵੇਂ ਨਾਚ ਹੋਏ ਹਨ। ਇਹ ਇਤਿਹਾਸਕ ਸਚਾਈ ਹੈ ਕਿ ਵੈਸਾਖੀ ਵਾਲੇ ਦਿਨ ਗੁਰੂ ਨਾਨਕ ਜੀ ਨੇ ਆਪਣਾ ਸੱਚ, ਪ੍ਰੇਮ, ਅਣਖ, ਆਜ਼ਾਦੀ ਦਾ ਉਪਦੇਸ਼ ਦੇਣਾ ਅਰੰਭਿਆ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਸਿਖਰ ਤੱਕ ਪਹੁੰਚਾ ਕੇ ਖਾਲਸਾ ਦਾ ਰੂਪ ਦਿੱਤਾ। ਖਾਲਸਾ ਸੱਚ, ਪ੍ਰੇਮ, ਅਣਖ ਤੇ ਆਜ਼ਾਦੀ ਦਾ ਹੀ ਪਹਿਰੇਦਾਰ ਤੇ ਝੰਡਾ ਬਰਦਾਰ ਹੈ। ਸੀਸ ਭੇਟ ਕਰਕੇ ਪੰਜਾਂ ਪਿਆਰਿਆਂ ਨੇ ਐਸਾ ਜੀਵਨ ਪਾਉਣ ਦੀ ਜਾਚ ਸਿਖਾ ਦਿੱਤੀ ਜੋ ਕਦੇ ਮੁਕੇਗਾ ਨਹੀਂ, ਡੋਲੇਗਾ ਨਹੀਂ।[1] ਕਬੀਰ ਜੀ ਨੇ ਇਸੇ ਭਾਵ ਲਈ ਹੀ ਕਹਿਆ ਸੀ। ਕਬੀਰ ਸਦੀਆਂ ਤੋਂ ਲੁਕਾਈ ਮਰਦੀ ਆ ਰਹੀ ਹੈ, ਮਰੇਗੀ ਵੀ ਪਰ ਲੁਕਾਈ ਨੂੰ ਅੱਜ ਤਕ ਮਰਨ ਦਾ ਵਲ ਨਹੀਂ ਆਇਆ। ਜੋ ਆਪਾ ਮਾਰ ਦੇਵੇ ਉਹ ਫਿਰ ਕਦੇ ਨਹੀਂ ਮਰਦਾ ਅਤੇ ਆਤਮਕ ਜੀਵਨ ਪ੍ਰਾਪਤ ਕਰ ਲੈਂਦਾ ਹੈ।

"ਕਬੀਰ ਮਰਤਾ ਮਰਤਾ ਜਗੁ ਮੂਆ,
ਮਰਿ ਭੀ ਨਾ ਜਾਨਿਆ ਕੋਇ ॥
ਐਸੇ ਮਰਣੀ ਜੋ ਮਰੈ,
ਬਹੁਰਿ ਨ ਮਰਨਾ ਹੋਇ ॥" ॥੨੯॥ (ਸਲੋਕ ਕਬੀਰ ਜੀ)

ਕਬੀਰ ਜੀ ਫਿਰ ਲਿਖਦੇ ਹਨ ਕਿ ਜਿਸ ਆਪਾ ਭਾਵ ਨੂੰ ਮਿਟਾਣ ਤੋਂ ਲੋਕੀਂ ਘਬਰਾਂਦੇ ਹਨ ਅਸਲ ਵਿਚ ਆਪਾ ਮਾਰਨਾ ਹੀ ਪੂਰਨ ਅਨੰਦ ਹੈ। ਆਪਾ ਭਾਵ ਮਿਟਾਉਣ ਨਾਲ ਅਤੇ ਸਭ ਕੁਝ ਅਰਪਣ ਕੀਤਿਆਂ ਹੀ ਮੁਕੰਮਲ ਖੁਸ਼ੀ ਮਿਲਦੀ ਹੈ।

"ਕਬੀਰ ਜਿਸੁ ਮਰਨੇ ਤੇ ਜਗੁ ਡਰੈ,
ਮੇਰੈ ਮਨਿ ਆਨੰਦੁ ॥
ਮਰਨੇ ਹੀ ਤੇ ਪਾਈਐ,
ਪੂਰਨੁ ਪਰਮਾਨੰਦੁ ॥੨੨॥ (ਸਲੋਕ ਕਬੀਰ ਜੀ)

ਸੋ ਸਿੱਖ ਨੂੰ ਸਭ ਤੋਂ ਪਹਿਲਾਂ ਹੁਜਤ, ਦਲੀਲ, ਸਵਾਲ ਛਡ ਕੇ "ਰਹਿਤ ਪਿਆਰੀ ਮੋਹਿ ਕਉ" ਦਾ ਪਹਿਰਾ ਦੇਣਾ ਚਾਹੀਦਾ ਹੈ।

---

1. ਕਹਿੰਦੇ ਹਨ ਕਿ ਆਦਮ ਨੂੰ ਘੜਦਿਆਂ ੨੩੦ ਸਾਲ ਲੱਗੇ ਸਨ। ਇਸ "ਆਦਮ" ਨੂੰ ਖਾਲਸਾ ਵਾਹਿਗੁਰੂ ਦਾ ਬਣਾਦਿਆਂ ਵੀ ੨੩੦ ਸਾਲ (੧੪੬੯ ਈ: ਤੋਂ ੧੬੯੯ ਈ: ਤੱਕ) ਹੀ ਲਗੇ ਹਨ। ਇਹ ਵੀ ਕਹਿੰਦੇ ਹਨ ਕਿ ਆਦਮ ਅੱਗੇ ਸ਼ੈਤਾਨ ਨੇ ਸਿਰ ਨਾ ਝੁਕਾਇਆ ਪਰ ਇਸ ਖਾਲਸੇ ਅੱਗੇ ਸਭ ਦੁਸ਼ਟ ਨਿਉਂ ਗਏ। "ਸਭ ਪ੍ਰਿਥਮੀ ਕੀਨੀ ਗੁਲਜ਼ਾਰੇ" ਸਮਕਾਲੀ ਭਾਈ ਗੁਰਦਾਸ ਜੀ ਦਾ ਕਥਨ ਹੈ।

Sri Satguru Jagjit Singh Ji eLibrary NamdhariElibrary@gmail.com

ਇਹ ਕਕਾਰ ਸਾਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਉਦੋਂ ਬਖਸ਼ੇ ਜਦ ਉਹਨਾਂ ਭਰੀ ਸੰਗਤ ਵਿਚ ਕਿਹਾ,

"ਸਨਮੁਖ ਸਿਖ ਹੈ ਕੋਈ।
ਸੀਸ ਭੇਟ ਗੁਰ ਦੇਵੈ ਕੋਈ।"

ਉਹਨਾਂ ਦੀ ਆਵਾਜ਼ ਉਤੇ ਪੰਜਾਂ ਨੇ ਆਪਣੇ ਸੀਸ ਭੇਟ ਕੀਤੇ। ਗੁਰੂ ਜੀ ਨੇ ਲਲਕਾਰ ਵੇਲੇ ਨਾ ਤਾਂ ਕੋਈ ਡਰ ਦਿੱਤਾ, ਨਾ ਕੋਈ ਲਾਲਚ, ਨਾ ਕੋਈ ਧਮਕੀ ਤੇ ਨਾ ਹੀ ਕਿਸੇ ਪਾਸ ਕੋਈ ਸਿਫ਼ਾਰਸ਼ ਕਰਨ ਦੀ ਗੱਲ ਆਖੀ। ਪੰਜਾਂ ਨੇ ਪੂਰੀ ਹੋਸ਼ ਵਿਚ ਆਪਣਾ ਆਪ ਪੇਸ਼ ਕੀਤਾ। ਉਸ ਉਪਰੰਤ ਖਾਲਸਾ ਬਣਿਆ। ਜਦ ਪੂਰੀ ਸੁਰਤਿ ਵਿਚ ਸਭ ਕੁਝ ਗੁਰੂ ਨੂੰ ਭੇਟ ਕਰ ਦਿੱਤਾ ਤਾਂ ਫਿਰ ਕਿਸੇ ਨੂੰ ਕੋਈ ਹੱਕ ਨਹੀਂ ਕਿ ਗੁਰੂ ਦੀ ਵਸਤੂ ਨੂੰ ਛੇੜੇ, ਵਿਗਾੜੇ ਜਾਂ ਖ਼ਤਮ ਕਰੇ। ਜੋ ਰੂਪ ਗੁਰੂ ਪਾਤਸ਼ਾਹ ਨੇ ਬਖ਼ਸ਼ਿਆ ਉਸ ਨੂੰ ਸਤਿਕਾਰ ਨਾਲ ਸਾਂਭਣਾ ਹੀ ਸਾਡਾ ਧਰਮ ਹੈ। ਇਹ ਗੱਲਾਂ ਤਾਂ ਆਪਾ ਪੇਸ਼ ਕਰਨ ਤੋਂ ਪਹਿਲਾਂ ਸੋਚਣੀਆਂ ਸਨ। ਜਦ ਗੁਰੂ ਗੋਬਿੰਦ ਸਿੰਘ ਜੀ ਦੇ ਕਹਿਲਾਣ ਲੱਗ ਪਏ ਤਾਂ ਫਿਰ ਛੇੜਾ ਛਾੜੀ ਕਿਉਂ ? ਦਲੀਲ ਬਾਜ਼ੀ ਤੇ ਹੁਜਤ ਕਿਉਂ ?

ਪ੍ਰੋਫੈਸਰ ਪੂਰਨ ਸਿੰਘ ਜੀ ਨੇ ਇਸ ਭਾਵ ਦੀ ਸੁੰਦਰ ਪਰ ਕਰੜੀ ਚੇਤਾਵਨੀ ਦਿੰਦੇ ਹੋਏ ਲਿਖਿਆ ਹੈ : "ਜਿਵੇਂ ਮਾਤਾ ਜੀ (ਸੁੰਦਰੀ ਜੀ) ਨੂੰ ਦੋ ਤੀਰ ਦਿੱਤੇ ਸਨ ਕਿ ਮੈਂ ਇਨ੍ਹਾਂ ਵਿਚੋਂ ਤੁਹਾਨੂੰ ਦਰਸ਼ਨ ਦਿਆ ਕਰਾਂਗਾ। ਬਸ ਇਵੇਂ ਹੀ ਸੱਚੇ ਪਾਤਸ਼ਾਹ ਨੇ ਆਪਣੇ ਬੱਦੇ ਖਾਲਸ ਖਾਲਸੇ ਨੂੰ ਆਪਣਾ ਸਾਰਾ ਰੂਪ ਬਖਸ਼ਿਆ ਹੈ। ਸ੍ਰੀ ਸਾਹਿਬ ਬਖਸ਼ੀ, ਕੜਾ, ਕੱਛਾ, ਕਿਰਪਾਨ, ਕੰਘਾ ਬਖਸ਼ੇ, ਦਾੜ੍ਹਾ ਬਖਸ਼ਿਆਂ, ਘੋੜਾ ਚੜ੍ਹਨ ਨੂੰ, ਸਰਦਾਰ ਸੂਰਤ ਬਖਸ਼ੀ। ਸਭ ਬਖਸ਼ ਕੇ ਕਿਹਾ ਇਸ ਮੇਰੇ ਰੂਪ ਵਿਚ ਮੈਂ ਜ਼ਰੂਰ ਤੁਹਾਨੂੰ ਦਰਸ਼ਨ ਦਿਆ ਕਰਾਂਗਾ, ਮੇਰੀ ਯਾਦਗਾਰ ਨੂੰ ਸਾਂਭ ਕੇ ਰਖਣਾ। ਇਹ ਮੇਰੀ ਪੂਜਾ ਤੇ ਪਿਆਰ ਹੈ।

"ਮੇਰੇ ਘਰ, ਮੇਰੇ ਸਾਸ, ਮੇਰੇ ਮੰਦਰ, ਮੇਰੇ ਰੂਪ। ਇਹ ਸਭ ਹੇ ਖਾਲਸਾ, ਮੇਰੀ, ਤੇਰੇ ਪਾਸ ਅਮਾਨਤ ਰਖੇ ਹਨ। **ਇਹ ਚੀਜ਼ਾਂ ਮੇਰੀਆਂ ਹਨ। ਤੇਰੀਆਂ ਨਹੀਂ, ਤੈਨੂੰ ਸਮਝ ਨਹੀਂ, ਪਰ ਮੇਰੀ ਅਮਾਨਤ ਆਪਣੇ ਪਾਸ ਰਖੀਂ, ਅਮਾਨਤ ਵਿਚ ਖ਼ਿਆਨਤ ਨਾ ਕਰੀਂ। ਖ਼ਬਰਦਾਰ।"**

Sri Satguru Jagjit Singh Ji eLibrary NamdhariElibrary@gmail.com

# ਰਹਿਤ ਕਿਸ ਲਈ ?

ਸੰਸਾਰ ਦੀ ਹਰ ਵਸਤੂ ਕਿਸੇ ਨਾ ਕਿਸੇ ਸੰਜਮ ਵਿਚ ਤੁਰ ਰਹੀ ਹੈ। ਵ੍ਹੀਲਰ ਦਾ ਤਾਂ ਕਥਨ ਸੀ ਕਿ ਸ਼ਾਂਤੀ ਤੇ ਖ਼ੁਸ਼ੀ ਸਿਰਫ਼ ਕਿਸੇ ਸੰਜਮ ਅਤੇ ਕਾਨੂੰਨ ਅਨੁਸਾਰ ਤੁਰਨ ਨਾਲ ਹੀ ਆਉਂਦੀ ਹੈ। ਜ਼ਰਾ ਸੰਜਮ ਤਿਆਗਿਆ ਨਹੀਂ ਕਿ ਉਸ ਦਾ ਢਾਂਚਾ ਟੁੱਟਾ ਨਹੀਂ। ਗੁਰੂ ਨਾਨਕ ਦੇਵ ਜੀ ਫ਼ਰਮਾਉਂਦੇ ਹਨ ਕਿ ਚੰਦ, ਸੂਰਜ, ਧਰਤੀ, ਪਉਣ, ਪਾਣੀ, ਅਗਨੀ ਕਿਸੇ ਭੈ ਵਿਚ ਚਲ ਰਹੇ ਹਨ, ਹਰ ਤਾਕਤ ਆਪਣੀ ਨੀਯਤ ਥਾਂ ਅਤੇ ਨੀਯਤ ਸਮੇਂ ਅੰਦਰ ਹੀ ਚੱਕਰ ਲਗਾਉਂਦੀ ਹੈ। ਇਸ ਸੰਜਮ ਵਿਚ ਰਹਿਣ ਕਰ ਕੇ ਸਸਾਰ ਦਾ ਸ਼ਮਸੀ ਨਿਜ਼ਾਮ ਚਲ ਰਿਹਾ ਹੈ। ਅਗਨੀ ਭੈ ਵਿਚ ਹੀ ਰੱਖਿਆਂ ਕਿਸੇ ਚੰਗੇ ਕੰਮ ਆਉਂਦੀ ਹੈ, ਭੈ ਤੋਂ ਦੂਰ ਹੋਈ ਅਗਨੀ ਜਾਨ ਦੀ ਲਾਗੂ ਹੋ ਜਾਂਦੀ ਹੈ। ਪਾਣੀ ਭੈ ਵਿਚ ਬੰਦ ਕੀਤਿਆਂ ਹੀ ਅਨੇਕਾਂ ਕੰਮ ਸੰਵਾਰਦਾ ਹੈ, ਸੰਜਮ ਰਹਿਤ ਪਾਣੀ ਹੜ੍ਹ ਤੇ ਤਬਾਹੀ ਲੈ ਆਉਂਦਾ ਹੈ, ਸੂਰਜ ਜੋ ਆਪਣੀ ਚਾਲ ਤੇਜ਼ ਜਾਂ ਘੱਟ ਕਰ ਦੇਵੇ ਤਾਂ ਸਿਆਣੇ ਕਿਹਾ ਕਰਦੇ ਹਨ—ਪਰਲੋ ਆ ਜਾਏ। ਗੁਰੂ ਨਾਨਕ ਜੀ ਤਾਂ ਸਾਰੀ ਗੱਲ ਮੁਕਾਉਂਦੇ ਹੋਏ ਲਿਖਦੇ ਹਨ :—

"ਭੈ ਬਿਨੁ ਕੋਇ ਨ ਲੰਘਸ ਪਾਰਿ।" ।੧।

ਬਗੈਰ ਸੰਜਮ ਦੇ ਕੋਈ ਵੀ ਕਾਮਯਾਬ ਹੋਇਆ ਨਹੀਂ ਸੁਣਿਆ। ਗੁਰੂ ਨਾਨਕ ਜੀ ਦੀਆਂ ਬੇਅੰਤ ਸਿਫ਼ਤਾਂ ਵਿਚੋਂ ਇਕ ਸਿਫ਼ਤ ਇਹ ਵੀ ਸੀ ਕਿ ਉਹ ਹਰ ਚੀਜ਼ ਦੀ ਕੀਮਤ ਕੂਤ ਬਦਲਾ ਦਿੱਤਾ ਕਰਦੇ ਸਨ। ਜਿਵੇਂ ਉਹਨਾਂ ਰਾਗ ਨੂੰ ਐਸ਼ ਦੀ ਥਾਂ ਧਰਮ ਦਾ ਅੰਗ ਬਣਾ ਦਿੱਤਾ, ਕਰਮ ਨੂੰ ਬਦਲ ਕੇ ਬਖ਼ਸ਼ਸ਼ ਦਾ ਰੂਪ ਦਿੱਤਾ, ਮੁਕਤੀ ਨੂੰ ਜੀਵਨ-ਮੁਕਤੀ ਬਣਾਇਆ ਤੇ ਇਸੇ ਤਰ੍ਹਾਂ ਭੈ ਨੂੰ ਸੰਜਮ ਬਣਾ ਦਿੱਤਾ।

ਧਰਤੀ ਦੀ ਹਰ ਵਸਤੂ ਨੂੰ ਸੰਜਮ ਦੀ ਲੋੜ ਹੈ। ਇਸ ਧਰਤੀ ਦੇ ਸਰਦਾਰ, ਮਨੁੱਖ ਲਈ ਵੀ ਜ਼ਰੂਰੀ ਹੈ ਕਿ ਇਹ ਵੀ ਕਿਸੇ ਸੰਜਮ ਵਿਚ ਟੁਰੇ। ਇਸ ਮਨੁੱਖ ਨੂੰ ਧਰਮ ਦੀ ਜ਼ਬਾਨ ਵਿਚ ਅਸ਼ਰਫ-ਉਲ-ਮਖਲੂਕਾਤ (ਕਰਾਉਨ ਔਫ਼ ਕਰੀਏਸ਼ਨ) ਕਿਹਾ ਗਿਆ ਹੈ। ਗੁਰਬਾਣੀ ਵਿਚ ਇਸ ਦਾ ਸਨਮਾਨ ਇਹ ਆਖ ਕੇ ਕੀਤਾ ਗਿਆ ਹੈ :—

"ਅਵਰ ਜੋਨਿ ਤੇਰੀ ਪਨਿਹਾਰੀ,<br>
ਇਸੁ ਧਰਤੀ ਮਹਿ ਤੇਰੀ ਸਿਕਦਾਰੀ।" (ਆਸਾ ਮਹਲਾ ੫, ਪੰਨਾ ੩੭੪)

Sri Satguru Jagjit Singh Ji eLibrary NamdhariElibrary@gmail.com

ਇਸ ਸਰਦਾਰ ਨੂੰ ਕਿਸੇ ਸੰਜਮ ਵਿਚ ਕਰਨਾ ਤੇ ਰੱਖਣਾ ਧਰਮ ਦੀਆਂ ਰੀਤਾਂ ਨਾਲੋਂ ਵੀ ਜ਼ਰੂਰੀ ਹੈ। ਮਨੁੱਖ ਦੀ ਅੜੀ ਸਿਰਫ਼ ਸੰਜਮ ਵਿਚ ਆਇਆਂ ਹੀ ਟੁੱਟ ਸਕਦੀ ਹੈ। ਸੰਜਮ ਵਿਚ ਰਹਿਣ ਦੀ ਜੁਗਤੀ ਨੂੰ ਸਿੱਖ ਧਰਮ ਵਿਚ "**ਰਹਿਤ**" ਕਿਹਾ ਗਿਆ ਹੈ।

ਮਨ ਹਰ ਸਮੇਂ ਬੁਰਾਈਆਂ ਵੱਲ ਦੌੜਦਾ ਹੈ ਅਤੇ ਬੁਰਾਈਆਂ ਕਰਨ ਵਿਚ ਸ਼ੇਰ ਹੋ ਜਾਂਦਾ ਹੈ। ਇਸ ਮਨ ਨੂੰ ਰੋਕਣ ਦੇ ਵੱਖ-ਵੱਖ ਤਰੀਕੇ ਚਿਰਾਂ ਤੋਂ ਅਪਣਾਏ ਜਾਂਦੇ ਰਹੇ ਹਨ। ਜੇ ਮਨ ਕਿਸੇ ਕਾਨੂੰਨ ਦਾ ਪਾਬੰਦ ਹੋਵੇ ਤਾਂ ਬਦੀਆਂ ਵੱਲ ਨੱਸਣ ਤੋਂ ਰੁਕ ਜਾਂਦਾ ਹੈ। ਸੰਜਮ ਥੱਲੇ ਰੁਰਿਆ ਹੋਇਆ ਮਨ ਵਾਹਿਗੁਰੂ ਨੂੰ ਪਾ ਲੈਂਦਾ ਹੈ। ਸੰਜਮ ਦੀ ਹੱਦ ਤੋਂ ਟੱਪੀ ਜ਼ਿੰਦਗੀ ਨਾ ਸਿਰਫ਼ ਨਾਕਾਮਯਾਬ ਹੀ ਹੁੰਦੀ ਹੈ ਸਗੋਂ ਤਬਾਹੀ ਦੀ ਖੱਡ ਵਿਚ ਡਿੱਗਦੀ ਹੈ। ਭਗਤ ਰਵਿਦਾਸ ਜੀ ਉਦਾਹਰਣਾਂ ਦਿੰਦੇ ਹੋਏ ਸਮਝਾਉਂਦੇ ਹਨ ਕਿ ਜੀਵਾਂ ਵਿਚੋਂ ਪੰਜ ਜੀਵਾਂ ਨੇ ਸੰਜਮ ਭੰਨਿਆ ਉਹ ਅਸਫ਼ਲ ਹੋ ਕੇ ਫਾਹੀ ਵਿਚ ਫਸ ਗਏ। ਮ੍ਰਿਗ, ਮੀਨ, ਭ੍ਰਿੰਗ, ਪਤੰਗ ਤੇ ਹਾਥੀ ਸੰਜਮ ਦੀ ਹੱਦ-ਟੱਪੇ ਤਾਂ ਜ਼ਿੰਦਗੀ ਗਵਾ ਬੈਠੇ। ਵਿਸਥਾਰ ਨਾਲ ਦੇਖਿਆਂ ਸੰਜਮ ਦੀ ਕੁਝ ਲੋੜ ਪ੍ਰਤੀਤ ਹੋਣ ਲੱਗ ਪਵੇਗੀ। ਵਾਰੀ-ਵਾਰੀ ਹਰ ਜੀਵ ਦੀ ਕਹਾਣੀ ਨੂੰ ਤੱਕੋ।

ਸੁਣਨਾ ਕੋਈ ਮਾੜੀ ਗੱਲ ਨਹੀਂ। 'ਸੁਣਿਐ ਦੂਖ ਪਾਪ ਕਾ ਨਾਸੁ' ਗੁਰੂ ਨਾਨਕ ਜੀ ਫ਼ਰਮਾਉਂਦੇ ਹਨ। ਸੁਣਨ ਦੀ ਮਹੱਤਤਾ ਜਪੁ ਜੀ ਦੀਆਂ ਚਾਰ ਪਾਉੜੀਆਂ ਵਿਚ ਦਰਸਾਈ ਗਈ ਹੈ। 'ਜਬ ਲਗੁ ਦੁਨੀਆਂ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ', ਗੁਰ ਵਾਕ ਵੀ ਹੈ, ਪਰ ਹਿਰਨ (ਮਿਰਗ) ਨੂੰ ਸੁਣਨ ਦਾ ਰਸ ਹੈ। ਉਸ ਨੂੰ ਕੰਨ ਰਸ ਪੈ ਗਿਆ ਹੈ। ਅਨ੍ਹੇਰੀ ਰਾਤ ਵਿਚ ਦੂਰ ਕਿਸੇ ਝਾੜੀ ਵਿਚ ਲੁਕੇ ਹਿਰਨ ਨੂੰ ਰਾਗ ਮਸਤ ਕਰ ਦੇਂਦਾ ਹੈ, ਕਿਉਂਕਿ ਉਸ ਨੂੰ ਕੰਨ ਰਸ ਹੈ। ਨੀਯਤ ਥਾਂ ਜਿੱਥੋਂ ਰਾਗ ਉਪਜ ਰਿਹਾ ਹੁੰਦਾ ਹੈ, ਉੱਤੇ ਹਿਰਨ ਪੁੱਜਦਾ ਹੈ, ਸ਼ਿਕਾਰੀ ਦੇ ਵਿਛਾਹੇ ਜਾਲ ਵਿਚ ਫਸ ਜਾਂਦਾ ਹੈ ਤੇ ਜਾਨ ਤੋਂ ਹੱਥ ਧੋ ਲੈਂਦਾ ਹੈ। ਸੰਜਮ ਦੀ ਹੱਦ ਤੋਂ ਟੱਪਣ ਵਾਲੇ ਦੀ ਇਹੀ ਦਸ਼ਾ ਹੁੰਦੀ ਹੈ

ਖਾਣਾ ਕੋਈ ਬੁਰੀ ਗੱਲ ਨਹੀਂ। ਛੱਤੀ ਪਦਾਰਥ ਖਾਣ ਤਕ ਗੁਰੂ ਘਰ ਵਿਚ ਖੁੱਲ੍ਹ ਹੈ। ਸਲੂਣੇ ਭੋਜਨ ਛਕਣ ਦੀ ਕੋਈ ਮਨਾਹੀ ਨਹੀਂ ਪਰ ਮੱਛੀ ਨੂੰ ਜੀਭ-ਰਸ ਹੈ। ਉਂਞ ਮੱਛੀ ਨੂੰ 'ਅਤਿ-ਸਿਆਣੀ' ਵੀ ਕਿਹਾ ਗਿਆ ਹੈ ਪਰ ਇਹ ਰਸ ਸਭ ਸਿਆਣਪਾਂ ਖੋਹ ਲੈਂਦਾ ਹੈ। ਸ਼ਿਕਾਰੀ ਕਾਂਟੇ ਨਾਲ ਸੁੱਕਾ ਹੋਇਆ ਟੁਕੜਾ ਬੰਨ੍ਹਦਾ ਹੈ, ਕਲੋਲ ਕਰਦੀ ਮੱਛੀ, ਜੀਭ-ਰਸ ਦੇ ਵੱਸ ਹੋਈ-ਹੋਈ ਸੁੱਕੇ ਰੋਟੀ ਦੇ ਟੁਕੜੇ ਵੱਲ ਭੱਜਦੀ ਹੈ। ਰੋਟੀ ਦੇ ਲਾਲਚ ਵਿਚ ਕਾਂਟੇ ਨਾਲ ਅੜ ਜਾਂਦੀ ਹੈ। ਬਾਜ਼ਾਰ ਵਿਚ ਵਿਕ ਕੇ ਕਿਸੇ ਦਾ ਆਹਾਰ ਬਣਦੀ ਹੈ। ਸੰਜਮ ਦੀ ਹੱਦ ਤੋਂ ਟੱਪੀ ਮੱਛੀ ਦੀ ਹਾਲਤ ਇਹ ਬਣੀ।

ਸੁੰਘਣਾ ਕਿਸੇ ਧਰਮ ਨੇ ਬੰਦ ਨਹੀਂ ਕੀਤਾ, ਨਾ ਹੀ ਕੋਈ ਮਾੜੀ ਗੱਲ ਹੈ। ਪਰ ਭਉਰੇ ਨੂੰ ਸੁੰਘਣ ਦਾ ਰਸ ਹੈ। ਕਉਲ ਫੁੱਲ ਨੂੰ ਸੁੰਘ-ਸੁੰਘ ਭਉਰਾ ਉਸੇ ਫੁੱਲ ਵਿਚ ਹੀ ਜਕੜਿਆ ਜਾਂਦਾ ਹੈ। ਲੰਪਟ, ਰਸ ਵਿਚ ਪੈ ਕੇ ਉੱਡਣ ਜੋਗਾ ਵੀ ਨਹੀਂ ਰਹਿੰਦਾ। ਸੰਜਮ ਦੀ ਹੱਦ ਪਾਰ ਕਰਨ ਵਾਲੇ ਦੀ ਇਹ ਹਾਲਤ ਹੋਣੀ ਅਵੱਸ਼ ਹੈ!

ਦੇਖਣਾ ਕੋਈ ਬੁਰੀ ਗੱਲ ਨਹੀਂ। ਇਨ੍ਹਾਂ ਨੇਤਰਾਂ ਅੰਦਰ ਹਰੀ ਨੇ ਜੋਤ ਪਾਈ ਹੈ। ਕਾਦਰ ਨੂੰ ਕੁਦਰਤ ਵਿਚ ਦੇਖਣ ਦਾ ਇਹ ਨੇਤਰ ਇਕ ਸਾਧਨ ਹਨ। ਦੇਖਣ ਲਈ ਮਾਲਕ ਨੇ ਅੱਖੀਆਂ ਦਿੱਤੀਆਂ ਹਨ। 'ਅੱਖੀਓ ਤੱਕਣਾ ਸਿਫ਼ਤ ਤੁਹਾਡੀ, ਕੌਣ ਕਹੇ ਤੁਸੀਂ ਤੱਕੋ ਨਾ' ਪੰਜਾਬੀ

Sri Satguru Jagjit Singh Ji eLibrary NamdhariElibrary@gmail.com

ਦੇ ਪ੍ਰਸਿੱਧ ਕਵੀ ਧਨੀ ਰਾਮ ਚਾਤ੍ਰਿਕ ਨੇ ਕਿਹਾ ਹੈ। ਪਰ ਪਤੰਗੇ ਨੂੰ ਦੇਖਣ ਦਾ ਰਸ ਹੈ। ਉਹ ਬਲਦੀ ਲਾਟ ਵੱਲ ਭੱਜਦਾ ਹੈ ਅਤੇ ਸੜ-ਸੁਆਹ ਹ ਜ਼ਮੀਨ ਤੇ ਡਿੱਗ ਪੈਂਦਾ ਹੈ, ਦੇਖਣ ਰਸ ਨੇ ਇਹ ਦਸ਼ਾ ਕਰ ਦਿੱਤੀ !

ਸਪਰਸ਼ ਦਾ ਰਸ ਹਾਥੀ ਨੂੰ ਹੈ। ਕਾਮ ਵੱਸ ਹੋ ਕੇ ਹਾਥੀ ਆਪਣਾ ਜੀਵਨ ਬੰਦੀ ਵਿਚ ਪਾ ਲੈਂਦਾ ਹੈ। ਸ਼ਿਕਾਰੀ ਹਾਥੀ ਨੂੰ ਫੜਣ ਲਈ ਕਾਗਜ਼ ਦੀ ਹਥਣੀ ਇਕ ਪੁੱਟੇ ਹੋਏ ਟੋਏ ਉੱਤੇ ਘਾਹ ਤੀਲੇ ਵਿਛਾ ਕੇ ਖੜੀ ਕਰ ਦਿੰਦਾ ਹੈ। ਹਾਥੀ ਨੂੰ ਸਪਰਸ਼ ਦਾ ਰਸ ਉਸ ਟੋਏ ਵੱਲ ਧਰੀਕੀ ਖਿੱਚੀ ਲਿਆਉਂਦਾ ਹੈ, ਕਾਗਜ਼ ਦੀ ਹਥਣੀ ਨੂੰ ਛੂਹਣ ਦੀ ਕੋਸ਼ਿਸ਼ ਕਰਦਾ ਹੋਇਆ ਟੋਏ ਵਿਚ ਡਿੱਗ ਪੈਂਦਾ ਹੈ ਤੇ ਸਾਰੀ ਆਯੂ ਬੰਦੀ ਵਿਚ ਪਾ ਗੁਜ਼ਾਰਦਾ ਹੈ।

ਭਗਤ ਰਵਿਦਾਸ ਜੀ ਫ਼ਰਮਾਉਂਦੇ ਹਨ ਕਿ ਉਹਨਾਂ ਜੀਵਾਂ ਵਿਚ ਇਕ ਰਸ ਸੀ ਕਿ ਉਹ ਇਸ ਹਾਲਤ ਤੇ ਪੁੱਜੇ ਅਤੇ ਜਿਸ ਮਨੁੱਖ ਵਿਚ ਪੰਜੇ ਰਸ ਆ ਵੜਨ ਉਸ ਦਾ ਹਾਲ ਕੀ ਹੋਵੇਗਾ :

ਮ੍ਰਿਗ, ਮੀਨ, ਭ੍ਰਿੰਗ, ਪਤੰਗ, ਕੁੰਚਰ ਏਕ ਦੋਖ ਬਿਨਾਸ।
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ।੧।(ਆਸਾ,ਪੰਨਾ ੪੮੬)

ਪੰਜਾਂ ਨੂੰ ਸੰਜਮ ਵਿਚ ਰੱਖਣਾ ਲੋੜ ਤੋਂ ਵੀ ਵਧੇਰੇ ਜ਼ਰੂਰੀ ਹੈ। ਕਾਮ, ਕਰੋਧ, ਲੋਭ, ਮੋਹ, ਅਹੰਕਾਰ ਪੰਜੇ ਬਲੀ ਸਿਵਾਏ ਗੁਰੂ ਦੀ ਦੱਸੀ ਰਹਿਤ ਦੇ ਕਾਬੂ ਨਹੀਂ ਆਉਂਦੇ।

ਗੁਰੂ ਦੇ ਪਾਏ ਪੂਰਨਿਆਂ ਉੱਤੇ ਤੁਰਨ ਨਾਲ ਪੰਜੇ ਮਹਾਂ ਬਲੀ ਵੱਸ ਵਿਚ ਆ ਜਾਂਦੇ ਹਨ। ਕਾਮ, ਕ੍ਰੋਧ ਜਿਹੇ ਬਲਵਾਨ ਬਸੋਲੇ ਬਣ ਜਾਂਦੇ ਹਨ। ਜੇ ਕੋਈ ਕਦੀ ਭਾਈ ਜੋਗਾ ਸਿੰਘ ਵਾਂਗੂੰ ਵਿਕਾਰਾਂ ਦੇ ਟੋਏ ਵਿਚ ਡਿੱਗਣ ਵੀ ਲੱਗੇਗਾ ਤਾਂ ਇਹ ਰਹਿਤ ਪਹਿਰੇਦਾਰ ਬਣ ਕੇ ਉਸ ਨੂੰ ਬਚਾਏਗੀ। ਇਹ ਰਹਿਤ ਸਿੱਖ ਨੂੰ 'ਕੰਚਨ ਸੁਵੰਨਾ' ਬਣਾ ਦੇਵੇਗੀ।

ਗੁਰੂ ਦੀ ਰਹਿਤ ਕਹਿੰਦੀ ਹੈ ਕਿ ਪੰਜ ਚੀਜ਼ਾਂ ਕਰਨੀਆਂ ਹਨ ਤੇ ਚਾਰ ਨਹੀਂ ਕਰਨੀਆਂ। ਭਾਵ ਪੰਜ ਰਹਿਤਾਂ ਰੱਖਣੀਆਂ ਹਨ ਤੇ ਚਾਰ ਕੁਰਹਿਤਾਂ ਨਹੀਂ ਕਰਨੀਆਂ, ਇਹ ਪੰਜ ਕਰਨ ਤੇ ਚਾਰ ਨਾ ਕਰਨ ਨਾਲ ਸਿੱਖ ਸੰਜਮ ਵਿਚ ਆ ਜਾਏਗਾ। ਸੰਜਮ ਵਿਚ ਰਹਿਣ ਨਾਲ ਸਿੱਖ ਗੁਰੂ ਦੇ ਨੇੜੇ ਹੋ ਜਾਏਗਾ। ਗੁਰੂ ਗੋਬਿੰਦ ਸਿੰਘ ਜੀ ਰਹਿਤ ਰੱਖਣ ਵਾਲੇ ਸਿੱਖ ਨੂੰ ਸਾਹਿਬ ਦਾ ਦਰਜਾ ਦੇਂਦੇ ਹਨ, ਆਪਣੇ ਆਪ ਨੂੰ ਉਸ ਰਹਿਤਵਾਨ ਸਿੱਖ ਦਾ ਚੇਰਾ ਕਹਿੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਤਾਂ ਇਕ ਹੀ ਚੀਜ਼ ਸਿੱਖ ਕੋਲੋਂ ਮੰਗਦੇ ਹਨ, ਉਹ ਹੈ 'ਰਹਿਤ ਵਿਚ ਰਹਿਣਾ'। ਗੁਰੂ ਜੀ ਫ਼ਰਮਾਉਂਦੇ ਹਨ, 'ਮੈਨੂੰ ਰਹਿਤ ਪਿਆਰੀ ਹੈ, ਸਿੱਖ ਦਾ ਨਾਮ ਨਹੀਂ।'

ਰਹਿਤ ਪਿਆਰੀ ਮੋਹਿ ਕੋ, ਸਿੱਖ ਪਿਆਰਾ ਨਾਹਿ।

ਰਹਿਤਵਾਨ ਸਿੱਖ ਨਾਲ ਇਤਨਾ ਪਿਆਰ ਗੁਰੂ ਕਰਦਾ ਹੈ ਕਿ ਉਸ ਦਾ ਚੇਰਾ (ਨੌਕਰ) ਤਕ ਹੋਣ ਲਈ ਵੀ ਤਿਆਰ ਹੈ। ਇਹ ਬਚਨ ਉਚਾਰ ਕੇ ਗੁਰੂ ਜੀ ਨੇ ਰਹਿਤ ਦੀ ਮਹਾਨਤਾ ਹੀ ਦ੍ਰਿੜ੍ਹਾਈ ਹੈ।

ਅੰਮ੍ਰਿਤ ਛਕਾਉਣ ਦਾ ਵੀ ਇਹ ਹੀ ਭਾਵ ਸੀ ਕਿ ਜੀਵਨ ਸੰਜਮ-ਮਈ ਹੋ ਜਾਏ ਅਤੇ ਸ਼ਖਸੀਅਤ ਵਿਚੋਂ ਅੰਮ੍ਰਿਤ ਝੜੇ। **ਕੇਸਾਂ ਵਿਚ ਛੱਟੇ** ਮਾਰੇ ਤਾਂਕਿ ਗਗਨ ਦਮਾਮਾ ਵੱਜੇ

Sri Satguru Jagjit Singh Ji eLibrary  NamdhariElibrary@gmail.com

ਤੇ ਮਾਇਆ ਤੂਤੀ ਦੀ ਆਵਾਜ਼ ਸੁਣਾਈ ਨਾ ਦੇਵੇ। **ਨੇਤਰਾਂ ਤੇ ਮਾਰੇ** ਤਾਂਕਿ 'ਦੇਖ ਕੇ ਅਣਡਿੱਠ ਕਰਨ' ਦੀ ਸ਼ਕਤੀ ਆਵੇ । ਸੰਸਾਰ ਦੇਖੇ ਪਰ ਇਹ ਜਾਣ ਲਵੇ ਕਿ ਇਹ ਚਲਾਇਮਾਨ ਹੈ। ਰੂਪ ਦੇਖ ਮਨ ਕਦੇ ਨਾ ਮਚਲੇ। **ਪੰਜ ਚੂਲੇ ਪਿਲਾਏ** ਇਸ ਲਈ ਕਿ ਨਾਮ ਦੀ ਰੌ ਚਲ ਪਵੇ। ਦੇਖਣ ਵਿਚ ਆਇਆ ਹੈ ਕਿ ਜਦ ਨਲਕ ਵਾਲੇ ਖੂਹ ਵਿਚ ਪਾਣੀ ਉਤਰ ਜਾਏ ਤਾਂ ਬਾਹਰੋਂ ਬਾਲਟੀ ਜਾਂ ਬਾਟੀ ਨਾਲ ਉੱਤੋਂ ਪਾਣੀ ਪਾਇਆ ਜਾਂਦਾ ਹੈ ਅਤੇ ਰਤਾ ਕੁ ਗੇੜਨ ਨਾਲ ਨਲਕੇ ਵਿਚ ਫਿਰ ਆ ਜਾਂਦਾ ਹੈ। ਅਸਲ ਵਿਚ ਖੂਹ ਵਿਚ ਪਾਣੀ ਸੀ ਪਰ ਨਾਲੀ ਵਿਚ ਨਹੀਂ। ਉੱਤੋਂ ਪਾਉਣ ਤੇ ਗੇੜਨ ਨਾਲ ਮੁੜ ਵਹਿਣ ਲੱਗ ਪਿਆ। ਗੁਰੂ ਅਮਰ ਦਾਸ ਜੀ ਫ਼ਰਮਾਂਦੇ ਹਨ ਕਿ ਹਰ ਇਕ ਦੇ ਅੰਦਰ ਨਾਮ ਦਾ ਖੂਹ ਹੈ ਪਰ ਸਵਾਸਾਂ ਵਿਚ ਨਹੀਂ ਰਿਹਾ, ਜੀਵਨ ਵਿਚ ਨਹੀਂ ਆਇਆ, ਸ਼ਖਸੀਅਤ ਵਿਚ ਨਹੀਂ। ਅੰਮ੍ਰਿਤ ਪਾਨ ਕਰਦਿਆਂ ਹੀ ਉਸ ਦੇ ਵਿਹਾਰ ਵਿਚ ਆ ਜਾਵੇਗਾ। ਮਨ ਵਿਕਾਰ ਵੱਲ ਨਾ ਜਾਏ, ਇਸ ਲਈ ਰੋਜ਼ ਸ਼ਬਦ ਰੂਪੀ ਹੱਥੀ ਨਾਲ ਗੇੜਨ ਦੀ ਲੋੜ ਹੈ। ਨਿੱਤ ਨੇਮ ਦਾ ਪਾਠ ਇਸੇ ਲਈ ਜ਼ਰੂਰੀ ਕਿਹਾ ਹੈ। ਬਾਣੀ ਦੇ ਚਾਨਣ ਨਾਲ ਦੇਖਾਂਗੇ ਤਾਂ ਕਦੇ ਵੀ ਡਿੱਗਾਂਗੇ ਨਹੀਂ ਹੁਕਮ ਵੀ ਹੈ :

ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰ ਪਰੇਸ਼ਾਨੀ ਮਾਹਿ। (ਤਿਲੰਗ ਕਬੀਰ ਜੀ)

ਬਸ : ਸਾਚੀ ਰਹਤ ਸਾਚਾ ਸੁਖ ਪਾਇ।

Sri Satguru Jagjit Singh Ji eLibrary NamdhariElibrary@gmail.com

## "ਕੇਸ ਸਾਡੀ ਮੋਹਰ ਹੈ"

੨੬ ਦਸੰਬਰ ਸੰਨ ੧੯੬੩ ਨੂੰ ਕਸ਼ਮੀਰ ਦੀ ਬਰਫ਼ ਨੂੰ ਅੱਗ ਲਗ ਗਈ। ਸਖਤ ਸਰਦੀ ਤੇ ਬਰਫ਼ਾਂ ਨੂੰ ਚੀਰਦੇ ਹੋਏ ਲੱਖਾਂ ਮੁਸਲਮਾਨ ਸ੍ਰੀ ਨਗਰ ਦੇ ਬਜ਼ਾਰਾਂ ਵਿਚ ਰੋਸ ਤੇ ਗੁੱਸੇ ਨਾਲ ਅੱਗਾਂ ਲਗਾਉਣ ਲਗ ਪਏ। ਉਹਨਾਂ ਦੇ ਰੋਹ ਵਿਚ ਆਉਣ ਦਾ ਕਾਰਨ ੧੨੦੦ ਸਾਲਾ ਪੁਰਾਣੇ ਹਜ਼ਰਤ ਮੁਹੰਮਦ ਸਾਹਿਬ ਦੇ ਇਕ ਪਵਿੱਤਰ ਕੇਸ (ਇਕ ਤਾਰ) ਗੁੰਮ ਹ ਜਾਣਾ ਸੀ। ਕਿਸੇ ਦੋਖੀ ਨੇ ਰਾਤ ਦੇ ਹਨੇਰੇ ਵਿਚ ਹਜ਼ਰਤ ਬਲ ਦੀ ਮਸਜਦ ਵਿਚੋਂ ਕੇਸ ਚੁਰਾ ਲਏ ਸਨ। ਕਸ਼ਮੀਰ ਦੇ ਪ੍ਰਧਾਨ ਮੰਤਰੀ ਨੇ ਇਕ ਲੱਖ ਰੁਪਿਆ ਇਨਾਮ ਲੱਭਣ ਵਾਲੇ ਨੂੰ ਅਤੇ ਦੱਸ ਪਾਉਣ ਵਾਲੇ ਨੂੰ ਪੰਜ ਸੌ ਰੁਪੈ ਮਹੀਨਾ ਵਜ਼ੀਫ਼ਾ ਦੇਣ ਦਾ ਐਲਾਨ ਵੀ ਕਰ ਦਿੱਤਾ। ਪੰਡਿਤ ਜਵਾਹਰ ਲਾਲ ਨਹਿਰੂ ਨੇ ਇਕ ਵੱਖਰੀ ਰੇਡੀਓ ਤਕਰੀਰ ਵਿਚ ਦੁੱਖ ਪ੍ਰਗਟ ਕਰਦੇ ਹੋਏ ਪੂਰੀ ਭਾਲ ਕਰਨ ਦਾ ਐਲਾਨ ਕੀਤਾ। ਲਾਲ ਬਹਾਦਰ ਸ਼ਾਸਤ੍ਰੀ ਉੜ ਕੇ ਸ੍ਰੀਨਗਰ ਪੁੱਜੇ। ਮੁਸਲਮਾਨ ਭਾਵੇਂ ਆਪ ਕੇਸ਼ਧਾਰੀ ਨਹੀਂ ਪਰ ਪਵਿੱਤ੍ਰ ਯਾਦਗਾਰ ਕੇਸ ਲਈ ਇਹ ਜੋਸ਼ ਅਥਾਹ ਸੀ। ਮੁਸਲਮਾਨਾਂ ਦੀ "ਪੈਗੰਬਰ ਭਗਤੀ" ਦਾ ਇਕ ਸ਼ਾਨਦਾਰ ਨਮੂਨਾ ਸੀ। ਸ਼ਰਧਾ ਦਾ ਇਕ ਪ੍ਰਗਟਾਵਾ ਸੀ। ਜਦ ਤਕ ਉਹ ਪਵਿੱਤਰ ਕੇਸ ਨਾ ਲੱਭਿਆ ਮੁਸਲਮਾਨ ਰੋਸ ਹੀ ਮਨਾਉਂਦੇ ਰਹੇ। ਆਖ਼ਰ ੪ ਦਿਨਾਂ ਬਾਅਦ ਉਹ ਪਵਿੱਤਰ ਕੇਸ ਦੀ ਤਾਰ ਲੱਭ ਪਈ ਤਾਂ ਪ੍ਰਧਾਨ ਮੰਤਰੀ ਕਸ਼ਮੀਰ ਸ਼ਮਸ-ਉਲ-ਦੀਨ ਨੇ ਕਿਹਾ, "ਮੁਸਲਮਾਨਾਂ ਲਈ ਅਸਲ ਈਦ ਅੱਜ ਹੈ।" ਇਸ ਪੈਗੰਬਰ ਭਗਤੀ ਤੋਂ ਸਾਨੂੰ ਸਿੱਖਾਂ ਨੂੰ ਇਕ ਸਬਕ ਦ੍ਰਿੜ੍ਹ ਕਰਨਾ ਚਾਹੀਦਾ ਹੈ। ਮੁਸਲਮਾਨ "ਕੇਸ ਦੀ ਇਕ ਤਾਰ" "ਯਕ ਤਾਰਿ ਮੂਏ" ਲਈ ਇਤਨਾ ਪਿਆਰ ਤੇ ਸ਼ਰਧਾ ਦਿਖਾਉਂਦੇ ਹਨ ਪਰ ਅਸੀਂ ਹਾਂ ਕਿ ਅਜੇ ਤਕ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਬਖਸ਼ਸ਼ ਕੇਸਾਂ ਦੀ ਮਹੱਤਤਾ ਨੂੰ ਸਮਝ ਤੇ ਸਮਝਾ ਨਹੀਂ ਸਕੇ। ਗੁਰੂ ਗੋਬਿੰਦ ਸਿੰਘ ਜੀ ਦਾ ਫਰਮਾਨ ਹੈ "ਕੇਸ ਸਾਡੀ ਮੋਹਰ ਹੈ"। ਕਿਸੇ ਨੂੰ ਹੱਕ ਨਹੀਂ ਪਹੁੰਚਦਾ ਕਿ ਇਸ ਪਵਿਤਰ ਮੋਹਰ ਨੂੰ ਛੇੜੇ ਜਾਂ ਤੋੜੇ। ਜੇ ਕੋਈ ਚੋਰ, ਧਰੋਹੀ ਇਸ ਮੋਹਰ ਨੂੰ ਛੇੜਦਾ ਹੈ ਤਾਂ ਸਾਨੂੰ ਇਕੱਠਿਆਂ ਹੋ ਕੇ ਉਸ ਨੂੰ ਟੋਕਣਾ ਤੇ ਰੋਕਣਾ ਚਾਹੀਦਾ ਹੈ। ਸਿਖੀ ਦੇ ਦਾਇਰੇ ਵਿਚ ਆ ਕੇ ਕਿਸੇ ਨੂੰ ਵੀ ਮਨ ਮਰਜ਼ੀ ਦੀ ਆਗਿਆ ਨਹੀ ਦਿੱਤੀ ਜਾ ਸਕਦੀ। ਪੰਥ ਨੂੰ "ਕਕਾਰ ਭਗਤੀ" ਖਾਸ ਕਰ "ਕੇਸ-ਭਗਤੀ" ਦੀ ਮਹੱਤਤਾ ਦ੍ਰਿੜ੍ਹਾਉਣੀ ਚਾਹੀਦੀ ਹੈ। ਇਕ-ਇਕ ਕੇਸ ਦੀ ਤਾਰ ਦੀ ਕੀਮਤ ਦਰਸਾਉਣੀ ਚਾਹੀਦੀ ਹੈ। ਭਾਈ ਨੰਦ ਲਾਲ ਜੀ ਦੇ ਸ਼ਬਦਾਂ ਦੇ ਅਰਥ ਦ੍ਰਿੜ੍ਹ ਕਰਾਉਣੇ ਚਾਹੀਦੇ ਹਨ। ਭਾਈ

ਸਾਹਿਬ ਫਰਮਾਉਂਦੇ ਹਨ, "ਹੇ ਕਲਗੀਧਰ ਜੀ ! ਤੇਰੇ ਕੇਸਾਂ ਦੀ ਇਕ ਸੋਹਣੀ ਲਿਟ ਦੇ ਰੂਪ ਵਿਚ ਦੀਨ ਤੇ ਦੁਨੀਆਂ ਬੱਝੇ ਹੋਏ ਹਨ ਅਤੇ ਇਕ ਅਨਮੋਲ ਕੇਸ ਦੀ ਤਾਰ ਦਾ ਮੁੱਲ ਦੋਵੇਂ ਲੋਕ ਹਨ :

"ਦੀਨ ਦੁਨੀਆਂ ਦਰ ਕਮੰਦੇ,
ਆਂ ਪਰੀ ਰੁਖ਼ਸਾਰਿ ਮਾ ।
ਹਰ ਦੋ ਆਲਮ ਕੀਮਤੇ,
ਯਕ ਤਾਰਿ ਮੂਏ ਯਾਰ ਮਾ ।"

ਉਪਰੋਕਤ ਕਥਨ ਦੀ ਅਸਲੀ ਕੀਮਤ ਪੀਰ ਬੁੱਧੂ ਸ਼ਾਹ ਨੇ ਪਾਈ । ਭੰਗਾਣੀ ਦੇ ਯੁੱਧ ਵਿਚ ਆਪਣੇ ੪ ਪੁਤਰਾਂ ਤੇ ੫੦੦ ਮੁਰੀਦਾਂ ਨਾਲ ਕੇਸਰੀ ਨਿਸ਼ਾਨ ਥੱਲੇ ਲੜਨ ਲਈ ਆਇਆ । ਦੋ ਪੁੱਤਰ ਜੰਗ ਵਿਚ ਸ਼ਹੀਦ ਹੋ ਗਏ । ਮਾਲਕ ਨੇ ਪ੍ਰਸੰਨ ਹੋ ਕੇ ਕੁਝ ਮੰਗਣ ਲਈ ਕਿਹਾ । ਸ੍ਰੀ ਗੁਰੂ ਗੋਬਿੰਦ ਸਿੰਘ ਜੀ ਉਸ ਸਮੇਂ ਸ੍ਰੀ ਪਾਉਂਟਾ ਸਾਹਿਬ ਵਿਖੇ ਕੇਸਾਂ ਵਿਚ ਕੰਘਾਂ ਕਰਕੇ ਦਸਤਾਰ ਸਜਾਉਣ ਹੀ ਲੱਗੇ ਸਨ । ਪੀਰ ਬੁੱਧੂ ਸ਼ਾਹ ਨੇ ਕੰਘੇ ਵਿਚ ਅੜੇ "ਮੂਏ ਮੁਬਾਰਕ" ਭਾਵ ਪਵਿੱਤ੍ਰ ਕੇਸਾਂ ਦੀ ਮੰਗ ਕੀਤੀ । ਗੁਰਦੇਵ ਪਿਤਾ ਜੀ ਨੇ ਖੁਸ਼ ਹੋ ਕੇ ਬੇਨਤੀ ਪ੍ਰਵਾਨ ਕੀਤੀ ।

ਸੋ ਸਾਨੂੰ ਪਵਿੱਤ੍ਰ ਕੇਸਾਂ ਦੀ ਉਹੋ ਜਹੀ ਹੀ ਕਦਰ ਕੀਮਤ ਪਾਉਣੀ ਤੇ ਸਮਝਣੀ ਚਾਹੀਦੀ ਹੈ ਜਿਹੜੀ ਪੀਰ ਬੁੱਧੂ ਸ਼ਾਹ ਨੇ ਆਪਣੇ ਪਿਆਰੇ ਪੁੱਤਰ ਵਾਰ ਸਾਨੂੰ ਦ੍ਰਿੜ੍ਹ ਕਰਾਈ ਸੀ ਤੇ ਉਹੋ ਅੱਜ ਕਸ਼ਮੀਰ ਵਿਚ ਵਾਪਰੀ ਘਟਨਾ ਨੇ ਯਾਦ ਕਰਾਈ ਹੈ ।

ਗੁਰੂ ਗੋਬਿੰਦ ਸਿੰਘ ਜੀ ਦੇ ਹਰ ਹੁਕਮਨਾਮੇ, ਉਸ ਸਮੇਂ ਦੇ ਰਹਿਤ ਨਾਮਿਆਂ ਅਤੇ ਪਿਛੋਂ ਦੇ ਇਤਿਹਾਸਕਾਰਾਂ ਨੇ ਕੇਸ ਰਖਣ ਦੇ ਹੁਕਮ ਨੂੰ ਪਹਿਲੀ ਜ਼ਰੂਰੀ ਥਾਂ ਦਿੱਤੀ ਹੈ । ਅਰਦਾਸ ਵਿਚ ਜਿਨ੍ਹਾਂ ਦੀ ਕਮਾਈ ਦਾ ਧਿਆਨ ਧਰਕੇ ਰੋਜ਼ ਸਵੇਰੇ ਸ਼ਾਮ "ਵਾਹਿਗੁਰੂ" ਬੋਲਿਆ ਜਾਂਦਾ ਹੈ, ਉਨ੍ਹਾਂ ਦਾ ਸਿਖਰ ਉਹ ਹੀ ਹਨ ਜਿਨ੍ਹਾਂ "ਸਿਖੀ ਕੇਸਾਂ ਸੁਆਸਾਂ ਨਾਲ ਨਿਬਾਹੀ ।" ਫਿਰ ਜਦ ਅਰਦਾਸ ਵਿਚ ਸਮੁੱਚੇ ਪੰਥ ਲਈ ਕੋਈ 'ਦਾਨ' ਮੰਗਿਆ ਜਾਂਦਾ ਹੈ ਤਾਂ ਸਿਖੀ ਦਾਨ ਉਪਰੰਤ "ਕੇਸਾਂ ਦੀ ਬਖਸ਼ਸ਼" ਹੀ ਮੰਗੀ ਜਾਂਦੀ ਹੈ । ਸੋ ਸਭ ਤੋਂ ਮੁਖ ਹੁਕਮ ਮੰਨਣਾ ਹੈ ਅਤੇ ਕੇਸ ਕਾਇਮ ਰਖਣੇ ਹਨ । ਹੁਕਮ ਤੇ ਕਿੰਤੂ ਨਹੀਂ ਕਰਨਾ । ਸਾਰਾ ਪੱਛਮ ਹੁਕਮ ਵਿਚ ਸੱਜੇ ਤੁਰਦਾ ਹੈ ਅਤੇ ਸਾਰਾ ਪੂਰਬ ਖੱਬੇ । ਪਰ ਨਾ ਉਨ੍ਹਾਂ ਕਦੇ ਕਿੰਤੂ ਕੀਤਾ ਹੈ ਅਤੇ ਨਾ ਕਦੇ ਅਸਾਂ । ਨਿਸ਼ਾਨਾ ਇਕ ਹੀ ਹੈ ਕਿ ਟੱਕਰ ਨਾ ਹੋਵੇ । ਹੁਕਮ ਦੇ ਉਲਟ ਚਲਣਾ ਅਸਲ ਵਿਚ ਧਰਮ ਤਿਆਗਣਾ ਹੀ ਹੈ ! ਕੇਸ ਸਿੱਖ ਧਰਮ ਦਾ ਅਟੁੱਟਵਾਂ ਅੰਗ ਹਨ । ਇਸ ਤੇ ਮਾਰੀ ਚੋਟ ਸਿਖ ਧਰਮ ਤੇ ਹੀ ਚੋਟ ਹੈ । ਪਤਿਤ ਹੋ ਰਹੇ ਸਜਣ ਇਕ ਮਨੌਤ ਪੇਸ਼ ਕਰਦੇ ਹਨ ਕਿ ਸਿੱਖੀ ਤਾਂ ਅੰਦਰ ਦੀ ਚੀਜ਼ ਹੈ । ਸਿਖੀ ਅੰਦਰ ਨਹੀਂ ਹੈ ਤਾਂ ਹੀ ਬਾਹਰ ਨਹੀਂ ਦਿੱਸਦੀ । ਮਲਾਰ ਦੀ ਵਾਰ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ ਕਿ ਜੋ ਆਪ ਡਿੱਗ ਪੈਂਦੇ ਹਨ, ਉਹ ਹੋਰਨਾਂ ਨੂੰ ਵੀ ਗਿਰਾਉਣ ਦੀ ਕੋਸ਼ਿਸ਼ ਕਰਦੇ ਹਨ । ਗਿਆਨੀ, ਵਿਦਵਾਨ ਤੇ ਧਰਮੀ ਉਸੇ ਨੂੰ ਗਿਣਨਾ ਚਾਹੀਦਾ ਹੈ ਜਿਸ ਨੇ ਹੁਕਮ ਪਛਾਤਾ ਤੇ ਕਮਾਇਆ ਹੈ । ਪਹਿਲਾਂ ਅੰਦਰ ਚਾਅ ਹੁੰਦਾ ਹੈ, ਫਿਰ ਖੇੜਾ ਬਾਹਰ ਆਉਂਦਾ ਹੈ ।

"ਪਹਿਲੋ ਦੇ ਜੜ ਅੰਦਰਿ ਜੰਮੈ ਤਾ ਉਪਰਿ ਹੋਵੈ ਛਾਉ ।" (ਮਲਾਰ ਮ: ੧, ਪੰਨਾ ੧੨੮੮)

Sri Satguru Jagjit Singh Ji eLibrary NamdhariElibrary@gmail.com

ਅੰਦਰ ਕੁਝ ਨਾ ਹੋਣ ਕਰਕੇ ਹੀ ਬਾਹਰੋਂ ਸਫ਼ਾਈ ਹੋ ਜਾਂਦੀ ਹੈ।

ਕਈ ਇਹ ਵੀ ਆਖਦੇ ਹਨ ਕਿ ਹੁਣ ਅੰਧ-ਵਿਸ਼ਵਾਸ ਦਾ ਜ਼ਮਾਨਾ ਤੁਰ ਗਿਆ। ਡਾਕਟਰ ਰਾਧਾ ਕ੍ਰਿਸ਼ਨ ਇਸ ਅਵਿਸ਼ਵਾਸ ਦਾ ਕਾਰਨ "ਵਧਦੀ ਵਿਗਿਆਨਕ ਦ੍ਰਿਸ਼ਟੀ" (growing scientific outlook) ਕਹਿੰਦੇ ਹਨ, ਪਰ ਇਹ ਕਦੇ ਨਹੀਂ ਭੁਲਣਾ ਚਾਹੀਦਾ ਕਿ ਵਿਸ਼ਵਾਸ ਤਾਂ ਅੰਨ੍ਹਾ ਹੀ ਹੁੰਦਾ ਹੈ, ਸਿਰਫ ਅੰਨ੍ਹੇ ਤੇ ਵਿਸ਼ਵਾਸ ਨਹੀਂ ਕਰਨਾ ਚਾਹੀਦਾ।" "ਸਤਿਗੁਰ ਜਾਗਤਾ ਹੈ ਦੇਵ' ਅਤੇ ਉਸ ਦੇ ਦਿੱਤੇ ਹੁਕਮ ਬਿਬੇਕ ਦੀ ਤਕੜੀ ਤੇ ਪੂਰੇ ਤੁਲਦੇ ਹਨ ਅਤੇ ਵਿਗਿਆਨ ਦੀ ਕੋਈ ਖੋਜ ਉਲਟਾ ਨਹੀਂ ਸਕਦੀ। ਸਾਡਾ ਵਿਸ਼ਵਾਸ ਸੁਜਾਖੇ ਅਤੇ ਜਾਗਦੇ ਸਤਿਗੁਰ ਤੇ ਹੈ।

ਦੂਜਾ ਪੱਖ ਇਤਿਹਾਸਕ ਅਤੇ ਜਥੇਬੰਧਕ ਹੈ। ਇਕ ਦਿਨ ਵਿਚ ਹੀ ਸਿਖਰ ਨਹੀਂ ਛੋਹਿਆ ਗਿਆ। ਇਸ ਪਿਛੇ ਦੋ ਸਦੀਆਂ ਦੀ ਪ੍ਰੇਰਨਾ, ਘਾਲਣਾ ਤੇ ਇਤਿਹਾਸ ਹੈ। "ਕੇਸਾਂ ਦਾ ਸਤਿਕਾਰ ਵੀ ਗੁਰੂ ਨਾਨਕ ਦੇਵ ਜੀ ਨੇ ਹੀ ਪ੍ਰਗਟਾਇਆ ਹੈ।" ਭਾਈ ਮਨੀ ਸਿੰਘ ਜੀ ਗਿਆਨ ਰਤਨਾਵਲੀ ਵਿਚ ਲਿਖਦੇ ਹਨ ਕਿ ਜਦ "ਦਾਨਾ" ਮਰਦਾਨਾ ਹੋ ਕੇ ਗੁਰੂ ਨਾਨਕ ਦੇਵ ਜੀ ਨਾਲ ਚਲ ਉਠਿਆ ਤਾਂ ਉਸ ਮੁੱਖ ਉਪਦੇਸ਼ ਮੰਗਿਆ। ਗੁਰੂ ਨਾਨਕ ਦੇਵ ਜੀ ਨੇ ਤਿੰਨ ਬਾਤਾਂ ਕਰਨ ਲਈ ਹੁਕਮ ਦਿੱਤਾ। "ਇਕ ਤਾਂ ਕੇਸ ਨਹੀਂ ਕਟਾਣੇ, ਦੂਜੇ ਪਿਛਲੀ ਰਾਤ ਜਾਗ ਸਤਿਨਾਮ ਦਾ ਜਾਪ ਕਰਨਾ ਅਤੇ ਤੀਜੇ ਆਏ ਗਏ ਸਾਧ ਸੰਗਤ ਦੀ ਸੇਵਾ ਕਰਨੀ।" ਇਹ ਮੁੱਖ ਉਪਦੇਸ਼ ਹੀ ਪਿਛੋਂ ਹੁਕਮ ਹੋਇਆ। ਗੁਰੂ ਰਾਮ ਦਾਸ ਜੀ ਨੇ "ਕੇਸਾਂ ਕਾ ਕਰਿ ਚਵਰ ਢੁਲਾਵਾ" ਆਖ ਕੇ ਇਹਨਾਂ ਦੀ ਪ੍ਰਤਭਾ ਵਧਾ ਦਿੱਤੀ ਸੀ। ਗੁਰੂ ਹਰਿ ਰਾਇ ਜੀ ਪਾਸ, ਧਰਮੀ ਭਾਈ ਹਕੀਕਤ ਰਾਇ ਜੀ ਦੇ ਦਾਦਾ ਭਾਈ ਨੰਦ ਲਾਲ ਜੀ ਪੂਰੀ, ਪਿੰਡ ਗਲੋਟੀਆਂ ਖੁਰਦ ਵਾਲੇ ਦਰਸ਼ਨਾਂ ਲਈ ਆਏ। ਜਦ ਭਾਈ ਨੰਦ ਲਾਲ ਜੀ ਨੇ ਸਤਵੇਂ ਪਾਤਸ਼ਾਹ ਪਾਸੋਂ ਉਪਦੇਸ਼ ਮੰਗਿਆ ਤਾਂ ਗੁਰੂ ਜੀ ਨੇ ਫ਼ਰਮਾਇਆ: "ਏਕ ਕੇਸ ਨ ਕਟਾਉਣੇ, ਦੂਜੇ ਤੰਬਾਕੂ ਨਾ ਪੀਣਾ ਅਤੇ ਤੀਸਰੇ ਟੋਪੀ ਨਾ ਪਹਿਨਣੀ।" (ਪੋਥੀ ਪੰਜਾਹ ਸਾਖੀਆਂ)

ਉਪਰੋਕਤ ਉਪਦੇਸ ਦੇ ਕੇ ਗੁਰੂ ਹਰਿ ਰਾਏ ਜੀ ਨੇ ਸਿੱਖੀ ਮਹੱਲ ਦੀ ਉਸਾਰੀ ਵਿਚ ਬਹੁਤ ਜ਼ਰੂਰੀ ਇੱਟ ਲਗਾ ਦਿੱਤੀ। ਜੋ ਪਹਿਲਾਂ ਇਕ ਨੰਦ ਲਾਲ ਪੁਰੀ ਨੂੰ ਉਪਦੇਸ਼ ਦਿੱਤਾ ਸੀ, ਦਸਵੇਂ ਜਾਮੇ ਵਿਚ ਉਹ ਹੀ ਉਪਦੇਸ਼ ਸਰਬੱਤ ਖ਼ਾਲਸੇ ਲਈ ਹੁਕਮ ਬਣਾ ਦਿੱਤਾ ਗਿਆ। ਕਿਲਕਲਾ, ਦੱਖਣ ਦੇ ਅਸਥਾਨ ਤੋਂ ਔਰੰਗਜ਼ੇਬ ਨੇ ਸਰਹੰਦ ਦੇ ਨਵਾਬ ਨੂੰ ਇਕ ਤਾੜਨਾ ਭਰਿਆ ਹੁਕਮ ਭੇਜਿਆ, 'ਜੇ ਗੁਰੂ ਗੋਬਿੰਦ ਸਿੰਘ ਸਾਧੂ ਬਣ ਕੇ, ਆਪਣੇ ਵਡੇਰਿਆਂ ਵਾਂਗ ਰਹੇ, ਸਿੱਖਾਂ ਪਾਸੋਂ ਸੱਚਾ ਪਾਤਸ਼ਾਹ ਨਾ ਅਖਵਾਏ, ਜਮੀਅਤ ਜਮ੍ਹਾਂ ਕਰਨ ਤੋਂ ਬਾਜ਼ ਆ ਜਾਏ, ਝਰੋਖੇ ਬੈਠ ਕੇ ਦਰਸ਼ਨ ਦੇਣ ਤੇ ਨਮਸਕਾਰਾਂ ਕਰਾਉਣ ਆਦਿ ਬਾਦਸ਼ਾਹੀ ਤੌਰ ਤਰੀਕੇ ਛੱਡ ਦੇਵੇ ਤਾਂ ਭਲਾ, ਨਹੀਂ ਤਾਂ ਉਸ ਦਾ ਘਰ ਘਾਟ ਬਰਬਾਦ ਕਰਨ ਤੇ ਉਸ ਨੂੰ ਵਤਨੋਂ ਕੱਢ ਦੇਣ ਦੀ ਕੋਸ਼ਿਸ਼ ਕੀਤੀ ਜਾਏ।" ਗੁਰੂ ਗੋਬਿੰਦ ਸਿੰਘ ਜੀ ਨੇ ਵੀ ਢੁਕਵਾਂ ਉੱਤਰ ਭੇਜਿਆ ਤੇ ਵਿਲੱਖਣ ਪੰਥ ਸਾਜਣ ਦਾ ਪੱਕਾ ਫੈਸਲਾ ਕਰ ਲਿਆ। ਆਪ ਜੀ ਨੇ ਸੰਗਤਾਂ ਦੇ ਨਾਮ ਹੁਕਮਨਾਮੇ ਭੇਜੇ ਕਿ—

"ਕੋਈ ਸਿੱਖ ਕਿਸੇ ਹਾਲਤ ਵਿਚ ਵੀ ਹਜਾਮਤ (ਭਦਨ) ਨਾ ਕਰਾਵੇ। ਸਾਰੇ ਸਾਬਤ ਸੂਰਤ ਰਹਿਣ ਤੇ ਸੰਤਾਨ ਦੇ ਕੇਸ ਜਮਾਂਦਰੂ ਕਾਇਮ ਰਖਣ। ਸਾਰੇ ਸਿੱਖ ਸ਼ਸਤ੍ਰਧਾਰੀ ਬਣਨ

Sri Satguru Jagjit Singh Ji eLibrary NamdhariElibrary@gmail.com

ਤੇ ਜਦ ਅਗਲੀ ਵੈਸਾਖੀ (ਭਾਵ ੩੦ ਮਾਰਚ ੧੬੯੯) ਅਨੰਦ ਪੁਰ ਦਰਸ਼ਨ ਕਰਨ ਆਉਣ ਤਾਂ ਸਕੇਸ਼ ਤੇ ਸ਼ਸਤ੍ਰ ਹੋਣ।"

ਕੇਸਾਂ ਦਾ ਸਿੱਧਾ ਸਬੰਧ ਹੀ ਜਥੇਬੰਦੀ ਨਾਲ ਹੈ। ਔਰੰਗਜ਼ੇਬ ਇਹ ਪੰਥਕ ਜਥੇਬੰਦੀ ਤੋੜਨਾ ਚਾਹੁੰਦਾ ਸੀ, ਅਨੰਦਪੁਰ ਲੁੱਟਣਾ ਚਾਹੁੰਦਾ ਸੀ। ਗੁਰੂ ਜੀ ਨੇ ਫ਼ਰਮਾਨ ਦੇ ਕੇ ਕੌਮੀ ਕਿਲ੍ਹਾ ਮਜ਼ਬੂਤ ਕਰ ਦਿੱਤਾ। ਕੇਸ ਰੱਖਣ ਅਤੇ ਕਿਸੇ ਹਾਲਤ ਵਿਚ ਵੀ ਨਾ ਕਟਾਉਣ ਦਾ ਹੁਕਮ ਦੇ ਕੇ ਕੇਸਗੜ੍ਹ ਮਜ਼ਬੂਤ ਕਰ ਦਿੱਤਾ। ਜਥੇਦਾਰ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਥੇਬੰਦੀ ਵਿਚੋਂ ਕੌਣ ਨੱਸ ਰਿਹਾ ਹੈ। ਕੌਣ ਭੱਜਣਾ ਚਾਹੁੰਦਾ ਹੈ ਤੇ ਕੌਣ ਦੌੜਣ ਦੀ ਤਿਆਰੀ ਕਰ ਰਿਹਾ ਹੈ। ਗੁਰੂ ਆਗੂ ਨੇ ਐਸਾ ਪ੍ਰਬੰਧ ਕਰ ਦਿੱਤਾ ਜਿਸ ਤੋਂ ਸਾਫ ਪਤਾ ਲਗਦਾ ਹੈ ਕਿ ਕਿਥੇ ਢਿਲ ਹੈ, ਕੌਣ ਕਮਜ਼ੋਰ ਹੈ ਤੇ ਕਿਥੇ ਤਰੇੜ ਹੈ। "ਕੇਸ ਗੜ੍ਹ" ਇਸ ਗੱਲ ਦਾ ਪੈਮਾਨਾ ਹੈ, ਮਾਪਣ ਲਈ ਜੰਤਰ (ਬੈਰੋਮੀਟਰ) ਹੈ।

ਸੱਚੀ ਗੱਲ ਇਹ ਹੈ ਕਿ ਜਿਤਨੀ ਕੇਸ ਤੇ ਦਾਹੜੀ ਢਿੱਲੀ, ਹਿੱਲੀ ਤੇ ਟੁੱਟੀ ਹੋਈ ਹੈ, ਉਤਨੀ ਹੀ ਗੁਰਭਗਤੀ ਵਿਚ ਕਮਜ਼ੋਰੀ ਹੈ ਤੇ ਸਿੱਖੀ ਮਹਿਲ ਵਿਚ ਉਤਨੀਆਂ ਹੀ ਤਰੇੜਾਂ ਪਈਆਂ ਹੋਈਆਂ ਹਨ। ਪੰਥ ਦੇ ਆਗੂਆਂ ਨੂੰ ਇਹ ਚਿਤਾਵਣੀ ਹੈ ਕਿ ਉਹ ਸੰਭਲਣ ਤੇ ਤਰੇੜਾਂ ਨੂੰ ਦੂਰ ਕਰਨ ਦੇ ਉਪਰਾਲੇ ਕਰਨ। ਆਗੂਆਂ ਦਾ ਅਵੇਸਲਾ-ਪਨ ਕਿਧਰੇ ਸਿਖੀ ਮਹੱਲ ਨੂੰ ਜਰਜਰਾ ਹੀ ਨਾ ਕਰ ਦੇਵੇ। ਇਹ ਵੀ ਸਮਝ ਲੈਣਾ ਚਾਹੀਦਾ ਹੈ ਕਿ ਕੇਸ ਗੜ੍ਹ ਦੇ ਹੋਏ ਟੋਟੇ, ਖਾਲਸੇ ਦੀ ਵਾਸੀ, ਅਨੰਦਪੁਰ ਖੁਸਿਆਂ ਜੋ ਹਾਲਤ ਹੋਈ ਹੈ, ਉਹ ਕਦੇ ਵੀ ਨਹੀਂ ਭੁੱਲਣੀ ਚਾਹੀਦੀ। ਕੇਸਗੜ੍ਹ ਨੂੰ ਮਜ਼ਬੂਤ ਕਰਨਾ ਹੀ ਪਹਿਲਾ ਜ਼ਰੂਰੀ ਕਰਮ ਹੈ। ਲਾਂਭੇ ਦੀਆਂ ਗੱਲਾਂ ਵੱਲ ਧਿਆਨ ਦੇਣਾ ਛੱਡ ਕੇ ਤੱਤ ਵਲ ਧਿਆਨ ਦੇਣ ਦੀ ਲੋੜ ਹੈ।

ਤੀਸਰੇ, ਗੁਰੂ ਗੋਬਿੰਦ ਸਿੰਘ ਜੀ ਦਾ "ਕੇਸ ਸਾਡੀ ਮੋਹਰ" ਕਹਿਣ ਦਾ ਕਾਰਨ ਧਾਰਮਿਕ ਤੇ ਮਨੋਵਿਗਿਆਨਕ ਵੀ ਹੈ। ਕੇਸਾਂ ਦੇ ਹੁਕਮ ਪਿਛੇ ਜੋ ਮਨੋਵਿਗਿਆਨਕ ਰਹੱਸ ਹੈ ਉਸ ਨੂੰ ਸਮਝਣਾ ਜ਼ਰੂਰੀ ਹੈ। ਗੁਰੂ ਮਨੋ-ਵਿਗਿਆਨੀ ਨੇ, ਸਾਡੇ ਅੰਦਰਲੇ ਵਿਚ ਜੋ ਘੋਲ ਹੋ ਰਿਹਾ ਹੈ, ਨਾ ਸਿਰਫ਼ ਉਸ ਨੂੰ ਸਮਝਿਆ ਹੈ, ਸਗੋਂ ਉਸ ਦਾ ਉਪਾਅ ਵੀ ਕੀਤਾ ਹੈ। ਇਸ ਸਦੀ ਦੇ ਤਿੰਨ ਸੰਸਾਰ ਪ੍ਰਸਿੱਧ ਮਨੋ-ਵਿਗਿਆਨੀਆਂ, ਫਰਾਇਡ ਤੇ ਐਡਲਰ ਤੀਜਾ "ਕਾਰਲ ਗਸਤਾਵ ਜੁੰਗ" ਹੈ। ਜੁੰਗ ਨੇ ਮਨੁੱਖ ਦੇ ਅੰਦਰਲੇ ਨੂੰ ਪੜ੍ਹਿਆ, ਵਾਚਿਆ ਤੇ ਘੋਖਿਆ ਹੈ। ਅੰਦਰ ਵਾਪਰ ਰਹੀ ਹਾਲਤ ਨੂੰ ਉਸ ਵਿਦਵਾਨ ਨੇ "ਡੂੰਘਾ ਮਨੋ-ਵਿਗਿਆਨ" (ਡੀਪ ਸਾਇਕਾਲੋਜੀ) ਆਖਿਆ ਹੈ। ਉਸਦਾ ਕਹਿਣਾ ਹੈ ਕਿ ਹਰ ਮਨੁੱਖ ਦੇ ਧੁਰ ਅੰਦਰਲੇ ਵਿਚ ਇਕ ਦੂੰਦਰ ਮਚਿਆ ਰਹਿੰਦਾ ਹੈ। ਉਸ ਦੂੰਦਰ ਦੀ ਪ੍ਰੇਰਨਾ ਹੁੰਦੀ ਹੈ ਕਿ ਮਨੁੱਖ ਜੋ ਹੈ, ਉਹ ਨਾ ਰਹੇ। ਸਾਇਕਾਲੋਜੀ ਦੀ ਭਾਸ਼ਾ ਵਿਚ ਮਰਦ ਵਿਚ ਐਨੀਮਾ ਵਾਲੀ ਦਸ਼ਾ ਬਣੀ ਰਹਿੰਦੀ ਹੈ ਤੇ ਔਰਤ ਵਿਚ ਐਨੀਮਸ ਵਾਲੀ। ਦੂਜੇ ਸ਼ਬਦਾਂ ਵਿਚ ਮਰਦ ਔਰਤ ਬਣਨ ਲਈ ਲੋਚਦਾ ਰਹਿੰਦਾ ਹੈ ਤੇ ਔਰਤ ਮਰਦ ਬਣਨ ਲਈ ਲੋਚਦੀ ਰਹਿੰਦੀ ਹੈ। ਇਸ ਲੋਚਾ ਦੇ ਅਧੀਨ ਧੁਰ ਡੂੰਘੇ ਕਿਧਰੇ ਇਹ ਖਿਆਲ ਮਰਦ ਵਿਚ ਪੱਕਾ ਹੋ ਜਾਂਦਾ ਹੈ ਕਿ ਉਹ ਕੋਹਝਾ ਹੈ, ਹੀਣਾ ਹੈ, ਔਰਤ ਬਣਨ ਵਿਚ ਹੀ ਉਸ ਦਾ ਕਲਿਆਣ ਹੈ, ਇਹ ਧੁਰ ਅੰਦਰਲਾ ਖਿਆਲ ਹੌਲੇ ਹੌਲੇ ਕਿਸੇ ਨਾ ਕਿਸੇ ਰੂਪ ਵਿਚ ਪ੍ਰਗਟ ਹੋ ਜਾਂਦਾ ਹੈ। ਮਰਦ ਦੇ ਮਰਦਊਪੁਣੇ (ਮੈਸਕੂਲਿਨਟੀ) ਵਿਚ ਜੇ ਕੋਈ ਵੱਡੀ ਰੁਕਾਵਟ ਹੈ ਤਾਂ ਉਸ ਦੀ ਦਾਹੜੀ। ਸੋ ਅਚੇਤ ਵਿਚ ਉਹ ਆਪਣਾ ਪਹਿਲਾ ਹੱਲਾ ਦਾੜ੍ਹੀ ਤੇ ਫਿਰ ਕੇਸਾਂ ਉਤੇ ਕਰਦਾ ਹੈ। ਅਸਲੀਅਤ ਉਤੇ ਪਰਦਾ ਪਾਉਂਦਾ ਹੈ। ਜੋ

Sri Satguru Jagjit Singh Ji eLibrary NamdhariElibrary@gmail.com

ਹੈ ਉਸ ਨੂੰ ਉਸਤਰੇ ਨਾਲ ਵਟਾਉਂਦਾ ਹੈ। ਆਪਣੀ ਦੋਹਰੀ ਸ਼ਖਸੀਅਤ ਬਣਾ ਲੈਂਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ "ਮਨ ਸੱਚਾ" ਕਰਨ ਲਈ ਹੀ ਕੇਸਾਂ ਨੂੰ ਨਾ ਕਟਾਉਣ ਦਾ ਹੁਕਮ ਦਿੱਤਾ ਸੀ। ਗੁਰੂ ਪਾਤਸ਼ਾਹ ਦਾ ਹੁਕਮ ਸੀ ਕਿ ਜੋ ਹੈ, ਉਹ ਹੀ ਬਣਿਆ ਰਹੇ, ਨਾ ਤਾਂ ਬਦਲਾਏ ਤੇ ਨਾ ਹੀ ਵਟਾਏ। ਜੋ ਹੈ, ਉਹ ਬਣਿਆ ਰਹਿ ਕੇ ਹੀ ਸੱਚਾ, ਪੱਕਾ ਤੇ ਸੰਤ ਕਹਿਲਾ ਸਕੇਗਾ। ਵਾਹਿਗੁਰੂ ਦਾ ਬਣਨ ਲਈ ਪਹਿਲੀ ਵੱਡੀ ਸ਼ਰਤ ਹੀ 'ਅੰਦਰੋਂ-ਬਾਹਰੋਂ'' ਇਕ ਹੋਣਾ ਹੈ ਤੇ ਵਾਹਿਗੁਰੂ ਦਾ ਬਣ ਜਾਣ ਅਤੇ ਬਣੇ ਰਹਿਣ ਨੂੰ ਹੀ "ਖਾਲਸਾ" ਕਿਹਾ ਜਾਂਦਾ ਹੈ। ਸੋ ਕੇਸ ਰੱਖਣ ਦਾ ਹੁਕਮ ਦੇ ਕੇ ਦਸ਼ਮੇਸ਼ ਪਿਤਾ ਨੇ "ਮੇਰੇ" ਅੰਦਰਲੇ ਨੂੰ ਸ਼ਾਂਤ ਕੀਤਾ। ਬਾਹਰੋਂ ਮਜ਼ਬੂਤ ਤੇ ਅੰਦਰੋਂ ਦ੍ਰਿੜ। ਦੂਜੇ ਪਾਸੇ ਔਰਤ "ਦੁੱਧਾਥਣੀ" ਨੂੰ ਐਸ਼ ਲਈ ਵਰਤਦੀ ਹੈ ਅਤੇ ਬਾਲਕ ਨੂੰ ਨਾ ਪਿਲਾ ਕੇ ਮਰਦ ਸਾਂਵੇਂ ਹੋਣਾ ਲੋਚਦੀ ਹੈ। ਇਧਰੋਂ ਮਰਦਊਪਨਾ ਜਾ ਰਿਹਾ ਹੈ, ਉਧਰੋਂ ਇਸਤ੍ਰੀਅਤ ਉਡ ਰਹੀ ਹੈ ਜਿਸ ਕਾਰਨ ਸਮਾਜ ਟੋਟੇ-ਟੋਟੇ ਹੋ ਰਿਹਾ ਹੈ। ਗਿਬਨ ਨੇ ਰੋਮਨ ਸਾਮਰਾਜ ਦੇ ਡਿਗਣ ਤੇ ਗਰਕ ਹੋਣ ਦੇ ਜੋ ਸਤ ਕਾਰਨ ਦਿਤੇ ਹਨ, ਉਨ੍ਹਾਂ ਵਿਚ ਇਕ ਇਹ ਸੀ ਕਿ ਚਾਰੇ ਪਾਸੇ ਨਜ਼ਾਕਤ (ਐਫ਼ਿਮੇਨਸੀ) ਦਾ ਦੌਰ ਦੌਰਾ ਹੋ ਗਿਆ। ਲੜਕੀਆਂ ਹਰ ਇਹ ਕੋਸ਼ਿਸ਼ ਕਰਨ ਲਗੀਆਂ ਕਿ ਉਹ ਮੁੰਡੇ ਲਗਣ ਅਤੇ ਦਿਸਣ ਅਤੇ ਲੜਕਿਆਂ ਦੀ ਸਾਰੀ ਦੌੜ ਭੱਜ ਇਹ ਹੋ ਗਈ ਕਿ ਕੁੜੀਆਂ ਦਿਸਣ।

ਤੀਜੇ, ਸੀ. ਐਚ. ਪੇਨ ਨੇ ਲਿਖਿਆ ਸੀ ਕਿ ਗੁਰੂ ਨਾਨਕ ਜੀ ਨੇ ਉਹ ਗੱਲ ਸਮਝ ਲਈ ਸੀ ਜਿਹੜੀ ਦੂਜੇ ਸੁਧਾਰਕਾਂ ਨੇ ਨਹੀਂ ਸਮਝੀ ਸੀ। ਧਰਮ ਉਹ ਹੀ ਜ਼ਿੰਦਾ ਰਹਿ ਸਕਦਾ ਹੈ ਜਿਹੜਾ ਵਰਤੋਂ ਸਿਖਾਲੇ। ਜਿਹੜਾ ਇਹ ਨਾ ਸਿਖਾਲੇ ਕਿ ਦੁਨੀਆਂ ਤੋਂ ਨਸਣਾ ਕਿਸ ਤਰ੍ਹਾਂ ਹੈ, ਸਗੋਂ ਇਹ ਸਿਖਾਏ ਕਿ ਦੁਨੀਆਂ ਵਿਚ ਚੰਗੀ ਤਰ੍ਹਾਂ ਰਹਿਣਾ ਕਿਵੇਂ ਹੈ। ਜਿਹੜਾ ਇਹ ਨਾ ਸਿਖਾਏ ਕਿ ਬਦੀਆਂ ਤੋਂ ਬਚਣਾ ਕਿਵੇਂ ਹੈ, ਸਗੋਂ ਇਹ ਸਿਖਾਏ ਕਿ ਬਦੀਆਂ ਦਾ ਟਾਕਰਾ ਕਰਕੇ ਕਾਮਯਾਬ ਕਿਵੇਂ ਹੋਣਾ ਹੈ। ਕੇਸ 'ਪਰਵਿਰਤੀ ਕਰਮ ਦ੍ਰਿੜਾਉਣ' ਦਾ ਵੀ ਲਖਾਇਕ ਹੈ। ਜਦ ਬੁੱਧ ਜੀ ਨੇ ਸੰਸਾਰ ਤਿਆਗਿਆ ਤਾਂ ਆਪਣੇ ਰਥਵਾਹਨ ਨੂੰ ਕਿਹਾ ਕਿ ਉਸ ਦਾ ਜੂੜਾ ਕੱਟ ਦੇਵੇ ਕਿਉਂਕਿ ਉਹ ਸੰਸਾਰ ਨੂੰ ਤਿਆਗ ਰਹੇ ਸਨ, ਫਿਰ ਜਦ ਉਹਨਾਂ ਨੂੰ ਗਿਆਨ ਹੋਇਆ ਤਾਂ ਪਹਿਲਾ ਕਰਮ ਜੋ ਉਨ੍ਹਾਂ ਆਪਣੇ ਹੱਥੀਂ ਕੀਤਾ ਉਹ ਸੀ ਆਪਣੇ "ਕੇਸਾਂ ਦਾ ਜੂੜਾ।" ਜੂੜਾ ਗਿਆਨ ਤੇ ਫਿਰ ਸੰਸਾਰੀ ਹੋਣ ਦਾ ਪ੍ਰਤੀਕ ਹੈ।

ਚੌਥੇ, ਕੇਸ ਖ਼ੂਬਸੂਰਤੀ ਦਾ ਮੂਲ ਹੈ (ਅਲਟੀਮੇਟ ਸੈਂਸ ਔਫ਼ ਬੀਊਟੀ)। ਸੁਹਜ ਸਵਾਦ ਦਾ ਲਖਾਇਕ ਹੈ। ਜਦ ਰੱਬ ਨੂੰ ਖ਼ੂਬਸੂਰਤ ਕਹਿਣਾ ਹੈ ਤਾਂ ਗੁਰੂ ਗਰੰਥ ਸਾਹਿਬ ਵਿਚ **'ਸੋਹਣੇ ਨਕ ਜਨ ਲੰਮੜੇ'** ਵਾਲਾ ਹੀ ਕਿਹਾ ਹੈ। ਜਦ ਉਸ ਦੀ ਪੂਰਨ ਸ਼ਖਸੀਅਤ (Integrated Personality) ਦ੍ਰਿੜਾਉਣੀ ਹੈ ਤਾਂ ਵੀ **'ਸਾਬਤ ਸੂਰਤ ਦਸਤਾਰ ਸਿਰਾ'** ਹੀ ਕਹਿਆ ਹੈ, 'ਖਾਲਸਾ ਵਾਹਿਗੁਰੂ ਦਾ ਰੂਪ ਹੈ, ਪੂਰਨ ਸ਼ਖਸੀਅਤ ਹੈ, ਸੁਹਜ-ਸਵਾਦ ਦੀ ਮੂਰਤ ਹੈ ਅਤੇ ਖ਼ੂਬਸੂਰਤੀ ਦਾ ਪ੍ਰਤੀਕ ਹੈ, ਇਸ ਲਈ ਕੇਸਾਂ ਦੀ ਬੇ-ਅਦਬੀ ਨਹੀਂ ਕਰਦਾ।

ਪੈਲਗ੍ਰਿਣੀ ਨੇ ਆਪਣੀ ਖੋਜ ਦਾ ਸਿੱਟਾ ਦਿੰਦੇ ਕਿਹਾ ਹੈ ਕਿ ਕੇਸ ਦਾਹੜੀ ਦਾ ਸਿੱਧਾ ਸੰਬੰਧ ਮਨੁੱਖ ਦੀ ਸ਼ਖਸੀਅਤ ਤੇ ਪੈਂਦਾ ਹੈ। **ਸਾਬਤ ਸੂਰਤ ਵਾਲਾ ਹੀ ਅਸਲ ਮਰਦ, ਰਸ ਭਰਿਆ, ਭਰਵਾਂ, ਸੰਪੂਰਨ, ਸੋਹਣਾ, ਇਰਾਦੇ ਦਾ ਪੱਕਾ, ਦਲੇਰ, ਉਦਾਰਚਿਤ, ਉਦਮੀ ਤੇ ਲੰਮੀ ਨਦਰ ਤੇ ਚੜ੍ਹੀ ਦ੍ਰਿਸ਼ਟੀ ਵਾਲਾ ਹੁੰਦਾ ਹੈ।** (Masculine, Mature, Good looking, Self-confident, Courageous, Liberal

Sri Satguru Jagjit Singh Ji eLibrary NamdhariElibrary@gmail.com

www.archive.org/details/namdhari 



Non-confirmist & Industrious).

ਟਾਇਨਬੀ ਕੋਲੋਂ ਵੀ ਕਾਣੂਸਾ ਯੂਨੀਵਰਸਟੀ ਦੇ ਵਿਦਿਆਰਥੀ ਨੇ ਪੁਛਿਆ ਸੀ ਕਿ ਤੂੰ ਸਾਰੀ ਦੁਨੀਆ ਘੁੰਮਿਆਂ ਹੈਂ, ਸਭ ਤੋਂ ਖ਼ੂਬਸੂਰਤ ਇਨਸਾਨ ਕੌਣ ਹੈ ਤਾਂ ਉਸ ਕਿਹਾ ਸੀ ਸਿੱਖ, ਸਾਬਤ ਸੂਰਤ ਵਾਲਾ ਅਤੇ ਜਦ ਉਹਨਾਂ ਪੁੱਛਿਆ ਕਿ ਭੱਦਾ-ਕੋਹਝਾ ਕੌਣ ਹੈ ਤਾਂ ਟਾਇਨਾਬੀ ਨੇ ਕਿਹਾ : "**ਦਾਹੜੀ ਕੱਟਾ** ।"

ਚਾਰਲਸ ਵਿਲਕਿਨਜ਼ ਜਿਸ ਨੇ ਪਹਿਲੀ ਵਾਰ ਹਿਤ ਉਪਦੇਸ਼, ਗੀਤਾ ਤੇ ਸ਼ੰਕੁਤਲਾ ਦਾ ਤਰਜਮਾ ਕੀਤਾ ਸੀ, ਜਦ ਸੰਨ ੧੭੭੯ ਵਿਚ ਪਟਨਾ ਸਾਹਿਬ ਆਇਆ ਤਾਂ ਖੁਲ੍ਹੀ ਚਿੱਟੀ ਦਾਹੜੀ ਦੇਖ ਕੇ ਉਸ ਲਿਖਿਆ :

**"ਚਾਂਦੀ ਵਰਗੀ ਚਿੱਟੀ ਦਾਹੜੀ ਵਿਚ ਪਵਿੱਤਰਤਾ ਤੇ ਆਦਰ ਦੇ ਭਾਵ ਲੁਪਤ ਹਨ ।"**

ਫਿਰ ਕੇਸਾਂ ਨੂੰ ਕਿਸੇ ਰਿਸ਼ੀ, ਮੁਨੀ, ਵਿਸ਼ਵਾਮਿੱਤਰ ਜਾਂ ਵਿਸ਼ਿਸ਼ਟ ਦੀਆਂ ਜਟਾਵਾਂ ਨਾਲ ਰਲਾਣਾ ਵੀ ਠੀਕ ਨਹੀਂ । ਉਹ ਕੇਸਾਂ ਦੀਆਂ ਜਟਾਵਾਂ ਬਣਾ ਕੇ ਰਖਦੇ ਹਨ, ਕੇਸ ਨੂੰ ਸਹਜ ਦਾ ਪ੍ਰਤੀਕ ਨਹੀਂ ਮੰਨਦੇ । ਉਹ ਸਹਿਜ-ਸੁਭਾ ਵਿਚ ਵੀ ਨਹੀਂ ਰਹਿਣ ਦਿੰਦੇ। ਜਾਂ ਤਾਂ ਲੰਮੇ ਕਰਨ ਵਿਚ ਲੱਗੇ ਰਹਿੰਦੇ ਹਨ ਜਾਂ ਮੁੰਨਾਉਣ ਵਿਚ । ਸਿਖ ਕੇਸਾਂ ਦੀ ਪਾਲਣਾ ਦੋਵੇਂ ਵਕਤ ਕੰਘੇ ਨਾਲ ਕਰਦਾ ਹੈ ਅਤੇ ਦਸਤਾਰ ਨਾਲ ਰਖਿਆ ਵੀ ।

ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਵੇਲੇ ਪੰਥ ਨੇ ਪੁਛਿਆ ਕਿ ਉਨ੍ਹਾਂ ਨੂੰ ਕਿਸ ਦੇ ਲੜ ਲਗਾ ਚਲੇ ਹੋ ਅਤੇ ਉਹਨਾਂ ਦਾ ਕਿਹੜਾ ਟਿਕਾਣਾ ਹੈ ਤਾਂ ਆਪ ਜੀ ਨੇ ਫੁਰਮਾਇਆ ਕਿ ਪੰਥ ਨੂੰ ਗੁਰੂ ਗਰੰਥ ਦੇ ਲੜ ਲਗਾ ਚਲੇ ਹਾਂ ਅਤੇ ਪੰਥ ਨੂੰ ਅਕਾਲ ਕੀ ਗੋਦ ਮੇਂ ਬੈਸਾਇਆ ਹੈ । ਸਿੰਘਾਂ ਦੀ ਅਗਲੀ ਬੇਨਤੀ ਸੀ ਕਿ ਉਹਨਾਂ ਦੀ ਪਾਵਨ ਆਤਮਾ ਕਿਥੇ ਚਲੀ ਹੈ ਅਤੇ ਸਰੀਰਕ ਦਰਸ਼ਨ ਕਿਥੇ ਕਰਾਂਗੇ । ਮਹਾਰਾਜ ਦਾ ਫਰਮਾਨ ਸੀ, "ਆਤਮਾ ਗੁਰੂ ਗਰੰਥ (ਜੀ) ਵਿਚ ਅਤੇ ਸਰੀਰ ਪੰਥ ਵਿਚ ।" ਜੇ ਮੈਨੂੰ ਹੱਕ ਨਹੀਂ ਕਿ ਗੁਰੂ ਗਰੰਥ ਸਾਹਬ ਦੀ ਕੋਈ ਤੁਕ, ਲਾਂ ਜਾਂ ਮਾਤਰਾ ਉਲਟਾਵਾਂ ਜਾਂ ਪਲਟਾਵਾਂ ਤਾਂ ਇਹ ਹੱਕ ਵੀ ਕਿਸੇ ਨੂੰ ਨਹੀਂ ਹੈ ਕਿ ਉਹ ਕਲਗੀਆਂ ਵਾਲੇ ਦੇ ਸਰੂਪ ਨੂੰ ਛੇੜੇ, ਵਿਗਾੜੇ ਅਤੇ ਪਲਟਾਏ। ਦਸ਼ਮੇਸ਼ ਪਿਤਾ ਦੀ ਇਹ ਮੋਹਰ ਹੈ, ਤੋੜਨ ਵਾਲਾ ਧੋਖੇਬਾਜ਼ ਹੈ ਜਾਂ ਧਾੜਵੀ ।

ਸਾਡੇ ਇਤਿਹਾਸ ਵਿਚ ਆਉਂਦਾ ਹੈ ਕਿ ਭਾਈ ਤਾਰੂ ਸਿੰਘ ਜੀ ਨੂੰ ਕਤਲ ਕਰਨ ਦਾ ਹੁਕਮ ਦੇ ਦਿੱਤਾ ਗਿਆ । ਜਲਾਦ ਨੂੰ ਜਵਾਨੀ ਤੇ ਤਰਸ ਆਇਆ । ਉਸ ਕਿਹਾ ਕਿ ਜੇ ਉਹ ਆਪਣਾ ਜੂੜਾ ਸਾਬਤ ਕੱਟ ਕੇ ਉਸ ਦੇ ਹਵਾਲੇ ਕਰ ਦੇਵੇ ਤਾਂ ਉਸ ਦੀ ਜਾਨ ਬਖਸ਼ੀ ਕੀਤੀ ਜਾ ਸਕਦੀ ਹੈ । ਭਾਈ ਤਾਰੂ ਸਿੰਘ ਨੇ ਕਿਹਾ "ਭਲੇ ਲੋਕਾ ! ਸਾਬਤ ਜੂੜਾ ਤਾਂ ਹੀ ਤੈਨੂੰ ਮਿਲ ਸਕਦਾ ਹੈ ਜੇ ਮੇਰਾ ਖੋਪਰ ਉਤਾਰ ਦੇਵੇ । ਇਹ ਕੇਸ ਸੁਆਸਾਂ ਨਾਲ ਹੀ ਨਿਭਣਗੇ । ਖੋਪਰ ਸੂਰਬੀਰ ਵਰਿਆਮ ਨੇ ਲੁਹਾ ਲਿਆ । ਪਰ ਮੋਹਰ ਨਾ ਟੁੱਟਣ ਦਿੱਤੀ ।

ਸਮਕਾਲੀ ਲਿਖਾਰੀ ਭਾਈ ਕੇਸਰ ਸਿੰਘ ਛਿਬਰ ਦੀ ਗਵਾਹੀ ਹੈ :

ਇਕ ਸਿਖ ਤਾਰੂ ਸਿੰਘ
ਮਾਝੇ ਦਾ ਪਕੜਿਆ ਆਇਆ ਲਾਹੌਰ ।
ਸਿਰੋਂ ਉਤਾਰੀ ਖਲੜੀ ਸਮੇਤ ਕੇਸਾਂ ਅਖੋੜ ।

Sri Satguru Jagjit Singh Ji eLibrary NamdhariElibrary@gmail.com

**ਸਿਖ ਹੇਠਾਂ ਬੱਧਾ ਬੈਠਾ ਜਪੁ ਪੜਦਾ ਰਹਿਆ ।**
**ਸਿਰ ਉਪਰੋਂ ਖਲੜੀ ਸਮੇਤ ਕੇਸਾਂ ਲਹਾ ਲਇਆ** । ੫੮ ।

(ਚਰਣ- ੧੪, ਸਮਕਾਲੀ ਸਿਖਾਂ ਦੀ ਸਥਿਤੀ)

ਪ੍ਰਾਚੀਨ ਪੰਥ ਪ੍ਰਕਾਸ਼ ਨੇ ਸਵਿਸਥਾਰ ਲਿਖਿਆ ਹੈ ਕਿ ਜਦ ਸਭ ਹੀਲੇ ਨਵਾਬ ਕਰ ਥੱਕਾ ਅਤੇ ਕੇਸਾਂ ਨੂੰ ਕਟਿਆ ਨਾ ਜਾ ਸਕਿਆ ਤਾਂ ਹੁਕਮ ਦਿੱਤਾ—

ਇਸ ਕੀ ਖੋਪਰੀ ਸਾਥੇ ਬਾਲ ।
ਕਾਟ ਉਤਾਰੋ ਰੰਬੀ ਨਾਲ ।
ਤਬੈ ਕਸਾਇਨ ਵੈਸੀ ਕਰੀ ।
ਕਰ ਪੈਨੀ (ਤਿਖੀ) ਖਿਰ ਰੰਬੀ ਧਰੀ । ੧੯ ।

ਦੋਹਿਰਾ—ਪੈਨੀ ਥੀ ਰੰਬੀ ਕਰੀ
ਧਰ ਮੱਧਯੋਂ ਦਈ ਦਬਾਇ ।
ਮੱਥੇ ਤੇ ਕੰਨਾ ਤਈਂ
ਗਿਚਿਓਂ ਦਈਂ ਪੁਟਾਇ ॥ ੨੦ ॥
ਸਿੰਘ ਜੀ ਮੁਖ ਤੇ ਸੀ ਨਾ ਕਰੀ ।
ਧੰਨ ਧੰਨ ਗੁਰਮੁਖ ਕਹਿਣ ਸਰੀ ।

ਭਾਈ ਤਾਰੂ ਸਿੰਘ ਜੀ ਅੰਤਮ ਸਵਾਸਾਂ ਤੱਕ ਇਹ ਹੀ ਕਹਿੰਦੇ ਰਹੇ—

**"ਸਿੱਖੀ ਕੇਸ ਅਮੋਲਕ ਯਹੈ ।**
**ਬਡੇ ਨਸੀਬਾਂ ਤੇ ਹੱਥ ਅਹੈ ।**
**ਮੈਂ ਗੁਰ ਸਿਖੀ ਨਾਹਿ ਤਜੋ ਹੋਂ ।**
**ਕੇਸਾਂ ਸੁਆਸਾਂ ਸੰਗ ਨਿਬਹੋਂ ।** (ਪੰਥ ਪ੍ਰਕਾਸ਼)

ਸਰਦਾਰ ਗੁਰਬਖਸ਼ ਸਿੰਘ ਸ਼ਹੀਦ ਨੇ ਅਬਦਾਲੀ ਦੇ ਸਿਧੇ ਹਮਲੇ ਵੇਲੇ ਇਹ ਹੀ ਅਰਦਾਸ ਕੀਤੀ ਸੀ :

"ਹਰਿਮਦਰ ਕੇ ਬੀਚ ਮੈਂ ਇਮ ਕੀਨੀ ਅਰਦਾਸ ।
ਸਿਖੀ ਤੋੜ ਨਿਭਾਹੀਐ, ਸੀਸ ਕੇਸਨ ਸੰਗ ਸਵਾਸ" ।

ਸ੍ਰੀ ਅੰਮ੍ਰਿਤਸਰ ਦੀ ਕਾਰ ਸੇਵਾ (੩੧ ਮਾਰਚ, ੧੯੭੩) ਅਤੇ ਗੁਰੂ ਗੋਬਿੰਦ ਸਿੰਘ ਮਾਰਗ (੧੧ ਅਪਰੈਲ ੧੯੭੩) ਤੇ ਪੰਥ ਦਾ ਦਸਿਆ ਉਤਸ਼ਾਹ, ਉਮਾਹ ਅਤੇ ਚਾਅ ਇਹ ਪ੍ਰਗਟ ਕਰਨ ਲਈ ਕਾਫ਼ੀ ਸੀ ਕਿ ਪੰਥ ਵਿਚ ਗੁਰ-ਭਗਤੀ ਉਸੇ ਤਰ੍ਹਾਂ ਕਾਇਮ ਹੈ । ਸਿਰਫ ਲੋੜ ਹੈ ਇਸਨੂੰ "ਕਕਾਰ ਭਗਤੀ" ਵਿਚ ਵਟਾਉਣ ਦੀ । ਇਹ ਕੋਈ ਕਠਨ ਸਮੱਸਿਆ ਨਹੀਂ, ਸਿਰਫ ਸਾਂਝਾ ਤਗੜਾ ਹੱਲਾ ਕਰਨ ਦੀ ਲੋੜ ਹੈ ।

Sri Satguru Jagjit Singh Ji eLibrary NamdhariElibrary@gmail.com

# ਕੰਘਾ ਕੇਸਾਂ ਦੇ ਵਿਚ ਧਰਾ

ਭਾਈ ਮੰਗਲ ਸਿੰਘ ਨੇ 'ਜੀਵਨ ਬਾਬਾ ਬੁੱਢਾ ਜੀ' ਵਿਚ ਭਾਈ ਰਾਮ ਕੌਰ ਜੀ, ਜੋ ਪਿਛੋਂ ਸਰਦਾਰ ਗੁਰਬਖ਼ਸ਼ ਸਿੰਘ ਜੀ ਕਰ ਕੇ ਪ੍ਰਸਿੱਧ ਹੋਏ, ਦਾ ਜੀਵਨ ਚਰਿਤ੍ਰ ਲਿਖਦੇ ਹੋਇਆਂ ਦਰਸਾਇਆ ਹੈ ਕਿ ਜਦ ਪੰਜ ਪਿਆਰਿਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਤੰਬੂ ਤੋਂ ਬਾਹਰ ਲੈ ਕੇ ਆਏ ਤਾਂ ਉਨ੍ਹਾਂ ਦਾ ਰੂਪ ਝੱਲਿਆ ਨਹੀਂ ਸੀ ਜਾਂਦਾ। ਪੰਜ ਕਕਾਰ ਉਨ੍ਹਾਂ ਸਜਾਏ ਹੋਏ ਸਨ। ਭਾਈ ਜੀ ਦੇ ਹੀ ਸ਼ਬਦਾਂ ਵਿਚ :

ਪੰਜ ਕਕਾਰ ਸੀਗ ਪਹਿਰਾਏ।
ਲੱਕ ਨਾਲ ਕ੍ਰਿਪਾਨ ਸੁਹਾਏ।
ਤੇੜ ਕਛਹਿਰਾ ਹੱਥੀਂ ਕੜਾ।
**ਕੰਘਾ ਕੇਸਾਂ ਦੇ ਵਿਚ ਧਰਾ,**
ਮੁਖ ਪਰ ਅਚਰਜ ਨੂਰ ਸੁਹਾਵੇ।
ਮੋਹਰ ਗੁਰਾਂ ਦੀ ਅਤਿ ਛਬਿ ਪਾਵੇ।

ਅੰਮ੍ਰਿਤ ਪਹਿਲੀ ਵਿਸਾਖ ਸੰਮਤ ੧੭੫੬ ਨੂੰ ਛਕਾਇਆ ਗਿਆ। ਦਸ਼ਮੇਸ ਪਿਤਾ ਨੇ ਰਹਿਤ ਦ੍ਰਿੜਾਈ ਅਤੇ ਹਾਜ਼ਰ ਸੰਗਤਾਂ ਵਿਚੋਂ ਵੀਹ ਹਜ਼ਾਰ ਦੇ ਕਰੀਬ ਸਿੱਖਾਂ ਨੇ ਅੰਮ੍ਰਿਤ ਪਾਣ ਕੀਤਾ ਅਤੇ ਰਹਿਤ ਧਾਰਨ ਕੀਤੀ। ਜਿਨ੍ਹਾਂ ਖਾਲਸੇ ਦੀ ਰਹਿਤ ਅਪਣਾ ਲਈ ਉਨ੍ਹਾਂ ਨੂੰ ਕਈ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ। ਕਵੀ ਸੈਨਾਪਤੀ ਨੇ ਉਨ੍ਹਾਂ ਵਿਚੋਂ ਕੁਝ ਕੁ ਕਠਿਨਾਈਆਂ ਦਾ ਜ਼ਿਕਰ 'ਗੁਰੂ ਸੋਭਾ' ਵਿਚ ਕੀਤਾ ਹੈ। ਅੰਮ੍ਰਿਤੀਏ ਅਤੇ ਅਣਅੰਮ੍ਰਿਤੀਏ ਦੇ ਝਗੜੇ ਇਤਨੇ ਵਧੇ ਕਿ ਚਾਂਦਨੀ ਚੌਕ ਦਿੱਲੀ ਕਈ ਦਿਨ ਬੰਦ ਰਹਿਆ। ਇਸੇ ਤਰ੍ਹਾਂ ਕਾਬਲ ਦੀ ਸੰਗਤ ਵਿਚ ਵੀ ਬਹੁਤ ਚਰਚਾ ਹੋਈ। ਉਥੋਂ ਦੀ ਸੰਗਤ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਬੇਨਤੀ ਪੱਤਰ ਲਿਖਿਆ ਕਿ ਉਹ ਕ੍ਰਿਪਾ ਕਰ ਕੇ ਦਿੱਤੇ ਹੁਕਮ ਅਤੇ ਫਰਮਾਈਆਂ ਰਹਿਤਾਂ ਇਕ ਹੁਕਮਨਾਮੇ ਵਿਚ ਲਿਖ ਭੇਜਣ ਤਾਂਕਿ ਅਣਅੰਮ੍ਰਿਤੀਆਂ ਨੂੰ ਖਾਲਸਾ ਸਜਾਇਆ ਜਾ ਸਕੇ। ਕਲਗੀਆਂ ਵਾਲੇ ਨੇ ਬਖ਼ਸ਼ਸ਼ ਦੇ ਘਰ ਆ ਕੇ ੨੬ ਜੇਠ, ੧੭੫੬ (ਉਸੇ ਸਾਲ ੨੫ ਮਈ, ੧੬੯੯ ਈ:) ਨੂੰ ਇਕ ਹੁਕਮਨਾਮਾ ਲਿਖਿਆ, ਜਿਸ ਦਾ

ਉਤਾਰਾ ਹੇਠਾਂ ਦਿੱਤਾ ਹੈ :

੧ਓ ਸਤਿਗੁਰੂ ਜੀ ਸਹਾਇ ॥
ਸਰਬਤ ਸੰਗਤ ਕਾਬਲ ਗੁਰੂ ਰੱਖੇਗਾ।
ਤੁਸਾਂ ਉਤੇ ਅਸਾਡੀ ਬਹੁਤੁ ਖੁਸ਼ੀ ਹੈ,
ਤੁਸਾਂ ਖੰਡੇ ਦਾ ਅੰਮ੍ਰਿਤ ਪੰਜਾ ਤੇ ਲੈਹਣਾ,
ਕੇਸ ਰਖਣੇ ਇਹ ਅਸਾਡੀ ਮੋਹਰ ਹੈ
ਕਛ ਕਿਰਪਾਨ ਦਾ ਵਿਸਾ ਕਰਨਾ ਨਾਹੀਂ
ਸਰਬ ਲੋਹ ਦਾ ਕੜਾ ਹਥ ਰਖਣਾ
**ਦੋਨੋ ਵਕਤ ਕੇਸਾਂ ਦੀ ਪਾਲਨਾ ਕੰਘੇ**
**ਸਉ ਕਰਨੀ** । ਸਰਬਤ ਸੰਗਤ ਅਭਾਖਿਆ
ਦਾ ਕੁਠਾ ਮਾਸ ਖਾਵੈ ਨਾਹੀ । ਤਮਾਕੂ
ਨਾ ਵਰਤਣਾ । ਭਾਦਣੀ ਤਥਾ ਕੰਨਿਆ
ਮਾਰਨ ਵਾਲੇ ਸੇ ਮੇਲ ਨ ਰਖੇ ।
ਮੀਣੇ ਮਸੰਦੀਏ ਰਾਮ ਰਾਈਏ ਕੀ
ਸੰਗਤਿ ਨਾ ਬੈਸੇ । ਗੁਰਬਾਣੀ ਪੜ੍ਹਨੀ ।
ਵਾਹਿਗੁਰੂ ਵਾਹਿਗੁਰੂ ਜਪਣਾ ਗੁਰ ਕੀ ਮਤ ਰਖਨੀ
ਸਰਬਤ ਸੰਗਤਿ ਉਪਰਿ ਮੇਰੀ ਖੁਸੀ ਹੈ ।
ਪਾਤਸ਼ਾਹੀ ੧੦ ਜੇਠ ੨੬ ਸੰਮਤ ੧੭੫੬ ॥

ਤੱਖ਼ਤ ਸ੍ਰੀ ਪਟਨ ਸਾਹਿਬ ਦੇ ਗ੍ਰੰਥੀ ਬਾਬਾ ਸੁਮੇਰ ਸਿੰਘ ਨੇ ਸ੍ਰੀ ਗੁਰੂ ਪ੍ਰੇਮ ਪਦ ਪ੍ਰਕਾਸ਼ ਵਿਚ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਚੋਪਾ ਸਿੰਘ (ਕਲਗੀਆਂ ਵਾਲੇ ਦੇ ਜੋ ਖਿਡਾਵੇ ਸਨ) ਨੂੰ ਬੁਲਾਇਆ ਤੇ ਮੁਸਕਰਾ ਕੇ ਫ਼ਰਮਾਇਆ ਕਿ 'ਤੁਮ ਮੇਰੇ ਘਰ ਕੇ ਹੋ ਗਯਾਤਾ', ਸੋ ਰਹਿਤ ਲਿਖ ਕੇ ਲਿਆਵੋ ਤੇ ਦਸਤਖ਼ਤ ਕਰਵਾ ਲਵੋ । ਗੁਰਵਾਕਾਂ ਨੂੰ ਮਿਲਾ ਕੇ ਮਾਰਗ ਦਰਸ਼ਨ ਕਰ ਦਿਓ । ਰਹਤਨਾਮਾ ਗੁਰੂ ਗ੍ਰੰਥ ਤੁਕ ਦੇ ਅਨੁਸਾਰੀ ਹੋਵੇ । ਉਨ੍ਹਾਂ ਨੇ ਉਸੇ ਤਰ੍ਹਾਂ ਕੀਤਾ । ਪੰਡਿਤ ਤਾਰਾ ਸਿੰਘ ਜੀ ਨਰੋਤਮ ਨੇ ਰਹਤਨਾਮਿਆਂ ਦੀ ਲਿਖਤ ਗੁਰੂ ਕੀਰਤਿ ਸੰਗ੍ਰਹਿ ਵਿਚ ਦੇਂਦੇ ਲਿਖਿਆ ਹੈ, "ਚੌਧਵਾਂ ਗੁਰ ਦਸਮ ਜੀ ਦੇ ਖਿਡਾਵੇ ਚੌਪਾ ਸਿੰਘ ਜੀ ਦਾ ; ਇਸ ਨੇ ਬੀਚ ਵਿਚ ਗ੍ਰੰਥ ਸਾਹਿਬ ਜੀ ਤੁਕਾਂ ਵੀ ਲਿਖੀ ਹੈ । ਉਸ ਵਿਚ ਹੁਕਮ ਹੈ :

ਕਛ ਕੇਸ ਕ੍ਰਿਪਾਣ ਧ੍ਰਿਜ
**ਕੰਘਾ ਕੜਾ ਸਦੀਵ ।**
ਜੋ ਧਾਰਤ ਟਾਰਤ ਨਹੀਂ
ਸੋਈ ਖਾਲਸਾ ਦਈਵ ।

ਭਾਈ ਪ੍ਰਹਿਲਾਦ ਸਿੰਘ ਜੀ, ਜਿਨਾਂ ਕਈ ਸਾਲ ਗੁਰੂ ਲੰਗਰ ਦੀ ਸੇਵਾ ਨਿਭਾਈ ਅਤੇ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਵੇਲੇ ਨਾਂਦੇੜ ਹੀ ਸਨ, ਨੇ ਗੁਰੂ ਬਚਨਾਂ ਨੂੰ ਆਪਣੇ ਸ਼ਬਦਾਂ ਵਿਚ ਲਿਖਿਆ, ਜਿਨ੍ਹਾਂ ਵਿਚ ਗੁਰੂ ਸਾਹਿਬ ਨੇ ਰਹਿਤ ਦ੍ਰਿੜ੍ਹ ਕਰਾਈ

Sri Satguru Jagjit Singh Ji eLibrary NamdhariElibrary@gmail.com

ਸੀ। ਜ਼ਰੂਰੀ ਹੁਕਮਾਂ ਵੱਲ ਧਿਆਨ ਦਿਵਾਂਦੇ ਹੋਏ ਗੁਰੂ ਜੀ ਨੇ ਅਖ਼ੀਰ ਵਿਚ ਫ਼ਰਮਾਇਆ :

ਚੌਪਈ।

**ਕਛ ਕੇਸ ਕੰਘਾ ਕ੍ਰਿਪਾਨੋ।**
ਕੜਾ ਔਰ ਜੋ ਕਰੋ ਬਖਾਨੋ।
ਏਹ ਕੱਕੇ ਪੰਜ ਤੁਮ ਮਾਨੋ।
ਗੁਰੂ ਗ੍ਰੰਥ ਕੋ ਤੁਮ ਸਭ ਜਾਨੋ॥ ੩੯॥

ਪ੍ਰਸ਼ਨ ਭਾਈ ਨੰਦ ਲਾਲ ਜੀ ਵਾਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਤਨਖ਼ਾਹਨਾਮਾ) ਵਿਚ ਗੁਰੂ ਜੀ ਦੇ ਫ਼ਰਮਾਨ ਹਨ :

ਕੰਘਾ ਦੋਨੋ ਵਕਤ ਕਰ, ਪਾਗ ਚੁਨੇ ਕਰ ਬਾਂਧਈ।
ਦਾਤਨ ਨੀਤ ਕਰੇਇ, ਨ ਦੁਖ ਪਾਵੈ ਲਾਲ ਜੀ॥ ੨੨॥

ਮਹਿਮਾ ਪ੍ਰਕਾਸ਼ ਦੇ ਲਿਖਾਰੀ ਨੇ ਸਾਖੀਆਂ ਪਾਤਸ਼ਾਹੀ ਦਸਵੀਂ ਦੀ ਸਾਖੀ ੧੯ ਵਿਚ ਲਿਖਿਆ ਹੈ ਕਿ ਖਾਲਸੇ ਦਾ ਸਰੂਪ ਮਰਯਾਦਾ ਪ੍ਰਗਟ ਕਰ ਖੰਡੇ ਦੀ ਪਾਹੁਲ ਦਿੱਤੀ। ਉਸ ਮਰਯਾਦਾ ਦਾ ਹਿੱਸਾ 'ਕੰਘਾ' ਦੱਸਿਆ।

ਡਾਕਟਰ ਗੰਡਾ ਸਿੰਘ ਜੀ ਮਾਖਿਜ਼ਿ ਤਾਰੀਖ਼-ਇ-ਸਿੱਖਾਂ (ਫ਼ਾਰਸੀ) ਵਿਚ ਸਰਬ ਲੋਹ ਗ੍ਰੰਥ ਦੀ ਲਿਖਤੀ ਸੈਂਚੀ ਦਾ ਹਵਾਲਾ ਦੇ ਕੇ ਲਿਖਿਆ ਹੈ, ਕਿ ਉਸ ਸੈਂਚੀ ਤੇ :

'ਨਿਸ਼ਾਨਿ ਸਿਖੀ ਈਂ ਪੰਜ ਹਰਫ ਕਾਫ।
ਹਰਗਿਜ਼ ਨ ਬਾਸ਼ਦ ਈਂ ਪੰਜ ਮੁਆਫ।
ਕੜਾ, ਕਾਰਦੋ, ਕਛ, **ਕੰਘਾ** ਬਿਦਾਂ।
ਬਿਨਾਂ ਕੇਸ, ਹੇਚਸਤ ਜੁਮਲਾ ਨਿਸ਼ਾਂ',

ਲਿਖਿਆ ਹੈ। ਭਾਵ ਇਹ ਹੈ ਕਿ "ਸਿੱਖੀ ਦੇ ਨਿਸ਼ਾਨ, ਇਹ ਪੰਜ ਕੱਕੇ ਅੱਖਰ ਨਾਲ ਲਿਖੇ ਜਾਂਦੇ ਨਾਵਾਂ ਵਾਲੀਆਂ ਵਸਤਾਂ ਹਨ, ਜੋ ਕਦੇ ਵੀ ਮੁਆਫ਼ ਨਹੀਂ ਕੀਤੇ ਜਾ ਸਕਦੇ। ਜੋ ਧਾਰਨ ਕਰਨੇ ਜ਼ਰੂਰੀ ਹਨ। ਕੜਾ, ਕ੍ਰਿਪਾਨ ਛੋਟੀ, ਕਛਹਿਰਾ ਤੇ ਕੰਘਾ ਪਰ ਪੰਜਵੇਂ 'ਕੇਸ' ਤੋਂ ਬਗ਼ੈਰ ਇਹ ਸਾਰੇ ਹੀ ਨਿਗੂਣੇ ਹਨ, ਵਿਅਰਥ ਹਨ।" ਗੱਲ ਕੀ ਇਹ ਕੰਘਾ ਵੀ ਇਕ ਜ਼ਰੂਰੀ ਤੇ ਲਾਜ਼ਮੀ ਕਕਾਰ ਹੈ।

ਕਨ੍ਹੀਆ ਲਾਲ ਨੇ ਤਾਰੀਖ਼-ਇ-ਪੰਜਾਬ ਵਿਚ ਇਕ ਹਵਾਲਾ ਦਿੱਤਾ ਹੈ ਕਿ "ਪੀਰ ਬੁੱਧੂ ਸ਼ਾਹ ਨੇ ਵੀ ਗੁਰੂ ਜੀ ਵੱਲ ਹੋ ਕੇ ਵੈਰੀਆਂ ਨਾਲ ਖ਼ੂਬ ਜੰਗ ਕੀਤੀ। ਗੁਰੂ ਜੀ ਨੇ ਉਸ ਨੂੰ ਹੁਕਮਨਾਮਾ ਤੇ ਕੰਘਾ ਸਤਿਕਾਰ ਵਜੋਂ ਭੇਟ ਕੀਤਾ। ਇਹ ਚੀਜ਼ਾਂ ਹੁਣ ਤਕ ਉਸ ਦੀ ਔਲਾਦ ਪਾਸ ਮੌਜੂਦ ਹਨ" (ਹੁਣ ਇਹ ਪਾਵਨ ਬਖ਼ਸ਼ਸ਼ਾਂ ਨਾਭਾ ਰਾਜਾ ਦੇ ਤੋਸ਼ਾਖ਼ਾਨਾ ਵਿਚ ਹਨ) ਖਾਲਸਾ ਨੂੰ ਵੀ ਕੰਘਾ ਬਖ਼ਸ਼ਸ਼ ਦੇ ਰੂਪ ਵਿਚ ਮਿਲਿਆ। ਫਿਰ ਅਸੀਂ ਇਨ੍ਹਾਂ ਨੂੰ **ਚਿੰਨ੍ਹ ਨਾ ਕਹਿ ਕੇ ਕਕਾਰ ਕਹਿੰਦੇ ਹਾਂ।** ਕਕਾਰ ਵਰਤੋਂ ਦੀ ਵੀ ਵਸਤੂ ਹਨ ਅਤੇ ਕੁਝ ਯਾਦ ਵੀ ਦਿਲਵਾਂਦੇ ਰਹਿੰਦੇ ਹਨ।

ਸਭ ਤੋਂ ਪਹਿਲਾਂ ਕੰਘਾ ਇਹ ਯਾਦ ਦਿਲਵਾਂਦਾ ਰਹਿੰਦਾ ਹੈ ਕਿ ਖਾਲਸੇ ਦੇ ਕੇਸ ਹਨ

Sri Satguru Jagjit Singh Ji eLibrary NamdhariElibrary@gmail.com

ਜਟਾਵਾਂ ਨਹੀਂ। ਨਾ ਹੀ ਜਟਾਵਾਂ ਬਣਨ ਦੇਣੀਆਂ ਹਨ। ਰਿਸ਼ੀ ਮੁਨੀ ਵਾਲ ਜ਼ਰੂਰ ਰੱਖਦੇ ਸਨ ਪਰ ਕੇਸ ਨਹੀਂ ਸਨ ਬਣਨ ਦਿੰਦੇ ਸਗੋਂ ਸਾਰਾ ਜ਼ੋਰ ਜਟਾਂਵਾਂ ਬਣਾਉਣ ਤੇ ਹੀ ਲਗਾ ਦਿੰਦੇ ਸਨ। ਜਟਾਵਾਂ ਇਸ ਗੱਲ ਦਾ ਚਿੰਨ੍ਹ ਹੁੰਦਾ ਸੀ ਕਿ ਉਹ ਸੰਸਾਰ ਛੱਡ ਬੈਠੇ ਹਨ ਅਤੇ ਉਨ੍ਹਾਂ ਦਾ ਇਸ ਜਗਤ ਨਾਲ ਕੋਈ ਵਾਸਤਾ ਨਹੀਂ। ਉਨ੍ਹਾਂ ਦਾ ਮੁਖੀ 'ਸ਼ਿਵ' ਹੈ ਜੋ ਦੂਰ ਕੈਲਾਸ਼ ਪਰਬਤ ਤੇ ਬੈਠਾ ਹੈ, ਉਸ ਦੀਆਂ ਜਟਾਵਾਂ ਹਨ। ਗੰਗਾ ਵੀ ਉਸ ਦੀਆਂ ਜਟਾਵਾਂ ਵਿਚੋਂ ਨਿਕਲਦੀ ਹੈ। ਇਥੇ ਕੰਘਾ ਕੇਸਾਂ ਵਿਚ ਰੱਖਣ ਦਾ ਹੁਕਮ ਦੇ ਕੇ, ਇਕ ਤਾਂ ਸੰਸਾਰ ਤੇ ਨੱਠਣ ਤੋਂ ਰੋਕਿਆ ਅਤੇ ਦੂਜੇ ਇਹ ਪ੍ਰਗਟਾਇਆ ਕਿ ਅੰਮ੍ਰਿਤ ਨਿਰੋਲ ਗੁਰੂ ਤੋਂ ਪਾਉਣਾ ਹੈ। ਜੀਵਨ ਤੇ ਜਾਗ੍ਰਤ ਸ਼ਿਵ ਦੀਆਂ ਜਟਾਵਾਂ ਵਿਚ ਨਹੀਂ ਖੜਗਧਾਰੀ ਪਾਸ ਹੈ। ਮੁਰਦਿਆਂ ਨੂੰ ਜ਼ਿੰਦਾ ਕਰਨ ਦੀ ਸ਼ਕਤੀ ਕਿਸੇ ਅਖੌਤੀ ਗੰਗਾ ਕੋਲ ਨਹੀਂ, ਗੁਰੂ ਦੇ ਅੰਮ੍ਰਿਤ ਵਿਚ ਹੈ ਜਿਸਦੇ ਪੰਜ ਛੱਟੇ ਕੇਸਾਂ ਵਿਚ ਪਵਾਉਣੇ ਹਨ। ਸਾਖੀ ਗੁਰੂ ਅਮਰ ਦਾਸ ਜੀ ਮਹੱਲਾ ਤੀਜਾ ਵਿਚ ਗੁਰੂ ਰਾਮ ਦਾਸ ਜੀ ਨੂੰ ਉਪਦੇਸ਼ ਦਿੰਦੇ ਗੁਰੂ ਅਮਰ ਦਾਸ ਜੀ ਨੇ ਫ਼ਰਮਾਇਆ ਸੀ :

ਅੰਨ ਬਹੁਤੀ ਭੁਖੇ ਲਗੀ ਜੇਵਣਾ, ਭਰੇ ਤੇ ਭਰਣਾ ਨਾਹੀ।
ਅੰਨ ਛੱਡਣਾ ਭੀ ਨਾਹੀ, ਸਵਣਾ ਤਾਂ, ਜਾਂ ਬਹੁਤੀ ਨੀਂਦ ਆਵੈ।
ਨੀਂਦ ਬਿਨਾ ਸਵਣਾ ਨਾਹੀ, ਗਫਲਾਈ ਹੈ।
ਦੇਹੀ ਕਉ ਬਹੁਤ ਦੁਖ ਭੀ ਨਾਹੀ ਦੇਵਣਾ।

ਫਿਰ ਫ਼ਰਮਾਇਆ :—

**"ਜੇ ਕੋਈ ਸਿੱਖ ਉਦਾਸੀ ਹੋਵੇਗਾ ਤਾਂ ਉਸ ਦਾ ਬੁਰਾ ਹੋਵੇਗਾ।**
ਜੇ ਸਿਖ ਗ੍ਰਿਹਸਤ ਵਿਚ ਅਰਾਧੇਗਾ, ਪਰਮੇਸ਼ਰ ਸੁਖੀ ਰਖੇਗਾ।
ਧਰਮ ਦੀ ਕਿਰਤ ਕਰਨੀ, ਆਪਣਾ ਆਪ ਕਿਛ ਨਾਂਹੀਂ ਜਣਾਵਣਾ।
ਦੋਵੈ ਸਿਰੇ ਗੁਰੂ ਕੋ ਸਉਪਣੈ।"

ਫਿਰ, ਇਹ ਕੰਘਾ ਸੁਚੇਤ ਰਹਿਣ ਅਤੇ ਸੱਚ ਦਾ ਵੀ ਲਖਾਇਕ ਹੈ ਜਿਵੇਂ ਕੰਘਾ ਫਿਰਨ ਨਾਲ ਅਟਕਾਣੇ ਹਟਦੇ ਹਨ, ਇਵੇਂ ਮਨ ਵਿਚ ਕੰਘਾ ਫੇਰਿਆਂ ਅਟਕਾਂ ਹਟਦੀਆਂ ਹਨ। ਜੀ: ਬੀ: ਸਕਾਟ ਕੰਘੇ ਨੂੰ ਮਰਯਾਦਾ ਤੇ ਸਲੀਕੇ (Orderliness) ਦਾ ਪ੍ਰਤੀਕ ਕਹਿੰਦਾ ਹੈ। ਜਦ ਕੰਘਾ ਕੇਸਾਂ ਵਿਚ ਫਿਰਨ ਤੋਂ ਇਨਕਾਰ ਕਰ ਦੇਵੇ ਤਾਂ ਇਹ ਸਮਝਣ ਵਿਚ ਦੇਰ ਨਹੀਂ ਲੱਗਦੀ ਕਿ ਸਫ਼ਾਈ ਨਹੀਂ ਰੱਖੀ ਜਾ ਰਹੀ। ਕੇਸੀ ਇਸ਼ਨਾਨ ਕੀਤਿਆਂ ਹਫ਼ਤੇ ਬੀਤ ਗਏ ਹਨ। ਅਵੇਸਲਾ ਹੋ ਗਿਆ ਹੈ। ਸੁਚੇਤ ਨਹੀਂ ਰਹਿਆ। ਕੇਸਾਂ ਵਿਚ ਕੰਘਾ ਰੋਜ਼ ਚੇਤਾਵਨੀ ਦੇਂਦਾ ਰਹਿੰਦਾ ਹੈ ਅਤੇ ਸਿੱਖ ਨੇ ਇਹ ਚੇਤਾਵਨੀ ਰੋਜ਼ ਸੁਣਨੀ ਹੈ। ਸਿੱਖ ਸੰਤ ਦੇ ਨਾਲ ਸਿਪਾਹੀ ਵੀ ਹੈ। ਸਿਪਾਹੀ ਦੇ ਅਰਥ ਹੀ 'ਐਵਰ ਔਨ ਗਾਰਡ ਹੈ'।

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# "ਸਰਬ ਲੋਹ ਦਾ ਕੜਾ ਪਹਿਨਣਾ"

ਗੁਰੂ ਗੋਬਿੰਦ ਸਿੰਘ ਜੀ ਨੇ ਜਿੱਥੇ ਕਈ ਗੜ੍ਹ ਉਸਾਰੇ, ਉਥੇ ਕਈ ਗੜ੍ਹ ਗਿਰਾ, ਢਹਿ ਢੇਰੀ ਵੀ ਕੀਤੇ। ਛੂਤ ਛਾਤ ਦਾ ਇਕ ਗੜ੍ਹ ਐਸਾ ਸੀ ਜਿਸ ਵਿਚ ਘਿਰਿਆ ਮਨੁੱਖ ਨਿਕਲਦਾ ਹੀ ਨਹੀਂ ਸੀ। ਦਸ਼ਮੇਸ਼ ਪਿਤਾ ਨੇ ਬਾਟੇ ਵਿਚ ਖੰਡਾ ਖੜਕਾ ਨਾ ਸਿਰਫ਼ ਉਸ ਨੂੰ ਤੋੜਿਆ ਸਗੋਂ ਘਿਰੇ ਹੋਏ ਮਨੁੱਖ ਨੂੰ ਸੁਤੰਤਰ ਕੀਤਾ। ਇਕ ਗੜ੍ਹ ਹੋਰ ਐਸਾ ਹੈ ਜਿਸ ਵਿਚੋਂ ਮਨੁੱਖ ਨਿਕਲਣ ਦਾ ਨਾਂ ਹੀ ਨਹੀਂ ਲੈਂਦਾ, ਉਹ ਹੈ "ਭਰਮ ਗੜ੍ਹ"। ਮਨੁੱਖ ਜੋ ਹੋਰ ਸਾਰੀਆਂ ਜੂਨਾਂ ਦਾ ਬਾਦਸ਼ਾਹ ਹੋਣ ਕਾਰਨ, ਅਸ਼ਰਫ-ਉਲ-ਮਖਲੂਕਾਤ ਕਿਹਾ ਜਾਂਦਾ ਹੈ, ਉਹ ਹੀ ਆਪਣੀ ਪਰਜਾ ਤੋਂ ਭੈ-ਭੀਤ ਹੋਇਆ ਫਿਰਦਾ ਸੀ। ਐਸਾ ਭਰਮ ਗੜ੍ਹ ਮਨੁੱਖ ਨੇ ਆਪਣੇ ਆਪ ਉਸਾਰ ਲਿਆ ਸੀ ਤੇ ਇੰਞ ਪ੍ਰਤੀਤ ਹੁੰਦਾ ਸੀ ਕਿ ਇਸ ਦੀ ਕੈਦ ਵਿਚੋਂ ਕਦੇ ਉਹ ਨਿਕਲ ਹੀ ਨਹੀਂ ਸਕੇਗਾ। ਭਾਈ ਗੁਰਦਾਸ ਜੀ ਨੇ ਇਸ ਦੁਰਦਸ਼ਾ ਦਾ ਨਕਸ਼ਾ ਖਿੱਚਦੇ ਹੋਏ ਗਿਲਾ ਵੀ ਕੀਤਾ ਹੈ ਕਿ ਕਲਜੁਗ ਵਿਚ ਗਿਆਨ ਦਾ ਜ਼ੋਰ ਦੱਸਿਆ ਜਾਂਦਾ ਹੈ, ਪਰ ਇਹ ਅਜੀਬ ਬੀਤ ਰਹੀ ਹੈ ਕਿ ਗਿਆਨ ਕਿਧਰੇ ਨਜ਼ਰ ਵੀ ਨਹੀਂ ਆਉਂਦਾ। ਇਕ ਐਸਾ ਯੁੱਗ ਆ ਗਿਆ ਪ੍ਰਤੀਤ ਹੁੰਦਾ ਹੈ, ਜਿਸ ਵਿਚ ਕੋਈ ਕਿਸੇ ਨੂੰ ਵਰਜਦਾ ਨਹੀਂ, ਜੋ ਕਿਸੇ ਦੇ ਮਨ ਵਿਚ ਆਉਂਦਾ ਹੈ, ਉਹ ਹੀ ਕਰੀ ਜਾਂਦਾ ਹੈ। ਧੁਰਾ ਹੀ ਕੋਈ ਨਹੀਂ ਰਹਿਆ। ਕਈ ਗਿਆਨੀ ਕਹਿਲਾਣ ਵਾਲੇ ਜੜ੍ਹ ਪਦਾਰਥਾਂ ਦੇ ਪਿੱਛੇ ਹੀ ਨੱਸ ਰਹੇ ਹਨ ਤੇ ਕਈ ਗੋਰਾਂ ਤੇ ਮੜ੍ਹੀਆਂ ਨੂੰ ਪੂਜੀ ਤੁਰੇ ਜਾਂਦੇ ਹਨ। ਕਈ ਤੰਤ੍ਰ ਦਾ ਸਹਾਰਾ ਲੈ ਰਹੇ ਹਨ ਤੇ ਕਈ ਤੰਤ੍ਰਾਂ ਨੂੰ ਹੀ ਧਰਮ ਸਮਝ ਰਹੇ ਹਨ। ਇਸੇ ਪਾਖੰਡ ਕਰ ਕੇ ਕ੍ਰੋਧ ਵਧ ਗਏ ਹਨ ਤੇ ਕ੍ਰੋਧ ਹੀ ਸਾਰਿਆਂ ਝਗੜਿਆਂ ਦਾ ਮੂਲ ਹੈ। ਆਪੋ ਧਾਪੀ ਦਾ ਨਾਂ ਹੀ ਧਰਮ ਬਣ ਗਿਆ ਹੈ। ਕੋਈ ਚੰਦ੍ਰਮਾ ਨੂੰ ਪੂਜਦਾ ਹੈ, ਕੋਈ ਸੂਰਜ ਨੂੰ ਤੇ ਕੋਈ ਧਰਤੀ ਤੇ ਆਕਾਸ਼ ਦੀ ਮਨੌਤ ਮੰਨਣ ਲੱਗ ਪਏ ਹਨ। ਕੋਈ ਪਉਣ ਦੀ ਅਤੇ ਕੋਈ ਪਾਣੀ ਦੀ ਪੂਜਾ ਕਰ ਰਹਿਆ ਹੈ ਅਤੇ ਕੋਈ ਧਰਮ ਰਾਜ ਨੂੰ ਰਾਜ਼ੀ ਕਰਨ ਲਈ ਉਪਰਾਲੇ ਕਰ ਰਹੇ ਹਨ। ਧਰਮ ਦਾ ਤੱਤ ਨਾ ਜਾਣਦੇ ਹੋਏ ਸਾਰੇ ਭਰਮਾਂ ਵਿਚ ਫਸੇ ਹਨ :

"ਕਲਿਜੁਗ ਬੋਧ ਅਵਤਾਰ ਹੈ,
ਬੋਧ ਅਬੋਧ ਨ ਦ੍ਰਿਸਟੀ ਆਵੈ ॥

ਕੋਇ ਨ ਕਿਸੈ ਵਰਜਈ,
ਸੋਈ ਕਰੇ ਜੋਈ ਮਨ ਭਾਵੈ ॥
ਕਿਸੇ ਪੁਜਾਈ ਸਿਲਾ ਸੁੰਨਿ,
ਕੋਈ ਗੋਰੀ ਮੜੀ ਪੁਜਾਵੈ ॥
ਤੰਤ੍ਰ, ਮੰਤ੍ਰ ਪਖੰਡ ਕਰਿ.
ਕਲਹ ਕ੍ਰੋਧ ਬਹੁ ਵਾਦਿ ਵਧਾਵੈ ॥
ਆਪੋ ਧਾਪੀ ਹੋਇ ਕੈ,
ਨਯਾਰੇ ਨਯਾਰੇ ਧਰਮ ਚਲਾਵੈ ॥

ਕੋਈ ਪੂਜੇ ਚੰਦ ਸੂਰ,
ਕੋਈ ਧਰਤਿ ਅਕਾਸ ਮਨਾਵੈ ॥
ਪਉਣ ਪਾਣੀ ਬੈਸੰਤਰੋ,
ਧਰਮ ਰਾਜ ਕੋਈ ਤ੍ਰਿਪਤਾਵੈ ॥
ਫੋਕਟ ਧਰਮੀ ਭਰਮ ਭੁਲਾਵੈ ॥" ੧੮ ॥

(ਵਾਰ ਪਹਿਲੀ ਪਉੜੀ ਅਠਾਰ੍ਹਵੀਂ)

ਇਸ ਭਰਮ ਨੇ ਘ੍ਰਿਣਾ ਨੂੰ ਜਨਮ ਦਿੱਤਾ ਤੇ ਘ੍ਰਿਣਾ ਕਰ ਕੇ ਚਾਰ ਵਰਣ ਬਣੇ। ਚਾਰ ਆਸ਼ਰਮ ਤੇ ਸੰਨਿਆਸੀਆਂ ਦੇ ਦਸ ਨਾਮ ਰੱਖੇ ਗਏ ਤੇ ਇਨ੍ਹਾਂ ਦੀ ਰੀਸ ਕਰਦੇ ਹੋਏ ਜੋਗੀਆਂ ਨੇ ਵੱਧ ਪੈਰ ਮਾਰਿਆ ਤੇ ਬਾਰਾਂ ਪੰਥ ਚਲਾ ਦਿੱਤੇ :

"ਭਈ ਗਿਲਾਨ ਜਗਤ ਵਿਚ,
ਚਾਰ ਵਰਨ ਆਸ਼੍ਰਮ ਉਪਾਏ।
ਦਸ ਨਾਮ ਸੰਨਿਆਸੀਆਂ,
ਜੋਗੀ ਬਾਰਹ ਪੰਥ ਚਲਾਏ।"

ਰਹਿੰਦੀ ਕਸਰ ਬ੍ਰਹਮਣਾਂ ਨੇ ਪੂਰੀ ਕਰ ਦਿੱਤੀ ਤੇ ਉਹਨਾਂ ਸ਼ਾਸਤ੍ਰਾਂ, ਵੇਦਾਂ ਪੁਰਾਨਾਂ ਨੂੰ ਲੜਾਇਆ ਤੇ ਚਰਚਾ ਨੂੰ ਹੀ ਧਰਮ ਮਿਥ ਲਿਆ। ਧਰਮ ਦੀ ਥਾਂ ਪਾਖੰਡ ਨੇ ਲੈ ਲਈ। ਤੰਤ੍ਰ ਮੰਤ੍ਰ ਨੇ ਕਾਲਖ ਵਧਾ ਦਿੱਤੀ। ਧਰਮ ਦਾ ਰੂਪ ਹੀ ਬਦਲ ਗਿਆ। ਧਰਮ ਇਤਨਾ ਕੋਹਝਾ ਹੋ ਗਿਆ ਕਿ ਲੋਕੀਂ ਦੂਰੋਂ ਦੇਖ ਹੀ ਨੱਸਣ ਲੱਗੇ। ਗੱਲ ਕੀ, ਜਿਸ ਕਲਿਜੁਗ ਵਿਚ ਗਿਆਨ ਦਾ ਜ਼ੋਰ ਹੋਣਾ ਸੀ, ਉਸ ਦੀ ਥਾਂ ਭਰਮ ਤੇ ਭੁਲੇਖੇ ਨੇ ਲੈ ਲਈ :

"ਇਕਸ ਤੇ ਬਹੁ ਰੂਪ ਕਰ,
ਰੂਪ ਕਰੂਪੀ ਘਣੇ ਦਿਖਲਾਏ।
ਕਲਜੁਗ ਅੰਦਰ ਭਰਮ ਭੁਲਾਏ।"

ਗੁਰੂ ਨਾਨਕ ਦੇਵ ਜੀ ਨੇ ਪਹਿਲੀ ਕਰੜੀ ਸੱਟ ਉਸ ਸਮੇਂ ਮਾਰੀ ਜਦ ਸੂਰਜ ਵਲੋਂ ਮੂੰਹ ਫੇਰ ਕੇ ਪਾਣੀ ਤਲਵੰਡੀ ਵੱਲ ਸੁੱਟਣਾ ਆਰੰਭ ਕਰ ਦਿੱਤਾ। ਹਰ ਪੁਰਬ ਤੇ ਤੀਰਥ ਉੱਤੇ ਜਾ ਕੇ ਮਨੁੱਖ ਦੀ ਉੱਚਤਾ ਤੇ 'ਏਕੋ ਧਰਮੁ ਦ੍ਰਿੜੈ ਸਚੁ ਕੋਈ' ਦਾ ਢੰਡੋਰਾ ਦਿੱਤਾ। ਲੋਕਾਂ ਦੀ ਜਾਗ ਖੋਲ੍ਹੀ। ਸੰਗਤਾਂ ਨੇ ਭਰੀ ਸੰਗਤ ਵਿਚ ਹਰ ਰੋਜ਼ ਤੇ ਖ਼ਾਸ ਤੌਰ ਉੱਤੇ ਹਰ ਮਹੀਨੇ ਇਸ

Sri Satguru Jagjit Singh Ji eLibrary NamdhariElibrary@gmail.com

ਆਸ਼ੇ ਨੂੰ ਦ੍ਰਿੜ੍ਹ ਕੀਤਾ ਕਿ 'ਮਾਹ ਦਿਵਸ ਮੂਰਤ ਭਲੇ, ਜਿਨ ਕਉ ਨਦਰਿ ਕਰੇ।' ਪਰ ਇਹ ਭਰਮ ਗੜ੍ਹ ਬੱਜਰ ਸੀ। ਇਸ ਨੂੰ ਤੋੜਨ ਲਈ ਖੜਗ ਦੀ ਲੋੜ ਸੀ, ਸਰਬ ਲੋਹ ਦੀ ਲੋੜ ਸੀ। ਸਉਨ, ਸੱਗਨਾਂ ਵਿਚੋਂ ਇਹ ਮਨੁੱਖ ਨਿਕਲਦਾ ਹੀ ਨਹੀਂ ਸੀ। ਨੌ ਗ੍ਰਹਾਂ, ਬਾਰਾਂ ਰਾਸ਼ੀਆਂ, ਟੂਣਿਆਂ ਤੇ ਕੰਨਸੋਆਂ ਦਾ ਇਹ ਖਹਿੜਾ ਛੱਡਦਾ ਹੀ ਨਹੀਂ ਸੀ। ਇਹ ਦਸ਼ਾ ਇਤਨੀ ਨਿੱਘਰ ਗਈ ਸੀ ਕਿ ਕੁੱਤੇ ਭੌਂਕਣ, ਬਿੱਲੀ ਲੰਘਣ, ਇੱਲ ਉੱਡਣ, ਗਿੱਦੜ ਦੀ ਹੂਕ ਤੇ ਕਿਸੇ ਦੀ ਮਾਰੀ ਨਿੱਛ ਹੀ ਮਨੁੱਖ ਨੂੰ ਨਿਰਬਲ ਬਣਾ ਦਿੰਦੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਸੁਤੰਤਰ ਕਰ ਸਿੰਘ, ਸੂਰਮਾ ਤੇ ਸਾਬਤ ਮਰਦਾਨਾ ਬਣਾਉਣ ਲਈ ਉਪਰਾਲੇ ਆਰੰਭ ਦਿੱਤੇ ਤੇ ਖਾਲਸਾ ਸਾਜ ਕੇ ਆਖ਼ਰੀ ਇੱਟ ਰੱਖ ਦਿੱਤੀ।

ਮੈਕਾਲਫ਼ ਨੇ ਆਪਣੀ ਪੁਸਤਕ, ਸਿੱਖ ਰਿਲੀਜਨ ਦੇ ਮੁੱਖ ਬੰਦ ਵਿਚ ਸਿੱਖ ਧਰਮ ਦੀ ਵਿਸ਼ੇਸ਼ਤਾ ਦੱਸਦੇ ਹੋਏ ਆਰੰਭ ਵਿਚ ਹੀ ਲਿਖਿਆ 'ਮੈਂ ਪੂਰਬ ਤੋਂ ਇਕ ਐਸੇ ਧਰਮ ਦੀ ਵਿਚਾਰਧਾਰਾ ਪੱਛਮ ਕੋਲ ਲਿਆ ਰਹਿਆ ਹਾਂ ਜਿਸ ਵਿੱਚ ਵਹਿਮ ਤੇ ਵਹਿਮ ਪ੍ਰਸਤੀ ਨੂੰ ਕੋਈ ਥਾਂ ਨਹੀਂ।' ਸ਼ਾਇਦ ਇਸੇ ਲਈ ਉਸ ਨੇ ਆਪਣੀਆਂ ਜਿਲਦਾਂ ਦੇ ਮੁੱਖ ਪੰਨੇ ਤੇ ਗੁਰੂ ਅਰਜਨ ਦੇਵ ਜੀ ਦੀ ਇਹ ਤੁਕ "ਫੂਟੋ ਆਂਡਾ ਭਰਮ ਕਾ, ਮਨਹਿ ਭਇਓ ਪਰਗਾਸੁ। ਕਾਟੀ ਬੇਰੀ ਪਗਹ ਤੇ, ਗੁਰਿ ਕੀਨੀ ਬੰਦਿ ਖਲਾਸੁ", ਲਿਖੀ। ਵਹਿਮ ਪ੍ਰਸਤੀ ਨੂੰ ਸਿੱਖਾਂ ਨੇ ਜਿਵੇਂ ਗੁਰੂ ਮੇਹਰ ਸਦਕਾ ਜਿੱਤਿਆ ਤੇ ਭਰਮ ਗੜ੍ਹ ਦਾ ਨਾਸ ਕੀਤਾ, ਉਸ ਦੀ ਕਥਾ ਬੜੀ ਰੌਚਕ ਹੈ।

ਸ਼ਨਿਚਰ ਦਾ ਦਿਹਾੜਾ ਸੀ। ਸਿੱਖ ਅਨੰਦਪੁਰ ਦੀ ਜੂਹ ਵਿਚ ਸ਼ਿਕਾਰ ਪਏ ਖੇਡਦੇ ਸਨ। ਇਕ ਡੰਕੋਤ ਉਹਨਾਂ ਕੋਲ ਆਇਆ। ਉਸ ਨੇ ਆ ਕੇ ਕਿਹਾ ਕਿ "ਸ਼ਨਿਚਰ ਦਾ ਦਿਨ ਹੈ ਅਤੇ ਸ਼ਨੀ ਆਪਣੇ ਪੂਰੇ ਜ਼ੋਰ ਉੱਤੇ ਹੈ। ਇਸ ਨੂੰ ਦੋੜ'ਨ ਲਈ ਕੁਝ ਸਿੱਕੇ, ਤੇਲ ਵਿਚ ਪਾਉ ਤੇ ਮਾਂਹ ਦੀ ਦਾਲ ਦਾਨ ਕਰੋ। ਲੋਹੇ ਦੇ ਬਾਟੇ ਵਿਚ ਇਹ ਸਮੱਗਰੀ ਪਾਉਣ ਨਾਲ ਸ਼ਨੀ ਆਪਣਾ ਪ੍ਰਭਾਵ ਪਾਉਣਾ ਛੱਡ ਦੇਵੇਗਾ।" ਸਿੱਖਾਂ ਇਕ ਆਵਾਜ਼ ਨਾਲ ਕਿਹਾ, "ਅਸੀਂ ਮੰਗਲ ਸ਼ਨੀ ਸਾਰਿਆਂ ਨੂੰ ਹੀ ਜਿੱਤ ਚੁੱਕੇ ਹਾਂ, ਉਨ੍ਹਾਂ ਦਾ ਵਾਰ ਹੁਣ ਸਾਡੇ ਉੱਤੇ ਨਹੀਂ ਹੋ ਸਕਦਾ।" ਡੰਕੋਤ ਨੇ ਜ਼ਿਦ ਹੀ ਪਕੜ ਲਈ। ਸਿੱਖਾਂ ਨੇ ਉਸਦਾ ਬਾਟਾ ਸਮੇਤ ਤੇਲ, ਮਾਂਹ, ਪੈਸੇ ਖੋਹ ਲਿਆ। ਪੈਸੇ, ਸਿੱਖਾਂ ਗੁਰੂ ਕੀ ਗੋਲਕ ਵਿਚ ਪਾਏ। ਮਾਂਹ, ਲੰਗਰ ਵਿਚ ਅਤੇ ਤੇਲ ਵਿਚ ਪਕੌੜੇ ਤਲ ਲਏ। ਲੋਹੇ ਦਾ ਬਾਟਾ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਕੋਲ ਪੁੱਜੇ ਤੇ ਸਾਰੀ ਵਾਰਤਾ ਸੁਣਾਈ ਅਤੇ ਦੱਸਿਆ ਕਿ ਤੇਲ, ਦਾਲ, ਪੈਸੇ ਦੀ ਵਰਤੋਂ ਤਾਂ ਕਰ ਲਈ ਹੈ, ਬਾਟੇ ਦਾ ਕੀ ਕਰੀਏ? ਗੁਰੂ ਜੀ ਨੇ ਫ਼ਰਮਾਇਆ "ਤੁਸਾਂ ਅੱਜ ਸੰਸਾਰ ਦੀ ਸਭ ਤੋਂ ਲੰਮੀ ਵਹਿਮ ਦੀ ਦੌੜ ਜਿੱਤ ਲਈ ਹੈ। ਇਸ ਜਿੱਤ ਦੀ ਖ਼ੁਸ਼ੀ ਵਿਚ ਸਰਬ ਲੋਹ ਦੇ ਕੜੇ ਪਹਿਣੋ। ਬਾਟੇ ਦੀ ਠੀਕ ਵਰਤੋਂ ਇਹ ਹੀ ਹੈ।" ਕੜਾ, ਭਰਮ ਗੜ੍ਹ ਜਿਤਣ ਦਾ ਚਿੰਨ੍ਹ ਹੈ। ਇਹ ਪ੍ਰਗਟ ਕਰਦਾ ਹੈ ਕਿ ਸਿੱਖ ਵਹਿਮੀ, ਭਰਮੀ ਤੇ ਪਾਖੰਡੀ ਨਹੀਂ! ਪ੍ਰੋਫ਼ੈਸਰ ਪੂਰਨ ਸਿੰਘ ਨੇ ਇਸ ਉੱਤੇ ਇਕ ਬੜੀ ਸੁੰਦਰ ਟਿੱਪਣੀ ਦਿੱਤੀ ਹੈ ਕਿ ਕੜਾ ਸਾਨੂੰ ਗੁਰੂ ਜੀ ਵਲੋਂ ਦਿੱਤੀ ਗਈ ਜਿੱਤ ਦੀ ਟਰਾਫੀ ਹੈ, ਇਹ ਗੁਰੂ ਵਲੋਂ ਸਿੱਖਾਂ ਨੂੰ ਮਿਲਿਆ ਤੋਹਫ਼ਾ ਹੈ।

ਇਹ ਕੜਾ ਇਸ ਗੱਲ ਦਾ ਨਿਸ਼ਾਨ ਹੈ ਕਿ ਸਿੱਖ ਵਹਿਮਾਂ ਤੋਂ ਉੱਚਾ ਹੈ, ਭਰਮਾਂ ਵਿਚ ਪੈਂਦਾ ਨਹੀਂ। ਖਾਲਸਾ ਸਾਜਨ ਉਪਰੰਤ ਜਦ ਗੁਰੂ ਗੋਬਿੰਦ ਸਿੰਘ ਜੀ ਕੁਰੂਕਸ਼ੇਤ੍ਰ

Sri Satguru Jagjit Singh Ji eLibrary NamdhariElibrary@gmail.com

ਦੇ ਮੇਲੇ ਗਏ ਤਾਂ ਸੂਰਜ ਗ੍ਰਹਿਣ ਲੱਗਣ ਵੇਲੇ ਇਕ ਡੱਕੋਤ ਨੇ ਕੁਝ ਦਾਨ ਕਰਨ ਲਈ ਕਿਹਾ ਤਾਂ ਆਪ ਜੀ ਨੇ ਮੁਸਕਰਾ ਕੇ ਗਧਾ ਦਾਨ ਕਰਨ ਦਾ ਹੁਕਮ ਦਿਤਾ। ਕੜਾ ਭਰਮ ਨਾਸਕ ਹੈ, ਸੁਤੰਤਰਤਾ ਦਾ ਚਿੰਨ੍ਹ ਹੈ। ਕੜਾ ਪਹਿਣ ਸਿੱਖ ਵਿਸ਼ਵ ਦਾ ਸ਼ਹਿਰੀ ਬਣ ਜਾਂਦਾ ਹੈ। ਉਹ ਨਿੱਕੇ-ਨਿੱਕੇ ਦਾਇਰਿਆਂ ਤੋਂ ਉੱਚਾ ਹੋ ਜਾਂਦਾ ਹੈ। ਉਹ ਧਰਮ ਤੇ ਧਰਮ ਦੇ ਤੱਤ ਨੂੰ ਸਮਝ, ਲੋਕ ਭਲਿਆਈ ਲਈ ਜੂਝਣ ਵਿਚ ਢਿੱਲ ਨਹੀਂ ਕਰਦਾ। ਫਿਰ, ਗੋਲ ਚੱਕਰ ਦਾ ਕੋਈ ਆਦਿ ਤੇ ਅੰਤ ਨਹੀਂ ਹੁੰਦਾ। ਸਿੱਖ ਉਸ ਦਾ ਪੁਜਾਰੀ ਹੈ। ਜਿਸ ਦਾ ਨਾ ਕਿਸੇ ਆਦਿ ਪਾਇਆ ਹੈ ਤੇ ਨਾ ਕੋਈ ਅੰਤ ਪਾ ਸਕਦਾ ਹੈ। ਸੱਚ-ਮੁੱਚ ਹੀ ਖਾਲਸਾ ਵਾਹਿਗੁਰੂ ਦਾ ਹੈ ਤੇ ਉਸ ਤੋਂ ਬਗੈਰ ਕਿਸੇ ਦੀ ਕਾਣ ਨਹੀਂ ਕੱਢਦਾ। ਉਹ ਸੁਤੰਤਰ ਹੈ। ਨਾਦਰ ਸ਼ਾਹ ਦੀ ਪੁੱਛ ਦੇ ਉੱਤਰ ਵਿਚ ਜ਼ਕਰੀਆ ਖ਼ਾਨ ਨੇ ਕਿਹਾ ਸੀ ਕਿ ਖਾਲਸਾ ਕਿਸੇ ਨੂੰ ਆਪਣਾ ਸਾਹਿਬ ਨਹੀਂ ਸਮਝਦਾ ਤੇ ਉਹ ਆਪਣੇ ਆਪ ਨੂੰ ਹੀ ਬਾਦਸ਼ਾਹ ਕਹਿੰਦਾ ਹੈ:

"ਕਾਣ ਨ ਕਾਹੂ ਕੀ ਇਹ ਰਾਖਤ
ਬਾਦਸ਼ਾਹ ਖ਼ੁਦ ਹੀ ਕੋ ਭਾਖਤ।"

ਇਸੇ ਤਰ੍ਹਾਂ ਜਦ ਕੈਪਟਨ ਮਰੇ ਨੇ ਭਾਈ ਰਤਨ ਸਿੰਘ ਭੰਗੂ ਕੋਲੋਂ ਪੱਛਿਆ ਕਿ ਕਿਸ ਕਾਨੂੰਨ ਰਹਿਤ ਉਨ੍ਹਾਂ ਰਾਜ ਸਥਾਪਨ ਕੀਤਾ ਹੈ, ਤਾਂ ਭੰਗੂ ਜੀ ਨੇ ਫਟ ਹੀ ਉੱਤਰ ਦਿੱਤਾ:

"ਧੁਰ ਦਰਗਾਹੋਂ ਹਮ ਲਈ ਪਾਤਸ਼ਾਹੀ।
ਸ੍ਰੀ ਸਤਿਗੁਰ ਕੇ ਮੁਖ ਤੇ ਪਾਹੀ।
ਸਿੰਘ ਹੋਇ ਰਾਖੈਂ ਕਿਮ ਕਾਣ।
ਐਰੇ ਗੈਰੇ ਕਾ ਮੰਗੈ ਫ਼ਰਮਾਣ। (ਪ੍ਰਾਚੀਨ ਪੰਥ ਪ੍ਰਕਾਸ਼)

ਸਰਬ ਲੋਹ, ਫ਼ੌਲਾਦ (ਸਟੀਲ) ਨੂੰ ਕੋਈ ਚੁੰਬਕ ਆਪਣੇ ਵੱਲ ਨਹੀਂ ਖਿੱਚ ਸਕਦੀ। ਕੜਾ ਪਹਿਨੇ ਨੂੰ ਵੀ ਕੋਈ ਦੁਨਿਆਵੀ ਖ਼ਾਹਿਸ਼ ਖਿੱਚ ਨਹੀਂ ਸਕਦੀ। ਉਹ ਸਭ ਤੋਂ ਉੱਚਾ ਹੈ। ਧਰਤੀ ਦੀ ਖਿੱਚ ਤੋਂ ਪਰ੍ਹਾਂ ਹੈ। ਭਰਮ ਤੋਂ ਉਤਾਂਹ ਹੈ।

ਕੜਾ ਇਹ ਵੀ ਗਿਆਨ ਕਰਾਉਂਦਾ ਰਹਿੰਦਾ ਹੈ ਕਿ ਅਸੀਂ ਨਿਰੋਲ ਗੁਰੂ-ਆਸ਼ੇ ਨਾਲ ਵਿਆਹੇ ਹੋਏ ਹਾਂ। (ਵ੍ਹੈਡਿਡ ਟੂ ਗੁਰੂ ਆਇਡੀਅਲ) ਸੋ ਜੋ ਕੋਈ ਅਣਜਾਣਪੁਣੇ ਵਿਚ ਸੋਨੇ ਦਾ ਕੜਾ ਪਹਿਣ ਲੈਂਦਾ ਹੈ, ਉਹ ਗੁਰੂ ਨਾਲ ਅਭੋਲ ਹੀ ਰਿਸ਼ਤਾ ਤੋੜ ਰਹਿਆ ਹੈ। ਕੜਾ ਸਦਾ ਸਰਬ ਲੋਹ ਦਾ ਹੀ ਰੱਖਣਾ ਹੈ।

ਇਹ ਵਿਸਾਖੀ ਸੰਸਾਰ ਲਈ ਸੁਤੰਤਰਤਾ ਦਾ ਪਰੋਗਰਾਮ ਲੈ ਕੇ ਆਈ ਸੀ ਤੇ ਕੜਾ ਉਸੇ ਸੁਤੰਤਰਤਾ ਦਾ ਚਿੰਨ੍ਹ ਹੈ। ਇਹ ਵੀ ਯਾਦ ਰਹੇ ਕਿ ਜਦ ਗੁਰੂ ਗੋਬਿੰਦ ਸਿੰਘ ਜੀ ਨਦੇੜ ਵਿਖੇ ਮਾਧੋ ਦਾਸ ਦੇ ਡੇਰੇ ਪੁੱਜੇ ਤਾਂ ਉਸ ਦਿਨ ਵੀ ਸੂਰਜ ਗ੍ਰਹਿਣ ਸੀ। ਅਮਰਨਾਮਾ ਕ੍ਰਿਤ ਢਾਡੀ ਨੱਥ ਮਲ ਦੀ ਗਵਾਹੀ ਹੈ:

ਬ ਸੂਰਜ ਗ੍ਰਿਹ
ਚੰਦ ਤਾ ਕੁਸ਼ਤਾ ਕਰਦ।

ਗੁਰੂ ਪਾਤਸ਼ਾਹ ਨੇ ਜਾਣ ਬੁੱਝ ਕੇ ਬੈਰਾਗੀ ਦੇ ਡੇਰੇ ਬੱਕਰੇ ਮਾਰ ਰਿੰਨ੍ਹਣੇ ਰੱਖ ਦਿੱਤੇ। ਮਾਧੋ ਦਾਸ ਵਿਚ ਇਕ ਨਵੀਂ ਰੌਂ ਗੁਰੂ ਨੇ ਛੇੜ ਦਿੱਤੀ ਸੀ ਤੇ ਉਸ ਨੂੰ ਭਰਮ ਗੜ੍ਹ ਤੋਂ ਆਜ਼ਾਦ

Sri Satguru Jagjit Singh Ji eLibrary NamdhariElibrary@gmail.com

ਕੀਤਾ। ਉਹ ਬੰਦਾ ਬਣ ਦੁਸ਼ਟਾਂ ਨੂੰ ਨਾਸ਼ ਕਰਨ ਲਈ ਮੈਦਾਨ ਵਿਚ ਨਿਕਲੇ। ਕੜਾ ਭਰਮ ਨਾਸ਼ਕ ਤੇ ਸੁਤੰਤਰਤਾ ਦਾ ਚਿੰਨ੍ਹ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਇਸੇ ਲਈ ਫ਼ਰਮਾਨ ਕੀਤਾ ਕਿ "ਬ੍ਰਤ, ਗੋਰ, ਮੜੀ, ਮਟ ਭੂਲ ਨ ਮਾਨੈ।" ਅਤੇ ਸਿੱਖ ਰੋਜ਼ ਬੇਨਤੀ ਕਰਦਾ ਹੈ ਕਿ "ਤੁਮਹਿ ਛਾਡ ਕੋਈ ਅਵਰ ਨਾ ਧਯਾਊ।" ਇਸੇ ਲਈ "ਗੁਰਮਤਿ ਦੀ ਰਹਿਣੀ" ਹੇਠ ਸਿੱਖ ਨੂੰ ਰਹਿਤ ਮਰਯਾਦਾ[1] ਦ੍ਰਿੜ੍ਹਾਂਦੇ ਕਰੜੀ ਤਾੜਨਾ ਕੀਤੀ ਗਈ ਹੈ ਕਿ "ਜ਼ਾਤ ਪਾਤ, ਛੂਤ-ਛਾਤ, ਜੰਤ੍ਰ-ਮੰਤ੍ਰ, ਸ਼ਗਨ, ਤਿਥ, ਮਹੂਰਤ, ਗ੍ਰਹਿ, ਰਾਸ਼ਿ, ਸ਼ਰਾਧ, ਪਿਤਰ, ਖਿਆਹ. ਪਿੰਡ, ਪਤੱਲ, ਦੀਵਾ, ਕਿਰਿਆ ਕਰਮ, ਹੋਮ, ਜਗ, ਤਰਪਣ, ਸਿਖਾ ਸੂਤ, ਭੱਦਣ, ਇਕਾਦਸੀ, ਪੂਰਨਮਾਸ਼ੀ ਆਦਿ ਦੇ ਵਰਤ, ਤਿਲਕ, ਜੰਞੂ, ਤੁਲਸੀ ਮਾਲਾ, ਗੋਰ, ਮਠ, ਮੜ੍ਹੀ, ਮੂਰਤੀ ਪੂਜਾ ਆਦਿ ਭਰਮ ਰੂਪ ਕਰਮਾਂ ਉੱਤੇ ਨਿਸ਼ਚਾ ਨਹੀਂ ਕਰਨਾ। ਪੀਰ, ਬ੍ਰਾਹਮਣ, ਪੁੱਛਣਾ, ਸੁੱਖਣਾ, ਸ਼ੀਰਨੀ ਆਦਿ ਤੇ ਨਿਸ਼ਚਾ ਨਹੀਂ ਰੱਖਣਾ।"

ਕਲਗੀਧਰ ਨੇ ਜਦ ਜੋਤੀ ਜੋਤਿ ਸਮਾਉਣ ਦਾ ਇਰਾਦਾ ਨਦੇੜ ਸਾਹਿਬ ਪਰਗਟ ਕੀਤਾ ਸੀ ਤਾਂ ਕਿਸੇ ਕੋਲ ਬੈਠੇ ਰਤਾ ਕੁ ਚਿੰਤਾ ਦ੍ਰਿੜ੍ਹਾਈ ਤਾਂ ਆਪ ਜੀ ਨੇ ਫ਼ਰਮਾਇਆ ਸੀ ਕਿ ਸਿੰਘਾਂ ਵਿਚ ਇਤਨਾ ਬਲ ਪਾ ਦਿੱਤਾ ਗਿਆ ਹੈ ਕਿ ਉਹ ਸਦਾ ਅਡੋਲ ਚਿੱਤ ਰਹਿਣਗੇ:

**ਬਮਾਨੰਦ ਸਿੰਘਾ ਮਨ-ਬ-ਕਰਾਰ।**

Sri Satguru Jagjit Singh Ji eLibrary NamdhariElibrary@gmail.com

# ਪਰਵਾਣਿਤ ਸਿੱਖ ਰਹਿਤ ਮਰਯਾਦਾ

"ਸਿੱਖ ਨਿਯਮਾਂ ਦੀ ਪਾਬੰਦੀ ਅਤੇ ਸਿੱਖ ਧਰਮ ਦੇ ਨਿਯਮਾਂ ਅਨੁਸਾਰ ਰਹਿਣ ਦੀ ਕ੍ਰਿਯਾ ਨੂੰ ਰਹਿਤ ਮਰਯਾਦਾ ਕਹਿੰਦੇ ਹਨ ।" ਰਹਿਤ ਮਰਯਾਦਾ ਨੂੰ 'ਕੁਲੈਕਟਿਵ ਪ੍ਰਸਨੈਲੇਟੀ ਔਫ ਦੀ ਪੰਥ' ਵੀ ਕਹਿ ਸਕਦੇ ਹਾਂ । ਕਿਸੇ ਵਿਅਕਤੀ ਨੂੰ ਕੋਈ ਹੱਕ ਨਹੀਂ ਕਿ ਇਸ ਪੰਥ ਸ਼ਖ਼ਸੀਅਤ ਨੂੰ ਭੰਗ ਕਰਨ ਦਾ ਹੀਯਾ ਕਰੇ ।

ਅੱਜ ਇਹ ਰਹਿਤ ਮਰਯਾਦਾ ਉਹ ਹੀ ਹੈ ਜੋ ਪੰਥ ਦੀ ਚੁਣੀ ਹੋਈ ਜਥੇਬੰਦੀ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਿੱਖ ਰਹਿਤ ਮਰਯਾਦਾ ਦੇ ਨਾਮ ਹੇਠ ਜਾਰੀ ਕੀਤੀ ਹੈ ।

ਬਾਕੀ ਜਿਤਨੇ ਵੀ ਰਹਿਤਨਾਮੇ ਹਨ ਉਹ ਪ੍ਰੇਮੀ ਸਿਖਾਂ ਨੇ ਆਪਣੀ ਬੁਧੀ ਅਤੇ ਨਿਸ਼ਚੇ ਅਨੁਸਾਰ ਲਿਖੇ ਸਨ । ਰਹਿਤਨਾਮਿਆਂ ਦੀ ਗਿਣਤੀ ੩੭ ਤਕ ਕਹਿੰਦੇ ਹਨ । ਸੋ ਇਹ ਹੀ ਵਿਚਾਰ ਕੇ ਕਿ ਪੰਥ ਛੱਡ ਕਿਧਰੇ ਸਿੱਖ ਆਪਣੀ-ਆਪਣੀ ਪੈੜ ਹੀ ਨਾ ਸਭ ਟੁਰਨ ਲੱਗ ਪੈਣ, ਇਹ ਰਹਿਤ ਮਰਯਾਦਾ ਤਿਆਰ ਕੀਤੀ ਸੀ ।

ਰਹਿਤ ਮਰਯਾਦਾ ਨੂੰ ਦੋ ਹਿੱਸਿਆ ਵਿਚ ਵੰਡਿਆ ਗਿਆ ਹੈ : ਇਕ ਹਿੱਸੇ ਦਾ ਨਾਮ **ਸ਼ਖ਼ਸੀ ਰਹਿਣੀ** ਤੇ ਦੂਜੇ ਦਾ **ਪੰਥਕ ਰਹਿਣੀ** ਹੈ ।

ਸ਼ਖਸੀ ਰਹਿਣੀ ਦੇ ਅਗੋਂ ਤਿੰਨ ਅਧਿਆਇ ਹਨ :—

੧. ਨਾਮ ਬਾਣੀ ਦਾ ਅਭਿਆਸ,

੨. ਗੁਰਮਤਿ ਦੀ ਰਹਿਣੀ

ਅਤੇ

੩. ਸੇਵਾ

**ਪੰਥਕ ਰਹਿਣੀ** ਦੇ ਪੰਜ ਅਧਿਆਇ ਹਨ :

੧. ਗੁਰੂ ਪੰਥ ।

੨. ਅੰਮ੍ਰਿਤ ਸੰਸਕਾਰ ।

Sri Satguru Jagjit Singh Ji eLibrary NamdhariElibrary@gmail.com

੩. ਤਨਖ਼ਾਹ ਲਾਉਣ ਦੀ ਵਿਧੀ।

੪. ਗੁਰਮਤਾ ਕਰਨ ਦੀ ਵਿਧੀ।

ਅਤੇ

੫. ਸਥਾਨਕ ਫ਼ੈਸਲਿਆਂ ਦੀ ਅਪੀਲ।

ਫਿਰ **ਨਾਮ ਬਾਣੀ ਦਾ ਅਭਿਆਸ ਦੇ ਅਧਿਆਇ ਦੀਆਂ** ਅਗੋਂ ਸੱਤ ਧਾਰਾਵਾਂ ਹਨ :

(i) ਅੰਮ੍ਰਿਤ ਵੇਲਾ,
(ii) ਨਿਤਨੇਮ,
(iii) ਅਰਦਾਸ,
(iv) ਸਾਧ ਸੰਗਤ,
(v) ਗੁਰਬਾਣੀ ਦੀ ਕਥਾ,
(vi) ਵਿਖਿਆਨ,
(vii) ਗੁਰਦੁਆਰੇ ਵਿਚ ਸੰਗਤ ਦਾ ਪ੍ਰੋਗਰਾਮ।

**ਹਰ ਧਾਰਾ ਦੇ ਅੱਗੋਂ ਨਿਯਮ ਦੱਸੇ ਹਨ :**

(i) **ਅੰਮ੍ਰਿਤ ਵੇਲੇ** ਦਾ ਇਕ।
(ii) **ਨਿਤਨੇਮ** ਦਾ ਇਕ।
(iii) **ਅਰਦਾਸ** ਦੇ ਤਿੰਨ, ਜਿਨ੍ਹਾਂ ਅਨੁਸਾਰ ਸਾਧ ਸੰਗਤ ਵਿਚ ਅਰਦਾਸ ਕਰਨ ਦੀ ਵਿਧੀ ਦੱਸੀ ਹੈ।
(iv) **ਸਾਧ ਸੰਗਤ** ਦੀ ਧਾਰਾ ਵਿਚ ਵੱਖ ਵੱਖ ਸਿਰਲੇਖਾ ਹੇਠ ਨਿਯਮ ਦਿੱਤੇ ਹਨ :

ਗੁਰਦੁਆਰਾ ਸਿਰਲੇਖ ਹੇਠ—ਉੱਨੀ (੧੯) ਨਿਯਮ।

ਕੀਰਤਨ ਦੇ—ਚਾਰ (੪) ਨਿਯਮ।

ਹੁਕਮ ਲੈਣ ਦੇ—ਪੰਜ (੫)

ਸਧਾਰਨ ਪਾਠ ਦਾ—ਇਕ (੧)

ਅਖੰਡ ਪਾਠ ਦੇ—ਤਿੰਨ (੩)

ਅਖੰਡ ਪਾਠ ਦੇ ਅਰੰਭ ਤੇ ਭੋਗ ਦੀ ਵਿਧੀ ਦੇ—ਦੋ (੨)

ਕੜਾਹ ਪ੍ਰਸ਼ਾਦਿ ਦੇ—ਚਾਰ (੪)

**ਗੁਰਬਾਣੀ ਦੀ ਕਥਾ ਵਾਲੀ ਧਾਰਾ ਦੇ**—ਤਿੰਨ (੩)

**ਵਿਖਿਆਨ ਦਾ**—ਇਕ (੧)

**ਗੁਰਦੁਆਰੇ ਦੇ ਪ੍ਰੋਗਰਾਮ ਦਾ**—ਇਕ (੧)

Sri Satguru Jagjit Singh Ji eLibrary NamdhariElibrary@gmail.com

**ਗੁਰਮਤਿ ਦੀ ਰਹਿਣੀ** ਅਧਿਆਇ ਦੀਆਂ ਪੰਜ ਧਾਰਾਵਾਂ ਹਨ :—

੧. ਗੁਰਮਤਿ
੨. ਜਨਮ ਤੇ ਨਾਮ ਸੰਸਕਾਰ
੩. ਅਨੰਦ ਸੰਸਕਾਰ
੪. ਮਿਰਤਕ ਸੰਸਕਾਰ
੫. ਹੋਰ ਰੀਤੀਆਂ ।

**ਗੁਰਮਤਿ ਦੇ ਅੱਗੋਂ ਵੀਹ (੨੦) ਨਿਯਮ ਹਨ :**
**ਜਨਮ ਸੰਸਕਾਰ** ਦੇ ਤਿੰਨ (੩)
**ਅਨੰਦ ਸੰਸਕਾਰ** ਦੇ ਸਤਾਰਾਂ (੧੭)
**ਮਿਰਤਕ ਸੰਸਕਾਰ** ਦੇ ਸੱਤ (੭)
ਅਤੇ
**ਹੋਰ ਰੀਤੀਆਂ ਦਾ** ਇਕ (੧)

**ਸੇਵਾ ਦੇ ਅਧਿਆਇ** ਦੀਆਂ ਤਿੰਨ ਧਾਰਾਵਾਂ ਹਨ :

੧. ਗੁਰਦੁਆਰਿਆਂ ਦਾ ਪ੍ਰਬੰਧ
੨. ਗੁਰੂ ਕਾ ਲੰਗਰ
੩. ਪੰਗਤਿ ਦੇ ਨਿਯਮ ।

**ਪੰਥਕ ਰਹਿਣੀ ਹਿੱਸੇ** ਦੇ ਪਹਿਲੇ ਅਧਿਆਇ
ਗੁਰੂ ਪੰਥ ਦੀ ਧਾਰਾ ਦੇ ਦੋ (੨) ਨਿਯਮ ।
**ਅੰਮ੍ਰਿਤ ਸੰਸਕਾਰ** ਦੇ ਵੀਹ (੨੦)
**ਤਨਖ਼ਾਹ ਲਾਉਣ** ਦੀ ਵਿਧੀ ਦੇ ਤਿੰਨ (੩)
**ਗੁਰਮਤਾ ਕਰਨ** ਦੀ ਵਿਧੀ ਦੇ ਦੋ (੨)
ਅਤੇ
**ਸਥਾਨਕ ਫ਼ੈਸਲਿਆਂ ਦੀ ਅਪੀਲ** ਦਾ ਇਕ (੧)

ਇਹ ਯਾਦ ਰਵ੍ਹੇ ਕਿ ਰਹਿਤ ਮਰਯਾਦਾ ਨੂੰ ਇਹ ਰੂਪ ਦੇਂਦਿਆਂ ੧੩ ਸਾਲ (ਅਕਤੂਬਰ ੧੯੩੨-ਫਰਵਰੀ ੧੯੪੫) ਦੇ ਕਰੀਬ ਲਗੇ । ੨੫ ਵਿਦਵਾਨ ਲਗਾਤਾਰ ਮਿਲ ਬੈਠ ਨਿਰਣੈ ਲੈਂਦੇ ਰਹੇ । ਇਨ੍ਹਾਂ ਵਿਦਵਾਨਾਂ ਵਿਚ ਭਾਈ ਵੀਰ ਸਿੰਘ ਜੀ, ਭਾਈ ਜੋਧ ਸਿੰਘ ਜੀ, ਭਾਈ ਕਾਹਨ ਸਿੰਘ ਜੀ, ਅਕਾਲੀ ਕੌਰ ਸਿੰਘ ਜੀ, ਸੰਤ ਸੰਗਤ ਸਿੰਘ ਕਮਾਲੀਏ ਵਾਲੇ, ਪ੍ਰੋਫੈਸਰ ਤੇਜਾ ਸਿੰਘ ਜੀ, ਜਥੇਦਾਰ ਅਕਾਲ ਤਖ਼ਤ, ਕੇਸਗੜ੍ਹ ਸਾਹਿਬ, ਪਟਨਾ ਸਾਹਿਬ ਦੇ ਨਾਂ ਵਰਣਨਯੋਗ ਹਨ । ਪੰਜਾਹ ਦੇ ਕਰੀਬ ਦੇਸ਼ ਤੋਂ ਬਦੇਸ਼ ਦੇ ਸਿੱਖਾਂ ਤੇ ੨੫ ਜਥੇਬੰਦੀਆਂ ਨੇ ਰਾਇ ਭੇਜੀਆਂ । ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਉਚੇਚੇ ਇਜਲਾਸ ਫ਼ਰਵਰੀ ਤਿੰਨ, ੧੯੪੫ ਵਿਚ ਮਤਾ ਨੰਬਰ ੯੭ ਰਾਹੀਂ ਸਰਬ ਸੰਮਤੀ ਨਾਲ ਪ੍ਰਵਾਨਗੀ ਦਿੱਤੀ ਗਈ ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari

ੴ ਸਤਿਗੁਰ ਪ੍ਰਸਾਦਿ ॥

# ਸਿੱਖ ਰਹਿਤ ਮਰਯਾਦਾ

## ਸਿੱਖ ਦੀ ਤਾਰੀਫ਼

ਜੋ ਇਸਤਰੀ ਜਾਂ ਪੁਰਸ਼ ਇਕ ਅਕਾਲ ਪੁਰਖ, ਦਸ ਗੁਰੂ ਸਾਹਿਬਾਨ (ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਤਕ), ਸ੍ਰੀ ਗੁਰੂ ਗਰੰਥ ਸਾਹਿਬ ਦੀ ਬਾਣੀ ਤੇ ਸਿਖਿਆ ਅਤੇ ਦਸਮੇਸ਼ ਜੀ ਦੇ ਅੰਮ੍ਰਿਤ ਉਤੇ ਨਿਸਚਾ ਰੱਖਦਾ ਅਤੇ ਕਿਸੇ ਹੋਰ ਧਰਮ ਨੂੰ ਨਹੀਂ ਮੰਨਦਾ, ਉਹ ਸਿੱਖ ਹੈ।

**ਸਿੱਖ ਦੀ ਰਹਿਣੀ ਦੋ ਤਰ੍ਹਾਂ ਦੀ ਹੈ—ਸ਼ਖ਼ਸੀ ਤੇ ਪੰਥਕ।**

## ੧. ਸ਼ਖ਼ਸੀ ਰਹਿਣੀ

੧. ਨਾਮ ਬਾਣੀ ਦਾ ਅਭਿਆਸ।
੨. ਗੁਰਮਤਿ ਦੀ ਰਹਿਣੀ।
੩. ਸੇਵਾ।

**੧—ਨਾਮ ਬਾਣੀ ਦਾ ਅਭਿਆਸ**

੧. ਸਿੱਖ ਅੰਮ੍ਰਿਤ ਵੇਲੇ (ਪਹਿਰ ਰਾਤ ਰਹਿੰਦੀ) ਜਾਗ ਕੇ ਇਸ਼ਨਾਨ ਕਰੇ ਅਤੇ ਇਕ ਅਕਾਲ ਪੁਰਖ ਦਾ ਧਿਆਨ ਕਰਦਾ ਹੋਇਆ 'ਵਾਹਿਗੁਰੂ' ਦਾ ਨਾਮ ਜਪੇ।

੨. ਨਿੱਤਨੇਮ ਦਾ ਪਾਠ ਕਰੇ। ਨਿੱਤਨੇਮ ਦੀਆਂ ਬਾਣੀਆਂ ਇਹ ਹਨ :—

**ਜਪੁ, ਜਾਪੁ ਅਤੇ ੧੦ ਸਵੱਯੇ** ('ਸ੍ਰਾਵਗ ਸੁਧ' ਵਾਲੇ)—ਇਹ ਬਾਣੀਆਂ ਅੰਮ੍ਰਿਤ ਵੇਲੇ ਪੜ੍ਹਨੀਆਂ।

**ਸੋਦਰੁ ਰਹਿਰਾਸਿ**—ਸ਼ਾਮ ਵੇਲੇ ਸੂਰਜ ਡੁਬੇ ਪੜ੍ਹਨੀ। ਇਸ ਵਿਚ ਇਹ ਬਾਣੀਆਂ ਸ਼ਾਮਲ ਹਨ :—

ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਵਿਚ ਲਿਖੇ ਹੋਏ ਨੌਂ ਸ਼ਬਦ ('ਸੋਦਰੁ' ਤੋਂ ਲੈ ਕੇ 'ਸਰਣਿ ਪਰੇ ਕੀ ਰਾਖਹੁ ਸਰਮਾ' ਤਕ) ਬੇਨਤੀ ਚੌਪਈ ਪਾਤਸ਼ਾਹੀ ੧੦ ('ਹਮਰੀ ਕਰੋ ਹਾਥ ਦੈ ਰੱਛਾ' ਤੋਂ ਲੈ ਕੇ 'ਦੁਸ਼ਟ ਦੋਖ ਤੇ ਲੇਹੁ ਬਚਾਈ' ਤਕ, ਸ੍ਵੈਯਾ 'ਪਾਇ ਗਹੇ ਜਬ ਤੇ ਤੁਮਰੇ' ਅਤੇ ਦੋਹਰਾ 'ਸਗਲ ਦੁਆਰ ਕਉ ਛਾਡਿ ਕੈ') ਅਨੰਦ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ[1], ਮੁੰਦਾਵਣੀ ਤੇ ਸਲੋਕ ਮਹਲਾ ੫ 'ਤੇਰਾ ਕੀਤਾ ਜਾਤੋ ਨਾਹੀ'।

---

1. ਇਸ ਮੌਕੇ ਤੇ ਜਾਂ ਦੀਵਾਨ ਦੀ ਸਮਾਪਤੀ ਤੇ ਜੋ ਅਨੰਦ ਸਾਹਿਬ ਦਾ ਪਾਠ ਕੀਤਾ ਜਾਂਦਾ ਹੈ, ਉਸ ਦਾ ਭਾਵ ਕੇਵਲ ਗੁਰੂ ਸਾਹਿਬ ਦੇ ਮਿਲਾਪ ਲਈ ਖ਼ੁਸ਼ੀ ਤੇ ਧੰਨਵਾਦ ਕਰਨਾ ਹੁੰਦਾ ਹੈ।

Sri Satguru Jagjit Singh Ji eLibrary NamdhariElibrary@gmail.com

੨. **ਸੋਹਿਲਾ**—ਇਹ ਬਾਣੀ ਰਾਤ ਨੂੰ ਸੌਣ ਵੇਲੇ ਪੜ੍ਹਨੀ। ਅੰਮ੍ਰਿਤ ਵੇਲੇ ਅਤੇ ਸੋਦਰੁ ਵੇਲੇ ਦੇ ਨਿਤਨੇਮ ਉਪਰੰਤ ਅਰਦਾਸ ਕਰਨੀ ਜ਼ਰੂਰੀ ਹੈ।

੩. **(ੳ) ਅਰਦਾਸ**[1] ਇਹ ਹੈ :—

"ੴ ਵਾਹਿਗੁਰੂ ਜੀ ਕੀ ਫ਼ਤਹਿ ॥

ਸ੍ਰੀ ਭਗੌਤੀ ਜੀ ਸਹਾਇ। ਵਾਰ ਸ੍ਰੀ ਭਗੌਤੀ ਜੀ ਕੀ ਪਾਤਸ਼ਾਹੀ ੧੦। ਪ੍ਰਿਥਮ ਭਗੌਤੀ ਸਿਮਰਿ ਕੈ ਗੁਰੁ ਨਾਨਕ ਲਈਂ ਧਿਆਇ। ਫਿਰ ਅੰਗਦ ਗੁਰ ਤੇ ਅਮਰਦਾਸੁ ਰਾਮਦਾਸੈ ਹੋਈਂ ਸਹਾਇ। ਅਰਜਨ ਹਰਿਗੋਬਿੰਦ ਨੋ ਸਿਮਰੌ ਸ੍ਰੀ ਹਰਿ ਰਾਇ। ਸ੍ਰੀ ਹਰਿਕ੍ਰਿਸ਼ਨ ਧਿਆਈਐ ਜਿਸ ਡਿਠੈ ਸਭਿ ਦੁਖਿ ਜਾਇ। ਤੇਗ ਬਹਾਦਰ ਸਿਮਰਿਐ ਘਰ ਨਉ ਨਿਧਿ ਆਵੈ ਧਾਇ। ਸਭ ਥਾਈਂ ਹੋਇ ਸਹਾਇ। ਦਸਵਾਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ! ਸਭ ਥਾਈਂ ਹੋਇ ਸਹਾਇ। ਦਸਾਂ ਪਾਤਸ਼ਾਹੀਆਂ ਦੀ ਜੋਤਿ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਾਠ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ!

ਪੰਜਾਂ ਪਿਆਰਿਆਂ, ਚੌਹਾਂ ਸਾਹਿਬਜ਼ਾਦਿਆਂ, ਚਾਲ੍ਹੀਆਂ ਮੁਕਤਿਆਂ, ਹਠੀਆਂ ਜਪੀਆਂ ਤਪੀਆਂ, ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ, ਤੇਗ ਵਾਹੀ, ਦੇਖ ਕੇ ਅਣਡਿੱਠ ਕੀਤਾ, ਤਿਨ੍ਹਾਂ ਪਿਆਰਿਆਂ, ਸਚਿਆਰਿਆਂ ਦੀ ਕਮਾਈ ਦਾ ਧਿਆਨ ਧਰ ਕੇ, ਖਾਲਸਾ ਜੀ! ਬੋਲੋ ਜੀ ਵਾਹਿਗੁਰੂ!

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੀਆਂ ਤੇ ਚੜ੍ਹੇ, ਆਰਿਆਂ ਨਾਲ ਚਿਰਾਏ ਗਏ, ਗੁਰਦਵਾਰਿਆਂ ਦੀ ਸੇਵਾ ਲਈ ਕੁਰਬਾਨੀਆਂ ਕੀਤੀਆਂ, ਧਰਮ ਨਹੀਂ ਹਾਰਿਆ, ਸਿਖੀ ਕੇਸਾਂ ਸੁਆਸਾਂ ਨਾਲ ਨਿਬਾਹੀ, ਤਿਨ੍ਹਾਂ ਦੀ ਕਮਾਈ ਦਾ ਧਿਆਨ ਧਰ ਕੇ, ਖਾਲਸਾ ਜੀ! ਬੋਲੋ ਜੀ ਵਾਹਿਗੁਰੂ!

ਖੰਜਾਂ ਤਖ਼ਤਾਂ, ਸਰਬੱਤ ਗੁਰਦੁਆਰਿਆਂ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ!

ਪ੍ਰਿਥਮੇ ਸਰਬੱਤ ਖਾਲਸਾ ਜੀ ਕੀ ਅਰਦਾਸ ਹੈ ਜੀ, ਸਰਬੱਤ ਖਾਲਸਾ ਜੀ ਕੋ ਵਾਹਿਗੁਰੂ, ਵਾਹਿਗੁਰੂ, ਵਾਹਿਗੁਰੂ ਚਿਤ ਆਵੇ, ਚਿਤ ਆਵਨ ਕਾ ਸਦਕਾ ਸਰਬ ਸੁਖ ਹੋਵੇ। ਜਹਾਂ ਜਹਾਂ ਖਾਲਸਾ ਜੀ ਸਾਹਿਬ, ਤਹਾਂ ਤਹਾਂ ਰਛਿਆ ਰਿਆਇਤ, ਦੇਗ ਤੇਗ ਫ਼ਤਹ, ਬਿਰਦ ਕੀ ਪੈਜ, ਪੰਥ ਕੀ ਜੀਤ, ਸ੍ਰੀ ਸਾਹਿਬ ਜੀ ਸਹਾਇ, ਖਾਲਸੇ ਜੀ ਕੇ ਬੋਲ ਬਾਲੇ, ਬੋਲੋ ਜੀ ਵਾਹਿਗੁਰੂ!

ਸਿੱਖਾਂ ਨੂੰ ਸਿੱਖੀ ਦਾਨ, ਕੇਸ ਦਾਨ, ਰਹਿਤ ਦਾਨ, ਬਿਬੇਕ ਦਾਨ, ਵਿਸਾਹ ਦਾਨ, ਭਰੋਸਾ ਦਾਨ, ਦਾਨਾਂ ਸਿਰ ਦਾਨ, ਨਾਮ ਦਾਨ, ਸ੍ਰੀ ਅੰਮ੍ਰਿਤਸਰ ਜੀ ਦੇ ਇਸ਼ਨਾਨ, ਚੌਂਕੀਆਂ, ਝੰਡੇ, ਬੁੰਗੇ ਜੁਗੋ ਜੁਗ ਅਟਲ, ਧਰਮ ਕਾ ਜੈਕਾਰ, ਬੋਲੋ ਜੀ ਵਾਹਿਗੁਰੂ!!!

---

1. ਇਹ ਅਰਦਾਸ ਦਾ ਨਮੂਨਾ ਹੈ। 'ਪ੍ਰਿਥਮ ਭਗੌਤੀ' ਵਾਲੇ ਸ਼ਬਦ ਅਤੇ 'ਨਾਨਕ ਨਾਮ' ਵਾਲੀਆਂ ਅੰਤਮ ਦੋ ਤੁਕਾਂ ਵਿਚ ਕੋਈ ਤਬਦੀਲੀ ਨਹੀਂ ਹੋ ਸਕਦੀ।

Sri Satguru Jagjit Singh Ji eLibrary NamdhariElibrary@gmail.com

ਸਿੱਖਾਂ ਦਾ ਮਨ ਨੀਵਾਂ, ਮਤ ਉੱਚੀ, ਮਤ ਦਾ ਰਾਖਾ ਆਪ ਵਾਹਿਗੁਰੂ।

ਹੇ ਅਕਾਲ ਪੁਰਖ ਆਪਣੇ ਪੰਥ ਦੇ ਸਦਾ ਸਹਾਈ ਦਾਤਾਰ ਜੀਓ! ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ, ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁਲ੍ਹੇ ਦਰਸ਼ਨ ਦੀਦਾਰ ਤੇ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖ਼ਸ਼ੋ।

ਹੇ ਨਿਮਾਣਿਆਂ ਦੇ ਮਾਣ, ਨਿਤਾਣਿਆਂ ਦੇ ਤਾਣ, ਨਿਓਟਿਆਂ ਦੀ ਓਟ, ਸੱਚੇ ਪਿਤਾ ਵਾਹਿਗੁਰੂ! ਆਪ ਦੇ ਹਜ਼ੂਰ.........[1] ਦੀ ਅਰਦਾਸ ਹੈ ਜੀ।

ਅੱਖਰ ਵਾਧਾ ਘਾਟਾ ਭੁਲ-ਚੁਕ ਮਾਫ ਕਰਨੀ। ਸਰਬੱਤ ਦੇ ਕਾਰਜ ਰਾਸ ਕਰਨੇ।

ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿਤ ਆਵੇ। ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ।"

ਇਸ ਤੋਂ ਉਪ੍ਰੰਤ ਅਰਦਾਸ ਵਿਚ ਸ਼ਾਮਲ ਹੋਣ ਵਾਲੀ ਸਾਰੀ ਸੰਗਤ ਸ੍ਰੀ ਗੁਰੂ ਗਰੰਥ ਸਾਹਿਬ ਅੱਗੇ ਅਦਬ ਨਾਲ ਮੱਥਾ ਟੇਕੇ ਅਤੇ ਫਿਰ ਖੜੇ ਹੋ ਕੇ—

"ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫ਼ਤਹ"

ਬੁਲਾਵੇ। ਉਪ੍ਰੰਤ 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਗਜਾਇਆ ਜਾਵੇ।

(ਅ) ਅਰਦਾਸ ਹੋਣ ਸਮੇਂ ਸੰਗਤ ਵਿਚ ਹਾਜ਼ਰ ਸਾਰੇ ਇਸਤਰੀ ਪੁਰਸ਼ਾਂ ਨੂੰ ਹੱਥ ਜੋੜ ਕੇ ਖਲੋਣਾ ਚਾਹੀਦਾ ਹੈ। ਜੋ ਸੱਜਣ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਤਾਬਿਆ ਬੈਠਾ ਹੋਵੇ, ਉਹ ਭੀ ਉਠ ਕੇ ਚੌਰ ਕਰੇ।

(ੲ) ਅਰਦਾਸ ਕਰਨ ਵਾਲਾ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਸਨਮੁੱਖ ਖੜੋ ਕੇ ਹੱਥ ਜੋੜ ਕੇ ਅਰਦਾਸ ਕਰੇ। ਜੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਮੌਜੂਦ ਨਾ ਹੋਣ ਤਾਂ ਕਿਸੇ ਪਾਸੇ ਮੂੰਹ ਕਰਕੇ ਅਰਦਾਸ ਕਰੋ, ਪ੍ਰਵਾਨ ਹੈ।

(ਸ) ਜਦੋਂ ਕੋਈ ਖਾਸ ਅਰਦਾਸ ਕਿਸੇ ਇਕ ਜਾਂ ਵਧੀਕ ਆਦਮੀਆਂ ਵਲੋਂ ਹੋਵੇ, ਉਹਨਾਂ ਤੋਂ ਬਿਨਾਂ ਸੰਗਤ ਵਿਚ ਬੈਠੇ ਹੋਰਨਾਂ ਦਾ ਉਠਣਾ ਜ਼ਰੂਰੀ ਨਹੀਂ।

## ੪. ਸਾਧ ਸੰਗਤ ਵਿਚ ਜੁੜ ਕੇ ਗੁਰਬਾਣੀ ਦਾ ਅਭਿਆਸ

### ਗੁਰਦੁਆਰੇ

(ੳ) ਗੁਰਬਾਣੀ ਦਾ ਅਸਰ ਸਾਧ ਸੰਗਤ ਵਿਚ ਬੈਠਿਆਂ ਵਧੇਰੇ ਹੁੰਦਾ ਹੈ। ਇਸ ਲਈ ਸਿੱਖ ਸੰਗਤ ਲਈ ਉਚਿਤ ਹੈ ਕਿ ਸਿੱਖ ਸੰਗਤਾਂ ਦੇ ਜੋੜ ਮੇਲ ਦੇ ਅਸਥਾਨਾਂ—ਗੁਰਦੁਆਰਿਆਂ—ਦੇ ਦਰਸ਼ਨ ਕਰੇ ਤੇ ਸਾਧ ਸੰਗਤ ਵਿਚ ਬੈਠ ਕੇ ਗੁਰਬਾਣੀ ਤੋਂ ਲਾਭ ਉਠਾਵੇ।

(ਅ) ਗੁਰਦੁਆਰਿਆਂ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼ ਨਿਤਾ-ਪ੍ਰਤੀ ਹੋਵੇ। ਬਿਨਾਂ ਖ਼ਾਸ ਕਾਰਨ ਦੇ (ਜਦ ਕਿ ਪ੍ਰਕਾਸ਼ ਜਾਰੀ ਰੱਖਣ ਦੀ ਲੋੜ ਹੋਵੇ) ਰਾਤ ਨੂੰ

1. ਇਥੇ ਉਸ ਬਾਣੀ ਦਾ ਨਾਮ ਲਵੋ, ਜੋ ਪੜ੍ਹੀ ਹੈ, ਜਾਂ ਜਿਸ ਕਾਰਜ ਲਈ ਇਕੱਤ੍ਰਤਾ ਜਾਂ ਸੰਗਤ ਜੁੜੀ ਹੋਵੇ, ਉਸ ਦਾ ਜ਼ਿਕਰ ਯੋਗ ਸ਼ਬਦਾਂ ਵਿਚ ਕਰੋ।

Sri Satguru Jagjit Singh Ji eLibrary NamdhariElibrary@gmail.com

ਪ੍ਰਕਾਸ਼ ਨਾ ਰਹੇ। ਆਮ ਤੌਰ ਤੇ ਰਹਿਰਾਸ ਦੇ ਪਾਠ ਮਗਰੋਂ ਸੁਖਆਸਨ ਕੀਤਾ ਜਾਵੇ। ਜਦ ਤਕ ਗਰੰਥੀ ਜਾਂ ਸੇਵਾਦਾਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸੇਵਾ ਲਈ ਹਾਜ਼ਰ ਰਹਿ ਸਕੇ ਜਾਂ ਪਾਠੀਆਂ, ਦਰਸ਼ਨ ਕਰਨ ਵਾਲਿਆਂ ਦੀ ਆਵਾਜਾਈ ਰਹੇ ਜਾਂ ਬੇਅਦਬੀ ਦਾ ਖ਼ਤਰਾ ਨਾ ਹੋਵੇ, ਤਦ ਤਕ ਪ੍ਰਕਾਸ਼ ਰਹੇ। ਉਪ੍ਰੰਤ ਸੁਖਆਸਨ ਕਰ ਦੇਣਾ ਉਚਿਤ ਹੈ ਤਾਂ ਜੋ ਬੇਅਦਬੀ ਨਾ ਹੋਵੇ।

(ੲ) ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਸਨਮਾਨ ਨਾਲ ਪ੍ਰਕਾਸ਼ਿਆ, ਪੜ੍ਹਿਆ ਤੇ ਸੰਤੋਖਿਆ ਜਾਵੇ। ਪ੍ਰਕਾਸ਼ ਲਈ ਜ਼ਰੂਰੀ ਹੈ ਕਿ ਸਥਾਨ ਸਾਫ਼-ਸੁਥਰਾ ਹੋਵੇ। ਉਪਰ ਚਾਂਦਨੀ ਹੋਵੇ। ਪ੍ਰਕਾਸ਼ ਮੰਜੀ ਸਾਹਿਬ ਤੇ ਸਾਫ਼ ਸੁਥਰੇ ਬਸਤਰ ਵਿਛਾ ਕੇ ਕੀਤਾ ਜਾਵੇ। ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਸੰਭਾਲ ਕੇ ਪ੍ਰਕਾਸ਼ਨ ਲਈ ਗਦੇਲੇ ਆਦਿ ਸਮਿਆਨ ਵਰਤੇ ਜਾਣ ਅਤੇ ਉਪਰ ਲਈ ਰੁਮਾਲ ਹੋਵੇ। ਜਦ ਪਾਠ ਨਾ ਹੁੰਦਾ ਹੋਵੇ, ਤਾਂ ਉਤੇ ਰੁਮਾਲ ਪਿਆ ਰਹੇ। ਪ੍ਰਕਾਸ਼ ਵੇਲੇ ਚੌਰ ਵੀ ਚਾਹੀਦੀ ਹੈ।

(ਸ) ਉਪਰ ਦਸੇ ਸਮਾਨ ਤੋਂ ਇਲਾਵਾ, ਧੂਪ ਜਾਂ ਦੀਵੇ ਮਚਾ ਕੇ ਆਰਤੀ ਕਰਨੀ, ਭੋਗ ਲਾਉਣਾ, ਜੋਤਾਂ ਜਗਾਉਣੀਆਂ, ਟੱਲ ਖੜਕਾਉਣੇ ਆਦਿ ਕਰਮ ਗੁਰਮਤਿ ਅਨੁਸਾਰ ਨਹੀਂ। ਹਾਂ, ਸਥਾਨ ਨੂੰ ਸੁਗੰਧਿਤ ਕਰਨ ਲਈ ਫੁੱਲ, ਧੂਪ ਆਦਿ ਸੁਗੰਧੀਆਂ ਵਰਤਣੀਆਂ ਵਿਵਰਜਿਤ ਨਹੀਂ। ਕਮਰੇ ਅੰਦਰ ਰੌਸ਼ਨੀ ਲਈ ਤੇਲ, ਘੀ ਜਾਂ ਮੋਮਬੱਤੀ, ਬਿਜਲੀ, ਲੈਂਪ ਆਦਿ ਜਗਾ ਲੈਣੇ ਚਾਹੀਦੇ ਹਨ।

(ਹ) ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਵਾਕਰ (ਤੁੱਲ) ਕਿਸੇ ਪੁਸਤਕ ਨੂੰ ਅਸਥਾਪਨ ਨਹੀਂ ਕਰਨਾ। ਗੁਰਦੁਆਰੇ ਵਿਚ ਕੋਈ ਮੂਰਤੀ-ਪੂਜਾ ਜਾਂ ਹੋਰ ਗੁਰਮਤਿ ਦੇ ਵਿਰੁੱਧ ਕੋਈ ਰੀਤੀ ਜਾਂ ਸੰਸਕਾਰ ਨਾ ਹੋਵੇ, ਨਾ ਹੀ ਕੋਈ ਅਨਮਤ ਦਾ ਤਿਉਹਾਰ ਮ ਾਇਆ ਜਾਵੇ। ਹਾਂ, ਕਿਸੇ ਮੌਕੇ ਜਾਂ ਇਕੱਤ੍ਰਤਾ ਨੂੰ ਗੁਰਮਤਿ ਦੇ ਪ੍ਰਚ ਰ ਲਈ ਵਰਤਣਾ ਅਯੋਗ ਨਹੀਂ।

(ਕ) ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪੰਘੂੜੇ ਦੇ ਪਾਵਿਆਂ ਨੂੰ ਮੁੱਠੀਆਂ ਭਰਨੀਆਂ, ਕੰਧਾਂ ਜਾਂ ਥੜਿਆਂ ਤੇ ਨੱਕ ਰਗੜਨਾ ਜਾਂ ਮੁੱਠੀਆਂ ਭਰਨੀਆਂ, ਮੰਜੀ ਸਾਹਿਬ ਹੇਠਾਂ ਪਾਣੀ ਰਖਣਾ, ਗੁਰਦੁਆਰਿਆਂ ਵਿਚ ਮੂਰਤੀਆਂ (ਬੁੱਤ) ਬਣਾਣੀਆਂ ਜਾਂ ਰੱਖਣੀਆਂ, ਗੁਰੂ ਸਾਹਿਬਾਨ ਜਾਂ ਸਿੱਖ ਬਜ਼ੁਰਗਾਂ ਦੀਆਂ ਤਸਵੀਰਾਂ ਅਗੇ ਮਥੇ ਟੇਕਣੇ, ਇਹੋ ਜਿਹੇ ਕਰਮ ਮਨਮਤ ਹਨ।

(ਖ) ਇਕ ਤੋਂ ਦੂਜੀ ਥਾਂ ਸ੍ਰੀ ਗੁਰੂ ਗਰੰਥ ਸਾਹਿਬ ਲੈ ਜਾਣ ਵੇਲੇ ਅਰਦਾਸ ਕਰਨੀ ਚਾਹੀਦੀ ਹੈ। ਜਿਸ ਨੇ ਸਿਰ ਤੇ ਸ੍ਰੀ ਗੁਰੂ ਗਰੰਥ ਸਾਹਿਬ ਚੁੱਕਿਆ ਹੋਵੇ, ਉਹ ਨੰਗੇ ਪੈਰੀਂ ਚਲੇ, ਪਰ ਜੇਕਰ ਕਿਸੇ ਮੌਕੇ ਜੋੜੇ ਪਾਣ ਦੀ ਅਤੀ ਲੋੜ ਪੈ ਜਾਵੇ ਤਾਂ ਕੋਈ ਭਰਮ ਨਹੀਂ ਕਰਨਾ।

(ਗ) ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਅਰਦਾਸਾ ਸੋਧ ਕੇ ਪ੍ਰਕਾਸ਼ ਕੀਤਾ ਜਾਵੇ। ਪ੍ਰਕਾਸ਼ ਕਰਨ ਵੇਲੇ ਸ੍ਰੀ ਗੁਰੂ ਗਰੰਥ ਸਾਹਿਬ ਵਿਚੋਂ ਇਕ ਸ਼ਬਦ ਦਾ ਵਾਕ ਲਿਆ ਜਾਵੇ।

(ਘ) ਜਦ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਸਵਾਰੀ ਆਵੇ ਤਾਂ ਭਾਵੇਂ ਅਗੇ ਪ੍ਰਕਾਸ਼

Sri Satguru Jagjit Singh Ji eLibrary NamdhariElibrary@gmail.com

ਹੋਇਆ ਹੋਵੇ ਜਾਂ ਨਾ, ਹਰ ਇਕ ਸਿੱਖ ਨੂੰ ਸਨਮਾਨ ਲਈ ਉਠ ਖਲੋਣਾ ਚਾਹੀਦਾ ਹੈ।

(ਙ) ਗੁਰਦੁਆਰੇ ਅੰਦਰ ਜਾਣ ਲਗਿਆਂ ਜੋੜੇ ਬਾਹਰ ਲਾਹ ਕੇ, ਸੁਥਰਾ ਹੋ ਕੇ ਜਾਣਾ ਚਾਹੀਦਾ ਹੈ। ਜੇ ਪੈਰ ਮੈਲੇ ਗੰਦੇ ਹੋਣ ਤਾਂ ਜਲ ਨਾਲ ਧੋ ਲੈਣੇ ਚਾਹੀਦੇ ਹਨ। ਸ੍ਰੀ ਗੁਰੂ ਗਰੰਥ ਸਾਹਿਬ ਅਥਵਾ ਗੁਰਦੁਆਰੇ ਨੂੰ ਸੱਜੇ ਪਾਸੇ ਰੱਖ ਕੇ ਪ੍ਰਕਰਮਾ ਕਰਨੀ ਚਾਹੀਦੀ ਹੈ।

(ਚ) ਗੁਰਦੁਆਰੇ ਅੰਦਰ ਦਰਸ਼ਨਾਂ ਲਈ ਜਾਣ ਲਈ ਕਿਸੇ ਦੇਸ, ਮਜ਼ਬ, ਜਾਂਤ ਵਾਲੇ ਨੂੰ ਮਨਾਹੀ ਨਹੀਂ, ਪਰ ਉਸ ਦੇ ਪਾਸ ਸਿੱਖ ਧਰਮ ਤੋਂ ਵਿਵਰਜਿਤ, ਤਮਾਕੂ ਆਦਿ ਕੋਈ ਚੀਜ਼ ਨਹੀਂ ਹੋਣੀ ਚਾਹੀਦੀ।

(ਛ) ਗੁਰਦੁਆਰੇ ਅੰਦਰ ਜਾ ਕੇ ਸਿੱਖ ਦਾ ਪਹਿਲਾ ਕਰਮ ਸ੍ਰੀ ਗੁਰੂ ਗਰੰਥ ਸਾਹਿਬ ਜੀ ਅੱਗੇ ਮੱਥਾ ਟੇਕਣਾ ਹੈ। ਉਪਰੰਤ ਗੁਰੂ-ਰੂਪ ਸੰਗਤ ਦੇ ਦਰਸ਼ਨ ਕਰਕੇ ਸਹਿਜ ਨਾਲ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹ' ਬੁਲਾਈ ਜਾਵੇ।

(ਜ) ਸੰਗਤ ਵਿਚ ਬੈਠਣ ਲਈ ਭੀ ਸਿੱਖ-ਅਸਿੱਖ, ਜ਼ਾਤ-ਪਾਤ, ਊਚ-ਨੀਚ ਦਾ ਭਰਮ ਜਾਂ ਵਿਤਕਰਾ ਨਹੀਂ ਕਰਨਾ ਚਾਹੀਦਾ।

(ਝ) ਕਿਸੇ ਮਨੁੱਖ ਦਾ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਜਾਂ ਸੰਗਤ ਵਿਚ ਗਦੇਲਾ, ਆਸਣ, ਕੁਰਸੀ, ਚੌਂਕੀ, ਮੰਜਾ ਆਦਿ ਲਾ ਕੇ ਬੈਠਣਾ ਜਾਂ ਕਿਸੇ ਹੋਰ ਵਿਤਕਰੇ ਨਾਲ ਬੈਠਣਾ ਮਨਮਤ ਹੈ।

(ਞ) ਸੰਗਤ ਵਿਚ ਜਾਂ ਸਤਿਗੁਰਾਂ ਦੇ ਪ੍ਰਕਾਸ਼ ਸਮੇਂ ਕਿਸੇ ਸਿੱਖ ਨੂੰ ਨੰਗੇ ਸਿਰ ਨਹੀਂ ਬੈਠਣਾ ਚਾਹੀਦਾ। ਸੰਗਤ ਵਿਚ ਸਿੱਖ ਇਸਤਰੀਆਂ ਲਈ ਪਰਦਾ ਕਰਨਾ ਜਾਂ ਘੁੰਡ ਕੱਢਣਾ ਗੁਰਮਤਿ ਵਿਰੁੱਧ ਹੈ।

(ਟ) ਤਖ਼ਤ ਪੰਜ ਹਨ :—

(੧) ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ।

(੨) ਤਖ਼ਤ ਸ੍ਰੀ ਪਟਨਾ ਸਾਹਿਬ।

(੩) ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਅਨੰਦਪੁਰ।

(੪) ਤਖ਼ਤ ਸ੍ਰੀ ਹਜ਼ੂਰ ਸਾਹਿਬ, ਨਾਂਦੇੜ।

(੫) ਤਖ਼ਤ ਸ੍ਰੀ ਦਮਦਮਾ ਸਾਹਿਬ (ਤਲਵੰਡੀ ਸਾਬੋ)।

(ਠ) ਤਖ਼ਤਾਂ ਦੇ ਖ਼ਾਸ ਅਸਥਾਨ ਉੱਤੇ ਕੇਵਲ ਰਹਿਤਵਾਨ ਅੰਮ੍ਰਿਤਧਾਰੀ (ਸਿੰਘ ਜਾਂ ਸਿੰਘਣੀ) ਹੀ ਚੜ੍ਹ ਸਕਦੇ ਹਨ।
(ਤਖ਼ਤਾਂ ਉੱਤੇ ਪਤਿਤ ਤੇ ਤਨਖ਼ਾਹੀਏ ਸਿੱਖ ਤੋਂ ਬਿਨਾਂ ਹਰ ਇਕ ਪ੍ਰਾਣੀ ਮਾਤਰ, ਸਿੱਖ, ਗ਼ੈਰ-ਸਿੱਖ ਦੀ ਅਰਦਾਸ ਹੋ ਸਕਦੀ ਹੈ।)

(ਡ) ਹਰ ਇਕ ਗੁਰਦੁਆਰੇ ਵਿਚ ਨਿਸ਼ਾਨ ਸਾਹਿਬ ਕਿਸੇ ਉੱਚੀ ਥਾਂ ਤੇ ਲੱਗਾ ਹੋਵੇ। ਨਿਸ਼ਾਨ ਸਾਹਿਬ ਦੇ ਪੁਸ਼ਾਕੇ ਦਾ ਰੰਗ ਬਸੰਤੀ ਜਾਂ ਸੁਰਮਈ ਹੋਵੇ ਅਤੇ ਨਿਸ਼ਾਨ ਸਾਹਿਬ ਦੇ ਸਿਰੇ ਉਤੇ ਸਰਬਲੋਹ ਦਾ ਭਾਲਾ ਜਾਂ ਖੰਡਾ ਹੋਵੇ।

(ਢ) ਗੁਰਦੁਆਰੇ ਵਿਚ ਨਗਾਰਾ ਹੋਵੇ, ਜੋ ਸਮੇਂ ਸਿਰ ਵਜਾਇਆ ਜਾਵੇ।

Sri Satguru Jagjit Singh Ji eLibrary NamdhariElibrary@gmail.com

## ੫. ਕੀਰਤਨ

(ੳ) ਸੰਗਤ ਵਿਚ ਕੀਰਤਨ ਕੇਵਲ ਸਿੱਖ ਹੀ ਕਰ ਸਕਦਾ ਹੈ।

(ਅ) ਕੀਰਤਨ ਗੁਰਬਾਣੀ ਨੂੰ ਰਾਗਾਂ ਵਿਚ ਉਚਾਰਨ ਕਰਨ ਨੂੰ ਕਹਿੰਦੇ ਹਨ।

(ੲ) ਸੰਗਤ ਵਿਚ ਕੀਰਤਨ ਕੇਵਲ ਗੁਰਬਾਣੀ ਜਾਂ ਇਸ ਦੀ ਵਿਆਖਿਆ ਸਰੂਪ ਰਚਨਾ ਭਾਈ ਗੁਰਦਾਸ ਜੀ ਤੇ ਭਾਈ ਨੰਦ ਲਾਲ ਜੀ ਦੀ ਬਾਣੀ ਦਾ ਹੋ ਸਕਦਾ ਹੈ।

(ਸ) ਸ਼ਬਦਾਂ ਨੂੰ ਜੋਟੀਆਂ ਦੀ ਧਾਰਨਾ ਜਾਂ ਰਾਗ ਨਾਲ ਪੜ੍ਹਦਿਆਂ ਬਾਹਰ ਦੀਆਂ ਮਨ-ਘੜਤ ਵਾਧੂ ਤੁਕਾਂ ਲਾ ਕੇ ਧਾਰਣਾ ਲਾਉਣੀ ਜਾਂ ਗਾਉਣਾ ਅਯੋਗ ਹੈ। ਸ਼ਬਦ ਦੀ ਤੁਕ ਹੀ ਧਾਰਨਾ ਬਣਾਈ ਜਾਵੇ।

## ੬. ਹੁਕਮ ਲੈਣਾ

(ੳ) ਸ੍ਰੀ ਗੁਰੂ ਗਰੰਥ ਸਾਹਿਬ ਜੀ ਅੱਗੇ ਮੱਥਾ ਟੇਕਣਾ, ਗੁਰੂ-ਰੂਪ ਸੰਗਤ ਦੇ ਅਦਬ ਨਾਲ ਦਰਸ਼ਨ ਕਰਨ ਤੇ ਅਵਾਜ਼ਾ ਲੈਣਾ ਜਾਂ ਸੁਣਨਾ, ਸਤਿਗੁਰੂ ਦੇ 'ਦਰਸ਼ਨ' ਹਨ। ਵਾਕ ਲੈਣ ਤੋਂ ਬਿਨਾਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਰੁਮਾਲ ਚੁਕ ਕੇ ਦਰਸ਼ਨ ਕਰਨਾ ਜਾਂ ਕਰਾਉਣਾ ਮਨਮਤ ਹੈ।

(ਅ) ਸੰਗਤ ਵਿਚ ਇਕ ਵਕਤ ਇਕੋ ਗਲ ਹੋਣੀ ਚਾਹੀਦੀ ਹੈ—ਕੀਰਤਨ ਜਾਂ ਕਥਾ, ਵਖਿਆਨ ਜਾਂ ਪਾਠ।

(ੲ) ਦੀਵਾਨ ਸਮੇਂ ਸੰਗਤ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਦੀ ਤਾਬਿਆ ਕੇਵਲ ਸਿਖ (ਮਰਦ ਜਾਂ ਤੀਵੀਂ) ਹੀ ਬੈਠਣ ਦਾ ਅਧਿਕਾਰੀ ਹੈ।

(ਸ) ਸੰਗਤ ਨੂੰ ਪਾਠ ਕੇਵਲ ਸਿੱਖ ਹੀ ਕਰ ਕੇ ਸੁਣਾਵੇ। ਆਪਣੇ ਆਪ ਲਈ ਪਾਠ ਕੋਈ ਗ਼ੈਰ ਸਿੱਖ ਭੀ ਕਰ ਸਕਦਾ ਹੈ।

(ਹ) 'ਹੁਕਮ' ਲੈਣ ਲੱਗਿਆਂ ਖੱਬੇ ਪੰਨੇ ਦੇ ਉਤਲੇ ਪਾਸਿਓਂ ਪਹਿਲਾ ਸ਼ਬਦ ਜੋ ਜਾਰੀ ਹੈ, ਮੁੱਢ ਤੋਂ ਪੜ੍ਹਨਾ ਚਾਹੀਦਾ ਹੈ। ਜੇ ਉਸ ਸ਼ਬਦ ਦਾ ਮੁੱਢ ਪਿਛਲੇ ਪੰਨੇ ਤੋਂ ਸ਼ੁਰੂ ਹੁੰਦਾ ਹੈ ਤਾਂ ਪੱਤਰਾ ਪਰਤ ਕੇ ਪੜ੍ਹਨਾ ਸ਼ੁਰੂ ਕਰੋ ਅਤੇ ਸ਼ਬਦ ਸਾਰਾ ਪੜ੍ਹੋ। ਜੇ ਵਾਰ ਹੋਵੇ ਤਾਂ ਪਉੜੀ ਦੇ ਸਾਰੇ ਸਲੋਕ ਤੇ ਪਉੜੀ ਪੜ੍ਹਨੀ ਚਾਹੀਦੀ ਹੈ। ਸ਼ਬਦ ਦੇ ਅੰਤ ਵਿਚ ਜਿਥੇ 'ਨਾਨਕ' ਨਾਮ ਆ ਜਾਵੇ, ਉਸ ਤੁਕ ਤੇ ਭੋਗ ਪਾਇਆ ਜਾਵੇ।

(ਕ) ਦੀਵਾਨ ਦੀ ਸਮਾਪਤੀ ਜਾਂ ਭੋਗ ਦਾ ਅਰਦਾਸਾ ਹੋ ਕੇ ਅੰਤਮ 'ਹੁਕਮ' ਲਿਆ ਜਾਵੇ।

## ੭. ਸਹਜ ਪਾਠ

(ੳ) ਹਰ ਇਕ ਸਿੱਖ ਨੂੰ ਵੱਸ ਲਗੇ, ਆਪਣੇ ਘਰ ਵਿਚ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨ ਦਾ ਵੱਖਰਾ ਤੇ ਨਵੇਕਲਾ ਸਥਾਨ ਨੀਯਤ ਕਰਨਾ ਚਾਹੀਦਾ ਹੈ।

(ਅ) ਹਰ ਇਕ ਸਿੱਖ ਸਿੱਖਣੀ, ਬੱਚੇ ਬੱਚੀ ਨੂੰ ਗੁਰਮੁਖੀ ਪੜ੍ਹ ਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਸਿੱਖਣਾ ਚਾਹੀਦਾ ਹੈ।

(ੲ) ਹਰ ਇਕ ਸਿੱਖ ਅੰਮ੍ਰਿਤ ਵੇਲੇ ਪ੍ਰਸ਼ਾਦ ਛਕਣ ਤੋਂ ਪਹਿਲਾਂ ਸ੍ਰੀ ਗੁਰੂ ਗਰੰਥ ਸਾਹਿਬ

Sri Satguru Jagjit Singh Ji eLibrary NamdhariElibrary@gmail.com

ਜੀ ਦਾ 'ਹੁਕਮ' ਲਵੇ । ਜੇ ਇਸ ਵਿਚ ਉਕਾਈ ਹੋ ਜਾਵੇ, ਤਾਂ ਦਿਨ ਵਿਚ ਕਿਸੇ ਨਾ ਕਿਸੇ ਵੇਲੇ ਜ਼ਰੂਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਕਰੇ ਜਾਂ ਸੁਣੇ । ਸਫ਼ਰ ਆਦਿ ਔਕੜ ਵੇਲੇ ਦਰਸ਼ਨ ਕਰਨ ਤੋਂ ਅਸਮਰਥ ਹੋਵੇ ਤਾਂ ਸ਼ੰਕਾ ਨਹੀਂ ਕਰਨੀ ।

(ਸ) ਚੰਗਾ ਤਾਂ ਇਹ ਹੈ ਕਿ ਹਰ ਇਕ ਸਿੱਖ ਆਪਣਾ ਸਹਜ ਪਾਠ ਜਾਰੀ ਰੱਖੇ ਤੇ ਮਹੀਨੇ ਦੋ ਮਹੀਨੇ ਮਗਰੋਂ (ਜਾਂ ਜਿਤਨੇ ਸਮੇਂ ਵਿਚ ਹੋ ਸਕੇ) ਭੋਗ ਪਾਵੇ ।

(ਹ) ਪਾਠ ਅਰੰਭ ਕਰਨ ਸਮੇਂ ਅਨੰਦ ਸਾਹਿਬ (ਪਹਿਲੀਆਂ ਪੰਜ ਪਉੜੀਆਂ ਤੇ ਇਕ ਅੰਤਲੀ ਪਉੜੀ) ਦੇ ਪਾਠ ਮਗਰੋਂ ਅਰਦਾਸਾ ਕਰਕੇ ਹੁਕਮ ਲੈਣਾ ਚਾਹੀਦਾ ਹੈ । ਫੇਰ ਜਪੁ ਸਾਹਿਬ ਦਾ ਪਾਠ ਕਰਨਾ ਚਾਹੀਦਾ ਹੈ।

## ੮. ਅਖੰਡ ਪਾਠ

(ੳ) ਅਖੰਡ ਪਾਠ ਕਿਸੇ ਭੀੜ ਜਾਂ ਉਤਸ਼ਾਹ ਵੇਲੇ ਕੀਤਾ ਜਾਂਦਾ ਹੈ। ਇਹ ਤਕਰੀਬਨ ੪੮ ਘੰਟੇ ਵਿਚ ਸੰਪੂਰਨ ਕੀਤਾ ਜਾਂਦਾ ਹੈ । ਇਸ ਵਿਚ ਪਾਠ ਲਗਾਤਾਰ ਬਿਨਾਂ ਰੋਕ ਦੇ ਕੀਤਾ ਜਾਂਦਾ ਹੈ । ਪਾਠ ਸਾਫ਼ ਤੇ ਸ਼ੁੱਧ ਹੋਵੇ । ਬਹੁਤ ਤੇਜ਼ ਪੜ੍ਹਨਾ, ਜਿਸ ਤੋਂ ਸੁਣਨ ਵਾਲਾ ਕੁਝ ਸਮਝ ਨਾ ਸਕੇ, ਗੁਰਬਾਣੀ ਦੀ ਨਿਰਾਦਰੀ ਹੈ । ਅੱਖਰ ਮਾਤਰ ਧਿਆਨ ਰੱਖ ਕੇ ਪਾਠ ਸ਼ੁੱਧ ਤੇ ਸਾਫ਼ ਕਰਨਾ ਚਾਹੀਦਾ ਹੈ, ਭਾਵੇਂ ਸਮਾਂ ਕੁਝ ਵਧੀਕ ਲੱਗ ਜਾਵੇ ।

(ਅ) ਅਖੰਡ ਪਾਠ ਜਿਸ ਪਰਵਾਰ ਜਾਂ ਸੰਗਤ ਨੇ ਕਰਨਾ ਹੈ, ਉਹ ਆਪ ਕਰੇ, ਟੱਬਰ ਦੇ ਕਿਸੇ ਆਦਮੀ, ਸਾਕ ਸੰਬੰਧੀ, ਮਿੱਤਰ ਆਦਿ ਮਿਲ ਕੇ ਕਰਨ । ਪਾਠੀਆਂ ਦੀ ਗਿਣਤੀ ਮੁਕੱਰਰ ਨਹੀਂ ।

ਜੇ ਕੋਈ ਆਦਮੀ ਆਪ ਪਾਠ ਨਹੀਂ ਕਰ ਸਕਦਾ, ਤਾਂ ਕਿਸੇ ਚੰਗੇ ਪਾਠੀ ਕੋਲੋਂ ਸੁਣ ਲਵੇ ਪਰ ਇਹ ਨਾ ਹੋਵੇ ਕਿ ਪਾਠੀ ਆਪੇ ਇਕੱਲਾ ਬਹਿ ਕੇ ਪਾਠ ਕਰਦਾ ਰਹੇ ਤੇ ਸੰਗਤ ਜਾਂ ਟੱਬਰ ਦਾ ਕੋਈ ਆਦਮੀ ਨਾ ਸੁਣਦਾ ਹੋਵੇ । ਪਾਠੀ ਦੀ ਯਥਾ-ਸ਼ਕਤਿ ਭੋਜਨ, ਬਸਤਰ ਆਦਿ ਨਾਲ ਯੋਗ ਸੇਵਾ ਕੀਤੀ ਜਾਵੇ ।

(ੲ) ਅਖੰਡ ਪਾਠ ਜਾਂ ਹੋਰ ਕਿਸੇ ਤਰ੍ਹਾਂ ਦੇ ਪਾਠ ਵੇਲੇ ਕੁੰਭ, ਜੋਤ, ਨਲੀਏਰ ਆਦਿ ਰੱਖਣ ਜਾਂ ਨਾਲ ਨਾਲ ਜਾਂ ਵਿਚ ਵਿਚ ਕਿਸੇ ਹੋਰ ਬਾਣੀ ਦਾ ਪਾਠ ਜਾਰੀ ਰੱਖਣਾ ਮਨਮਤ ਹੈ ।

## ੯. ਅਖੰਡ ਪਾਠ ਦਾ ਅਰੰਭ

ਸਹਜ ਪਾਠ ਦੇ ਅਰੰਭ ਵੇਲੇ ਪ੍ਰਸ਼ਾਦਿ ਲਿਆ ਕੇ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰਕੇ ਅਰਦਾਸ ਮਗਰੋਂ 'ਹੁਕਮ' ਲਿਆ ਜਾਵੇ । ਅਖੰਡ ਪਾਠ ਵੇਲੇ ਕੜਾਹ ਪ੍ਰਸ਼ਾਦਿ ਹੋਵੇ, ਫੇਰ ਅਨੰਦ ਸਾਹਿਬ (ਛੇ ਪਉੜੀਆਂ) ਦੇ ਪਾਠ ਮਗਰੋਂ ਅਰਦਾਸ ਕਰਕੇ ਅਤੇ 'ਹੁਕਮ' ਲੈ ਕੇ ਪਾਠ ਦਾ ਅਰੰਭ ਕੀਤਾ ਜਾਵੇ ।

## ੧੦. ਭੋਗ

(ੳ) ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਪਾਠ (ਸਹਿਜ ਜਾਂ ਅਖੰਡ) ਦਾ ਭੋਗ ਮੁੰਦਾਵਣੀ ਉਤੇ

Sri Satguru Jagjit Singh Ji eLibrary NamdhariElibrary@gmail.com

ਜਾਂ ਰਾਗਮਾਲਾ ਪੜ੍ਹ ਕੇ ਚਲਦੀ ਸਥਾਨਕ ਰੀਤੀ ਅਨੁਸਾਰ ਪਾਇਆ ਜਾਵੇ। ਇਸ ਗੱਲ ਬਾਬਤ ਪੰਥ ਵਿਚ ਅਜੇ ਤਕ ਮਤ-ਭੇਦ ਹੈ, ਇਸ ਲਈ ਰਾਗਮਾਲਾ ਤੋਂ ਬਿਨਾਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਬੀੜ ਲਿਖਣ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ। ਇਸ ਤੋਂ ਉਪਰੰਤ ਅਨੰਦ ਸਾਹਿਬ ਦਾ ਪਾਠ ਕਰਕੇ ਭੋਗ ਦਾ ਅਰਦਾਸਾ ਕੀਤਾ ਜਾਵੇ ਤੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

(ਅ) ਭੋਗ ਸਮੇਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਲੋੜ ਅਨੁਸਾਰ ਰੁਮਾਲ, ਚੌਰ, ਚਾਨਣੀ ਆਦਿ ਦੀ ਭੇਟਾ ਅਤੇ ਪੰਥਕ ਕਾਰਜਾਂ ਲਈ ਯਥਾ-ਸ਼ਕਤਿ 'ਅਰਦਾਸ' ਕਰਾਈ ਜਾਵੇ।

## ੧੧. ਕੜਾਹ ਪ੍ਰਸ਼ਾਦਿ

(ੳ) ਕੜਾਹ ਪ੍ਰਸ਼ਾਦਿ ਜੋ ਵਿਧੀ ਅਨੁਸਾਰ ਤਿਆਰ ਕਰਕੇ ਜਾਂ ਕਰਾ ਕੇ ਲਿਆਂਦਾ ਜਾਵੇ, ਸੰਗਤ ਵਿਚ ਪ੍ਰਵਾਨ ਹੋਵੇਗਾ।

(ਅ) ਕੜਾਹ ਪ੍ਰਸ਼ਾਦਿ ਤਿਆਰ ਕਰਨ ਦੀ ਵਿਧੀ ਇਹ ਹੈ—ਸੁਅੱਛ ਭਾਂਡੇ ਵਿਚ ਤ੍ਰਿਭਾਵਲੀ (ਆਟਾ, ਉਤਮ ਮਿੱਠਾ ਤੇ ਘੀ ਇਕੋ ਜਿਹੇ ਪਾ ਕੇ) ਗੁਰਬਾਣੀ ਦਾ ਪਾਠ ਕਰਦੇ ਹੋਏ ਤਿਆਰ ਕੀਤਾ ਜਾਵੇ। ਫਿਰ ਸੁਅੱਛ ਬਸਤਰ ਨਾਲ ਢੱਕ ਕੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਹਜ਼ੂਰ ਸੰਗਤ ਨੂੰ ਉਚੀ ਅਵਾਜ਼ ਵਿਚ ਸੁਣਾ ਕੇ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ ਦਾ ਪਾਠ[1] ਕੀਤਾ ਜਾਵੇ ਅਤੇ ਅਰਦਾਸਾ ਸੋਧ ਕੇ ਪਰਵਾਨਗੀ ਲਈ ਕਿਰਪਾਨ ਭੇਟ ਹੋਵੇ।

(ੲ) ਇਸ ਦੇ ਉਪਰੰਤ ਸੰਗਤ ਨੂੰ ਵਰਤਾਉਣ ਤੋਂ ਪਹਿਲਾਂ ਕੜਾਹ ਪ੍ਰਸ਼ਾਦਿ ਵਿਚੋਂ ਪੰਜਾਂ ਪਿਆਰਿਆਂ ਦਾ ਗੱਫਾ ਕੱਢ ਕੇ ਵਰਤਾਇਆ ਜਾਵੇ। ਉਪ੍ਰੰਤ ਸੰਗਤ ਵਿਚ ਵਰਤਾਉਣ ਲਗਿਆਂ ਪਹਿਲਾਂ ਤਾਬਿਆ ਬੈਠੇ ਸਿੰਘ[2] ਨੂੰ ਕਟੋਰੇ ਜਾਂ ਕੌਲ ਵਿਚ ਪਾ ਕੇ ਦੇਵੇ ਤੇ ਫਿਰ ਬਾਕੀ ਸੰਗਤ ਨੂੰ ਵਰਤਾਵੇ। ਕਿਸੇ ਲਿਹਾਜ਼ ਜਾਂ ਘਿਰਣਾ ਕਰਕੇ ਵਿਤਕਰਾ ਨਾ ਕਰੇ। ਸਭ ਸਿੱਖ, ਗੈਰ ਸਿੱਖ, ਨੀਚ-ਊਚ ਜਾਤਿ ਵਾਲ ਨੂੰ ਇਕੋ ਜਿਹਾ ਵਰਤਾਵੇ। ਕੜਾਹ ਪ੍ਰਸ਼ਾਦਿ ਵਰਤਾਣ ਵੇਲੇ ਸੰਗਤ ਵਿਚ ਬੈਠੇ ਕਿਸੇ ਮਨੁੱਖ ਤੋਂ ਜ਼ਾਤ ਪਾਤ, ਛੂਤ ਛਾਤ ਦਾ ਖਿਆਲ ਕਰਕੇ ਗਿਲਾਨੀ ਨਹੀਂ ਕਰਨੀ ਚਾਹੀਦੀ।

(ਸ) ਕੜਾਹ ਪ੍ਰਸ਼ਾਦਿ ਭੇਟਾ ਕਰਨ ਵੇਲੇ ਘੱਟ ਤੋਂ ਘੱਟ ਇਕ ਟਕਾ ਨਕਦ ਅਰਦਾਸ ਭੀ ਹੋਵੇ।

## ੧੨. ਗੁਰਬਾਣੀ ਦੀ ਕਥਾ

(ੳ) ਸੰਗਤ ਵਿਚ ਗੁਰਬਾਣੀ ਦੀ ਕਥਾ ਸਿੱਖ ਹੀ ਕਰੇ।

(ਅ) ਕਥਾ ਦਾ ਮਨੋਰਥ ਗੁਰਮਤਿ ਦ੍ਰਿੜ੍ਹਾਉਣਾ ਹੀ ਹੋਵੇ।

---

1. ਇਕ ਵਾਰੀ ਅਨਦ ਸਾਹਿਬ ਦਾ ਪਾਠ ਹੋ ਚੁੱਕਣ ਮਗਰੋਂ ਫਿਰ ਕੜਾਹ ਪ੍ਰਸ਼ਾਦਿ ਦੀ ਦੇਗ ਆ ਜਾਵੇ ਤਾਂ ਅਨੰਦ ਸਾਹਿਬ ਦਾ ਪਾਠ ਮੁੜ ਮੁੜ ਨਹੀਂ ਕਰਨਾ, ਕ੍ਰਿਪਾਨ ਭੇਟ ਕਰਨਾ ਹੀ ਕਾਫੀ ਹੈ।
2. ਤਾਬਿਆ ਬੈਠੇ ਸਿੰਘ ਨੂੰ ਦੂਹਰਾ ਗੱਫਾ ਦੇਣਾ ਅਯੋਗ ਵਿਤਕਰਾ ਹੈ।

Sri Satguru Jagjit Singh Ji eLibrary NamdhariElibrary@gmail.com

(ੲ) ਕਥਾ ਦਸ ਗੁਰੂ ਸਾਹਿਬਾਨ ਦੀ ਬਾਣੀ ਜਾਂ ਭਾਈ ਗੁਰਦਾਸ, ਭਾਈ ਨੰਦ ਲਾਲ ਜਾਂ ਕਿਸੇ ਹੋਰ ਪ੍ਰਮਾਣੀਕ ਪੰਥਕ ਪੁਸਤਕ ਜਾਂ ਇਤਿਹਾਸ ਦੀਆਂ ਪੁਸਤਕਾਂ (ਜੋ ਗੁਰਮਤਿ ਅਨੁਕੂਲ ਹੋਣ) ਦੀ ਹੋ ਸਕਦੀ ਹੈ, ਪਰ ਅਨਮਤ ਦੇ ਕਿਸੇ ਪੁਸਤਕ ਦੀ ਨਹੀਂ ਹੋ ਸਕਦੀ। ਹਾਂ, ਪ੍ਰਮਾਣ ਕਿਸੇ ਮਹਾਤਮਾ ਜਾਂ ਪੁਸਤਕ ਦੀ ਉੱਤਮ ਸਿਖਿਆ ਦਾ ਲਿਆ ਜਾ ਸਕਦਾ ਹੈ।

੬. ਵਖਿਆਨ—ਗੁਰਦੁਆਰੇ ਵਿਚ ਗੁਰਮਤਿ ਤੋਂ ਵਿਰੁੱਧ ਕੋਈ ਵਖਿਆਨ ਨਹੀਂ ਹੋ ਸਕਦਾ।

੭. ਗੁਰਦੁਆਰੇ ਵਿਚ ਸੰਗਤ ਦਾ ਪ੍ਰੋਗਰਾਮ ਆਮ ਤੌਰ ਤੇ ਇਉਂ ਹੁੰਦਾ ਹੈ : ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪ੍ਰਕਾਸ਼, ਕੀਰਤਨ ਕਥਾ ਵਖਿਆਨ, ਅਨੰਦ ਸਾਹਿਬ, ਅਰਦਾਸ, ਫਤਹ, ਸਤਿ ਸ੍ਰੀ ਅਕਾਲ ਦਾ ਜੈਕਾਰਾ ਤੇ ਹੁਕਮ।

## ੨. ਗੁਰਮਤਿ ਦੀ ਰਹਿਣੀ

੧. ਸਿਖ ਦੀ ਆਮ ਰਹਿਣੀ, ਕ੍ਰਿਤ, ਵਿਰਤ, ਗੁਰਮਤਿ ਅਨੁਸਾਰ ਹੋਵੇ। ਗੁਰਮਤਿ ਇਹ ਹੈ :—

(ੳ) ਇਕ ਅਕਾਲ ਪੁਰਖ ਤੋਂ ਛੁੱਟ ਕਿਸੇ ਦੇਵੀ ਦੇਵਤੇ ਦੀ ਉਪਾਸ਼ਨਾ ਨਹੀਂ ਕਰਨੀ।

(ਅ) ਆਪਣੀ ਮੁਕਤੀ ਦਾ ਦਾਤਾ ਤੇ ਇਸ਼ਟ ਕੇਵਲ ਦਸ ਗੁਰੂ ਸਾਹਿਬਾਨ ਸ੍ਰੀ ਗੁਰੂ ਗਰੰਥ ਸਾਹਿਬ ਅਤੇ ਦਸ ਗੁਰੂ ਸਾਹਿਬਾਨ ਦੀ ਬਾਣੀ ਨੂੰ ਮੰਨਣਾ।

(ੲ) ਦਸ ਗੁਰੂ ਸਾਹਿਬਾਨ ਨੂੰ ਇਕੋ ਜੋਤ ਦਾ ਪ੍ਰਕਾਸ਼ ਇਕ ਰੂਪ ਕਰਕੇ ਮੰਨਣਾ।

(ਸ) ਜ਼ਾਤ-ਪਾਤ, ਛੂਤ ਛਾਤ, ਜੰਤ੍ਰ-ਮੰਤ੍ਰ-ਤੰਤ੍ਰ, ਸ਼ਗਨ, ਤਿਥ, ਮਹੂਰਤ, ਗ੍ਰਹਿ, ਰਾਸ਼, ਸ਼ਰਾਧ, ਪਿਤਰ, ਖਿਆਹ, ਪਿੰਡ, ਪੱਤਲ, ਦੀਵਾ, ਕਿਰਿਆ ਕਰਮ, ਹੋਮ, ਜੱਗ, ਤਰਪਣ, ਸਿਖਾ ਸੂਤ, ਭੱਦਣ, ਇਕਾਦਸ਼ੀ, ਪੂਰਨਮਾਸ਼ੀ ਆਦਿ ਦੇ ਵਰਤ, ਤਿਲਕ, ਜੰਞੂ, ਤੁਲਸੀ ਮਾਤਾ, ਗੋਰ, ਮੱਠ, ਮੜ੍ਹੀ, ਮੂਰਤੀ ਪੂਜਾ ਆਦਿ ਭਰਮ-ਰੂਪ ਕਰਮਾਂ ਉਤੇ ਨਿਸਚਾ ਨਹੀਂ ਕਰਨਾ।

ਗੁਰੂ ਅਸਥਾਨ ਤੋਂ ਬਿਨਾਂ ਕਿਸੇ ਅਨ ਧਰਮ ਦੇ ਤੀਰਥ ਜਾਂ ਧਾਮ ਨੂੰ ਆਪਣਾ ਅਸਥਾਨ ਨਹੀਂ ਮੰਨਣਾ।

ਪੀਰ, ਬ੍ਰਾਹਮਣ, ਪੁੱਛਣਾ, ਸੁਖਣਾ, ਸ਼ੀਰਨੀ, ਦੇਵ ਸ਼ਾਸਤਰ, ਗਾਇਤ੍ਰੀ ਗੀਤਾ, ਕੁਰਾਨ, ਅੰਜੀਲ, ਆਦਿ ਉਤੇ ਨਿਸਚਾ ਨਹੀਂ ਕਰਨਾ। ਹਾਂ, ਆਮ ਵਾਕਫ਼ੀ ਲਈ ਅਨਮਤਾਂ ਦੇ ਗਰੰਥਾਂ ਦਾ ਪੜ੍ਹਨਾ ਯੋਗ ਹੈ।

(ਹ) ਖਾਲਸਾ ਸਾਰੇ ਮੱਤਾਂ ਤੋਂ ਨਿਆਰਾ ਰਹੇ, ਪਰ ਕਿਸੇ ਅਨਧਰਮੀ ਦਾ ਦਿਲ ਨਾ ਦੁਖਾਵੇ।

(ਕ) ਹਰ ਇਕ ਕੰਮ ਕਰਨ ਤੋਂ ਪਹਿਲਾਂ ਵਾਹਿਗੁਰੂ ਅਗੇ ਅਰਦਾਸ ਕਰੇ।

(ਖ) ਸਿੱਖ ਲਈ ਗੁਰਮੁਖੀ ਵਿਦਿਆ ਪੜ੍ਹਨੀ ਜ਼ਰੂਰੀ ਹੈ। ਹੋਰ ਵਿਦਿਆ ਭੀ ਪੜ੍ਹੇ।

(ਗ) ਸੰਤਾਨ ਨੂੰ ਗੁਰਸਿੱਖੀ ਦੀ ਵਿਦਿਆ ਦਿਵਾਉਣੀ ਸਿੱਖ ਦਾ ਫ਼ਰਜ਼ ਹੈ।

Sri Satguru Jagjit Singh Ji eLibrary NamdhariElibrary@gmail.com

(ਘ) ਕੇਸ ਲੜਕੇ ਕੇ ਜੋ ਹੋਏ ਸੋ ਉਨ੍ਹਾਂ ਦਾ ਬੁਰਾ ਨਾ ਮੰਗੇ । ਕੇਸ ਉਹੀ[1] ਰੱਖੇ ਨਾਮ ਸਿੰਘ ਰੱਖੇ । ਸਿੱਖ ਆਪਣੇ ਲੜਕੇ ਲੜਕੀਆਂ ਦੇ ਕੇਸ ਸਾਬਤ ਰੱਖੇ ।

(ਙ) ਸਿੱਖ ਭੰਗ, ਅਫੀਮ, ਸ਼ਰਾਬ, ਤਮਾਕੂ ਆਦਿ ਨਸ਼ੇ ਨਾ ਵਰਤੇ । ਅਮਲ ਪ੍ਰਸ਼ਾਦੇ ਦਾ ਹੀ ਰੱਖੇ ।

(ਚ) ਸਿੱਖ ਮਰਦ ਅਥਵਾ ਇਸਤ੍ਰੀ ਨੂੰ ਨੱਕ ਕੰਨ ਛੇਦਨਾ ਮਨ੍ਹਾ ਹੈ ।

(ਛ) ਗੁਰੂ ਕਾ ਸਿੱਖ ਕੰਨਿਆ ਨਾ ਮਾਰੇ, ਕੁੜੀ ਮਾਰ ਨਾਲ ਨ ਵਰਤੇ ।

(ਜ) ਗੁਰੂ ਕਾ ਸਿੱਖ ਧਰਮ ਦੀ ਕਿਰਤ ਕਰਕੇ ਨਿਰਬਾਹ ਕਰੇ ।

(ਝ) ਗੁਰੂ ਕਾ ਸਿੱਖ ਗ਼ਰੀਬ ਦੀ ਰਸਨਾ ਨੂੰ ਗ਼ਰੀਬ ਦੀ ਗੋਲਕ ਜਾਣੇ :

(ਞ) ਚੋਰੀ ਯਾਰੀ ਨਾ ਕਰੇ, ਜੂਆ ਨ ਖੇਡੇ ।

(ਟ) ਪਰ ਬੇਟੀ ਕੋ ਬੇਟੀ ਜਾਨੈ ।
ਪਰ ਇਸਤ੍ਰੀ ਸੋਂ ਮਾਤ ਬਖਾਨੈ ।
ਆਪਣੀ ਇਸਤ੍ਰੀ ਕੋ ਰਤ ਹੋਈ ।
ਰਹਿਤਵਾਨ ਗੁਰ ਕਾ ਸਿੱਖ ਸੋਈ ।

ਇਸੇ ਤਰ੍ਹਾਂ ਸਿੱਖ ਇਸਤ੍ਰੀ ਆਪਣੇ ਪਤੀਬਰਤ ਧਰਮ 'ਚ ਰਹੇ ।

(ਠ) ਗੁਰੂ ਦਾ ਸਿੱਖ ਜਨਮ ਤੋਂ ਲੈ ਕੇ ਦੇਹਾਂਤ ਤਕ ਗੁਰ ਮਰਯਾਦਾ ਕਰੇ ।

(ਡ) ਸਿੱਖ, ਸਿੱਖ ਨੂੰ ਮਿਲਣ ਸਮੇਂ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਬੁਲਾਵੇ । ਮਰਦ ਇਸਤ੍ਰੀ ਦੋਹਾਂ ਲਈ ਇਹੋ ਹੁਕਮ ਹੈ ।

(ਢ) ਸਿੱਖ ਇਸਤਰੀਆਂ ਲਈ ਪਰਦਾ ਜਾਂ ਘੁੰਡ ਕਰਨਾ ਉਚਿਤ ਨਹੀਂ ।

(ਣ) ਸਿੱਖ ਲਈ ਕਛਹਿਰੇ ਤੇ ਦਸਤਾਰ ਤੋਂ ਛੁਟ ਪੁਸ਼ਾਕ ਸੰਬੰਧੀ ਬਾਕੀ ਕੋਈ ਪਾਬੰਦੀ ਨਹੀਂ । ਸਿੱਖ ਇਸਤਰੀ ਦਸਤਾਰ ਸਜਾਏ ਜਾਂ ਨਾ ਸਜਾਏ, ਦੋਵੇਂ ਠੀਕ ਹਨ ।

## ੧. ਜਨਮ ਤੇ ਨਾਮ-ਸੰਸਕਾਰ

(ੳ) ਸਿਖ ਦੇ ਘਰ ਬਾਲਕ ਦਾ ਜਨਮ ਹੋਣ ਮਗਰੋਂ ਜਦ ਮਾਤਾ ਉਠਣ ਬੈਠਣ ਤੇ ਇਸ਼ਨਾਨ ਕਰਨ ਦੇ ਯੋਗ ਹੋਵੇ ਤਾਂ (ਦਿਨਾਂ ਦੀ ਕੋਈ ਗਿਣਤੀ ਮੁਕੱਰਰ ਨਹੀਂ) ਟੱਬਰ ਤੇ ਸੰਬੰਧੀ ਗੁਰਦੁਆਰੇ ਕੜਾਹ ਪ੍ਰਸ਼ਾਦਿ ਲੈ ਕੇ ਜਾਣ ਜਾਂ ਕਰਾਉਣ ਅਤੇ ਗੁਰੂ ਜੀ ਦੇ ਹਜ਼ੂਰ 'ਪ੍ਰਮੇਸਰਿ ਦਿਤਾ ਬੰਨਾ' (ਸੋਰਠਿ ਮ: ੫) 'ਸਤਿਗੁਰ ਸਾਚੈ ਦੀਆ ਭੇਜਿ' (ਆਸਾ ਮ: ੫) ਆਦਿ ਖ਼ੁਸ਼ੀ ਤੇ ਧੰਨਵਾਦ ਵਾਲੇ ਸ਼ਬਦ ਪੜ੍ਹਨ । ਉਪਰੰਤ ਜੇਕਰ ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਰਖਿਆ ਹੋਵੇ ਤਾਂ ਪਾਠ ਦਾ ਭੋਗ ਪਾਇਆ ਜਾਵੇ । ਫਿਰ ਵਾਕ ਲਿਆ ਜਾਵੇ । ਵਾਕ ਦੇ ਅਰੰਭ ਦੇ ਸ਼ਬਦ ਦਾ ਜੋ ਪਹਿਲਾ ਅੱਖਰ ਹੋਵੇ, ਉਸ ਤੋਂ ਗਰੰਥੀ ਸਿੰਘ ਬੱਚੇ ਦਾ ਨਾਂ ਤਜਵੀਜ਼ ਕਰੇ ਅਤੇ ਸੰਗਤ ਦੀ ਪ੍ਰਵਾਨਗੀ ਲੈਕੇ ਨਾਮ ਪ੍ਰਗਟ ਕਰੇ । ਲੜਕੇ ਦੇ ਨਾਉਂ ਪਿੱਛੇ 'ਸਿੰਘ'

1. ਜਮਾਂਦਰੂ

Sri Satguru Jagjit Singh Ji eLibrary NamdhariElibrary@gmail.com

ਸ਼ਬਦ ਅਤੇ ਲੜਕੀ ਦੇ ਨਾਮ ਦੇ ਪਿਛੇ 'ਕੌਰ' ਸ਼ਬਦ ਲਗਾਇਆ ਜਾਵੇ। ਉਪਰੰਤ ਅਨੰਦ ਸਾਹਿਬ (ਛੇ ਪਉੜੀਆਂ) ਮਗਰੋਂ ਬੱਚੇ ਦੇ ਨਾਮ-ਸੰਸਕਾਰ ਦੀ ਖੁਸ਼ੀ ਦਾ ਯੋਗ ਸ਼ਬਦਾਂ ਵਿਚ ਅਰਦਾਸਾ ਕਰਕੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ।

(ਅ) ਜਨਮ ਦੇ ਸਬੰਧ ਵਿਚ ਖਾਣ ਪੀਣ ਵਿਚ ਕੋਈ ਸੂਤਕ ਦਾ ਭਰਮ ਨਹੀਂ ਕਰਨਾ ਕਿਉਂਕਿ, 'ਜੰਮਣੁ ਮਰਣਾ ਹੁਕਮੁ ਹੈ ਭਾਣੈ ਆਵੈ ਜਾਇ ॥
ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕ ਸੰਬਾਹਿ ॥'

(ੲ) ਸ੍ਰੀ ਗੁਰੂ ਗਰੰਥ ਸਾਹਿਬ ਜੀ ਦੇ ਰੁਮਾਲ ਤੋਂ ਚੋਲਾ ਬਣਾ ਕੇ ਪਾਉਣਾ ਆਦਿ ਮਨਮਤ ਹੈ।

## ੨. ਅਨੰਦ ਸੰਸਕਾਰ

(ੳ) ਸਿੱਖ ਸਿੱਖਣੀ ਦਾ ਵਿਆਹ, ਬਿਨਾਂ ਜ਼ਾਤ-ਪਾਤ, ਗੋਤ ਵਿਚਾਰੇ ਦੇ ਹੋਣਾ ਚਾਹੀਦਾ ਹੈ।

(ਅ) ਸਿੱਖ ਦੀ ਪੁੱਤਰੀ ਦਾ ਵਿਆਹ ਸਿੱਖ ਨਾਲ ਹੀ ਹੋਵੇ।

(ੲ) ਸਿੱਖ ਦਾ ਵਿਆਹ 'ਅਨੰਦ' ਰੀਤੀ ਨਾਲ ਕਰਨਾ ਚਾਹੀਦਾ ਹੈ।

(ਸ) ਲੜਕੀ ਲੜਕੇ ਦਾ ਵਿਆਹ ਬਚਪਨ ਵਿਚ ਕਰਨਾ ਵਿਵਰਜਤ ਹੈ।

(ਹ) ਜਦ ਲੜਕੀ ਸਰੀਰ, ਮਨ ਤੇ ਆਚਾਰ ਕਰਕੇ ਵਿਆਹ ਕਰਨ ਦੇ ਯੋਗ ਹੋ ਜਾਵੇ ਤਾਂ ਕਿਸੇ ਯੋਗ ਸਿੱਖ ਨਾਲ 'ਅਨੰਦ' ਪੜ੍ਹਾਇਆ ਜਾਏ।

(ਕ) 'ਅਨੰਦ' ਤੋਂ ਪਹਿਲਾਂ ਕੁੜਮਾਈ ਦੀ ਰਸਮ ਜ਼ਰੂਰੀ ਨਹੀਂ, ਪਰ ਜੇ ਕਰਨੀ ਹੋਵੇ ਤਾਂ ਲੜਕੀ ਵਾਲੇ ਕਿਸੇ ਦਿਨ ਸੰਗਤ ਜੋੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਅਰਦਾਸਾ ਸੋਧ ਕੇ ਇਕ ਕ੍ਰਿਪਾਨ, ਕੜਾ ਤੇ ਕੁਝ ਮਿੱਠਾ ਲੜਕੇ ਦੇ ਪੱਲੇ ਪਾ ਦੇਣ।

(ਖ) 'ਅਨੰਦ' ਦਾ ਦਿਨ ਮੁਕੱਰਰ ਕਰਨ ਲਗਿਆਂ ਕੋਈ ਥਿਤਿ-ਵਾਰ, ਚੰਗੇ-ਮੰਦੇ ਦਿਨ ਦੀ ਖੋਜ ਕਰਨ ਲਈ ਪੱਤ੍ਰੀ ਵਾਚਣਾ ਮਨਮਤ ਹੈ। ਕੋਈ ਦਿਨ ਜੋ ਦੋਹਾਂ ਧਿਰਾਂ ਨੂੰ ਆਪਸ ਵਿਚ ਸਲਾਹ ਕਰਕੇ ਚੰਗਾ ਦਿਸੇ, ਨੀਅਤ ਕਰ ਲੈਣਾ ਚਾਹੀਦਾ ਹੈ।

(ਗ) ਸਿਹਰਾ, ਮੁਕਟ ਜਾਂ ਗਾਨਾ ਬੰਨ੍ਹਣਾ, ਪਿਤਰ ਪੂਜਣੇ, ਕੱਚੀ ਲੱਸੀ ਵਿਚ ਪੈਰ ਪਾਉਣਾ, ਬੇਰੀ ਜਾਂ ਜੰਡੀ ਵੱਢਣੀ, ਘੜੋਲੀ ਭਰਨੀ, ਰੁਸ ਕੇ ਜਾਣਾ, ਛੰਦ ਪੜ੍ਹਨੇ, ਹਵਨ ਕਰਨਾ, ਵੇਦੀ ਗੱਡਣੀ, ਵੇਸਵਾ ਦਾ ਨਾਚ, ਸ਼ਰਾਬ ਆਦਿ ਮਨਮਤ ਹੈ।

(ਘ) ਜਿਤਨੇ ਥੋੜ੍ਹੇ ਆਦਮੀ ਲੜਕੀ ਵਾਲਾ ਮੰਗਾਵੇ, ਉਤਨੇ ਨਾਲ ਲੈ ਕੇ ਲੜਕਾ ਸਹੁਰੇ ਘਰ ਜਾਵੇ। ਦੋਹੀਂ ਪਾਸੀਂ ਗੁਰਬਾਣੀ ਦੇ ਸ਼ਬਦ ਗਾਏ ਜਾਣ ਤੇ 'ਫਤਹ' ਗਜਾਈ ਜਾਵੇ।

(ਙ) ਵਿਆਹ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹਜ਼ੂਰ ਦੀਵਾਨ ਲਗੇ। ਸੰਗਤ ਜਾਂ ਰਾਗੀ ਕੀਰਤਨ ਕਰਨ। ਫਿਰ ਲੜਕੀ ਤੇ ਲੜਕਾ ਸ੍ਰੀ ਗੁਰੂ ਗਰੰਥ ਸਾਹਿਬ ਦੇ ਹਜ਼ੂਰ ਬਿਠਾਏ ਜਾਣ। ਲੜਕੀ, ਲੜਕੇ ਦੇ ਖੱਬੇ ਪਾਸੇ ਬੈਠੇ। ਸੰਗਤ ਦੀ ਆਗਿਆ ਲੈ ਕੇ 'ਅਨੰਦ' ਪੜ੍ਹਾਉਣ ਵਾਲਾ ਸਿੱਖ (ਮਰਦ ਜਾਂ ਇਸਤ੍ਰੀ) ਲੜਕੇ ਲੜਕੀ ਤੇ ਉਹਨਾਂ ਦਿਆਂ ਮਾਪਿਆਂ ਜਾਂ ਸਰਬਰਾਹਾਂ ਨੂੰ ਖੜਾ ਕਰਕੇ 'ਅਨੰਦ' ਦੇ ਅਰੰਭ ਦਾ ਅਰਦਾਸਾ ਸੋਧੇ।

Sri Satguru Jagjit Singh Ji eLibrary NamdhariElibrary@gmail.com

ਫਿਰ ਉਹ ਲੜਕੇ ਲੜਕੀ ਨੂੰ ਗੁਰਮਤਿ ਅਨੁਸਾਰ ਗ੍ਰਹਿਸਤ ਧਰਮ ਦੇ ਫ਼ਰਜ਼ਾਂ ਦਾ ਉਪਦੇਸ਼ ਕਰੇ।

ਪਹਿਲੇ ਦੋਹਾਂ ਨੂੰ ਸਾਂਝਾ ਉਪਦੇਸ਼ ਕਰੇ। ਇਸ ਵਿਚ ਸੂਹੀ ਰਾਗ ਦੀਆਂ ਲਾਵਾਂ ਦੇ ਭਾਵ ਅਨੁਸਾਰ ਪਤੀ-ਪਤਨੀ ਦੇ ਸੰਬੰਧ ਨੂੰ ਜੀਵਤ ਪ੍ਰਮਾਤਮਾ ਦੇ ਪਿਆਰ ਦੇ ਨਮੂਨੇ ਉਤੇ ਢਾਲਣ ਦੀ ਵਿਧੀ ਦਸੇ।

ਆਪਸ ਵਿਚ ਪ੍ਰੇਮ ਦਵਾਰਾ 'ਏਕ ਜੋਤਿ ਦੁਇ ਮੂਰਤੀ' ਹੋਣਾ ਦਸੇ ਤੇ ਇਕੁਰ ਗ੍ਰਿਹਸਤ ਧਰਮ ਨਿਬਾਹੁੰਦੇ ਹੋਏ ਆਪਣੇ ਸਾਂਝੇ ਭਰਤਾ 'ਅਕਾਲ ਪੁਰਖ' ਨਾਲ ਇਕ-ਮਿਕ ਹੋਣਾ ਦ੍ਰਿੜਾਵੇ। ਦੋਹਾਂ ਨੇ ਇਸ ਸੰਜੋਗ ਨੂੰ ਮਨੁੱਖਾ ਜਨਮ ਦੀ ਯਾਤਰਾ ਨੂੰ ਸਫਲਤਾ ਨਾਲ ਨਿਬਾਹੁਣ ਦਾ ਸਾਧਨ ਬਨਾਉਣਾ ਹੈ। ਦੋਹਾਂ ਨੇ ਇਸ ਸੰਜੋਗ ਦੇ ਰਾਹੀਂ ਪਵਿੱਤਰ ਤੇ ਗੁਰਮੁਖੀ ਜੀਵਨ ਬਿਤਾਉਣਾ ਹੈ।

ਫਿਰ ਲੜਕੇ ਤੇ ਲੜਕੀ ਨੂੰ ਆਪੋ ਆਪਣੇ ਵੱਖੋ ਵੱਖਰੇ ਗ੍ਰਹਿਸਤ ਧਰਮ ਦੇ ਫ਼ਰਜ਼ ਦਸੇ ਜਾਣ।

ਵਰ ਨੂੰ ਦਸਿਆ ਜਾਵੇ ਕਿ ਲੜਕੀ ਵਾਲਿਆਂ ਨੇ ਤੁਹਾਨੂੰ ਹੀ ਸਭ ਤੋਂ ਵਧੀਕ ਯੋਗ ਜਾਣ ਕੇ ਵਰ ਚੁਣਿਆ ਹੈ। ਆਪ ਨੇ ਆਪਣੀ ਪਤਨੀ ਨੂੰ ਅਰਧੰਗੀ ਜਾਣ ਕੇ ਸਾਰੀਆਂ ਅਵਸਥਾਵਾਂ 'ਚ ਇਕੋ ਜਿਹਾ ਪਿਆਰ ਕਰਨਾ ਤੇ ਵੰਡ ਛਕਣਾ ਹੈ। ਏਸ ਦੇ ਸਰੀਰ ਤੇ ਇੱਜ਼ਤ ਦੇ ਰਾਖੇ ਤੁਸੀਂ ਹੋ। ਇਸਤ੍ਰੀ-ਬਰਤ ਧਰਮ ਵਿਚ ਪੱਕੇ ਰਹਿਣਾ। ਇਸ ਦੇ ਮਾਤਾ-ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ-ਪਿਤਾ ਤੇ ਸੰਬੰਧੀਆਂ ਤੁੱਲ ਆਦਰ ਦੇਣਾ।

ਕੰਨਿਆ ਨੂੰ ਦਸਿਆ ਜਾਵੇ ਕਿ ਆਪ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਸੰਗਤ ਦੇ ਹਜ਼ੂਰ ਇਸ ਸੱਜਣ ਦੇ ਲੜ ਲਾਇਆ ਜਾਂਦਾ ਹੈ। ਆਪ ਇਹਨਾਂ ਦੇ 'ਨਿਰਮਲ ਭਉ' ਵਿਚ ਰਹਿੰਦੇ ਹੋਏ ਇਹਨਾਂ ਨੂੰ ਹੀ ਆਪਣੇ ਸਾਰੇ ਪ੍ਰੇਮ ਤੇ ਸ਼ਰਧਾ ਦ ਮਾਲਕ ਸਮਝਣਾ, ਦੁਖ-ਸੁਖ, ਦੇਸ਼-ਪਰਦੇਸ਼ ਵਿਚ ਆਪਣੇ ਪਤੀਬਰਤ ਧਰਮ ਵਿਚ ਪੱਕੇ ਰਹਿਣਾ, ਸੇਵਾ ਕਰਨੀ। ਇਹਦੇ ਮਾਤਾ-ਪਿਤਾ ਤੇ ਸੰਬੰਧੀਆਂ ਨੂੰ ਆਪਣੇ ਮਾਤਾ-ਪਿਤਾ ਤ ਸੰਬੰਧੀਆਂ ਵਾਂਗ ਜਾਣਨਾ।

ਉਪਦੇਸ਼ ਦੀਆਂ ਗੱਲਾਂ ਪ੍ਰਵਾਨ ਕਰਦੇ ਹੋਏ ਵਰ ਤੇ ਕੰਨਿਆ ਦੋਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਗੇ ਮੱਥਾ ਟੇਕਣ। ਫਿਰ ਲੜਕੀ ਦਾ ਪਿਤਾ ਜਾਂ ਮੁਖੀ ਸੰਬੰਧੀ ਲੜਕੇ ਦਾ ਪੱਲਾ ਲੜਕੀ ਦੇ ਹੱਥ ਫੜਾਵੇ ਤੇ ਤਾਬਿਆ ਬੈਠਾ ਸੱਜਣ ਸੂਹੀ ਮਹਲਾ ੪ ਵਿਚ ਦਿੱਤੀਆਂ ਲਾਵਾਂ ਦਾ ਪਾਠ ਸੁਣਾਵੇ। ਹਰੇਕ ਲਾਂਵ ਦਾ ਪਾਠ ਹੋਣ ਮਗਰੋਂ, ਅਗੇ ਵਰ ਤੇ ਪਿਛੇ ਕੰਨਿਆ, ਵਰ ਦਾ ਪੱਲਾ ਫੜ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਚਾਰ ਪ੍ਰਕਰਮਾ ਕਰਨ। ਪ੍ਰਕਰਮਾ ਕਰਨ ਸਮੇਂ ਰਾਗੀ ਜਾਂ ਸੰਗਤ ਲਾਵਾਂ ਨੂੰ ਕ੍ਰਮ ਅਨੁਸਾਰ ਸੁਰ ਨਾਲ ਗਾਈ ਜਾਣ ਅਤੇ ਵਰ ਕੰਨਿਆ ਹਰ ਇਕ ਲਾਂਵ ਮਗਰੋਂ ਮੱਥਾ ਟੇਕ ਕੇ ਅਗਲੀ ਲਾਂਵ ਸੁਣਨ ਲਈ ਖੜੇ ਹੋ ਜਾਣ। ਉਪਰੰਤ ਉਹ ਮੱਥਾ ਟੇਕ ਕੇ ਆਪਣੀ ਥਾਂ ਤੇ ਬੈਠ ਜਾਣ ਤੇ ਰਾਗੀ ਸਿੰਘ ਜਾਂ ਅਨੰਦ ਕਰਾਉਣ ਵਾਲਾ ਅਨੰਦ ਸਾਹਿਬ

Sri Satguru Jagjit Singh Ji eLibrary NamdhariElibrary@gmail.com

ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ ਦਾ ਪਾਠ ਕਰੇ । ਫਿਰ 'ਅਨੰਦ' ਦੀ ਸਮਾਪਤੀ ਦਾ ਅਰਦਾਸਾ ਸੋਧਿਆ ਜਾਵੇ ਤੇ ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ ।

(ਚ) ਅਨਮਤ ਵਾਲਿਆਂ ਦਾ ਵਿਆਹ 'ਅਨੰਦ' ਰੀਤੀ ਨਾਲ ਨਹੀਂ ਹੋ ਸਕਦਾ ।

(ਛ) ਲੜਕੇ ਜਾਂ ਲੜਕੀ ਦਾ ਸੰਜੋਗ ਪੈਸਾ ਲੈ ਕੇ ਨਾ ਕਰੇ ।

(ਜ) ਜੇ ਬਾਲਕੀ ਦੇ ਮਾਪੇ ਜਾਂ ਕਦੇ ਸਬੱਬ ਪਾਇ ਕੈ ਬਾਲਕੀ ਦੇ ਗ੍ਰਹਿ ਵਿਖੇ ਜਾਣ ਅਤੇ ਉਥੇ ਪ੍ਰਸ਼ਾਦਿ ਤਿਆਰ ਹੋਵੇ ਤਾਂ ਖਾਣ ਤੋਂ ਸੰਕੋਚਣਾ ਨਹੀਂ । ਅੰਨ ਨਾ ਖਾਣਾ ਸਭ ਭਰਮ ਹੈ । ਖਾਲਸੇ ਨੂੰ, ਖਾਣਾ, ਖਲਾਵਣਾ, ਸ੍ਰੀ ਗੁਰੂ ਬਾਬੇ ਅਕਾਲ ਪੁਰਖ ਬਖ਼ਸ਼ਿਆ ਹੈ । ਬੇਟੀ ਬੇਟੇ ਵਾਲੇ ਆਪਸ ਮੇਂ ਖਾਂਦੇ ਰਹਿਣ, ਇਸ ਵਾਸਤੇ ਜੋ ਗੁਰੂ ਨੇ ਦੋਵੇਂ ਸਾਕ ਇਕ ਕੀਤੇ ਹੈਨ ।[1]

(ਝ) ਜਿਸ ਇਸਤ੍ਰੀ ਦਾ ਭਰਤਾ ਕਾਲ-ਵੱਸ ਹੋ ਜਾਵੇ, ਉਹ ਚਾਹੇ ਤਾਂ ਯੋਗ ਵਰ ਦੇਖ ਕੇ ਪੁਨਰ-ਸੰਜੋਗ ਕਰ ਲਵੇ । ਸਿੱਖ ਦੀ ਇਸਤ੍ਰੀ ਮਰ ਜਾਵੇ ਤਾਂ ਉਸ ਲਈ ਭੀ ਇਹੋ ਹੁਕਮ ਹੈ ।

(ਞ) ਪੁਨਰ-ਵਿਆਹ ਦੀ ਭੀ ਉਹੋ ਰੀਤ ਹੈ, ਜੋ 'ਅਨੰਦ' ਲਈ ਉਤੇ ਦੱਸੀ ਹੈ ।

(ਟ) ਆਮ ਹਾਲਤਾਂ ਵਿਚ ਸਿੱਖ ਨੂੰ ਇਕ ਇਸਤ੍ਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਦਾ ।

(ਠ) ਅੰਮ੍ਰਿਤਧਾਰੀ ਸਿੰਘ ਨੂੰ ਚਾਹੀਦਾ ਹੈ ਕਿ ਆਪਣੀ ਸਿੰਘਣੀ ਨੂੰ ਭੀ ਅੰਮ੍ਰਿਤ ਛਕਾ ਲਵੇ ।

## ੩. ਮ੍ਰਿਤਕ ਸੰਸਕਾਰ

(ੳ) ਪ੍ਰਾਣੀ ਨੂੰ ਮਰਨ ਵੇਲੇ—ਜੇ ਮੰਜੇ ਤੇ ਹੋਵੇ ਤਾਂ—ਮੰਜੇ ਤੋਂ ਹੇਠ ਨਹੀਂ ਉਤਾਰਨਾ, ਦੀਵਾ-ਵਟੀ, ਗਊ ਮਣਸਾਉਣਾ ਜਾਂ ਹੋਰ ਕੋਈ ਮਨਮਤ ਸੰਸਕਾਰ ਨਹੀਂ ਕਰਨਾ । ਕੇਵਲ ਗੁਰਬਾਣੀ ਦਾ ਪਾਠ ਕਰਨਾ ਜਾਂ 'ਵਾਹਿਗੁਰੂ-ਵਾਹਿਗੁਰੂ' ਕਰਨਾ ।

(ਅ) ਪ੍ਰਾਣੀ ਦੇ ਦੇਹ ਤਿਆਗਣ ਤੇ ਧਾਹ ਨਹੀਂ ਮਾਰਨੀ, ਪਿੱਟਣਾ ਜਾਂ ਸਿਆਪਾ ਨਹੀਂ ਕਰਨਾ । ਮਨ ਨੂੰ 'ਵਾਹਿਗੁਰੂ' ਦੀ ਰਜ਼ਾ ਵਿਚ ਲਿਆਉਣ ਲਈ ਗੁਰਬਾਣੀ ਦਾ ਪਾਠ ਜਾਂ 'ਵਾਹਿਗੁਰੂ' ਦਾ ਜਾਪ ਕਰੀ ਜਾਣਾ ਚੰਗਾ ਹੈ ।

(ੲ) ਪ੍ਰਾਣੀ ਭਾਵੇਂ ਛੋਟੀ ਤੋਂ ਛੋਟੀ ਉਮਰ ਦਾ ਹੋਵੇ, ਸੋ ਭੀ ਸਸਕਾਰਨਾ ਚਾਹੀਦਾ ਹੈ । ਜਿਥੇ ਸਸਕਾਰ ਦਾ ਪ੍ਰਬੰਧ ਨਾ ਹੋ ਸਕੇ, ਉਥੇ ਜਲ-ਪ੍ਰਵਾਹ ਜਾਂ ਹੋਰ ਤਰੀਕਾ ਵਰਤਣ ਤੋਂ ਸ਼ੰਕਾ ਨਹੀਂ ਕਰਨੀ ।

(ਸ) ਸਸਕਾਰਨ ਲਈ ਦਿਨ ਜਾਂ ਰਾਤ ਦਾ ਭਰਮ ਨਹੀਂ ਕਰਨਾ ।

(ਹ) ਮ੍ਰਿਤਕ ਸਰੀਰ ਨੂੰ ਇਸ਼ਨਾਨ ਕਰਾ ਕੇ ਸੁਅੱਛ ਬਸਤਰ ਪਾਏ ਜਾਣ ਤੇ ਕਕਾਰ ਜੁਦਾ ਨਾ ਕੀਤੇ ਜਾਣ । ਫਿਰ ਤਖ਼ਤੇ ਉਤੇ ਪਾ ਕੇ ਚਲਾਣੇ ਦਾ ਅਰਦਾਸਾ ਸੋਧਿਆ ਜਾਵੇ ।

1. ਪ੍ਰੇਮ ਸੁਮਾਰਗ ।

Sri Satguru Jagjit Singh Ji eLibrary NamdhariElibrary@gmail.com

ਫਿਰ ਅਰਥੀ ਚੁਕ ਕੇ ਸ਼ਮਸ਼ਾਨ ਭੂਮੀ ਵੱਲ ਲਿਜਾਇਆ ਜਾਵੇ। ਨਾਲ ਵੈਰਾਗਮਈ ਸ਼ਬਦਾਂ ਦਾ ਉਚਾਰਣ ਕੀਤਾ ਜਾਵੇ। ਸਸਕਾਰ ਦੀ ਥਾਂ ਤੇ ਪਹੁੰਚ ਕੇ ਚਿਖਾ ਰਚੀ ਜਾਵੇ। ਫਿਰ ਸਰੀਰ ਨੂੰ ਅਗਨੀ ਭੇਟਾ ਕਰਨ ਲਈ ਅਰਦਾਸਾ ਸੋਧਿਆ ਜਾਵੇ। ਫਿਰ ਪ੍ਰਾਣੀ ਨੂੰ ਅੰਗੀਠੇ ਉੱਤੇ ਰੱਖ ਕੇ ਪੁੱਤਰ ਜਾਂ ਕੋਈ ਹੋਰ ਸੰਬੰਧੀ ਜਾਂ ਹਿਤੂ ਆਦਿ ਅਗਨੀ ਲਾ ਦੇਵੇ। ਸੰਗਤ ਕੁਝ ਵਿਥ ਤੇ ਬਹਿ ਕੇ ਕੀਰਤਨ ਕਰੇ ਜਾਂ ਵੈਰਾਗ-ਮਈ ਸ਼ਬਦ ਪੜ੍ਹੇ। ਜਦ ਅੰਗੀਠਾ ਪੂਰੀ ਤਰ੍ਹਾਂ ਬਲ ਉਠੇ, ਤਾਂ (ਕਪਾਲਿ ਕਿਰਿਆ ਆਦਿ ਕਰਨਾ ਮਨਮਤ ਹੈ) ਕੀਰਤਨ ਸੋਹਿਲੇ ਦਾ ਪਾਠ ਕਰ ਕੇ ਅਰਦਾਸਾ ਸੋਧ ਕੇ ਸੰਗਤ ਮੁੜ ਆਵੇ।

ਘਰ ਆ ਕੇ ਲਾਗੇ ਦੇ ਕਿਸੇ ਗੁਰਦੁਆਰੇ ਵਿਚ ਪ੍ਰਾਣੀ ਨਮਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਰਖਿਆ ਜਾਵੇ ਤੇ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰਕੇ ਅਰਦਾਸਾ ਸੋਧ ਕੇ, ਕੜਾਹ ਪ੍ਰਸ਼ਾਦਿ ਵਰਤਾਇਆ ਜਾਵੇ। ਇਸ ਪਾਠ ਦੀ ਸਮਾਪਤੀ ਦਸਵੇਂ ਦਿਨ ਹੋਵੇ। ਜੇ ਦਸਵੇਂ ਦਿਨ ਨਾ ਹੋ ਸਕੇ ਤਾਂ ਹੋਰ ਕੋਈ ਦਿਨ ਸੰਬੰਧੀਆਂ ਦੇ ਸੌਖ ਨੂੰ ਮੁਖ ਰੱਖ ਕੇ ਨੀਅਤ ਕੀਤਾ ਜਾਵੇ। ਇਸ ਪਾਠ ਦੇ ਕਰਨ ਵਿਚ ਘਰ ਵਾਲੇ ਦੇ ਸੰਬੰਧੀ ਰਲ ਕੇ ਹਿੱਸਾ ਲੈਣ। ਜੇ ਹੋ ਸਕੇ ਤਾਂ ਹਰ ਰੋਜ਼ ਰਾਤ ਨੂੰ ਕੀਰਤਨ ਭੀ ਹੋਵੇ। 'ਦੁਸਹਿਰੇ' ਤੋਂ ਪਿਛੋਂ ਚਲਾਣੇ ਦੀ ਕੋਈ ਰਸਮ ਬਾਕੀ ਨਹੀਂ ਰਹਿੰਦੀ।

(ਕ) ਮ੍ਰਿਤਕ ਪ੍ਰਾਣੀ ਦਾ 'ਅੰਗੀਠਾ' ਠੰਡਾ ਹੋਣ ਤੇ ਸਾਰੀ ਦੇਹ ਦੀ ਭਸਮ ਅਸਥੀਆਂ ਸਮੇਤ ਉਠਾ ਕੇ ਜਲ ਵਿਚ ਪ੍ਰਵਾਹ ਕਰ ਦਿੱਤੀ ਜਾਵੇ, ਜਾਂ ਉਥੇ ਹੀ ਦੱਬ ਕੇ ਜ਼ਿਮੀਂ ਬਰਾਬਰ ਕਰ ਦਿੱਤੀ ਜਾਵੇ। ਸਸਕਾਰ ਅਸਥਾਨ ਤੇ ਮ੍ਰਿਤਕ ਪ੍ਰਾਣੀ ਦੀ ਯਾਦਗਾਰ ਬਣਾਉਣੀ ਮਨ੍ਹਾਂ ਹੈ।

(ਖ) ਅੱਧ ਮਾਰਗ, ਸਿਆਪਾ, ਫੂਹੜੀ, ਦੀਵਾ, ਪਿੰਡ, ਕਿਰਿਆ, ਸਰਾਧ, ਬੁੱਢਾ ਮਰਨਾ ਆਦਿ ਕਰਨਾ ਮਨਮਤ ਹੈ। ਅੰਗੀਠੇ ਵਿਚੋਂ ਫੂਲ ਚੁਗ ਕੇ ਗੰਗਾ, ਪਤਾਲਪੁਰੀ, ਕਰਤਾਰਪੁਰ ਸਾਹਿਬ ਆਦਿਕ ਥਾਵਾਂ ਵਿਚ ਜਾ ਕੇ ਪਾਣੇ ਮਨਮਤ ਹੈ।

## ੪. ਹੋਰ ਰੀਤੀਆਂ

ਇਹਨਾਂ ਸੰਸਕਾਰਾਂ ਤੋਂ ਛੁੱਟ ਸਮੇਂ ਸਮੇਂ ਜੋ ਭੀ ਖ਼ੁਸ਼ੀ-ਗ਼ਮੀ ਦਾ ਮੌਕਾ ਆ ਬਣੇ, (ਜਿਵੇਂ ਨਵੇਂ ਮਕਾਨ ਵਿਚ ਪ੍ਰਵੇਸ਼ ਕਰਨਾ, ਨਵੀਂ ਦੁਕਾਨ ਖੋਲ੍ਹਣਾ, ਬਾਲਕ ਨੂੰ ਮਦਰਸੇ ਪਾਉਣਾ ਆਦਿ) ਤਾਂ ਸਿੱਖ ਨੂੰ ਚਾਹੀਦਾ ਹੈ ਕਿ ਵਾਹਿਗੁਰੂ ਦੀ ਸਹਾਇਤਾ ਲਈ ਅਰਦਾਸਾ ਸੋਧੇ। ਸਿੱਖੀ ਵਿਚ ਸਾਰੇ ਸੰਸਕਾਰਾਂ ਦਾ ਜ਼ਰੂਰੀ ਅੰਗ ਬਾਣੀ ਦਾ ਪਾਠ ਤੇ ਅਰਦਾਸਾ ਹੈ।

## ੫. ਸੇਵਾ

੧. ਸੇਵਾ ਸਿੱਖ ਧਰਮ ਦਾ ਇਕ ਉੱਘਾ ਅੰਗ ਹੈ। ਇਸ ਨੂੰ ਨਮੂਨੇ ਮਾਤ੍ਰ ਸਿਖਾਉਣ ਲਈ ਗੁਰਦੁਆਰਿਆਂ ਵਿਚ ਹੀ ਪ੍ਰਬੰਧ ਕੀਤਾ ਹੁੰਦਾ ਹੈ। ਸਾਧਾਰਨ ਰੂਪ ਇਸ ਦੇ ਇਹ ਹਨ—ਗੁਰਦੁਆਰੇ ਦਾ ਝਾੜੂ, ਲੇਪਣ, ਸੰਗਤਾਂ ਦੀ ਪਾਣੀ-ਪੱਖੇ ਦੀ ਸੇਵਾ, ਲੰਗਰ ਦੀ ਸੇਵਾ, ਜੋੜੇ ਝਾੜਨ ਆਦਿ।

Sri Satguru Jagjit Singh Ji eLibrary NamdhariElibrary@gmail.com

(ੳ) ਗੁਰੂ ਕਾ ਲੰਗਰ—ਇਸ ਦੇ ਦੋ ਭਾਵ ਹਨ : ਇਕ ਸਿੱਖਾਂ ਨੂੰ ਸੇਵਾ ਸਿਖਾਉਣਾ, ਦੂਜਾ ਊਚ-ਨੀਚ, ਛੂਤ-ਛਾਤ ਦਾ ਭਰਮ ਮਿਟਾਉਣਾ।

(ਅ) ਗੁਰੂ ਕੇ ਲੰਗਰ ਵਿਚ ਬੈਠ ਕੇ ਊਚ-ਨੀਚ, ਕਿਸੇ ਜ਼ਾਤ ਜਾਂ ਵਰਣ ਦਾ ਪ੍ਰਾਣੀ ਪ੍ਰਸ਼ਾਦ ਛਕ ਸਕਦਾ ਹੈ। ਪੰਗਤ ਵਿਚ ਬਿਠਾਣ ਲਗਿਆਂ ਕਿਸੇ ਦੇਸ਼, ਵਰਣ, ਜ਼ਾਤਿ ਜਾਂ ਮਜ਼੍ਹਬ ਦਾ ਵਿਤਕਰਾ ਨਹੀਂ ਕਰਨਾ। ਹਾਂ, ਇਕ ਥਾਲੀ ਵਿਚ ਕੇਵਲ ਅੰਮ੍ਰਿਤਧਾਰੀ ਸਿੱਖ ਹੀ ਛਕ ਸਕਦੇ ਹਨ।

## ੩. ਪੰਥਕ ਰਹਿਣੀ

੧. ਗੁਰੂ ਪੰਥ
੨. ਅੰਮ੍ਰਿਤ ਸੰਸਕਾਰ
੩. ਤਨਖ਼ਾਹ ਲਾਉਣ ਦੀ ਵਿਧੀ
੪. ਗੁਰਮਤਾ ਕਰਨ ਦੀ ਵਿਧੀ
੫. ਸਥਾਨਕ ਫ਼ੈਸਲਿਆਂ ਦੀ ਅਪੀਲ।

### ੧. ਗੁਰੂ ਪੰਥ

ਸੇਵਾ, ਕੇਵਲ ਪੱਖੇ ਲੰਗਰ ਆਦਿ ਤੇ ਹੀ ਨਹੀਂ ਮੁਕ ਜਾਂਦੀ; ਸਿੱਖ ਦੀ ਸਾਰੀ ਜ਼ਿੰਦਗੀ ਪਰਉਪਕਾਰ ਵਾਲੀ ਹੈ। ਸੇਵਾ ਸਫ਼ਲ ਉਹ ਹੈ, ਜੋ ਥੋਹੜੇ ਯਤਨ ਨਾਲ ਵਧੀਕ ਤੋਂ ਵਧੀਕ ਹੋ ਸਕੇ। ਇਹ ਗੱਲ ਜਥੇਬੰਦੀ ਦੇ ਰਾਹੀਂ ਹੋ ਸਕਦੀ ਹੈ। ਸਿੱਖ ਨੇ ਇਸ ਲਈ ਸ਼ਖ਼ਸੀ ਧਰਮ ਪੂਰਾ ਕਰਦਿਆਂ ਹੋਇਆਂ ਨਾਲ ਹੀ ਪੰਥਕ ਫ਼ਰਜ਼ ਭੀ ਪੂਰੇ ਕਰਨੇ ਹਨ। ਇਸ ਜਥੇਬੰਦੀ ਦਾ ਨਾਂ 'ਪੰਥ' ਹੈ। ਹਰ ਇਕ ਸਿੱਖ ਨੇ 'ਪੰਥ' ਦਾ ਇਕ ਅੰਗ ਹੋ ਕੇ ਭੀ ਆਪਣਾ ਧਰਮ ਨਿਭਾਉਣਾ ਹੈ।

(ੳ) **'ਗੁਰੂ ਪੰਥ'**--ਤਿਆਰ-ਬਰ-ਤਿਆਰ ਸਿੰਘਾਂ ਦੇ ਸਮੁੱਚੇ ਸਮੂਹ ਨੂੰ 'ਗੁਰੂ-ਪੰਥ' ਆਖਦੇ ਹਨ। ਇਸ ਦੀ ਤਿਆਰੀ ਦਸਾਂ ਗੁਰੂ ਸਾਹਿਬਾਨ ਨੇ ਕੀਤੀ ਅਤੇ ਦਸਮ ਗੁਰੂ ਜੀ ਨੇ ਇਸ ਦਾ ਅੰਤਮ ਸਰੂਪ ਬੰਨ੍ਹ ਕੇ ਗੁਰਿਆਈ ਸੌਂਪੀ।

### ੨. ਅੰਮ੍ਰਿਤ ਸੰਸਕਾਰ

(ੳ) ਅੰਮ੍ਰਿਤ ਛਕਣ ਲਈ ਇਕ ਖ਼ਾਸ ਅਸਥਾਨ ਤੇ ਪ੍ਰਬੰਧ ਹੋਵੇ। ਉਥੇ ਆਮ ਲੋਕਾਂ ਦਾ ਲਾਂਘਾ ਨਾ ਹੋਵੇ।

(ਅ) ਉਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਵੇ। ਘੱਟ ਤੋਂ ਘੱਟ ਛੇ ਤਿਆਰ-ਬਰ-ਤਿਆਰ ਸਿੰਘ ਹਾਜ਼ਰ ਹੋਣ, ਜਿਨ੍ਹਾਂ 'ਚੋਂ ਇਕ ਤਾਬਿਆ ਬੈਠੇ ਤੇ ਬਾਕੀ ਪੰਜ ਅੰਮ੍ਰਿਤ ਛਕਾਣ ਲਈ ਹੋਣ। ਇਹਨਾਂ ਵਿਚ ਸਿੰਘਣੀਆਂ ਭੀ ਹੋ ਸਕਦੀਆਂ ਹਨ। ਇਹਨਾਂ ਸਾਰਿਆਂ ਨੇ ਕੇਸੀ ਇਸ਼ਨਾਨ ਕੀਤਾ ਹੋਵੇ।

(ੲ) ਇਹਨਾਂ ਪੰਜਾਂ ਪਿਆਰਿਆਂ ਵਿਚ ਕੋਈ ਅੰਗ-ਹੀਣ (ਅੰਨ੍ਹਾ, ਕਾਣਾ, ਲੰਗਾ, ਲੂਲ੍ਹਾ) ਜਾਂ ਦੀਰਘ ਰੋਗ ਵਾਲਾ ਨਾ ਹੋਵੇ। ਕੋਈ ਤਨਖ਼ਾਹੀਆ ਨਾ ਹੋਵੇ। ਸਾਰੇ ਤਿਆਰ-ਬਰ-ਤਿਆਰ ਦਰਸ਼ਨੀ ਸਿੰਘ ਹੋਣ।

Sri Satguru Jagjit Singh Ji eLibrary NamdhariElibrary@gmail.com

(ਸ) ਹਰ ਦੇਸ਼, ਹਰ ਮਜ਼੍ਹਬ ਤੇ ਜਾਤੀ ਦੇ ਹਰ ਇਕ ਇਸਤ੍ਰੀ ਪੁਰਸ਼ ਨੂੰ ਅੰਮ੍ਰਿਤ ਛਕਣ ਦਾ ਅਧਿਕਾਰ ਹੈ, ਜੋ ਸਿੱਖ ਧਰਮ ਗ੍ਰਹਿਣ ਕਰਨ ਤੇ ਉਸ ਦੇ ਅਸੂਲਾਂ ਉਪਰ ਚਲਣ ਦਾ ਪ੍ਰਣ ਕਰੇ।

ਬਹੁਤ ਛੋਟੀ ਅਵਸਥਾ ਦਾ ਨਾ ਹੋਵੇ, ਹੋਸ਼ ਸੰਭਾਲੀ ਹੋਵੇ। ਅੰਮ੍ਰਿਤ ਛਕਣ ਵਾਲੇ ਹਰੇਕ ਪ੍ਰਾਣੀ ਨੇ ਇਸ਼ਨਾਨ ਕੀਤਾ ਹੋਵੇ ਅਤੇ ਹਰ ਇਕ ਪੰਜ ਕਕਾਰ (ਕੇਸ, ਕ੍ਰਿਪਾਨ ਗਾਤਰੇ ਵਾਲੀ, ਕਛਹਿਰਾ, ਕੰਘਾ, ਕੜਾ) ਦਾ ਧਾਰਨੀ ਹੋਵੇ। ਅਨਮਤ ਦਾ ਕੋਈ ਚਿੰਨ੍ਹ ਨਾ ਹੋਵੇ। ਸਿਰ ਨੰਗਾ ਜਾਂ ਟੋਪੀ ਨਾ ਹੋਵੇ। ਛੇਦਕ ਗਹਿਣੇ ਕੋਈ ਨਾ ਹੋਣ। ਅਦਬ ਨਾਲ ਹੱਥ ਜੋੜ ਕੇ ਸ੍ਰੀ ਗੁਰੂ ਜੀ ਦੇ ਹਜ਼ੂਰ ਖੜੇ ਹੋਣ।

(ਹ) ਜੇ ਕਿਸੇ ਨੇ ਕੁਰਹਿਤ ਕਰਨ ਕਰਕੇ ਮੁੜ ਅੰਮ੍ਰਿਤ ਛਕਣਾ ਹੋਵੇ ਤਾਂ ਉਸ ਨੂੰ ਅੱਡ ਕਰਕੇ ਸੰਗਤ ਵਿਚ ਪੰਜ ਪਿਆਰੇ ਤਨਖ਼ਾਹ ਲਾ ਲੈਣ।

(ਕ) ਅੰਮ੍ਰਿਤ ਛਕਾਉਣ ਵਾਲੇ ਪੰਜ ਪਿਆਰਿਆਂ 'ਚੋਂ ਕੋਈ ਇਕ ਸੱਜਣ ਅੰਮ੍ਰਿਤ ਛਕਣ ਦੇ ਅਭਿਲਾਖੀਆਂ ਨੂੰ ਸਿੱਖ ਧਰਮ ਦੇ ਅਸੂਲ ਸਮਝਾਵੇ : ਸਿੱਖ ਧਰਮ ਵਿਚ ਕਿਰਤਮ ਦੀ ਪੂਜਾ ਤਿਆਗ ਕੇ ਇਕ ਕਰਤਾਰ ਦੀ ਪ੍ਰੇਮਾ-ਭਗਤੀ ਤੇ ਉਪਾਸ਼ਨਾ ਦੱਸੀ ਹੈ। ਇਸ ਦੀ ਪੂਰਨਤਾ ਲਈ ਗੁਰਬਾਨੀ ਦਾ ਅਭਿਆਸ, ਸਾਧ ਸੰਗਤ ਤੇ ਪੰਥ ਦੀ ਸੇਵਾ, ਉਪਕਾਰ, ਨਾਮ ਦਾ ਪ੍ਰੇਮ ਅਤੇ ਅੰਮ੍ਰਿਤ ਛਕ ਕੇ ਰਹਿਤ-ਬਹਿਤ ਰੱਖਣਾ ਮੁਖ ਸਾਧਨ ਹਨ, ਆਦਿ। ਕੀ ਤੁਸੀਂ ਇਸ ਧਰਮ ਨੂੰ ਖ਼ੁਸ਼ੀ ਨਾਲ ਕਬੂਲ ਕਰਦੇ ਹੋ ?

(ਖ) 'ਹਾਂ' ਦਾ ਜਵਾਬ ਆਉਣ ਤੇ ਪਿਆਰਿਆਂ ਵਿਚੋਂ ਇਕ ਸੱਜਣ ਅੰਮ੍ਰਿਤ ਦੀ ਤਿਆਰੀ ਦਾ ਅਰਦਾਸਾ ਕਰਕੇ 'ਹੁਕਮ' ਲਵੇ। ਪੰਜ ਪਿਆਰੇ ਅੰਮ੍ਰਿਤ ਤਿਆਰ ਕਰਨ ਲਈ ਬਾਟੇ ਪਾਸ ਆ ਬੈਠਣ।

(ਗ) ਬਾਟਾ ਸਰਬ-ਲੋਹ ਦਾ ਹੋਵੇ ਤੇ ਚੌਂਕੀ, ਸੁਨਹਿਰੇ ਆਦਿ ਕਿਸੇ ਸਵੱਛ ਚੀਜ਼ ਪੁਰ ਰਖਿਆ ਹੋਵੇ।

(ਘ) ਬਾਟੇ ਵਿਚ ਸਵੱਛ ਜਲ ਤੇ ਪਤਾਸੇ ਪਾਏ ਜਾਣ ਤੇ ਪੰਜ ਪਿਆਰੇ ਬਾਟੇ ਦੇ ਇਰਦ-ਗਿਰਦ ਬੀਰ-ਆਸਨ[1] ਹੋ ਕੇ ਬੈਠ ਜਾਣ।

(ਙ) ਤੇ ਇਹਨਾਂ ਬਾਣੀਆਂ ਦਾ ਪਾਠ ਕਰਨ :—

ਜਪੁ, ਜਾਪੁ, ੧੦ ਸਵੱਯੇ ('ਸ੍ਰਾਵਗ ਸੁਧ' ਵਾਲੇ), ਬੇਨਤੀ ਚੌਪਈ ('ਹਮਰੀ ਕਰੋ ਹਾਥ ਦੈ ਰੱਛਾ' ਤੋਂ ਲੈ ਕੇ 'ਦੁਸਟ ਦੋਖ ਤੇ ਲੇਹੁ ਬਚਾਈ' ਤਕ), ਅਨੰਦ ਸਾਹਿਬ।

(ਚ) ਹਰ ਇਕ ਬਾਣੀ ਪੜ੍ਹਨ ਵਾਲਾ ਖੱਬਾ ਹੱਥ ਬਾਟੇ ਦੇ ਕੰਢੇ ਤੇ ਧਰੇ ਤੇ ਸੱਜੇ ਹੱਥ ਨਾਲ ਖੰਡਾ ਜਲ ਵਿਚ ਫੇਰੀ ਜਾਵੇ। ਸੁਰਤ ਇਕਾਗਰ ਹੋਵੇ। ਬਾਕੀ ਦਿਆਂ ਦੇ ਦੋਵੇਂ ਹੱਥ ਬਾਟੇ ਦੇ ਕੰਢੇ ਤੇ, ਅਤੇ ਧਿਆਨ ਅੰਮ੍ਰਿਤ ਵਲ ਟਿਕੇ।

(ਛ) ਪਾਠ ਹੋਣ ਮਗਰੋਂ ਪਿਆਰਿਆਂ ਵਿਚੋਂ ਕੋਈ ਇਕ ਅਰਦਾਸ ਕਰੇ।

---

1. ਬੀਰ ਆਸਨ—ਸੱਜਾ ਗੋਡਾ ਜ਼ਿਮੀਂ ਤੇ ਧਰ ਕੇ, ਸੱਜੀ ਲੱਤ ਦਾ ਭਾਰ ਪੈਰ ਤੇ ਰੱਖ ਕੇ ਬੈਠਣਾ ਤੇ ਖੱਬਾ ਗੋਡਾ ਉੱਚਾ ਕਰ ਕੇ ਰੱਖਣਾ।

Sri Satguru Jagjit Singh Ji eLibrary NamdhariElibrary@gmail.com

(ਜ) ਜਿਸ ਅਭਿਲਾਖੀ ਨੇ ਅੰਮ੍ਰਿਤ ਦੀ ਤਿਆਰੀ ਵੇਲੇ ਸਾਰੇ ਸੰਸਕਾਰਾਂ ਵਿਚ ਹਿੱਸਾ ਲਿਆ ਹੈ ਉਹੀ ਅੰਮ੍ਰਿਤ ਛਕਣ ਵਿਚ ਸ਼ਾਮਲ ਹੋ ਸਕਦਾ ਹੈ। ਅਧਵਾਟੇ ਆਉਣ ਵਾਲਾ ਨਹੀਂ ਹੋ ਸਕਦਾ।

(ਝ) ਹੁਣ ਸ੍ਰੀ ਕਲਗੀਧਰ ਦਸਮੇਸ਼ ਪਿਤਾ ਦਾ ਧਿਆਨ ਧਰ ਕੇ ਹਰ ਇਕ ਅੰਮ੍ਰਿਤ ਛਕਣ ਵਾਲੇ ਨੂੰ ਬੀਰ ਆਸਨ ਕਰਾ ਕੇ ਉਸ ਦੇ ਖੱਬੇ ਹੱਥ ਉਪਰ ਸੱਜਾ ਹੱਥ ਰਖਾ ਕੇ ਪੰਜ ਚੂਲੇ ਅੰਮ੍ਰਿਤ ਦੇ ਛਕਾਏ ਜਾਣ ਅਤੇ ਹਰ ਚੂਲੇ ਨਾਲ ਇਹ ਕਿਹਾ ਜਾਵੇ :— ਬੋਲ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ', ਛਕਣ ਵਾਲਾ ਛਕ ਕੇ ਕਹੇ : 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ।' ਫੇਰ ਪੰਜ ਛੱਟੇ ਅੰਮ੍ਰਿਤ ਦੇ ਨੇਤਰਾਂ ਪਰ ਲਾਏ ਜਾਣ। ਫੇਰ ਪੰਜ ਛੱਟੇ ਕੇਸਾਂ ਵਿਚ ਪਾਏ ਜਾਣ। ਹਰ ਇਕ ਛੱਟੇ ਨਾਲ ਛਕਣ ਵਾਲਾ ਛਕਾਉਣ ਵਾਲੇ ਦੇ ਪਿਛੇ ਪਿਛੇ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫ਼ਤਹ' ਗਜਾਈ ਜਾਵੇ। ਜੋ ਅੰਮ੍ਰਿਤ ਬਾਕੀ ਰਹੇ ਉਸ ਨੂੰ ਸਾਰੇ ਅੰਮ੍ਰਿਤ ਛਕਣ ਵਾਲੇ (ਸਿਖ ਤੇ ਸਿਖਣੀਆਂ) ਰਲ ਕੇ ਛਕਣ।

(ਞ) ਉਪ੍ਰੰਤ ਪੰਜੇ ਪਿਆਰੇ ਰਲ ਕੇ ਇਕੋ ਅਵਾਜ਼ ਨਾਲ ਅੰਮ੍ਰਿਤ ਛਕਣ ਵਾਲਿਆਂ ਨੂੰ 'ਵਾਹਿਗੁਰੂ' ਦਾ ਨਾਮ ਦੱਸ ਕੇ ਮੂਲ-ਮੰਤ੍ਰ ਸੁਨਾਉਣ ਤੇ ਉਹਨਾਂ ਪਾਸੋਂ ਇਸ ਦਾ ਰਟਨ ਕਰਾਉਣ :—

੧ ੴ ਸਤਿ ਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥

(ਟ) ਫਿਰ ਪੰਜਾਂ ਪਿਆਰਿਆਂ ਵਿਚੋਂ ਕੋਈ ਸੱਜਣ ਰਹਿਤ ਦਸੇ—ਅੱਜ ਤੋਂ ਤੁਸੀਂ 'ਸਤਿਗੁਰ ਕੇ ਜਨਮੈ ਗਵਨੁ ਮਿਟਾਇਆ' ਹੈ ਅਤੇ ਖਾਲਸਾ ਪੰਥ ਵਿਚ ਸ਼ਾਮਲ ਹੋਏ ਹੋ। ਤੁਹਾਡਾ ਧਾਰਮਿਕ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਧਾਰਮਿਕ ਮਾਤਾ ਸਾਹਿਬ ਕੌਰ ਜੀ ਹਨ। ਜਨਮ ਆਪ ਦਾ ਕੇਸਗੜ੍ਹ ਸਾਹਿਬ ਦਾ ਤੇ ਵਾਸੀ ਅਨੰਦਪੁਰ ਸਾਹਿਬ ਦੀ ਹੈ। ਤੁਸੀਂ ਇਕ ਪਿਤਾ ਦੇ ਪੁੱਤਰ ਹੋਣ ਕਰਕੇ ਆਪਸ ਵਿਚ ਤੇ ਹੋਰ ਸਾਰੇ ਅੰਮ੍ਰਿਤ-ਧਾਰੀਆਂ ਦੇ ਧਾਰਮਿਕ ਭਰਾਤਾ ਹੋ। ਤੁਸੀਂ ਪਿਛਲੀ ਕੁਲ, ਕਿਰਤ, ਧਰਮ ਦਾ ਤਿਆਗ ਕਰਕੇ ਅਰਥਾਤ ਪਿਛਲੀ ਜ਼ਾਤ-ਪਾਤ, ਜਨਮ, ਦੇਸ, ਮਜ਼੍ਹਬ ਦਾ ਖਿਆਲ ਤਕ ਛੱਡ ਕੇ, ਨਿਰੋਲ ਖ਼ਾਲਸਾ ਬਣ ਗਏ ਹੋ। ਇਕ ਅਕਾਲ ਪੁਰਖ ਤੋਂ ਛੁਟ ਕਿਸੇ ਦੇਵੀ, ਦੇਵਤੇ, ਅਵਤਾਰ, ਪੈਗੰਬਰ ਦੀ ਉਪਾਸ਼ਨਾ ਨਹੀਂ ਕਰਨੀ। ਦਸੋਂ ਗੁਰੂ ਸਾਹਿਬਾਨ ਨੂੰ ਤੇ ਉਹਨਾਂ ਦੀ ਬਾਣੀ ਤੋਂ ਬਿਨਾਂ ਕਿਸੇ ਹੋਰ ਨੂੰ ਆਪਣਾ ਮੁਕਤੀ-ਦਾਤਾ ਨਹੀਂ ਮੰਨਣਾ। ਤੁਸੀਂ ਗੁਰਮੁਖੀ ਜਾਣਦੇ ਹੋ (ਜੇ ਨਹੀਂ ਜਾਣਦੇ ਤਾਂ ਸਿੱਖ ਲਓ) ਅਤੇ ਹਰ ਰੋਜ਼ ਘੱਟ ਤੋਂ ਘੱਟ ਇਹਨਾਂ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਨਾ ਜਾਂ ਸੁਣਨਾ : ਜਪੁ, ਜਾਪੁ, ੧੦ ਸਵੱਯੇ ('ਸ੍ਰਾਵਗ ਸੁਧ' ਵਾਲੇ), ਸੋਦਰੁ ਰਹਿਰਾਸ ਤੇ ਸੋਹਿਲਾ। ਸ੍ਰੀ ਗੁਰੂ ਗਰੰਥ ਸਾਹਿਬ ਜੀ ਦਾ ਪਾਠ ਕਰਨਾ ਜਾਂ ਸੁਣਨਾ,

Sri Satguru Jagjit Singh Ji eLibrary NamdhariElibrary@gmail.com

ਪੰਜਾਂ ਕੱਕਿਆਂ—ਕੇਸ, ਕ੍ਰਿਪਾਨ[1], ਕਛਹਿਰਾ[2], ਕੰਘਾ, ਕੜਾ[3] ਨੂੰ ਹਰ ਵੇਲੇ ਅੰਗ-ਸੰਗ ਰੱਖਣਾ।

ਇਹ ਚਾਰ ਕੁਰਹਿਤਾਂ ਨਹੀਂ ਕਰਨੀਆਂ :—

੧. ਕੇਸਾਂ ਦੀ ਬੇਅਦਬੀ।
੨ ਕੁੱਠਾ[4] ਖਾਣਾ।
੩. ਪਰ-ਇਸਤ੍ਰੀ ਜਾਂ ਪਰ-ਪੁਰਸ਼ ਦਾ ਗਮਨ (ਭੋਗਣਾ)।
੪. ਤਮਾਕੂ ਦਾ ਵਰਤਣਾ।

ਇਹਨਾਂ ਵਿਚੋਂ ਕੋਈ ਕੁਰਹਿਤ ਹੋ ਜਾਵੇ ਤਾਂ ਮੁੜ ਕੇ ਅੰਮ੍ਰਿਤ ਛਕਣਾ ਪਏਗਾ। ਆਪਣੀ ਇੱਛਾ ਵਿਰੁਧ ਅਨਭੋਲ ਹੀ ਕੋਈ ਕੁਰਹਿਤ ਹੋ ਜਾਵੇ ਤਾਂ ਕੋਈ ਦੰਡ ਨਹੀਂ। ਸਿਰਗੁੰਮ[5] ਨੜੀ-ਮਾਰ (ਜੋ ਸਿੱਖ ਹੋ ਕੇ ਇਹ ਕੰਮ ਕਰਨ) ਦਾ ਸੰਗ ਨਹੀਂ ਕਰਨਾ। ਪੰਥ ਸੇਵਾ ਅਤੇ ਗੁਰਦੁਆਰਿਆਂ ਦੀ ਟਹਿਲ ਵਿਚ ਤੱਤਪਰ ਰਹਿਣਾ, ਆਪਣੀ ਕਮਾਈ ਵਿਚੋਂ ਗੁਰੂ ਕਾ ਦਸਵੰਧ ਦੇਣਾ ਆਦਿ ਸਾਰੇ ਕੰਮ ਗੁਰਮਤਿ ਅਨੁਸਾਰ ਕਰਨੇ।

ਖਾਲਸਾ ਧਰਮ ਦੇ ਨਿਯਮਾਂ ਅਨੁਸਾਰ ਜਥੇਬੰਦੀ ਵਿਚ ਇਕ ਸੂਤ ਪਰੋਏ ਰਹਿਣਾ, ਰਹਿਤ ਵਿਚ ਕੋਈ ਭੁੱਲ ਹੋ ਜਾਵੇ ਤਾਂ ਖ਼ਾਲਸੇ ਦੇ ਦੀਵਾਨ ਵਿਚ ਹਾਜ਼ਰ ਹੋ ਕੇ ਬੇਨਤੀ ਕਰ ਕੇ ਤਨਖ਼ਾਹ ਬਖਸ਼ਾਉਣੀ। ਅਗੇ ਲਈ ਸਾਵਧਾਨ ਰਹਿਣਾ।

(ਠ) ਤਨਖ਼ਾਹੀਏ ਇਹ ਹਨ :

੧. ਮੀਣੇ[6] ਮਸੰਦ, ਧੀਰਮਲੀਏ, ਰਾਮਰਾਈਏ ਆਦਿਕ ਪੰਥ ਵਿਰੋਧੀਆਂ ਨਾਲ ਜਾਂ ਨੜੀ-ਮਾਰ, ਕੁੜੀ-ਮਾਰ, ਸਿਰਗੁੰਮ ਨਾਲ ਵਰਤਣ ਵਾਲਾ[7] ਤਨਖ਼ਾਹੀਆ ਹੋ ਜਾਂਦਾ ਹੈ।

---

1. ਕ੍ਰਿਪਾਨ ਦੀ ਲੰਬਾਈ ਦੀ ਕੋਈ ਹੱਦ ਨਹੀਂ ਹੋ ਸਕਦੀ।
2. ਕਛਹਿਰਾ ਕਿਸੇ ਵੀ ਕਪੜੇ ਦਾ ਹੋ ਸਕਦਾ ਹੈ, ਪਰ ਗੋਡਿਆਂ ਤੋਂ ਨੀਵਾਂ ਨਾ ਹੋਵੇ।
3. ਕੜਾ ਸਰਬ-ਲੋਹ ਦਾ ਹੋਵੇ।
4. ਕੁੱਠਾ ਤੋਂ ਭਾਵ ਉਹ ਮਾਸ ਹੈ, ਜੋ ਮੁਸਲਮਾਨੀ ਤਰੀਕੇ ਨਾਲ ਤਿਆਰ ਕੀਤਾ ਹੋਵੇ।
5. ਕੇਸਾਧਾਰੀ ਹੋ ਕੇ ਕੇਸ ਕਟਾ ਦੇਵੇ।
6. ਇਹਨਾਂ ਵਿਚੋਂ ਜਿਹੜੇ ਅੰਮ੍ਰਿਤ ਛਕ ਕੇ ਪੰਥ ਵਿਚ ਮਿਲ ਜਾਣ, ਉਹਨਾਂ ਨਾਲ ਵਰਤਣਾ ਠੀਕ ਹੈ।
7. 'ਵਰਤਣ' ਤੋਂ ਭਾਵ ਰੋਟੀ-ਬੇਟੀ ਦੀ ਸਾਂਝ ਹੈ, ਜਿਸ ਦਾ ਸਪੱਸ਼ਟ ਅਰਥ ਰਿਸ਼ਤਾ-ਨਾਤਾ ਕਰਕੇ ਬਰਾਦਰੀ ਦਾ ਸੰਬੰਧ ਪੈਦਾ ਕਰਨਾ ਹੈ। ਗੁਰੂ ਸਾਹਿਬ ਦਾ ਭਾਵ ਪੰਥ ਨੂੰ ਇਕ ਕਰਕੇ ਰੱਖਣ ਦਾ ਸੀ ਤਾਂ ਕਿ ਵੱਖਰੇ ਵੱਖਰੇ ਗੁਰਿਆਈ ਦੇ ਸੈਂਟਰ ਜਾਂ ਮਿਲ-ਗੋਭਾ ਸਿੱਖੀ ਦੇ ਅੱਡੇ ਨਾ ਬਣਨ।

Sri Satguru Jagjit Singh Ji eLibrary NamdhariElibrary@gmail.com

੨. ਬੇ-ਅੰਮ੍ਰਿਤੀਏ ਜਾਂ ਪਤਿਤ ਦਾ ਜੂਠਾ ਖਾਣ ਵਾਲਾ ।
੩. ਦਾਹੜਾ ਰੰਗਣ ਵਾਲਾ ।
੪. ਪੁੱਤਰ ਜਾਂ ਧੀ ਦਾ ਸਾਕ ਮੁਲ ਲੈ ਕੇ ਜਾਂ ਦੇ ਕੇ ਕਰਨ ਵਾਲਾ ।
੫. ਕੋਈ ਨਸ਼ਾ (ਭੰਗ, ਅਫੀਮ, ਸ਼ਰਾਬ, ਪੋਸਤ, ਕੁਕੀਨ ਆਦਿਕ) ਵਰਤਣ ਵਾਲਾ ।
੬. ਗੁਰਮਤਿ ਤੋਂ ਵਿਰੁਧ ਕੋਈ ਸੰਸਕਾਰ ਕਰਨ ਕਰਾਣ ਵਾਲਾ ।
੭. ਰਹਿਤ ਵਿਚ ਕੋਈ ਭੁੱਲ ਕਰਨ ਵਾਲਾ ।

(ਡ) ਇਹ ਸਿਖਿਆ ਦੇਣ ਤੋਂ ਉਪ੍ਰੰਤ ਪੰਜਾਂ ਪਿਆਰਿਆਂ ਵਿਚੋਂ ਕੋਈ ਸੱਜਣ ਅਰਦਾਸਾ ਕਰੇ ।

(ਢ) ਫਿਰ ਤਾਬਿਆ ਬੈਠਾ ਸਿੰਘ 'ਹੁਕਮ' ਲਵੇ । ਜਿਹਨਾਂ ਨੇ ਅੰਮ੍ਰਿਤ ਛਕਿਆ ਹੈ, ਉਹਨਾਂ ਵਿਚੋਂ ਜੇ ਕਿਸੇ ਦਾ ਨਾਮ ਅਗੇ ਸ੍ਰੀ ਗੁਰੂ ਗਰੰਥ ਸਾਹਿਬ ਜੀ ਤੋਂ ਨਹੀਂ ਸੀ ਰਖਿਆ ਹੋਇਆ, ਉਸ ਦਾ ਨਾਮ ਹੁਣ ਬਦਲ ਕੇ ਰਖਿਆ ਜਾਵੇ ।

(ਣ) ਅੰਤ ਕੜਾਹ ਪ੍ਰਸ਼ਾਦਿ ਵਰਤੇ । ਜਹਾਜ਼ ਚੜ੍ਹੇ ਸਾਰੇ ਸਿੰਘ ਤੇ ਸਿੰਘਣੀਆਂ ਇਕੋ ਬਾਟੇ ਵਿਚੋਂ ਕੜਾਹ ਪ੍ਰਸ਼ਾਦਿ ਰਲ ਕੇ ਛਕਣ ।

## ੩. ਤਨਖ਼ਾਹ ਲਾਉਣ ਦੀ ਵਿਧੀ

(ੳ) ਜਿਸ ਕਿਸੇ ਸਿੱਖ ਪਾਸੋਂ ਰਹਿਤ ਦੀ ਕੋਈ ਭੁੱਲ ਹੋ ਜਾਵੇ ਤਾਂ ਉਹ ਨੇੜੇ ਦੀ ਗੁਰ-ਸੰਗਤ ਪਾਸ ਹਾਜ਼ਰ ਹੋਵੇ ਅਤੇ ਸੰਗਤ ਦੇ ਸਨਮੁਖ ਖੜੋ ਕੇ ਆਪਣੀ ਭੁੱਲ ਮੰਨੇ ।

(ਅ) ਗੁਰ-ਸੰਗਤ 'ਚੋਂ ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਪੰਜ ਪਿਆਰੇ ਬਣ ਜਾਣ, ਜੋ ਪੇਸ਼ ਹੋਏ ਸੱਜਣ ਦੀ ਭੁੱਲ ਨੂੰ ਵਿਚਾਰ ਕੇ, ਗੁਰੂ-ਸੰਗਤ ਪਾਸ ਤਨਖਾਹ (ਦੰਡ) ਤਜਵੀਜ਼ ਕਰਨ ।

(ੲ) ਸੰਗਤ ਨੂੰ ਬਖ਼ਸ਼ਣ ਵੇਲੇ ਹਠ ਨਹੀਂ ਕਰਨਾ ਚਾਹੀਦਾ । ਨਾ ਹੀ ਤਨਖਾਹ ਲੁਆਣ ਵਾਲੇ ਨੂੰ ਦੰਡ ਭਰਨ ਵਿਚ ਅੜੀ ਕਰਨੀ ਚਾਹੀਦੀ ਹੈ । ਤਨਖਾਹ ਕਿਸੇ ਕਿਸਮ ਦੀ ਸੇਵਾ, ਖ਼ਾਸ ਕਰਕੇ ਜੋ ਹੱਥਾਂ ਨਾਲ ਕੀਤੀ ਜਾ ਸਕੇ, ਲਾਉਣੀ ਚਾਹੀਦੀ ਹੈ ।

(ਸ) ਅੰਤ ਸੋਧ ਦੀ ਅਰਦਾਸ ਹੋਵੇ ।

## ੪. ਗੁਰਮਤਾ ਕਰਨ ਦੀ ਵਿਧੀ

(ੳ) ਗੁਰਮਤਾ ਕੇਵਲ ਉਨ੍ਹਾਂ ਸਵਾਲਾਂ ਤੇ ਹੀ ਹੋ ਸਕਦਾ ਹੈ, ਜੋ ਸਿਖ ਧਰਮ ਦੇ ਮੁੱਢਲੇ ਅਸੂਲਾਂ ਦੀ ਪੁਸ਼ਟੀ ਲਈ ਹੋਣ, ਅਰਥਾਤ ਗੁਰੂ ਸਾਹਿਬਾਨ ਜਾਂ ਗੁਰੂ ਗਰੰਥ ਸਾਹਿਬ ਦੀ ਪਦਵੀ, ਬੀੜ ਦੀ ਨਿਰੋਲਤਾ, ਅੰਮ੍ਰਿਤ, ਰਹਿਤ-ਬਹਿਤ, ਪੰਥ ਦੀ ਬਣਾਵਟ ਆਦਿ ਨੂੰ ਕਾਇਮ ਰੱਖਣ ਬਾਬਤ । ਹੋਰ ਕਿਸੇ ਕਿਸਮ ਦੇ ਸਾਧਾਰਨ (ਧਾਰਮਿਕ, ਵਿਦਿਅਕ, ਸਮਾਜਕ, ਪੁਲੀਟੀਕਲ) ਸਵਾਲ ਉਤੇ ਕੇਵਲ ਮਤਾ ਹੋ ਸਕਦਾ ਹੈ ।

(ਅ) ਇਹ ਗੁਰਮਤਾ ਗੁਰੂ-ਪੰਥ ਦਾ ਚੁਣਿਆ ਹੋਇਆ ਕੇਵਲ ਸ਼ਰੋਮਣੀ ਜੱਥਾ ਜਾਂ ਗੁਰੂ-ਪੰਥ ਦਾ ਪ੍ਰਤੀਨਿਧ ਇਕੱਠ ਹੀ ਕਰ ਸਕਦਾ ਹੈ ।

## ੫. ਸਥਾਨਕ ਫ਼ੈਸਲਿਆਂ ਦੀ ਅਪੀਲ

ਸਥਾਨਕ ਗੁਰ-ਸੰਗਤਾਂ ਦੇ ਫ਼ੈਸਲਿਆਂ ਦੀ ਅਪੀਲ ਸ੍ਰੀ ਅਕਾਲ ਤਖ਼ਤ ਸਾਹਿਬ ਪਾਸ ਹੋ ਸਕਦੀ ਹੈ । □

Sri Satguru Jagjit Singh Ji eLibrary NamdhariElibrary@gmail.com

# "ਸੀਲ ਜਤ ਕੀ ਕੱਛ"

ਭਾਈ ਗੁਰਦਾਸ ਜੀ (ਦੂਜੇ) ਨੇ ਆਪਣੀ ਲਿਖੀ 'ਵਾਹ ਵਾਹ ਗੁਰੂ ਗੋਬਿੰਦ ਸਿੰਘ ਆਪੇ ਗੁਰੁ ਚੇਲਾ' ਦੀ ਵਾਰ ਦੀ ਪੰਦਰ੍ਹਵੀਂ ਪਉੜੀ ਵਿਚ ਜਿੱਥੇ ਪਾਵਨ ਕੇਸਾਂ ਦੇ ਕ੍ਰਿਪਾਨ (ਖੜਗ) ਦਾ ਜ਼ਿਕਰ ਕੀਤਾ ਹੈ, ਉਥੇ ਵਿਸ਼ੇਸ਼ ਕਰਕੇ ਕਛਹਿਰੇ ਬਾਬਤ ਲਿਖਿਆ ਹੈ। ਇਸੇ ਪਉੜੀ ਦੀਆਂ ਪਹਿਲੀਆਂ ਪੰਜ ਤੁਕਾਂ ਹਨ :

ਓਹ ਗੁਰੂ ਗੋਬਿੰਦ ਸਿੰਘ ਹੁਇ ਪ੍ਰਗਟਿਆ ਦਸਵੇਂ ਅਵਤਾਰਾ।
ਜਿਨ ਅਲਖ ਅਕਾਲ,
ਨਿਰੰਜਨਾ ਜਪਿਓ ਕਰਤਾਰਾ।
ਜਿਨ ਪੰਥ ਚਲਾਇਓ,
ਖਾਲਸਾ ਧਰ ਤੇਜ ਕਰਾਰਾ।
ਸਿਰ ਕੇਸ ਧਾਰ ਗਹਿ ਖੜਗ ਕੋ,
ਸਭ ਦੁਸ਼ਟ ਪਛਾਰਾ।
**ਸੀਲ ਜਤ ਕੀ ਕੱਛ ਪਹਿਰਿ**
ਪਕੜੇ ਹਥਿਆਰਾ। ੧੫।

ਇਸ ਤੋਂ ਇਹ ਪ੍ਰਗਟ ਹੁੰਦਾ ਹੈ ਕਿ ਪਵਿਤਰ ਕਛਹਿਰਾ ਇਕ ਅਤਿ ਲਾਜ਼ਮੀ ਕਕਾਰ ਹੈ ਤੇ ਇਸ ਦਾ ਪੰਥ ਦੀ ਸਾਜਨਾ ਤੇ ਖਾਲਸੇ ਦੀ ਰਹਿਤ ਨਾਲ ਕੋਈ ਡੂੰਘਾ ਸੰਬੰਧ ਹੈ। ਇਹ ਗੱਲ ਚੰਗੀ ਤਰ੍ਹਾਂ ਸਮਝਣ ਲੈਣੀ ਚਾਹੀਦੀ ਹੈ ਕਿ ਕਛਹਿਰਾ ਕੋਈ ਨਿਰਾ ਪਹਿਰਣ ਹੀ ਨਹੀਂ ਹੈ, ਜਿਵੇਂ ਕਈ ਇਸ ਨੂੰ ਅੱਜ ਦੀ ਨਿਕਰ ਸ਼ਾਰਟ ਆਖ ਜਾਂਦੇ ਹਨ, ਇਸ ਪਿਛੇ ਕਈ ਰਹਸ ਲੁਕੇ ਹੋਏ ਹਨ।

ਭਾਈ ਗੁਰਦਾਸ ਜੀ ਦੀ ਦ੍ਰਿਸ਼ਟੀ ਵਿਚ ਇਹ ਜਤ ਦਾ ਚਿੰਨ੍ਹ ਹੈ। ਸੰਤ ਭੂਪ ਸਿੰਘ ਜੀ ਦੀ ਨਜ਼ਰ ਵਿਚ, "ਇਹ ਹਨੂੰਮਾਨ ਦੀ ਸ਼ਕਤੀ" ਦਾ ਪ੍ਰਤੀਕ ਹੈ। ਭਾਈ ਕੇਸਰ ਸਿੰਘ ਜੀ ਛਿਬਰ ਲਿਖਦੇ ਹਨ ਕਿ :

'ਜੰਞੂ ਟਿਕਾ ਧੋਤੀ ਕਰੇ ਤਿਆਗ।
ਨ ਤੱਤੇ ਦੀ ਸੰਗਤ, ਨ ਤੱਤੇ ਸੇਤੀ ਸੁਪਨੇ ਭੀ ਕਰੇ ਲਾਗ।'

Sri Satguru Jagjit Singh Ji eLibrary NamdhariElibrary@gmail.com

ਨਾਲ ਇਹ ਵੀ ਲਿਖਿਆ ਹੈ ਕਿ

"ਚਤਰਾਈਆਂ ਚਾਤੁ੍ ਬਹੁਤ ਕਰੇਸਨ ।
ਪਰ ਮਰਯਾਦਾ ਗਰੰਥ ਨ ਭੰਨ ਸਕੇਸਨ ।
ਕਾਰਨ ਧਰਮ, ਪੰਥ ਜੁਦਾ ਹੈ ਕੀਤਾ ।
ਗੁਰੂ ਕਾ ਸਿੱਖ ਚਲੇ ਧਰਮ ਕੀ ਰੀਤਾ ।" ੫੦੪ ॥

ਮੁਨਸ਼ੀ ਖੁਸ਼ਵਕਤ ਰਾਇ ਤਾਰੀਖ-ਇ-ਸਿੱਖਾਂ ਵਿਚ ਲਿਖਦਾ ਹੈ ਕਿ ਅਜ਼ਾਂ ਰੋਜ਼ ਜ਼ੁਨਾਰ ਬਸ਼ਿਕਸਤ, ਅਰਥਾਤ ਉਸ ਦਿਨ (ਵੈਸਾਖੀ) ਤੋਂ ਜਨੇਊ ਤੋੜ ਦਿੱਤਾ। ਇਥੇ ਇਹ ਵੀ ਯਾਦ ਰਹੇ ਕਿ ਜਨੇਊ ਨ ਪਹਿਨਣ ਦੀ ਗੱਲ ਗੁਰੂ ਨਾਨਕ ਜੀ ਕਰ ਚੁਕੇ ਹਨ, ਇਥੇ ਉਸ ਦਾ ਭਾਵ ਕੋਈ ਹੋਰ ਹੀ ਸੀ ।

ਜੀਵਨ ਬਾਬਾ ਬੁਢਾ ਜੀ ਵਿਚ ਭਾਈ ਮੰਗਲ ਸਿੰਘ ਜੀ ਲਿਖਦੇ ਹਨ, ਜਦ ਗੁਰੂ ਗੋਬਿੰਦ ਸਿੰਘ ਜੀ ਪੰਜਾਂ ਪਿਆਰਿਆਂ ਨੂੰ ਬਾਹਰ ਲੈ ਕੇ ਆਏ ਤਾਂ

"ਪੰਜ ਕਕਾਰ ਸੀਗ ਪਹਿਰਾਏ" ।
ਲਕ ਨਾਲ ਕ੍ਰਿਪਾਨ ਸੁਹਾਏ ।
**ਤੇੜ ਕਛਹਿਰਾ** ਹਥੀਂ ਕੜਾ ।
ਕੰਘਾ ਕੇਸਾਂ ਦੇ ਵਿਚ ਧਰਾ ।
ਮੁਖ ਪਰ ਅਚਰਜ ਨੂਰ ਸਹਾਵੈ ।
ਮੇਹਰ ਗੁਰਾਂ ਦੀ ਅਤਿ ਛਬਿ ਪਾਵੈ । ੩੯ ।

ਇਸੇ ਤਰ੍ਹਾਂ ਸੰਤ ਭੂਪ ਸਿੰਘ ਆਪਣੇ ਗ੍ਰੰਥ 'ਸੁਧਰਮ ਮਾਰਗ' ਵਿਚ ਅੰਮ੍ਰਿਤ ਛਕਾਉਣ ਦੀ ਰੀਤ ਦੱਸਦੇ ਹੋਏ ਕਹਿੰਦੇ ਹਨ ਕਿ

**"ਜੋ ਅੰਮ੍ਰਿਤ ਪਾਨ ਕਰੇਗਾ, ਚਾਰ ਵਰਨੋਂ ਮੇਂ ਸੇ ਮੁਕਤ ਹੋਵੇਗਾ** । ਔਰ ਨੀਚ ਆਦਿਕ ਭੀ ਗਤਿ ਪਾਵਹਿਗੇ । ਜਹਾਂ ਖਾਲਸਾ ਮਿਲ ਬੈਠੇ, ਤਹਾਂ ਬੀਚ ਗੁਰੂ ਰੂਪ ਜਾਨ ਕਰਿ ਗੁਰੂ ਗਰੰਥ ਸਾਹਿਬ ਰਾਖ ਲੈਣਾ । ਵਹਾਂ ਪਾਂਚੋਂ ਮਿਲ ਏਹੀ ਰੀਤ ਕਰਣੀ। ਜੋ ਅੰਮ੍ਰਿਤ ਛਕਿਆ ਚਾਹੈ, **ਕਛ ਪਹਿਰਾਵੈ ।** ਕੇਸ ਇਕੱਠੇ ਕਰ ਜੂੜਾ ਕਰੇ । ਦਸਤਾਰ ਸਜਾਏ ।

ਪ੍ਰੇਮ ਸੁਮਾਰਗ ਵਿਚ ਬਚਨ ਹੈ **"ਕਛ ਪਹਿਰੇ ਸੁਪੇਦ ।"**

ਸਾਡੇ ਇਤਿਹਾਸ ਵਿਚ ਇਕ ਹੋਰ ਵਾਰਤਾ ਵੀ ਆਉਂਦੀ ਹੈ ਕਿ ਜਦ ਪਹਾੜੀ ਰਾਜਿਆਂ ਨੂੰ ਅੰਮ੍ਰਿਤ ਛੱਕਣ ਲਈ ਪ੍ਰੇਰਿਆ ਗਿਆ ਤਾਂ ਉਨ੍ਹਾਂ ਖੰਡੇ ਦਾ ਅੰਮ੍ਰਿਤ ਛੱਕਣਾ ਤਾਂ ਸਵੀਕਾਰ ਕਰ ਲਿਆ ਪਰ ਦੋ ਸ਼ਰਤਾਂ ਲਗਾਈਆਂ। ਇਕ ਉਹ ਸਾਂਝੇ ਬਾਟੇ ਵਿਚੋਂ ਅੰਮ੍ਰਿਤ ਨਹੀਂ ਛਕਣਗੇ, ਉਨ੍ਹਾਂ ਲਈ ਵੱਖ ਤਿਆਰ ਕੀਤਾ ਜਾਏ ਅਤੇ ਦੂਜੇ ਉਹਨਾਂ ਨੂੰ ਧੋਤੀ ਪਹਿਨਣ ਦੀ ਆਗਿਆ ਦਿੱਤੀ ਰੱਖੀ ਜਾਏ ਅਤੇ ਉਹ ਕਛਹਿਰਾ ਨਹੀਂ ਪਹਿਣਨਗੇ । ਗੁਰੂ ਗੋਬਿੰਦ ਸਿੰਘ ਜੀ ਨੇ ਮੈਲੇ ਹੰਕਾਰੀ ਭਾਂਡੇ ਵਿਚ ਅੰਮ੍ਰਿਤ ਪਾਉਣ ਤੋਂ ਇਨਕਾਰ ਕਰ ਦਿੱਤਾ ਸੀ। ਇਥੇ ਸਵਾਲ ਇਹ ਉਠਦਾ ਹੈ ਕਿ ਪਹਾੜੀ ਰਾਜੇ ਕਛਹਿਰੇ ਦੇ ਇਤਨੇ ਵਿਰੁਧ ਕਿਉਂ ਸਨ ਤੇ ਧੋਤੀ-ਪਕੜ ਕਿਉਂ ਕਰਦੇ ਸਨ ।

Sri Satguru Jagjit Singh Ji eLibrary NamdhariElibrary@gmail.com

ਜੋ ਸਜਣ ਕਛਹਿਰੇ ਨੂੰ ਹਨੂੰਮਾਨ ਦੀ ਸਾਖੀ ਸੁਣਾ ਕੇ ਮਹੱਤਤਾ ਦਰਸਾਉਂਦੇ ਹਨ, ਉਨ੍ਹਾਂ ਨੂੰ ਸਿਰਫ਼ ਇਹ ਹੀ ਕਹਿਣਾ ਹੈ ਕਿ ਹਨੂੰਮਾਨ ਨੂੰ 'ਕਛਉਟੀ' ਕਰਮਾਂ ਦੇ ਸਦਕੇ ਕਰਕੇ ਮਿਲੀ ਸੀ ਅਤੇ ਸਾਨੂੰ ਕਛਹਿਰਾ ਬਖ਼ਸ਼ਸ਼ ਵਜੋਂ ਮਿਲਿਆ ਹੈ। ਦੋਵਾਂ ਦਾ ਕੋਈ ਮੇਲ ਨਹੀਂ। ਸਾਹਿਬ ਗੁਰੂ ਗ੍ਰੰਥ ਸਾਹਿਬ ਦੇ ਧਨਾਸਰੀ ਰਾਗ ਵਿਚ ਭਗਤ ਤ੍ਰਿਲੋਚਨ ਜੀ ਦਾ ਸ਼ਬਦ ਇਹ ਸਪੱਸ਼ਟ ਕਰਦਾ ਹੈ ਕਿ ਹਨੂੰਮਾਨ ਦਾ ਪਿੱਛਾ ਇਸ ਕਛਹਿਰੇ ਨੇ ਨਾਂਹ ਛੱਡਿਆ ਕਿਉਂਕਿ ਉਸ ਨੇ ਆਪਣੇ ਕਰਮਾਂ ਦਾ ਕੀਤਾ ਪਾਉਣਾ ਸੀ। ਤ੍ਰਿਲੋਚਨ ਜੀ ਲਿਖਦੇ ਹਨ ਕਿ ਆਪਣੇ ਕਰਮ ਦੇ ਕਾਰਨ ਚੰਦਰਮਾ ਦਾ ਦਾਗ ਨਾ ਹੱਟ ਸਕਿਆ, ਭਾਵੇਂ ਉਹ ਸ਼ਿਵ ਜੀ ਦੇ ਮੱਥੇ ਤੇ ਵੱਸਦਾ ਹੈ, ਰੋਜ਼ ਗੰਗਾ ਵਿਚ ਇਸ਼ਨਾਨ ਕਰਦਾ ਹੈ ਤੇ ਭਾਵੇਂ ਉਸ ਦੀ ਕੁਲ ਵਿਚੋਂ ਵਿਸ਼ਨੂੰ ਜੀ ਨੇ ਕ੍ਰਿਸ਼ਨ ਰੂਪ ਧਾਰ ਕੇ ਜਨਮ ਵੀ ਲਿਆ ਹੈ।

ਆਪਣੇ ਕਰਮਾਂ ਕਰਕੇ ਸੂਰਜ ਦਾ ਰਥਵਾਨ ਅਰੁਣ ਪਿੰਗਲਾ ਹੀ ਰਿਹਾ ਭਾਵੇਂ ਸਾਰੇ ਜਗਤ ਨੂੰ ਚਾਨਣ ਦੇਣ ਵਾਲਾ ਸੂਰਜ ਉਸ ਦਾ ਸਵਾਮੀ ਹੈ, ਪੰਛੀਆਂ ਦਾ ਰਾਜਾ ਗਰੁੜ ਉਸ ਦਾ ਰਿਸ਼ਤੇਦਾਰ ਹੈ।

ਬ੍ਰਹਮ-ਹੱਤਿਆ ਦੇ ਕੀਤੇ ਕਰਮ ਅਨੁਸਾਰ ਸ਼ਿਵਜੀ ਦੇ ਹੱਥ ਨਾਲ ਖੋਪਰੀ ਨਾ ਲਹਿ ਸਕੀ, ਭਾਵੇਂ ਸ਼ਿਵਜੀ ਸਾਰੇ ਜਗਤ ਦਾ ਨਾਥ ਸਮਝਿਆ ਜਾਂਦਾ ਹੈ, ਹੋਰ ਜੀਵਾਂ ਦੇ ਅਨੇਕ ਪਾਪਾਂ ਦਾ ਨਾਸ ਕਰਨ ਵਾਲਾ ਹੈ, ਪਰ ਉਹ ਹਰੇਕ ਤੀਰਥ ਉਤੇ ਭਟਕਦਾ ਫਿਰਿਆ ਤਾਂ ਭੀ ਉਸ ਖੋਪਰੀ ਤੋਂ ਖਲਾਸੀ ਨਾ ਹੋਈ।

ਆਪਣੇ ਕੀਤੇ ਮਾੜੇ ਕਰਮਾਂ ਕਾਰਨ ਸਮੁੰਦਰ ਦਾ ਖਾਰਾਪਨ ਨਹੀਂ ਹੱਟ ਸਕਿਆ ਭਾਵੇਂ ਉਹ ਸਾਰੀਆਂ ਨਦੀਆਂ ਦਾ ਬਾਦਸ਼ਾਹ ਹੈ ਤੇ ਉਸ ਵਿਚੋਂ ਹੀ ਅੰਮ੍ਰਿਤ, ਚੰਦਰਮਾ, ਕਾਮਨੀ ਲਛਮੀ, ਕਲਪ ਰੁਖ, ਸੱਤ-ਮੂਹਾ ਘੋੜਾ, ਧਨੰਤਰ ਵੈਦ ਆਦਿਕ ਚੌਦਾਂ ਰਤਨ ਨਿਕਲੇ **ਸਨ।** ਇਸ ਉਪਰੰਤ ਭਗਤ ਤ੍ਰਿਲੋਚਨ ਜੀ ਲਿਖਦੇ ਹਨ :—

'ਦਾਧੀ ਲੇ ਲੰਕਾ ਗੜੁ,
ਉਪਾੜੀਲੇ ਰਾਵਣ ਬਣੁ,
ਸਲਿ ਬਿਸਲਿ ਆਣਿ, ਤੋਖੀਲੇ ਹਰੀ;
**ਕਰਮ ਕਰਿ ਕਛਉਟੀ ਮਫੀਟਸਿ ਰੀ** ।੫। (ਧਨਾਸਰੀ, ਪੰਨਾ ੬੯੫)

ਭਾਵ, ਆਪਣੇ ਕੀਤੇ ਕਰਮਾਂ ਦੇ ਅਧੀਨ ਹਨੂੰਮਾਨ ਦੇ ਭਾਗਾਂ ਵਿਚੋਂ ਉਸ ਦੀ ਨਿੱਕੀ ਜਹੀ ਕੱਛ ਨਾ ਹਟ ਸਕੀ, ਭਾਵੇਂ ਉਸ ਨੇ ਸ੍ਰੀ ਰਾਮ ਚੰਦਰ ਜੀ ਦੀ ਖਾਤਰ ਲੰਕਾ ਦਾ ਕਿਲ੍ਹਾ ਸਾੜਿਆ, ਰਾਵਣ ਦਾ ਬਾਗ ਉਜਾੜ ਦਿੱਤਾ, ਦੁੱਖ ਦੂਰ ਕਰਨ ਵਾਲੀ ਬੂਟੀ ਲਿਆਇਆ, ਲਛਮਣ ਰਾਜ਼ੀ ਕਰਕੇ ਰਾਮ ਚੰਦਰ ਜੀ ਨੂੰ ਪ੍ਰਸੰਨ ਵੀ ਕੀਤਾ। ਹਨੂੰਮਾਨ ਨੇ ਕਿਤਨਾ ਜਤਨ ਕੀਤਾ, ਉਸ ਨੂੰ ਕੀਤੇ ਕਰਮਾਂ ਅਨੁਸਾਰ ਛੋਟੀ ਜਹੀ ਕੱਛ ਹੀ ਮਿਲੀ ਪਰ ਇਥੇ ਖਾਲਸੇ ਨੂੰ, ਗੁਰੂ ਗੋਬਿੰਦ ਸਿੰਘ ਜੀ ਜਦ ਰਹਮਤ ਦੇ ਘਰ ਆਏ ਤਾਂ ਕਛਹਿਰਾ ਬਖਸ਼ਿਆ। ਸੋ ਕਛਹਿਰੇ ਦਾ ਭਾਵ ਅਰਥ ਕਿਧਰੋਂ ਹੋਰ ਹੀ ਲੱਭਣਾ ਪਵੇਗਾ।

ਹਿੰਦੁਸਤਾਨ ਦੇ ਗੱਲ ਬ੍ਰਾਹਮਣਵਾਦ ਦਾ ਜੂਲਾ ਇਤਨਾ ਕਰੜਾ ਪਿਆ ਹੋਇਆ ਸੀ ਕਿ ਸ੍ਰੀ ਰਾਮ ਚੰਦਰ ਜੀ ਵਰਗੇ ਮਰਯਾਦਾ ਪ੍ਰਸ਼ੋਤਮ ਵੀ ਇਸ ਦੇ ਹੇਠੋਂ ਨਾ ਨਿਕਲ ਸਕੇ। ਇੱਛਾ ਦੇ ਵਿਰੁਧ ਰਾਜਾ ਦਸ਼ਰਥ ਨੇ ਆਪਣੇ ਪੁਤਰਾਂ ਨੂੰ ਵਿਸ਼ਵਾਮਿਤ੍ਰ ਨੂੰ ਸੌਂਪਿਆ, ਰਾਮ

Sri Satguru Jagjit Singh Ji eLibrary NamdhariElibrary@gmail.com

ਚੰਦਰ ਜੀ ਨੇ ਪਰਸ ਰਾਮ (ਬ੍ਰਾਹਮਣ) ਉਤੇ ਅਮੋਘ ਅਸਤ੍ਰ ਨਾ ਚਲਾਇਆ, ਸ਼ੰਭੂਕ ਦੇ ਕਤਲ ਅਤੇ ਦਸ਼ਰਥ ਦੇ ਪੁਤਰ ਵਿਛੋੜੇ ਦਾ ਕਾਰਨ ਬ੍ਰਾਹਮਣ ਕੁਮਾਰ (ਸਰਵਨ ਕੁਮਾਰ) ਦੀ ਹਤਿਆ ਮੰਨਣਾ ਤੇ ਸਭ ਤੋਂ ਵੱਧ ਸੀਤਾ ਦੁਆਰਾ ਬ੍ਰਾਹਮਣ ਰੂਪ ਧਾਰੀ ਰਾਵਣ ਦਾ ਅਤਿਥੀ-ਸਤਿਕਾਰ; ਇਸ ਪਾਸੇ ਦੀਆਂ ਹੀ ਉਦਾਹਰਣਾਂ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਵਾਹਿਗੁਰੂ ਦਾ ਬਣਾਉਨਾ ਸੀ ਤੇ ਵਾਹਿਗੁਰੂ ਤੇ ਖਾਲਸੇ ਵਿਚਕਾਰ ਕਿਸੇ ਨੂੰ ਕੋਈ ਥਾਂ ਨਹੀਂ ਸੀ। ਕਿਸੇ ਦੀ ਵਿਚੋਲਗੀ ਨਹੀਂ ਚਲਣੀ ਸੀ ਭਾਵੇਂ ਉਹ ਮਸੰਦ ਸੀ ਜਾਂ ਬ੍ਰਾਹਮਣ। ਇਸ ਲਈ ਦਸ਼ਮੇਸ਼ ਪਿਤਾ ਨੇ ਕਛਹਿਰਾ ਦੀ ਬਖਸ਼ਸ਼ ਕੀਤੀ ਤੇ ਨਾਲ ਹੀ ਆਗਿਆ ਕੀਤੀ :

"ਜਬ ਲਗ ਰਹੇ ਖਾਲਸਾ ਨਿਯਾਰਾ।
ਤਬ ਲਗ ਤੇਜ ਦੀਓ ਮੈ ਸਾਰਾ।
ਜਬ ਇਹ ਗਹੇ ਬਿਪ੍ਰਨ ਕੀ ਰੀਤ।
ਮੈਂ ਨ ਕਰੂੰ ਇਨ ਕੀ ਪ੍ਰਤੀਤ।"

ਇਥੇ ਇਹ ਲਿਖਣਾ ਕੁਥਾਂ ਨਹੀਂ ਹੋਵੇਗਾ ਕਿ ਬ੍ਰਾਹਮਣ ਨੇ ਕਰਮਾਂ ਦਾ ਜਾਲ ਇਤਨਾ ਸੰਘਣਾ ਅਤੇ ਘਨੇਰਾ ਉਨਿਆ ਹੋਇਆ ਸੀ ਕਿ ਉਸ ਵਿਚ ਫੱਸੇ ਜੀਵ ਨੂੰ ਕੱਢਣਾ ਕੋਈ ਸੌਖਾ ਕੰਮ ਨਹੀਂ ਸੀ।

ਗੁਰੂ ਨਾਨਕ ਜੀ ਨੇ ਕਈ ਜਤਨ ਕੀਤੇ। ਗੁਰੂ ਅਰਜਨ ਦੇਵ ਜੀ ਨੇ ਕਿਤਨਾ ਜ਼ੋਰ ਲਗਾਇਆ ਉਸਦੀ ਇਕ ਸਾਖ ਆਪੂੰ ਗੁਰੂ ਗੋਬਿੰਦ ਸਿੰਘ ਜੀ ਨੇ ਸਾਖੀ ਸੁਣਾ ਕੇ ਦਿੱਤੀ ਜੋ 'ਅਮਰਨਾਮਾ' ਵਿਚ ਦਰਜ ਹੈ।

ਸਾਖੀ ਇਸ ਤਰ੍ਹਾਂ ਹੈ :

ਬਾਬਾ ਬਕਾਲਾ ਇਕ ਸਿੱਖ ਰਹਿੰਦਾ ਸੀ। ਅਚਾਨਕ ਉਸ ਦੇ ਪਿਤਾ ਦੀ ਮ੍ਰਿਤੂ ਸੁਤੇ ਹੋਏ ਹੀ ਮੰਜੇ ਤੇ ਹੋ ਗਈ। ਸਿੱਖ ਭੁਲਾ ਲੋਕ ਸੀ। ਮੰਜੇ ਤੇ ਮਰਨਾ ਸੁਣ ਕੇ ਬ੍ਰਾਹਮਣਾਂ ਉਸ ਨੂੰ ਘੇਰ ਲਿਆ ਤੇ ਕਿਹਾ ਦਾਨ ਕਰ ਤਾਂ ਹੀ ਤੇਰੇ ਬਾਪ ਦੀ ਕਲਯਾਨ ਹੋ ਸਕੇਗੀ। ਉਸ ਵਿਚਾਰੇ ਪਾਸ ਜੋ ਕੁਝ ਸੀ, ਉਸ ਨੇ ਬ੍ਰਾਹਮਣਾਂ ਵਿਚ ਵੰਡ ਦਿੱਤਾ। ਸੰਸਕਾਰ ਹੋਣ ਉਪਰੰਤ ਬ੍ਰਾਹਮਣਾਂ ਕਿਹਾ ਜਦ ਤਕ ਗੰਗਾ ਜਾ ਕੇ ਪਿੰਡ ਨਹੀਂ ਭਰਾਂਏਗਾ, ਤੇਰੇ ਪਿਤਾ ਦੀ ਗਤੀ ਨਹੀਂ ਹੋਣ ਲੱਗੀ।" ਉਸ ਘਰ ਵੀ ਗਹਿਣੇ ਪਾਇਆ ਤੇ ਗੰਗਾ ਵੱਲ ਚਲ ਪਿਆ।

ਬਿਆਸਾ ਪਾਰ ਕੀਤਾ ਹੀ ਸੀ ਕਿ ਸੋਅ ਕੰਨੀਂ ਪਈ ਕਿ ਗੁਰੂ ਅਰਜਨ ਜੀ ਕਰਤਾਰ ਪੁਰ ਆਏ ਹਨ। ਸਜੇ ਹੋਏ ਦੀਵਾਨ ਵਿਚ ਆਇਆ। ਕੀਰਤਨ ਸੁਣਿਆ ਕੁਝ ਸ਼ਾਂਤੀ ਮਿਲੀ ਪਰ ਹੰਝੂ ਨ ਰੁਕਣ। ਮਹਾਰਾਜ ਨੇ ਉਸ ਦੀ ਦੀਨ ਦਸ਼ਾ ਦੇਖ ਪੁਛਿਆ ਕਿ ਇਤਨਾ ਕਿਉਂ ਨਿਮੋਝੂਣਾ ਹੈਂ। ਉਸ ਨੇ ਦਸਿਆ ਕਿ ਉਸ ਦਾ ਪਿਤਾ ਮੰਜੇ ਤੇ ਮਰ ਗਿਆ ਸੀ, ਇਸ ਲਈ ਬ੍ਰਾਹਮਣ ਦੇ ਦਸੇ ਗੰਗਾ ਤੇ ਚਲਿਆ ਹਾਂ। 'ਸਾਰੀ ਪੂੰਜੀ ਲਗਾਉਣੀ ਪਈ ਹੈ ਸਭ ਕੁਝ ਵੇਚਣਾ ਪਿਆ ਹੈ।' ਕਦੇ ਗੁਰੂ ਜੀ ਨੂੰ ਕਿਸੇ ਗੁਸੇ ਵਿਚ ਨਹੀਂ ਸੀ ਡਿੱਠਾ ਪਰ ਉਸ ਸਮੇਂ ਬਹੁਤ ਹੀ ਕਰੜੇ ਬਚਨ ਕਹੇ ਕਿ **'ਇਨ੍ਹਾਂ ਭੈੜਿਆਂ ਬ੍ਰਾਹਮਣਾਂ ਨੂੰ ਰਤਾ ਵੀ ਸ਼ਰਮ ਨਹੀਂ ਹੈ।** ਇਨ੍ਹਾਂ ਦੇ ਵਸ ਕਦੇ ਨਾਂਹ ਪੈਣਾ। ਬੰਦੀ ਛੋੜ ਸਤਿਗੁਰ ਹੈ। ਸਿੱਖਾਂ ਤੇ ਉਸਦੀ ਸਦਾ ਕ੍ਰਿਪਾ ਹੈ।

ਬਦਾ ਰਾ ਮਦਹਿ, ਬੰਦ ਵਾ ਸਤਿਗੁਰੂ,
ਬ ਸਿੱਖਾਂ ਇਨਾਇਤ ਬਿ ਆਫ਼ਜ਼ਾਦਿ ਉ।

Sri Satguru Jagjit Singh Ji eLibrary NamdhariElibrary@gmail.com

ਉਸੇ ਸਮੇਂ ਗੁਰੂ ਜੀ ਨੇ ਉਸ ਸਿੱਖ ਦਾ ਹੱਥ ਪਕੜ ਕੇ ਕਿਹਾ ਕਿ ਆਪਣੇ ਪਿਤਾ ਨੂੰ ਸੁਰਗਾਂ ਵਿਚ ਦੇਖ ਲੈ :

ਬ-ਬੀਂ ਵਾਲਦੇ ਖੇਸ਼ ਰਾ ਦਰ ਜਿਨਾਂ ।

ਫਿਰ ਹੁਕਮ ਕੀਤਾ ਕਿ ਗੁਰੂ ਤੋਂ ਭੁਲਿਆਂ ਨੂੰ ਹੀ ਸਦਾ ਬਿਪਤਾਵਾਂ ਘੇਰਦੀਆਂ ਹਨ :

ਫ਼ਰਾਮੋਸ਼ ਕਰਦਾ ਗੁਰੂ, ਸਦ ਸਿਤਮ ।

ਇਹ ਸਾਖੀ ਸੁਣਾ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਹਿੰਮਤ ਕਰਕੇ ਅੰਮ੍ਰਿਤ ਛਕੋ, ਸਾਰੇ ਵਹਿਮ ਮੁਕ ਜਾਣਗੇ ।

**ਬਗੋ ਆ ਮਨਮ ਨੀਜ਼ ਅੰਮ੍ਰਿਤ ਬਨੋਸ਼ ।੧੨੭।**

'ਜੋ ਵੀ ਬ੍ਰਹਮਣ ਆਖੇ ਉਹ ਕਦਾਚਿਤ ਨਾਂਹ ਕਰੋ। ਬ੍ਰਾਹਮਣਾਂ ਦੀ ਸੰਗਤ ਨਾਲ ਆਪਣਾ ਪਲਾ ਦਾਗੀ ਨ ਕਰੋ ।

**ਤਰਾ ਹਰ ਚਿਹ ਗੋਯਦ ਬਰਾਂਹਮਨ ਮਕੁਨ ।**
**ਅਜ਼ੀਂ ਸੁਹਬਤੇ ਆਲੂਦਾ ਦਾਮਨ ਮਕੁਨ ।੧੨੯।**

ਇਹ ਬ੍ਰਾਹਮਣ ਸਦਾ ਸਿੰਘਾਂ ਨੂੰ ਦੁਖ ਦੇਂਦੇ ਹਨ ।

ਸਦਾ ਮੀ-ਦਿਹੰਦ ਸਿੰਘਿ ਮਾਰਾ ਖਸਮ ।੧੪੧।

ਸੋ ਜਵਾਨੀ ਵੇਲੇ ਹੀ ਅੰਮ੍ਰਿਤ ਛਕ ਲੈਣਾ ਚਾਹੀਦਾ ਹੈ ਤਾ ਕਿ ਕੋਈ ਵੈਰੀ ਗਲਬਾ ਨ ਪਾ ਸਕੇ ਅਤੇ ਕਦੇ ਆਜਿਜ਼ ਨ ਹੋਣਾ ਪਵੇ ।

**"ਬ-ਵਕਤੇ ਜਵਾਨੀ ਜ਼ੁ ਅੰਮ੍ਰਿਤ ਤਲਾਸ਼ ।**
**ਕਿ ਅਜ਼ੁ ਦਸਤਿ ਦੁਸ਼ਮਨ-ਤੂ ਆਜਿਜ਼ ਮਬਾਸ਼ ।੧੪੩।**

ਯਾਦ ਰੱਖਣਾ ਕਿ ਅੰਤ ਕਾਲ ਅੰਮ੍ਰਿਤ ਹੀ ਸੁਖਦਾਈ ਹੁੰਦਾ ਹੈ। ਅੰਮ੍ਰਿਤ ਛਕਣ ਨਾਲ ਹੀ ਖੁਲ੍ਹੇ ਦੀਦਾਰੇ ਹੁੰਦੇ ਹਨ ।

ਫਿਰ ਤਾੜਨਾ ਕੀਤੀ ਕਿ ਕਿਸੇ ਦੇ ਗੁਜ਼ਰ ਜਾਣ ਵੇਲੇ ਭੁਲਕੇ ਵੀ ਬ੍ਰਾਹਮਣ ਨੂੰ ਨ ਬੁਲਾਉਣਾ ਤੇ ਨਾਂਹ ਹੀ ਪਿਤਰ ਮਨਾਉਣਾ। ਸ਼ਰਾਧ ਨਹੀਂ ਕਰਨਾ। ਸਿਰਫ਼ ਵਾਹਿਗੁਰੂ ਦਾ ਜਸ ਕਰੋ ਤੇ ਨਾਮ ਜਪੋ ।

"ਤਲਬ ਕੁਨ ਬਰਾਹਮਨ ਨ ਅਸਲਾਫ਼ਿ ਊ ।
ਸ਼ਵਦ ਇਸਮਿ ਯਜ਼ਦਾਂ ਬ-ਵਿਰਦੇ ਜ਼ਬਾਂ ।"

'ਹਰ ਉਸ ਜੀਵ ਲਈ ਜੋ ਮੁਕਤੀ ਦਾਂ ਚਾਹਵਾਨ ਹੈ, ਬ੍ਰਾਹਮਣ ਨੇ ਪ੍ਰਚਾਰ ਕੀਤਾ ਹੋਇਆ ਸੀ "ਯਗ ਕਰਾਉਣੇ ਤੇ ਬ੍ਰਾਹਮਣਾਂ ਕੋਲੋਂ ਮੰਤਰ ਪੜ੍ਹਾਉਣੇ ਜ਼ਰੂਰੀ ਹਨ। ਇਨ੍ਹਾਂ ਰਹੁ ਰੀਤੀਆਂ ਦਾ ਜ਼ਿਕਰ ਵੇਦਾਂਗ ਵਿਚ ਕੀਤਾ ਗਿਆ ਹੈ। ਵੇਦਾਂਗ ਦੇ ਕਲਪ ਵਿਚ ਵਿਸਥਾਰ ਨਾਲ ਇਸ ਪਾਸੇ ਦਾ ਵਰਣਨ ਹੈ। ਕਲਪ ਵੀ ਦੋ ਕਿਸਮ ਦੇ ਹਨ। ਇਕ ਸਰੋਤ ਸੂਤਰ ਹੈ ਜਿਸ ਵਿਚ ਮਹਾਂਯੱਗ ਕਰਨ ਦੀ ਵਿਧੀ ਦਰਸਾਈ ਹੈ ਤੇ ਦੂਜੇ ਸਮਾਰਥ ਸੂਤਰ ਜਿਸ ਵਿਚ ਰਵਾਇਤੀ ਸਾਹਿਤ ਹੈ। ਸਮਾਰਥ ਸੂਤਰ ਦੀ ਵੰਡ ਅਗੋਂ ਗ੍ਰਿਹ ਸੂਤਰ

Sri Satguru Jagjit Singh Ji eLibrary NamdhariElibrary@gmail.com

ਤੇ ਧਰਮ ਸੂਤਰ ਵਿਚ ਕੀਤੀ ਗਈ ਹੈ। ਗ੍ਰਹਿ ਸੂਤਰ ਵਿਚ ਜਨਮ, ਨਾਮ, ਵਿਆਹ ਤੇ ਮਰਨ ਬਾਰੇ ਰੀਤੀ ਲਿਖੀ ਹੈ ਅਤੇ ਧਰਮ ਸੂਤਰ ਵਿਚ ਹਵਨ ਤੇ ਬਲੀਆਂ ਦੇਣ ਉਤੇ ਜ਼ੋਰ ਹੈ। ਕਲਪ ਵਿਚ ਸਪੱਸ਼ਟ ਲਿਖਿਆ ਹੈ ਕਿ ਕੋਈ ਵੀ ਉਹ ਯਗ, ਹਵਨ ਨਹੀਂ ਕਰ ਸਕਦਾ ਜਿਸ ਨੇ 'ਸੋਚ' ਨਹੀਂ ਕੀਤਾ ਜਾਂ ਘੱਟ ਤੋਂ ਘੱਟ ਇਕੋ ਇਕ ਅਣਸੀਤਾ, ਬਗੈਰ ਤੋਪੇ ਦੇ ਅਣਸੀਤਾ ਬਸਤਰ ਨਹੀਂ ਪਾਇਆ। ਕਈ ਹੋਰ ਗੱਲਾਂ ਵੀ ਉਸ ਨੇ ਲਿਖੀਆਂ ਹਨ ਪਰ 'ਧੋਤੀ' ਪਾਉਣੀ ਬਹੁਤ ਜ਼ਰੂਰੀ ਹੈ। ਦੂਜੇ ਅਰਥਾਂ ਵਿਚ ਸੀਤਾ ਹੋਇਆ ਕੱਪੜਾ ਪਾ ਕੇ ਕੋਈ ਹਵਨ ਨਹੀਂ ਕਰ ਸਕਦਾ, ਵੇਦੀ ਉਤੇ ਨਹੀਂ ਚੜ੍ਹ ਸਕਦਾ। ਗੱਲ ਕੀ, ਹਵਨ ਤੇ ਵੇਦ ਪਾਠ ਹੋ ਨਹੀਂ ਸਕਦੇ ਜ਼ਦ ਤਕ ਅਣਸੀਤਾ ਕੱਪੜਾ ਨ ਪਾਇਆ ਜਾਏ ਤੇ ਕਛਹਿਰਾ ਬਣ ਨਹੀਂ ਸਕਦਾ ਜਦ ਤਕ ਸੀਤਾ ਨਾ ਜਾਏ। ਸੋ ਇਕੱਲਾ ਕਛਹਿਰਾ ਬਖਸ਼ ਕੇ ਹੀ ਕਲਗੀਆਂ ਵਾਲੇ ਨੇ ਬ੍ਰਾਹਮਣਵਾਦ, ਬ੍ਰਾਹਮਣੀ ਸ਼ਰਾਹ, ਸ਼ਾਸਤਰਾਂ, ਵੇਦਾਂ, ਵੇਦਾਂਗਾਂ ਹਵਨਾਂ ਆਦਿ ਤੋਂ ਉਤਾਂਹ ਕਰਕੇ ਖਾਲਸਾ ਨੂੰ ਨਿਆਰਾ ਕਰ ਦਿੱਤਾ।

ਇਸ ਤਰ੍ਹਾਂ ਹੱਜ ਤੇ ਜ਼ਾਣ ਵਾਲੇ ਹਾਜੀ ਲਈ ਵੀ ਜ਼ਰੂਰੀ ਹੈ ਕਿ ਜਦ ਉਹ ਮੱਕਾ ਦੀ ਹੱਦ ਵਿਚ ਦਾਖਲ ਹੋਏ ਉਸ ਸਮੇਂ ਜੇ ਉਹ ਮਰਦ ਹੈ ਤਾਂ ਇਕ ਚਾਦਰ ਅਤੇ ਜੇ ਔਰਤ ਹੈ ਤਾਂ ਦੋ ਚਾਦਰਾਂ ਤਨ ਢਕੱਣ ਲਈ ਰੱਖੇ। ਕੋਈ ਵੀ ਸੀਤਾ ਹੋਇਆ ਬਸਤ੍ਰ, ਕਮੀਜ਼ ਜਾਂ ਸਲਵਾਰ ਨਾ ਪਹਿਣੇ। ਹੱਜ ਉਸੇ 'ਅਹਿਰਮਨ' ਦੀ ਮੁਕੰਮਲ ਹੈ ਜੋ ਘੱਟ ਤੋਂ ਘੱਟ ਇਹ ਕਰਮ ਜ਼ਰੂਰ ਕਰੇ। ਗੁਰੂ ਗੋਬਿੰਦ ਸਿੰਘ ਨੇ ਕਛਹਿਰਾ ਦੀ ਰਹਿਤ ਬਖਸ਼ਕੇ ਸਿੱਖਾਂ ਨੂੰ ਖ਼ੁਦਾ ਦਾ ਘਰ, ਘਰ ਵਿਖੇ ਹੀ ਦਿਖਾਲ ਦਿੱਤਾ। ਦਸ਼ਮੇਸ਼ ਪਿਤਾ ਦਾ ਹੀ ਫ਼ਰਮਾਨ ਹੈ:

'ਰੇ ਮਨ ਐਸੋ ਕਰ ਸੰਨਿਆਸਾ।
ਬਨ ਸੇ ਸਦਨ ਸਭੈ ਕਰ ਸਮਝਹੁ। ਮਨ ਹੀ ਮਾਹਿ ਉਦਾਸ। ੧ ।ਰਹਾਉ।
... ... ... ... ...
ਅਲਪ ਆਹਾਰ ਸੁਲਪ ਸੀ ਨਿੰਦ੍ਰਾ ਦਯਾ ਛਿਮਾ ਤਨ ਪ੍ਰੀਤਿ
ਸੀਲ ਸੰਤੋਖ ਸਦਾ ਨਿਰਬਾਹਿਬੋ ਹ੍ਵੈਬੋ ਤ੍ਰਿਗੁਣ ਅਤੀਤਿ।
(ਰਾਮਕਲੀ ਪਾਤਸ਼ਾਹੀ ੧੦)

ਇਹ ਕਛਹਿਰਾ ਸੀਲ ਤੇ ਜਤ ਦੀ ਵੀ ਨਿਸ਼ਾਨੀ ਹੈ। ਸਭਯਤਾ ਦਾ ਚਿੰਨ੍ਹ ਹੈ। ਸਭਯ ਸ੍ਰਿਸ਼ਟੀ ਵਿਚ ਮਨੁੱਖ ਦੇ ਕੁਝ ਫ਼ਰਜ਼ ਹਨ ਜਿਨ੍ਹਾਂ ਦੀ ਉਸ ਨੇ ਪਾਲਣਾ ਕਰਨੀ ਹੈ। ਸਭ ਤੋਂ ਪਹਿਲਾ ਫ਼ਰਜ਼ ਹੈ, ਸ਼ੀਲ ਹੋਣਾ, ਆਪਾ ਸੰਭਾਲਣਾ ਜਾਂ ਅੱਜ ਦੀ ਬੋਲੀ ਵਿਚ ਸੈਲਫ ਕੰਟਰੋਲ। ਅਸ਼ਲੀਲ ਹੋ ਕੈ ਵਿਚਰਨਾ ਸਭਿਅਤਾ ਦੀ ਮਿਥੀ ਹੋਈ ਮਰਯਾਦਾ ਦੇ ਉਲਟ ਹੈ। ਲੁਕਵੇਂ ਅੰਗਾਂ ਨੂੰ ਲੁਕੋ ਕੈ ਵਿਚਰਨਾ ਪਹਿਲਾ ਇਨਸਾਨੀ ਫ਼ਰਜ਼ ਹੈ। ਜਦ ਆਦਮ ਤੇ ਹਵਾ ਨੂੰ ਪਹਿਲੀ ਵਾਰੀ ਹੋਸ਼ ਆਈ ਤਾਂ ਉਨ੍ਹਾਂ ਦੋਵਾਂ ਨੇ ਸਭ ਤੋਂ ਪਹਿਲਾਂ ਪੱਤਿਆਂ ਨਾਲ ਆਪਣੇ ਲੁਕਵੇਂ ਅੰਗਾਂ ਨੂੰ ਢੱਕਿਆ। ਗੁਰੂ ਪਾਤਸ਼ਾਹ ਦਾ ਹੁਕਮ ਹੈ ਕਿ ਕਛਹਿਰੇ ਦਾ ਵਸਾਹ ਨਹੀਂ ਕਰਨਾ, ਜੋ ਇਹ ਦ੍ਰਿੜ ਕਰਾਉਂਦਾ ਹੈ ਕਿ ਖਾਲਸਾ ਸਦਾ ਸੱਭਯ ਹੈ ਤੇ ਉਹ ਆਚਰਨ ਦੀ ਮੂਰਤ ਹੈ।

ਸਾਂਖ ਸ਼ਾਸਤਰ ਨੇ ਲਿਖਿਆ ਹੈ ਕਿ ਮਨੁੱਖ ਅਜੀਵ ਦੇ ਮੇਲ ਨਾਲ 'ਲੇਸ' ਹੋ ਜਾਂਦਾ ਹੈ ਤੇ ਇਸ ਦੀ ਮੁਕਤੀ ਦਾ ਇਕ ਹੀ ਰਾਹ ਹੈ ਕਿ ਉਹ ਤੱਪ ਸਾਧੇ, ਦਿਗੰਬਰ ਬਣੇ, ਬਿਲਕੁਲ ਨੰਗਾ ਰਹੇ। ਕਛਹਿਰਾ ਬਖਸ਼ ਕੇ ਗੁਰੂ ਜੀ ਨੇ ਖਾਲਸੇ ਨੂੰ ਤੱਪਾਂ ਤੋਂ ਵਰਜਿਆ ਤੇ

Sri Satguru Jagjit Singh Ji eLibrary NamdhariElibrary@gmail.com

ਸਦਾ ਸੁਸਾਇਟੀ ਦਾ ਅੰਗ ਬਣੇ ਰਹਿਣ ਲਈ ਕਿਹਾ। ਗੁਰੂ ਅਰਜਨ ਜੀ ਨੇ ਕਾਮਯਾਬੀ ਦਾ ਰਾਹ .

ਏਕ ਨਿਸਖ ਜੋ ਸਿਮਰਨ ਮਹਿ ਜੀਆ ॥
ਕੋਟਿ ਦਿਨਸ ਲਾਖ ਸਦਾ ਥਿਰ ਥੀਆ ॥ ੧ ॥ ਰਹਾਉ ॥ (ਗਉੜੀ ਮਹੱਲਾ ੫)

ਉਚਾਰ ਕੇ ਦਰਸਾ ਗਏ ਸਨ। ਦਸਮੇਸ਼ ਪਿਤਾ ਨੇ ਵੀ, 'ਏਕ ਚਿਤ ਜੇ ਇਕ ਛਿਨ ਧਿਆਇਓ। ਕਾਲ ਫ਼ਾਂਸ ਕੇ ਬੀਚ ਨ ਆਇਓ', ਫ਼ਰਮਾ ਕੇ ਮੋਹਰ ਲਗਾ ਦਿੱਤੀ ਸੀ। ਸਿੱਖੀ ਦਾ ਸਾਰਾ ਜ਼ੋਰ ਤਨ ਤੋਂ ਉਤਾਂਹ ਉਠਣ ਉਤੇ ਹੈ, ਦੇਹ ਘੋੜੀ ਨੂੰ ਕਾਬੂ ਕਰਨ ਉਤੇ ਹੈ। ਗੁਰੂ ਰਾਮਦਾਸ ਜੀ ਨੇ ਵਡਹੰਸ ਰਾਗ ਵਿਚ 'ਘੋੜੀਆਂ' ਦੇ ਸਿਰਲੇਖ ਹੇਠਾਂ, ਇਸ ਦੇਹ ਘੋੜੀ ਨੂੰ ਕਾਬੂ ਕਰਨ ਦਾ ਹੀ ਵੱਲ ਦਰਸਾਇਆ ਹੈ। ਉਨ੍ਹਾਂ ਦਾ ਫ਼ਰਮਾਨ ਹੈ ਕਿ ਇਸ ਦੇਹ ਰੂਪੀ ਘੋੜੀ ਉੱਤੇ ਵਿਵੇਕ ਚੰਗਿਆਈਆਂ ਦੀ ਕਾਠੀ ਪਾ ਕੇ, ਇਸ ਨੂੰ ਕਾਬੂ ਕਰਕੇ ਨਾ ਤਰੇ ਜਾਣ ਵਾਲਾ ਬਿਖਮ ਸੰਸਾਰ ਤਰਿਆ ਜਾ ਸਕਦਾ ਹੈ।

"ਦੇਹ ਪਾਵਉ ਜੀਨ ਬੁਝਿ ਚੰਗਾ ਰਾਮ।
ਚੜਿ ਲੰਘਾ ਜੀ ਬਿਖਮ ਭੁਇਅੰਗਾ ਰਾਮ।"

(ਵਡਹੰਸ ਮਹਲਾ ੪, ਪੰਨਾ ੫੭੫)

ਜਦ ਗੁਰੂ ਨਾਨਕ ਜੀ ਨੂੰ ਲੰਕਾ ਦੇ ਰਾਜੇ ਸ਼ਿਵਨਾਭ ਨੇ 'ਕਿਹੜੀ ਸਵਾਰੀ ਪਸੰਦ ਕਰਦੇ ਹੋ' ਪੁਛਿਆ ਸੀ ਤਾਂ ਗੁਰੂ ਪਾਤਸ਼ਾਹ ਨੇ ਮੁਸਕਰਾ ਕੇ ਕਿਹਾ ਸੀ, 'ਅਸੀਂ ਤਾਂ ਮਨੁੱਖ ਦੀ ਸਵਾਰੀ ਕਰਦੇ ਹਾਂ।' ਸਰੀਰ ਨੂੰ ਕਾਬੂ ਰੱਖ ਟੋਰੀ ਫਿਰਨਾ ਗੁਰੂ ਪਾਤਸ਼ਾਹਾਂ ਦਾ ਮੰਤਵ ਸੀ। 'ਕੁਆਰੀ ਕਾਇਆ' ਰੱਖਣਾ ਹੀ ਅਸਲ ਯੋਗ ਹੈ ਤੇ ਪੱਤ ਹੈ। ਕਛਹਿਰਾ ਇਸ ਦਾ ਚਿੰਨ੍ਹ ਹੈ, ਪਹਿਨਣ ਵਾਲਾ ਇਸ ਦੀ ਮੂਰਤ ਅਤੇ ਸਿੱਖ ਇਤਿਹਾਸ ਦਾ ਪ੍ਰਤੱਖ ਦਰਸ਼ਨ।

ਗੱਲ ਕੀ ਕਛਹਿਰਾ ਇਸ ਗੱਲ ਦਾ ਪ੍ਰਤੀਕ ਹੈ ਕਿ ਸਿੱਖ ਸੰਸਾਰੀ ਹੈ, ਵਿਹਾਰੀ ਹੈ, ਨਿਆਰਾ ਹੈ, ਪਿਛਲੱਗ ਨਹੀਂ, ਆਪਣਾ ਮਾਲਕ ਆਪ ਹੈ। ਉਸ ਦੀਆਂ ਸਾਰੀਆਂ ਭੁੱਖਾਂ, ਤ੍ਰਿਸ਼ਨਾਵਾਂ ਤੇ ਵਾਸ਼ਨਵਾਂ ਮੁਕ ਗਈਆਂ ਹਨ। ਉਹ ਕਿਸੇ ਲੋਭ ਲਹਿਰ, ਕਾਮ ਵੇਗ ਵਿਚ ਪੈ ਡੋਲੇਗਾ ਨਹੀਂ। ਕਛਹਿਰਾ ਪਵਿਤ੍ਰਤਾ, ਉਚਿਤਾ, ਸੁਸ਼ੀਲਤਾ, ਸ਼ਿਸ਼ਟਤਾ, ਸਭਿਅਤਾ ਦਾ ਨਿਸ਼ਾਨ ਹੈ। (ਏਂਮਬ੍ਰਲਿਮ ਔਫ਼ ਪਯੁੱਅਰਿਟੀ ਐਂਡ ਡੀਸੈਂਨਸੀ)

ਸਿੱਖ ਸਦਾ ਸਦਾ ਜਾਗਤ ਹੈ, ਸਿਪਾਹੀ ਹੈ ਤੇ ਉਸ ਵਾਂਗ ਸਦਾ ਸੁਚੇਤ ਹੈ।

Sri Satguru Jagjit Singh Ji eLibrary NamdhariElibrary@gmail.com

# "ਕ੍ਰਿਪਾਨ ਦਾ ਵਿਸਾਹ ਕਰਨਾ ਨਾਹੀ॥"

ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਦਾ ਬਾਟਾ ਤਿਆਰ ਕਰਨ ਵੇਲੇ **ਜਪੁ,** ਜਾਪ, ਚੌਪਈ, ਸਵੱਈਯੇ ਅਤੇ ਅਨੰਦ ਸਾਹਿਬ ਦੀਆਂ ਪੰਜ ਪਉੜੀਆਂ ਦੇ ਪਾਠ ਦੇ ਨਾਲ-ਨਾਲ ਖੰਡਾ ਵੀ ਫੇਰਿਆ। ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਨੇ ਰੁਤ ਤੀਜੀ ਦੇ ਉਨੀਵੇਂ ਅੰਸ਼ ਵਿਚ ਲਿਖਿਆ ਹੈ :

ਜਪੁਜੀ ਪਾਠ ਪ੍ਰਥਮ ਕਰ ਲੀਨਾ ॥
ਬਹੁੜ ਸਵੀਈਯੇ ਪਢਿਓ ਕੀਨਾ ॥
ਪੌੜੀ ਪੰਚ ਅਨੰਦ ਪਢਯੋ ਹੈ ॥
ਅੰਮ੍ਰਿਤ ਮਹਿ ਬਹੁ ਤੇਜ ਬਢਯੋ ਹੈ ॥ ੧੬ ॥
ਜਲ ਮਹਿ ਪਢਤਿ 'ਕ੍ਰਿਪਾਨ' ਫਿਰੈ ਹੈਂ ॥
ਪਾਹੁਲ 'ਖੰਡੇ' ਕੀ ਅਬ ਦੈ ਹੈਂ ॥ ੨੨ ॥

ਫਿਰ ਪੰਜ ਕਰਾਰਾਂ ਦੀ ਬਖਸ਼ਿਸ਼ ਕਰਨ ਵੇਲੇ ਕ੍ਰਿਪਾਨ ਨੂੰ ਕਕਾਰਾਂ ਵਿਚ ਵੀ ਸ਼ਾਮਲ ਰਖਿਆ। ਇੰਜ ਪ੍ਰਤੀਤ ਹੁੰਦਾ ਹੈ ਕਿ ਭਾਈ ਸੰਤੋਖ ਸਿੰਘ ਜੀ ਨੇ 'ਖੰਡਾ' ਅਤੇ 'ਕ੍ਰਿਪਾਨ' ਦਾ ਅੰਤਰ ਜਾਣ ਬੁਝ ਕੇ ਹੀ ਨਹੀਂ ਪਾਇਆ। ਖੰਡਾਂ ਦੋ ਕ੍ਰਿਪਾਨਾਂ ਦਾ ਸੰਗਮ ਹੈ। ਇਹ ਭਗਤੀ ਅਤੇ ਸ਼ਕਤੀ ਦਾ ਸੁਮੇਲ ਹੀ ਹੈ।

ਮੁਨਸ਼ੀ ਖੁਸ਼ਵਕਤ ਰਾਇ ਨੇ ਆਪਣੀ ਪੁਸਤਕ ਤਾਰੀਖ--ਇ-ਸਿੱਖਾਂ ਵਿਚ ਲਿਖਿਆ ਹੈ ਕਿ ਵੈਸਾਖੀ ਵਾਲੇ ਦਿਨ ਅਨੋਖਾ ਜਿਹਾ ਰੂਪ ਗੋਬਿੰਦ ਸਿੰਘ ਜੀ ਨੇ ਬਣਾ ਲਿਆ। ਦੋ ਸ਼ਮਸ਼ੇਰਾਂ ਗਾਤਰੇ ਸਜਾ ਲਈਆਂ। ਕ੍ਰਿਪਾਨ, ਚੱਕਰ, ਤੰਮਚਾ (ਪਸਤੌਲ) ਤੇ ਕਮਾਨ ਆਦਿ ਸਰਬਲੋਹ ਦੇ ਸ਼ਸਤਰ ਅਸਤਰ ਧਾਰਨ ਕਰ ਲਏ ਅਤੇ ਦਸਤਾਰ ਹਥ ਕੁ ਭਰ ਉਚੀ ਦੁਮਾਲੇ-ਦਾਰ ਸਜਾ ਲਈ। ਸਲਾਮ ਦੀ ਥਾਂ 'ਫਤਹਿ ਵਾਹਿਗੁਰੂ ਜੀ ਕੀ' ਨਿਯਤ ਕਰ ਦਿਤੀ! ਸਵੇਰੇ ਤੇ ਸ਼ਾਮ ਬਾਂਗ ਦੀ ਥਾਂ ਸ਼ਬਦ 'ਅਕਾਲ ਅਕਾਲ', ਉਚੀ-ਉਚੀ ਗਜਾਉਣਾ ਅਰੰਭ ਕਰ ਦਿੱਤਾ। ਉਨ੍ਹਾਂ ਆਪਣਾ ਨਾਂ ਵੀ ਗੁਰੂ ਗੋਬਿੰਦ ਸਿੰਘ 'ਖਾਲਸਾ' ਰੱਖ ਲਿਆ। (ਗੁਰੂ ਗੋਖਿੰਦ ਸਿੰਘ—ਖਾਲਸਾ ਨਾਮੀਦ)। ਭਾਵ ਖਾਲਸੇ ਦਾ ਵੱਖਰਾ ਬਾਣਾ ਬਣਾਇਆ ਤੇ ਕ੍ਰਿਪਾਨ ਇਕ ਜ਼ਰੂਰੀ ਅੰਗ ਦਸਿਆ।

Sri Satguru Jagjit Singh Ji eLibrary NamdhariElibrary@gmail.com

ਸਰਦਾਰ ਮਹਿਤਾਬ ਸਿੰਘ ਸ਼ਹੀਦ, ਜਿਨ੍ਹਾਂ ਭਾਈ ਸੁਖਾ ਸਿੰਘ ਜੀ ਨਾਲ ਰਲ ਕੇ ਹਰਮਿੰਦਰ ਸਾਹਿਬ ਦੀ ਬੇ-ਅਦਬੀ ਕਰਨ ਵਾਲੇ ਮੱਸਾ ਰੰਘੜ ਦਾ ਸਿਰ ਕਟਿਆ ਸੀ, ਦੇ ਪੋਤਰੇ ਅਤੇ ਸਰਦਾਰ ਸ਼ਾਮ ਸਿੰਘ ਜਥੇਦਾਰ ਮਿਸਲ ਕ੍ਰੋੜੀਆ ਦੇ ਦੋਹਤਰੇ ਭਾਈ ਰਤਨ ਸਿੰਘ ਜੀ ਭੰਗੂ ਨੇ ਪ੍ਰਾਚੀਨ ਪੰਥ ਪ੍ਰਕਾਸ਼ ਵਿਚ ਪੰਥ ਦੀ ਉਤਪਤੀ ਦੀ ਸਾਖੀ ਸੁਣਾਉਂਦਿਆਂ ਲਿਖਿਆ ਹੈ :

ਪਾਹੁਲ ਖੰਡੇ ਤਿਯਾਰ ਕਰਵਾਈ ॥
ਜਲ ਮਧ ਆਨ ਮਿਠਾਈ ਪਾਈ ॥
ਤਿਹ ਮਧ ਰਾਖੀ 'ਕਰਦ' ਗਡਾਇ ॥
ਸਤਿਗੁਰ ਰਾਖੀ ਕਰਦ ਧਾਰੇ ਦਾਇ ॥

## ਦੋਹਿਰਾ

ਸ੍ਰੀ ਸਤਿਗੁਰ ਸਤਿਨਾਮ ਕਹਿਓ, ਕਰਤਾ ਪੁਰਖ ਉਚਾਰ ॥
'ਅਕਾਲ ਅਕਾਲ' ਜਾਪ ਕਰ ਤੋਰ, ਕ੍ਰਿਪਾ ਨਿਜਧਾਰ ॥

ਫਿਰ ਪ੍ਰਿਥਮ ਭਗਉਤੀ ਦੀ ਵਾਰ ਪੜ੍ਹੀ ਅਤੇ ਪਿਛੋਂ ਤ੍ਰਿਭੰਗੀ ਛੰਦ,

"ਖਗ ਖੰਡ ਬਿਹੰਡੰ, ਖਲ ਦਲ, ਖੰਡੰ, ਅਤਿ ਰਣ ਮੰਡੰ, ਬਰਬੰਡੰ ।
ਭੁਜ ਦੰਡ ਅਖੰਡੰ, ਤੇਜ ਪ੍ਰਚੰਡੰ, ਜੋਤਿ ਅਮੰਡੰ, ਭਾਨ ਪ੍ਰਭੰ ।
ਸੁਖਾ ਸੰਤਾ ਕਰਣੰ, ਦੁਰਮਤਿ ਦਰਣੰ, ਕਿਲਬਿਖ ਹਰਣੰ, ਅਸ ਸਰਣੰ ।
ਜੈ ਜੈ ਜਗ ਕਾਰਣ, ਸ੍ਰਿਸਟ ਉਬਾਰਣ, ਮਮ ਪ੍ਰਤਿਪਾਰਣ ਜੈ ਤੇਗੰ," ਪੜ੍ਹਿਆ ।

ਇਉਂ ਕ੍ਰਿਪਾਨ ਦੀ ਮਹੱਤਤਾ ਦ੍ਰਿੜਾਈ ।

ਭਾਈ ਮੰਗਲ ਸਿੰਘ ਜੀ ਨੇ 'ਜੀਵਨ ਬਾਬਾ ਬੁੱਢਾ ਜੀ' ਨਾਂ ਦੀ ਪੁਸਤਕ ਵਿਚ ਭਾਈ ਰਾਮ ਕੌਰ (ਬਾਬਾ ਬੁੱਢਾ ਜੀ ਦੇ ਪੜਪੋਤਰੇ) ਦਾ ਜੀਵਨ ਚਰਿਤਰ ਦੱਸਦਿਆਂ ਲਿਖਿਆ ਹੈ :

ਫਿਰ ਸਤਿਗੁਰ ਇਕ ਚੋਜ ਵਿਖਾਵੈ ॥
ਪੰਜੇ ਸਿੱਖ ਲੈ ਬਾਹਰ ਆਵੈ ॥
ਪਿਖ ਕਰਿ ਸੰਗਤ ਅਚਰਜ ਹੋਈ ॥
ਹਦ ਹੈਰਾਨੀ ਰਹੀ ਨ ਕੋਈ ॥
ਅਤਿ ਸੁੰਦਰ ਤਿਨ ਰੂਪ ਸੁਹਾਇ ॥
ਅਚਰਜ ਕਪੜੇ ਗੁਰਾਂ ਪਹਿਰਾਏ ॥
**ਲਕ ਨਾਲ 'ਕ੍ਰਿਪਾਨ' ਸੁਹਾਏ ॥੩੪॥**

ਮਹਿਮਾ ਪ੍ਰਕਾਸ਼ ਵਿਚ ਭਾਈ ਸਰੂਪ ਦਾਸ ਜੀ ਭੱਲਾ ਨੇ ਖੰਡੇ ਦੀ ਪਾਹੁਲ ਵਾਲੇ ਪ੍ਰਸੰਗ ਵਿਚ ਲਿਖਿਆ ਹੈ :

## ਦੋਹਰਾ

ਨਵਤਨ ਪੰਥ-ਮਿਰਜਾਦ ਧਰਿ, ਕਰੈ ਕਲਕੀ-ਧਰਮ ਪ੍ਰਕਾਸ਼ ॥
ਸੀਸ ਕੇਸ ਨੀਲੰਬਰੀ, ਸਿੰਘ ਸੰਙਿਆ ਤੇਜ ਨਿਵਾਸ ॥ ੧ ॥

Sri Satguru Jagjit Singh Ji eLibrary NamdhariElibrary@gmail.com

## ਚੌਪਈ

ਇਕ ਤਸਟਾ ਚਮਚਾ ਲੋਹਿ ਮੰਗਾਇਆ ॥
ਤਾ ਮੈ ਖੰਡੇ ਇਸ਼ਨਾਨ ਕਰਾਇਆ ॥
ਖੰਡੇ ਕੀ ਪਾਹੁਲ ਭਈ ਤਿਆਰ ॥
ਤਬ ਸਿੱਖ ਮੁਖੀਏ ਪ੍ਰਭ ਲਏ ਹਕਾਰਿ ॥੨॥

ਤਾਰੀਖ–ਏ-ਪੰਜਾਬ ਵਿਚ ਕਨ੍ਹਈਆ ਲਾਲ ਨੇ ਖਾਲਸਾ ਸਾਜਣ ਦਾ ਬ੍ਰਿਤਾਂਤ ਲਿਖਦੇ ਹੋਏ ਦਸਿਆ ਹੈ ਕਿ "ਫੇਰ ਗੁਰੂ ਗੋਬਿੰਦ ਸਿੰਘ ਜੀ ਨੇ ਉਨ੍ਹਾਂ ਸਿਰ ਲੱਥ ਸਿੱਖਾਂ ਨੂੰ ਤੰਬੂਆਂ ਵਿਚੋਂ ਬਾਹਰ ਲਿਆ ਕੇ ਦੀਵਾਨ ਸਜਾਇਆ ਅਤੇ ਦਰਿਆ ਤੋਂ ਪਾਣੀ ਮੰਗਵਾ ਕੇ ਲੋਹੇ ਦੇ ਬਾਟੇ ਵਿਚ ਪਤਾਸਿਆਂ ਦਾ ਸ਼ਰਬਤ ਤਿਆਰ ਕੀਤਾ ਅਤੇ ਤੇਜ਼ ਕ੍ਰਿਪਾਨ ਉਸ ਵਿਚ ਫੇਰ-ਫੇਰ ਕੇ ਉਸ ਉਪਰ ਸ਼ਬਦ ਸਲੋਕ ਪੜ੍ਹੇ। ਜਦ ਅੰਮ੍ਰਿਤ ਤਿਆਰ ਹੋ ਗਿਆ ਤਾਂ ਉਨ੍ਹਾਂ ਪੰਜਾਂ ਸੂਰਬੀਰ ਸਿੱਖਾ ਨੂੰ ਉਹ ਅੰਮ੍ਰਿਤ ਪਾਹੁਲ ਪਿਆਇਆ ਤੇ ਸਤਿਨਾਮ ਮੰਤਰ ਸਿਖਾਇਆ ਅਤੇ ਮੁੱਖ ਤੋਂ ਬਚਨ ਕੀਤਾ, ਕਿ ਤੁਸੀਂ ਹੁਣ ਖਾਲਸਾ ਹੋਏ ਹੋ। ਅਕਾਲ ਪੁਰਖ ਦਾ ਪੰਥ ਸਾਜਿਆ ਗਿਆ ਹੈ। ਤੁਸੀਂ ਉਸ ਅਕਾਲ ਪੁਰਖ ਤੋਂ ਬਿਨਾਂ ਹੋਰ ਸਭ ਦੀ ਪੂਜਾ ਅਰਚਨਾ ਛੱਡ ਦਿਓ। ਸਿਰਾਂ ਤੇ ਕੇਸ ਰਖੋ, ਤੇੜ ਕਛਹਿਰਾ ਪਾਉ। ਹੱਥ ਵਿਚ ਲੋਹੇ ਦਾ ਕੜਾ ਅਤੇ ਸਰਬ ਲੋਹ ਦੇ ਸ਼ਸਤਰਾਂ ਨਾਲ ਸਜੇ ਰਹੋ।"

ਗੱਲ ਕੀ, ਸਭ ਸਮਕਾਲੀ ਅਤੇ ਪਿਛਲੇਰੀਆਂ ਗਵਾਹੀਆਂ ਇਕ ਜ਼ਬਾਨ ਇਹ ਹੀ ਕਹਿੰਦੀਆਂ ਹਨ ਕਿ 'ਖੰਡੇ' ਦਾ ਅੰਮ੍ਰਿਤ ਤਿਆਰ ਕੀਤਾ ਅਤੇ ਕ੍ਰਿਪਾਨ ਨੂੰ ਰਹਿਤ ਦਾ ਅੰਗ ਬਣਾਇਆ।

ਖੰਡੇ–ਕ੍ਰਿਪਾਨ ਦੀ ਮਹੱਤਤਾ ਬਾਰੇ ਵੀ ਕੋਈ ਦੋ ਰਾਵਾਂ ਨਹੀਂ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਆਪ ਹੀ ਫ਼ਰਮਾਇਆ ਹੈ ਕਿ ਪਹਿਲਾਂ ਸਭ ਤੋਂ ਪ੍ਰਭੂ ਨੇ ਖੰਡਾ ਹੀ ਸਾਜਿਆ ਅਤੇ ਫਿਰ ਵਿਚ ਮਾਨ, ਹਉ ਤੇ ਹੰਕਾਰ ਪਾ ਕੇ ਇਕ ਖੇਲ ਰਚਾ ਦਿੱਤਾ।

"ਖੰਡਾ ਪ੍ਰਿਥਮੈ ਸਜਾਕੇ,
ਜਿਨ ਸਭ ਸੰਸਾਰ ਉਪਾਇਆ।
ਬ੍ਰਹਮਾ ਬਿਸਨ ਮਹੇਸ ਸਾਜਿ।
ਕੁਦਰਤੀ ਦਾ ਖੇਲ ਰਚਾਇ ਬਣਾਇਆ।"

'ਖੇਲੈ ਸਗਲ ਜਗਤ' ਗੁਰੂ ਅੰਗਦ ਜੀ ਦਾ ਵੀ ਫ਼ਰਮਾਨ ਹੈ। ਇਹ ਖੇਡ ਖੇਡਣੀ ਕੋਈ ਸਹਿਲਾ ਕੰਮ ਨਹੀਂ। ਇਹ ਖੇਡ ਹੁਣ ਖੇਡੀ ਤਾਂ ਹੀ ਜਾ ਸਕਦੀ ਹੈ ਜੇ ਉਹ ਹੀ ਹਥਿਆਰ ਹੱਥ ਹੋਵੇ ਤੇ ਉਸੇ ਦੀ ਗੁੜ੍ਹਤੀ ਲਈ ਜਾਏ। 'ਖੰਨਿਉ ਤਿਖੀ ਵਾਲਹੁ ਨਿੱਕੀ' ਵਾਲੇ ਮਾਰਗ ਤੇ ਤਾਂ ਹੀ ਟੁਰਿਆ ਜਾ ਸਕੇਗਾ ਕਿ ਜੇ 'ਖੰਡਾ' ਇਸ ਦੇ ਹੱਥ ਹੋਵੇ ਤੇ 'ਕ੍ਰਿਪਾਨ' ਦਾ ਧਾਰਨੀ। ਇਸੇ ਲਈ ਦਸ਼ਮੇਸ਼ ਪਿਤਾ ਨੇ ਖੰਡੇ ਦੀ ਪਾਹੁਲ ਦਿੱਤੀ ਅਤੇ ਕ੍ਰਿਪਾਨ ਧਾਰਨ ਕਰਨ ਦਾ ਹੁਕਮ ਦਿੱਤਾ। ਨਵੀਨ ਸਾਖ (ਨੀਉ ਟੈਸਟਾਮੈਂਟ) ਵਿਚ ਇਹ ਲਿਖਿਆ ਮਿਲਦਾ ਹੈ ਕਿ ਪ੍ਰਭੂ ਦੇ ਮੁਖੋਂ ਸਭ ਤੋਂ ਪਹਿਲਾਂ ਤਿਖੀ ਕ੍ਰਿਪਾਨ ਹੀ ਨਿਕਲੀ। ਸੰਤ ਜੌਹਨ ਨੇ ਅਗੇ ਜਾ ਕੇ ਲਿਖਿਆ ਕਿ ਰੱਬ ਦੇ ਪੁਤਰ ਦੇ ਮੂੰਹ ਵਿਚ ਤਿੱਖਾ ਤੇ ਦੋ-ਧਾਰਾ ਖੰਡਾ ਹੈ। ਇੰਝ

Sri Satguru Jagjit Singh Ji eLibrary NamdhariElibrary@gmail.com

ਲੱਗਦਾ ਹੈ ਕਿ ਇਥੇ ਰਸਨਾ ਲਈ ਖੰਡਾ ਵਰਤਿਆ ਗਿਆ ਹੈ। ਜ਼ਬਾਨ ਦਾ ਰੂਪ ਦੋ ਧਾਰੇ ਖੰਡੇ ਵਾਂਗ ਹੀ ਹੈ ਤੇ ਇਸ ਦੀ ਮਾਰ ਵੀ ਤਿੱਖੀ ਹੁੰਦੀ ਹੈ। ਰਸਨਾ ਰਾਹੀਂ ਹੀ ਬੋਲ, ਸੋਚ, ਗਿਆਨ, ਸੂਝ ਤੇ ਵਿਵੇਕ ਆਉਂਦਾ ਹੈ ਅਤੇ ਵਾਹਿਗੁਰੂ ਦੇ ਰੂਪ ਦਾ ਪਤਾ ਲੱਗਦਾ ਹੈ। ਖੰਡਾ ਉਤਪਤੀ, ਗਤੀ ਅਤੇ ਮਰਦਊਪੁਨੇ ਦਾ ਚਿੰਨ੍ਹ ਹੈ। ਹਰਜ਼ਤ ਈਸਾ ਜੀ ਨੂੰ ਜਦ ਇਸਰਾਈਲੀ ਦੇ ਸਿਪਾਹੀ ਪਕੜਣ ਆਏ ਤਾਂ ਉਨ੍ਹਾਂ ਕਿਹਾ "ਕਿਸੇ ਪਾਸ ਕ੍ਰਿਪਾਨ ਹੈ।" ਇਸੇ ਕ੍ਰਿਪਾਨ ਦੀ ਲੋੜ ਮਹਿਸੂਸ ਕੀਤੀ। "ਲਈ ਭਗਉਤੀ ਦੁਰਗਸ਼ਾਹ ਵਰਜਾਗਨ ਭਾਰੀ" ਚੰਡੀ ਦੀ ਵਾਰ ਵਿਚ ਆਇਆ ਫ਼ਰਮਾਨ ਇਸੇ ਪਾਸੇ ਦੀ ਵਿਆਖਿਆ ਹੈ। ਜਦ ਗੁਰੂ ਅਰਜਨ ਜੀ, "ਗਰੀਬੀ ਗਦਾ (ਗੁਰਜ) ਹਮਾਰੀ। ਖੰਨਾਂ (ਖੰਡਾਂ) ਸਗਲ ਰੇਨ ਛਾਰੀ" ਦਾ ਹੁਕਮ ਕਰਦੇ ਹਨ ਤਾਂ ਉਸ ਦਾ ਭਾਵ ਵੀ ਇਹ ਹੀ ਹੈ ਕਿ ਸ਼ਕਤੀ ਨਿਮਰਤਾ ਤੇ ਸੰਜਮੀ ਬੋਲਾਂ ਵਿਚ ਹੈ। "ਫੁਨਹੇ" ਵਿਚ ਆਪ ਹੀ ਪ੍ਰਸ਼ਨ ਕਰਦੇ ਹਨ ਕਿ 'ਪੰਚ ਸਤਾਵਹਿ ਦੂਤ ਕਵਨ ਬਿਧਿ ਮਾਰਣੇ' ਤਾਂ ਉੱਤਰ ਦਿੰਦੇ ਹਨ :

ਤੀਖਣ ਬਾਣ ਚਲਾਇ ਨਾਮ ਪ੍ਰਭ ਧਿਆਈਐ। (ਫੁਨਹੇ ਮਹਲਾ ੫, ਪੰਨਾ ੧੩੬੩)

ਸਹਿਸਕ੍ਰਿਤੀ ਸਲੋਕਾਂ ਵਿਚ ਵੀ ਹੱਥ ਸ਼ਸਤਰ, ਸਰੀਰ-ਸੰਜੋਅ ਅਤੇ ਢਾਲ ਦੀ ਗੱਲ ਗੁਰੂ ਜੀ ਕਰਦੇ ਹਨ। ਕਬੀਰ ਜੀ ਨੇ ਫ਼ਰਮਾਇਆ ਹੈ :

"ਕਬੀਰ ਸਤਿਗੁਰ ਸੂਰਮੇ ਬਾਹਿਆ ਬਾਨ ਜੁ ਏਕ ॥
ਲਾਗਤ ਹੀ ਭੁਇ ਗਿਰਿ ਪਰਿਆ, ਪਰਾ ਕਰੇਜੇ ਛੇਕ ॥"੧੯੪ ॥ (ਸਲੋਕ, ਪੰਨਾ ੧੩੭੪)

ਸੋ ਇਹ ਖੰਡਾ, ਕ੍ਰਿਪਾਨ, ਤੀਰ, ਗੁਰਜ ਚਿੰਨ੍ਹ ਹਨ ਉਸ ਪ੍ਰਭੂ ਦੀ ਸ਼ਕਤੀ ਦੇ।

ਰਿਚਰਡ ਬਰਟਨ ਨੇ 'ਦੀ ਬੁਕ ਔਫ਼ ਸੋਰਡ' ਵਿਚ ਲਿਖਿਆ ਹੈ ਕਿ ਉਚੇਰੇ ਪੱਧਰ ਤੋਂ ਕ੍ਰਿਪਾਨ ਦੈਵੀ ਸ਼ਕਤੀ ਕਰਕੇ ਹੀ ਜਾਣੀ ਗਈ ਹੈ।[1]

ਗੁਰੂ ਗੋਬਿੰਦ ਸਿੰਘ ਜੀ ਨੇ :—

ਨਮੋ ਸ਼ਸਤ੍ਰ ਪਾਣੇ, ਨਮੋ ਅਸਤਰ ਮਾਣੇ।
ਨਮੋ ਪਰਮ ਗਿਆਤਾ, ਨਮੋ ਲੋਕ ਮਾਤਾ।

ਦਾ ਜਾਪ ਕਰਵਾ ਕੇ ਸ਼ਸਤ੍ਰ ਦੀ ਮਹੱਤਤਾ ਦੇ ਕਰਤੱਵ ਵੀ ਦ੍ਰਿੜ੍ਹ ਕਰ ਦਿੱਤਾ ਹੈ।

ਇਹ ਕ੍ਰਿਪਾਨ ਖਾਲਸੇ ਨੂੰ ਹਰ ਵੇਲੇ ਚੇਤਾ ਕਰਾਉਂਦੀ ਹੈ ਕਿ ਉਹ ਨਿਰਬਲ ਨਹੀਂ ਉਸ ਪਾਸ ਵਾਹਿਗੁਰੂ, ਸਤਿਗੁਰੂ, ਸੰਗਤ ਤੇ ਆਪਣੀ ਓਟ ਹੈ। ਉਹ ਖਾਲਸਾ ਬਣ ਕੇ ਹੋਰ ਕਿਸੇ ਵੱਲ ਝਾਕਦਾ ਨਹੀਂ ਕਿਉਂਕਿ ਉਹ ਵਾਹਿਗੁਰੂ ਦਾ ਹੈ ਅਤੇ ਇਸ ਨਾਤੇ ਸਾਰੀਆਂ ਸ਼ਕਤੀਆਂ ਉਸ ਪਾਸ ਹਨ। ਮਨੁੱਖ 'ਹਉ' ਤੇ 'ਭਉ' ਦਾ ਪੁਤਲਾ ਹੈ। ਹਉ ਵਿਚ ਆਇਆ ਨਫ਼ਰਤ ਕਰਦਾ ਹੈ ਅਤੇ ਭੈ ਵਿਚ ਪੈ ਜ਼ੁਲਮ। ਕ੍ਰਿਪਾਨ ਇਸ ਗੱਲ ਦਾ ਪ੍ਰਤੀਕ ਹੈ ਕਿ ਖਾਲਸਾ ਹਉਮੈ ਨੂੰ ਅਣਖ ਤਕ ਰੱਖਦਾ ਹੈ ਤੇ ਭਉ ਨੂੰ ਨੇੜੇ ਨਹੀਂ ਆਉਣ ਦੇਂਦਾ। ਜਦ ਗੁਰੂ ਗੋਬਿੰਦ ਸਿੰਘ ਜੀ ਚਮਕੌਰ ਦੀ ਗੜ੍ਹੀ ਤੋਂ ਸਹੀ ਸਲਾਮਤ ਲੱਖਾਂ ਵਿਰੋਧੀਆਂ ਵਿਚੋਂ

---

1. "At a higher plane the sword has been idealized as DIVINE POWER."

Sri Satguru Jagjit Singh Ji eLibrary NamdhariElibrary@gmail.com

ਨਿਕਲ ਗਏ ਤਾਂ ਉਨ੍ਹਾਂ ਨੇ 'ਜ਼ਫ਼ਰਨਾਮਾ' ਵਿਚ ਲਿਖਿਆ, 'ਨ ਪੇਚੀਦ ਮੂਏ, ਨ ਰੰਜੀਦਾ ਤਨ।' ਉਸ ਦੀ ਮੇਹਰ ਸਦਕਾ ਵਾਲ ਵੀ ਵਿੰਗਾ ਨ ਹੋਇਆ ਅਤੇ ਸਰੀਰ ਨੂੰ ਰਤਾ ਜਿਤਨੀ ਵੀ ਝਰੀਟ ਨ ਆਈ। ਕ੍ਰਿਪਾਨ ਧਾਰੀ ਵਿਚ ਐਸਾ ਵਿਸ਼ਵਾਸ ਪੱਕਾ ਹੋ ਜਾਂਦਾ ਹੈ।

ਇਹ ਠੀਕ ਹੈ ਵਿਸ਼ੇਸ਼ ਕਰ ਮਨ ਦੀ ਹਕੂਮਤ ਤਨ ਤੇ ਹੈ ਪਰ ਬਹੁਤੀ ਵਾਰੀ ਦੇਖਿਆ ਗਿਆ ਹੈ ਕਿ ਤਨ ਦੇ ਅਸਰ ਮਨ ਤੇ ਪ੍ਰਭਾਵ ਪਾਉਂਦੇ ਹਨ। ਲੋੜ ਤਨ ਤੇ ਮਨ ਦੋਵਾਂ ਨੂੰ ਕਾਬੂ ਤੇ ਬਲਵਾਨ ਕਰਨ ਦੀ ਹੈ। ਗੁਰੂ ਗਰੰਥ ਸਾਹਿਬ ਦੇ ਸਭ ਤੋਂ ਅੰਤਲੇ ਮੁੰਦਾਵਨੀ ਦੇ ਸਲੋਕ ਵਿਚ ਅਰਦਾਸ ਹੀ 'ਤਨ ਮਨ ਥੀਵੈ ਹਰਿਆ' ਦੀ ਹੈ। ਤਨ ਮਨ ਹਰਿਆ ਕਰਨ ਤੇ ਰੱਖਣ ਦਾ ਰਾਹ ਕੇਵਲ ਰਹਿਤ ਹੈ। ਇਕ ਸਵਾਲ ਬਾਰ-ਬਾਰ ਉਠਾਇਆ ਜਾਂਦਾ ਹੈ ਕਿ ਖਾਲਸੇ ਲਈ ਰਹਿਤ ਜ਼ਰੂਰੀ ਹੈ ਜਾਂ ਰਹਿਤ ਕਰ ਕੇ ਹੀ ਖਾਲਸਾ ਬਣਦਾ ਹੈ। ਦੋਵਾਂ ਨੂੰ ਅੱਡ-ਅੱਡ ਕਰ ਕੇ ਹੀ ਬਹੁਤਿਆਂ ਨੇ ਖੁੱਲ੍ਹਾਂ ਲਈਆਂ ਹਨ। ਪਿੱਛੇ ਜਹੇ 'ਅਲਸਟਰੇਟਿਡ ਵੀਕਲੀ' ਵਿਚ ਕਿਸੇ ਹਰਜੀ ਮਲਕ ਨਾਂ ਦੀ ਲੇਖਕਾ ਨੇ 'ਕੀ ਸਿੱਖੀ ਬਚ ਜਾਏਗੀ' ਦੇ ਸਿਰਲੇਖ ਹੇਠਾਂ ਇਕ ਮਜ਼ਮੂਨ ਲਿਖਿਆ ਹੈ ਜਿਸ ਵਿਚ ਇਹ ਖ਼ਤਰਨਾਕ ਵਿਚਾਰ ਪ੍ਰਗਟਾਈ ਹੈ ਕਿ ਜਿਸ ਅੰਮ੍ਰਿਤ ਨਹੀਂ ਛਕਿਆ ਉਹ ਖਾਲਸਾ ਨਹੀਂ ਤੇ ਜੇ ਉਹ ਕਕਾਰ ਨਹੀਂ ਰੱਖਦਾ ਤਾਂ ਉਹ ਪਤਿਤ ਨਹੀਂ ਕਿਹਾ ਜਾ ਸਕਦਾ। ਅਸਲ ਵਿਚ ਅਜਿਹੀਆਂ ਵਿਚਾਰਾਂ ਸਖ਼ਤ ਭੁਲੇਖਾ ਪਾਊ ਹਨ। ਖਾਲਸਾ ਤੇ ਰਹਿਤ ਓਤ ਪੋਤ ਹੈ। ਪਹਿਲਾਂ ਤੇ ਪਿਛੋਂ ਦੀ ਗੱਲ ਨਹੀਂ। ਜਿਵੇਂ ਤਨ ਤੇ ਮਨ ਹੈ। ਮਨ ਤਨ ਵੱਖ ਨਹੀਂ ਕੀਤੇ ਜਾ ਸਕਦੇ। ਰਹਿਤ ਕੋਈ ਵਰਦੀ ਜਾਂ ਯੂਨੀਫ਼ਾਰਮ ਨਹੀਂ ਜੋ ਉਤਾਰੀ ਜਾ ਸਕਦੀ ਹੈ। ਖਾਲਸਾ ਬਣਿਆ ਹੈ ਸਦੀਆਂ ਦੀ ਘਾਲਣਾ ਬਾਅਦ। 'ਸੰਗਤ ਕੀਨੀ ਖਾਲਸਾ'। ਇਹ ਰੂਹਾਨੀ ਜਨਮ ਹੈ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਬਚਨ ਹਨ :

"ਆਤਮ ਰਸ ਜੋ ਜਾਨਹੀ ਸੋ ਹੈ ਖਾਲਸਾ ਦੇਵ।
ਪ੍ਰਭ ਮੈ, ਮੋ ਮੈਂ, ਤਾਸ ਮੈਂ ਰੰਚਕ ਨਾਹਿਨ ਭੇਵ।"

ਇਹ ਚੇਤੇ ਰਹੇ ਕਿ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਦੀ ਮਾਤਾ ਸਾਹਿਬ ਦੇਵਾਂ ਨੂੰ ਹੀ ਕਰਾਰ ਦਿੱਤਾ। ਇਹ ਇਸ ਲਈ ਕਿ ਖਾਲਸਾ ਦਸ਼ਮੇਸ਼ ਪਿਤਾ ਦਾ ਨਾਦੀ ਪੁੱਤਰ ਹੈ। ਆਤਮਾ ਤੋਂ ਪੈਦਾ ਹੋਇਆ ਹੈ। ਲੈਪਲ ਗ੍ਰਿਫ਼ਨ ਦੇ ਕਹਿਣ ਅਨੁਸਾਰ ਉਵੇਂ ਹੀ ਜਿਵੇਂ ਜੂਪੀਟਰ ਨੇ ਮਿਨਰਵਾ ਨੂੰ ਪੈਦਾ ਕੀਤਾ ਸੀ। ਜਾਂ ਜਿਵੇਂ ਦੁਰਗਾ ਨੇ ਆਪਣੇ ਮਸਤਕ ਵਿਚੋਂ ਚੰਡੀ ਨੂੰ ਪੈਦਾ ਕੀਤਾ ਸੀ ਕਿ ਰਕਤ ਬੀਜ (ਖ਼ੂਨ ਸਹਾਰੇ ਵਿਚਰਨ ਤੇ ਰਾਜ ਕਰਨ ਵਾਲੇ) ਦਾ ਖ਼ੂਨ ਪੀਤਾ ਜਾ ਸਕੇ। ਆਤਮ-ਪਿਤਾ ਨੇ ਆਪਣੀ ਰੂਹਾਨੀ ਇਸਤਰੀ (ਮਾਤਾ ਸਾਹਿਬ ਦੇਵਾਂ) ਦੇ ਨਾਲ ਰਲ ਕੇ ਖਾਲਸਾ ਨੂੰ ਜਨਮਿਆ ਹੈ। ਪਿਤਾ ਆਤਮਾ, ਮਾਤਾ ਆਤਮਾ, ਸ਼ਬਦ ਧੁਰਦੇ, ਬਾਣੀ ਧੁਰਕੀ, ਫਿਰ ਰਹਿਤ ਨੂੰ ਨਿਰਾ ਸਰੀਰਕ ਕਹਿਣਾ ਠੀਕ ਨਹੀਂ ਹੈ। **ਖਾਲਸਾ ਬਣਨ ਦੇ ਤਾਂ ਅਰਥ ਹੀ ਹਨ ਕਿ ਜੋ ਸਰੀਰ ਤੋਂ ਉੱਠ ਕੇ ਆਤਮਾ ਵਿਚ ਜੀਵਨ ਦਾ ਪ੍ਰਣ ਕਰਦਾ ਹੈ।** ਜਿਨ੍ਹਾਂ ਨੇ ਸਰੀਰ ਦੇ ਜੀਵਨ ਨੂੰ ਕੁਰਬਾਨ ਕਰਨਾ ਪਸੰਦ ਕੀਤਾ, ਉਹ ਹੀ ਪਿਆਰੇ ਬਣੇ ਅਤੇ ਜਿਸ ਨੇ ਹੋਰ ਦੋ ਸਦੀਆਂ ਪਹਿਲਾਂ ਸਭ ਆਸਰੇ ਤਜ ਸਿਰਫ਼ ਇਕ ਦਾ ਟੇਕ ਰੱਖੀ ਉਹ ਹੀ ਅੰਗੇ-ਖ਼ੁੱਦ (ਅੰਗਦ ਦੇਵ ਜੀ) ਬਣੇ। ਗੁਰੂ ਸੋਭਾ ਦੇ ਲਿਖਾਰੀ ਸੈਨਾਪਤੀ ਨੇ ਅੰਮ੍ਰਿਤ ਤਿਆਰ ਕਰਨ ਦੇ ਅੱਖੀਂ

Sri Satguru Jagjit Singh Ji eLibrary NamdhariElibrary@gmail.com

ਡਿੱਠੇ ਹਾਲਾਤ ਲਿਖੇ ਹਨ। ਉਸ ਦਾ ਲਿਖਣਾ ਹੈ ਕਿ ਜਦ ਮਾਤਾ ਜੀ ਨੇ ਅੰਮ੍ਰਿਤ ਵਿਚ ਪਤਾਸੇ ਪਾਏ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ :

'ਪੇਖ ਸੁ ਮਹਲ ਕੋ ਬਾਤ ਅਲਾਈ।
ਤਾਤ (ਪਿਤਾ) ਅਰ ਮਾਤ ਕੀ ਅੰਸ਼ ਭਈ ਅਬ,
ਯਾ ਕਰ ਹੇਤੁ ਭਵੈ ਨਿਜ ਮਾਈ।
ਪ੍ਰੇਮ ਪਤਾਸੇ ਢਰੇ ਅਬ ਮਾਤ ਨੇ,
ਯੋ ਅਤਿ ਸੰਗਤਿ ਮੋਦ ਧਰਾਈ।
ਧੰਨ ਧੰਨ ਕਹੈਂ ਸਭ ਹੀ ਜਨ ਮਾਤ ਕੋ,
ਮਾਤਾ ਕੀਯੋ ਉਪਕਾਰ ਗਨਾਈ।'

ਸੋ ਰਹਿਤ ਕਿਸੇ ਉਚ ਆਦਰਸ਼ ਦੀ ਲਿਖਾਇਕ ਹੈ, 'ਤਨ ਮਨ ਸਦਾ ਹਰਿਆ' ਰੱਖਣ ਦਾ ਰਾਹ (ਪੰਥ) ਹੈ, ਪ੍ਰਭੂ ਨਾਲ ਇਕ-ਮਿਕ ਹੋਣ ਦਾ ਵਸੀਲਾ ਹੈ। ਜਿੱਥੇ ਕੇਸ ਅੰਮ੍ਰਿਤ ਦੀ ਧਾਰ ਪ੍ਰਗਟਾਉਣ ਅਤੇ ਪ੍ਰਭੂ ਦਾ ਰੂਪ ਦ੍ਰਿੜਾਉਣ ਦੇ, ਕਛਹਿਰਾ ਸੀਲ ਜਤ ਦਾ ਪਹਿਰੇਦਾਰ, ਕੜਾ ਭੈ-ਭਰਮ ਨਾਸਕ, ਕੰਘਾ ਸੁੱਚ ਤੇ ਸੱਚ ਦਾ ਪ੍ਰਤੀਕ ਹੈ ਉਥੇ ਕ੍ਰਿਪਾਨ ਹਉ ਕੱਟ ਕੇ, ਕਾਇਰਤਾ ਨੂੰ ਕੁੱਟ-ਕੁੱਟ ਕੇ ਬਾਹਰ ਕੱਢਣ ਦਾ ਚਿੰਨ੍ਹ ਹੈ। **ਕ੍ਰਿਪਾਨ ਸੁਤੰਤਰਤਾ ਦੀ ਵੀ ਲਖਾਇਕ ਹੈ।** ਕ੍ਰਿਪਾਨ (ਸ਼ਸਤਰ) ਦੂਜੇ ਦੇ ਹਵਾਲੇ ਕਰ ਦਿਉ ਅਧੀਨਗੀ ਆ ਜਾਏਗੀ। ਪਟਨਾ ਵਿਖੇ ਹੀ ਅਸ਼ੋਕ ਨੇ ਕ੍ਰਿਪਾਨ ਤਜ ਦਿੱਤੀ ਸੀ ਤੇ ਗ਼ੁਲਾਮੀ ਨੇ ਪੈਰ ਜਮਾ ਲਏ ਸਨ। ਉਸੇ ਪਟਨਾ ਸ਼ਹਿਰ ਵਿਖੇ ਗੁਰੂ ਗੋਬਿੰਦ ਸਿੰਘ ਜੀ ਨੇ ਭਵ ਲੈ ਕੇ ਕ੍ਰਿਪਾਨ ਦੀ ਮਹੱਤਤਾ ਦ੍ਰਿੜਾਈ ਸੀ ਤੇ ਫਿਰ ਕ੍ਰਿਪਾਨ ਪਹਿਣ ਅਤੇ ਪਹਿਨਾ ਕੇ ਗ਼ੁਲਾਮੀ ਨੂੰ ਜੜ੍ਹੋਂ ਹੀ ਪੁੱਟ ਦਿੱਤਾ ਸੀ। ਭਾਈ ਗੁਰਦਾਸ ਜੀ (ਦੂਜੇ) ਨੇ 'ਵਾਰ ਪਾਤਸ਼ਾਹੀ ਦਸਵੇਂ ਕੀ' ਦੀ ਪਾਉੜੀ ਪੰਦਰਵੀਂ ਵਿਚ ਇਸੇ ਦੀ ਸਾਖ ਭਰਦੇ ਲਿਖਿਆ ਹੈ :

ਨਿਜ ਪੰਥ ਚਲਾਇਓ ਖਾਲਸਾ ਧਰਿ ਤੇਜ ਕਰਾਰਾ।
ਸਿਰ ਕੇਸ ਧਾਰਿ ਕਰ ਖੜਗ ਕੋ ਸਭ ਦੁਸਟ ਪਛਾਰਾ।
ਸੀਲ ਜਤ ਕੀ ਕਛ ਪਹਿਰਿ ਪਕੜਿਓ ਹਥਿਆਰਾ।
ਸਚ ਫਤੇ ਬੁਲਾਈ ਗੁਰੂ ਕੀ ਜੀਤਿਓ ਰਣ ਭਾਰਾ।
ਸਭ ਦੈਤ ਅਰਿਨੀ ਕੋ ਘੇਰ ਕਰਿ ਕੀਜੈ ਪਰਿਹਾਰਾ।
ਤੁਰਕ ਦੁਸਟ ਸਭ ਛੈ ਕੀਏ ਹਰਿਨਾਮਾ ਉਚਾਰਾ।
ਤਿਨ ਅਗੈ ਕੋਇ ਨ ਠਹਿਰਿਓ ਭਾਗੇ ਸਿਰਦਾਰਾ।
**ਜਹ ਰਾਜੇ ਸ਼ਾਹ ਅਮੀਰੜੇ ਹੋਏ ਸਭ ਛਾਰਾ।**
ਤਬ ਸਭ ਧਰਤੀ ਹਲਚਲ ਭਈ ਛਾਡੇ ਘਰ ਬਾਰਾ।
ਇਉਂ ਐਸੇ ਦੁੰਦ ਕਲੇਸ਼ ਮੈਂ ਖਪਿਓ ਸੰਸਾਰਾ।
ਤਹਿ ਬਿਨ ਸਤਿਗੁਰ ਕੋ ਹੈ ਨਹੀਂ ਭੈ ਕਾਟਨਹਾਰਾ।
**ਗਹਿ ਐਸੇ ਖੜਗ ਦਿਖਾਇਅਨ ਕੋ ਸਕੈ ਨਾ ਝੇਲਾ।**
ਵਾਹ ਵਾਹ (ਗੁਰੂ) ਗੋਬਿੰਦ ਸਿੰਘ ਆਪੇ ਗੁਰੂ ਚੇਲਾ।

ਉਨ੍ਹੀਵੀਂ ਪਉੜੀ ਦੀਆਂ ਤੁਕਾਂ ਤਾਂ ਖ਼ਾਸ ਕਰ ਗਹੁ ਨਾਲ ਪੜ੍ਹਨ ਵਾਲੀਆਂ ਹਨ

Sri Satguru Jagjit Singh Ji eLibrary NamdhariElibrary@gmail.com

ਜਿਨ੍ਹਾਂ ਵਿਚ ਖਾਲਸਾ ਸਾਜਣ ਅਤੇ ਕ੍ਰਿਪਾਨ ਬਖ਼ਸ਼ਣ ਦਾ ਮੰਤਵ ਦਰਸਾਇਆ ਹੈ :

ਤਹ ਸਿਮਰਿ ਸਿਮਰਿ ਅਕਾਲ ਕਉ ਹਰਿ ਹਰਿ ਗੁਨ ਗਾਏ।
'ਵਾਹ ਗੁਰੂ ਗੋਬਿੰਦ ਸਿੰਘ ਗਾਜ਼ੀ ਸਬਲ ਜਿਨਿ ਸਿੰਘ ਜਗਾਏ।'
**ਤਬ ਭਇਓ ਜਗਤ ਸਭ ਖਾਲਸਾ ਮਨਮੁਖ ਭਰਮਾਏ।**
ਇਉਂ ਉਠ ਭਬਕੇ ਬਲਬੀਰ ਸਿੰਘ ਸ਼ਸਤਰ ਚਮਕਾਏ।
ਤਬ ਸਭ ਤੁਰਕਨ ਕੋ ਛੇਦ ਕਰਿ ਅਕਾਲ ਜਪਾਏ।
ਸਭ ਛਤ੍ਰ ਪਤੀ ਚੁਨਿ ਚਨਿ ਹਤੇ ਕਹੂੰ ਟਿਕਨਿ ਨ ਪਾਏ।
ਤਬ ਜਗ ਮੈਂ ਧਰਮ ਪ੍ਰਗਾਸਿਓ ਸਚੁ ਹੁਕਮ ਚਲਾਏ।
ਯਹ ਬਾਰਹ ਸਦੀ ਨਬੇੜ ਕਰਿ ਗੁਰ ਫਤੇ ਬਲਾਏ।

ਸਦੀਆਂ ਤੋਂ ਬਣਿਆ ਜ਼ੁਲਮੀ ਰਾਜ ਖਾਲਸੇ ਦੀ ਤੇਗ਼ ਨੇ ਹੀ ਮੁਕਾਇਆ। ਹਲੇਮੀ ਰਾਜ ਪ੍ਰਗਟ ਹੋ ਗਇਆ। ਜਦ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ ਵਿਚੋਂ ਜ਼ੁਲਮ ਦਾ ਕੇਂਦਰ ਸਰਹਿੰਦ ਤੋੜ ਦਿੱਤਾ ਤਾਂ ਇਕ ਐਲਾਨਨਾਮੇ ਵਿਚ ਉਨ੍ਹਾਂ ਇਹ ਹੀ ਲਿਖਿਆ ਕਿ "ਸਤਿਜੁਗ ਰਾਜ ਵਰਤਾਇਆ ਹੈ" ਜਿੱਥੇ ਕਿਸੇ ਤੇ ਵੀ ਜਬਰ ਜ਼ੁਲਮ ਨਹੀਂ ਹੋਵੇਗਾ।

ਸਰ ਮੁਹੰਮਦ ਇਕਬਾਲ ਨੇ ਔਰੰਗਜ਼ੇਬ ਨੂੰ ਇਸਲਾਮ ਦੇ ਭੱਥੇ ਵਿਚ ਆਖ਼ਰੀ ਤੀਰ, 'ਤਰਕਸ਼-ਇ-ਮਾ ਖਦੰਗੇ ਆਖ਼ਰੀ' ਕਹਿਆ ਹੈ। ਇਸ ਆਖ਼ਰੀ ਤੀਰ ਦਾ ਮੂੰਹ ਗੁਰੂ ਗੋਬਿੰਦ ਸਿੰਘ ਜੀ ਦੀ ਬਖ਼ਸ਼ੀ ਕ੍ਰਿਪਾਨ ਨੇ ਹੀ ਮੋੜਿਆ। ਸੱਚੀ ਗੱਲ ਤਾਂ ਇਹ ਹੈ ਕਿ ਇਹ ਤੀਰ ਆਖ਼ਰੀ ਹੀ ਰਿਹਾ।

ਕ੍ਰਿਪਾਨ ਛੁਰਾ ਨਹੀਂ ਹੈ। ਕ੍ਰਿਪਾਨ ਛੁਪਾਈ ਨਹੀਂ ਜਾ ਸਕਦੀ। ਸਿੱਖ ਛੁਪ ਕੇ ਵਾਰ ਨਹੀਂ ਕਰਦਾ। ਲਲਕਾਰਦਾ ਹੈ। ਇਸ ਦੀ ਸਿਆਸਤ ਖੁੱਲ੍ਹੀ ਸਿਆਸਤ (ਓਪਨ ਡਿਪਲੋਮੇਸੀ) ਹੈ। ਜਿਸ ਨੂੰ ਹੁਣ ਦੁਨੀਆਂ ਦੇ ਮੁਲਕ ਅਪਣਾ ਰਹੇ ਹਨ। ਕ੍ਰਿਪਾਨ-ਧਾਰੀ ਇੱਜ਼ਤਾਂ ਨਹੀਂ ਲੁੱਟਦਾ, ਪਤਿ ਦਾ ਰਾਖਾ ਹੈ। ਕਾਜ਼ੀ ਨੂਰ ਮੁਹੰਮਦ ਨੇ 'ਜੰਗਨਾਮਾ' ਵਿਚ ਲਿਖਿਆ ਹੈ ਕਿ ਸਿੱਖ ਦੁਸ਼ਮਣ ਦੀ ਮਾਂ ਬੇਟੀ ਨੂੰ ਆਪਣੀ ਮਾਂ ਬੇਟੀ ਸਮਝਦਾ ਹੈ। ਉਹ ਅੱਗੇ ਚਲ ਕੇ ਲਿਖਦਾ ਹੈ, "ਲੜਨ ਢੰਗ ਤੋਂ ਇਲਾਵਾ ਇਨ੍ਹਾਂ (ਸਿੱਖਾਂ) ਦਾ ਇਕ ਹੋਰ ਗੁਣ ਵੀ ਸੁਣਨ ਵਾਲਾ ਹੈ। ਉਸ ਗੁਣ ਵਿਚ ਇਹ ਹੋਰਨਾਂ ਜੋਧਿਆਂ ਨਾਲੋਂ ਬਹੁਤ ਅੱਗੇ ਵਧੇ ਹੋਏ ਹਨ। ਇਹ ਉਸ ਮਰਦ ਨੂੰ ਜੋ ਲੜਾਈ ਵਿਚ ਹਥਿਆਰ ਸੁੱਟ ਦੇਵੇ ਕਦੇ ਵੀ ਨਹੀਂ ਮਾਰਦੇ ਤੇ ਨਾ ਹੀ ਨੱਸੇ ਜਾਂਦੇ ਨੂੰ ਪਕੜਦੇ ਹਨ। ਇਹ ਨਾ ਕਿਸੇ ਤ੍ਰੀਮਤ ਦਾ ਗਹਿਣਾ ਰੁਪਿਆ ਲੁੱਟਦੇ ਹਨ ਭਾਵੇਂ ਉਹ ਸੁਆਣੀ ਹੋਵੇ ਭਾਵੇਂ ਮਾਮੂਲੀ ਗੋਲੀ ਬਾਂਦੀ। ਇਨ੍ਹਾਂ ਵਿਚ ਵਿਭਚਾਰ ਵੀ ਨਹੀਂ। ਨਾ ਹੀ ਇਹ ਚੋਰੀ ਕਰਦੇ ਹਨ। **ਤ੍ਰੀਮਤ ਭਾਵੇਂ ਉਹ ਜੁਆਨ ਹੋਵੇ ਜਾਂ ਬਿਰਧ ਇਹ ਬੁੱਢੀ ਹੀ ਆਖਦੇ ਹਨ। ਬੁੱਢੀ ਦੇ ਅਰਥ ਹਿੰਦੁਸਤਾਨ ਵਿਚ ਵੱਡੀ ਉਮਰ ਵਾਲੀ ਤ੍ਰੀਮਤ ਕੀਤੇ ਜਾਂਦੇ ਹਨ। ਇਹ ਚੋਰੀ ਤੇ ਸੰਨ੍ਹ ਮਾਰਨ ਵਾਲੇ ਨੂੰ ਆਪਣਾ ਮਿੱਤ ਨਹੀਂ ਬਣਾਉਂਦੇ।"** ਇਸੇ ਤਰ੍ਹਾਂ ਸ਼ਾਹ ਨੇ 'ਤਾਰੀਖ਼-ਇ-ਪੰਜਾਬ' ਵਿਚ ਪਿਛੋਂ ਜਾ ਕੇ ਲਿਖਿਆ ਕਿ "ਜੇ ਕਿਧਰੇ ਸਿੱਖ ਕਿਸੇ ਕਾਫ਼ਲੇ ਤੇ ਹੱਲਾ ਬੋਲਦੇ ਹਨ ਤਾਂ ਉਹ ਕਿਸੇ ਮਰਦ ਦੇ ਸਿਰ ਤੋਂ ਪਗੜੀ ਉੱਕਾ ਹੀ ਨਹੀਂ ਸਨ ਉਤਾਰਦੇ ਤੇ ਨਾ ਹੀ ਔਰਤਾਂ ਦੇ ਗਹਿਣੇ ਗੱਟਿਆਂ ਜਾਂ ਕੱਪੜਿਆਂ ਨੂੰ ਹੱਥ ਲਗਾਉਂਦੇ ਸਨ।" ਭਾਈ ਰਤਨ ਸਿੰਘ ਜੀ

Sri Satguru Jagjit Singh Ji eLibrary NamdhariElibrary@gmail.com

ਭੰਗੂ ਨੇ ਬੜੀ ਸੋਹਣੀ ਤਸਵੀਰ ਖਿੱਚੀ ਹੈ :

"ਸਿੰਘ ਹੁਤੇ ਤਪੀਏ ਜਪੀਏ ਸਿਦਕੀ ਤਬਹ ਸਤਿ ਅਰ ਜਤਵਾਰੇ ।
ਬੀਰ ਬਿਸਾਲ ਦਾਤਾਰ ਬਲੀ, **ਦਿਲ ਕੇ ਸੁੱਚੇ ਸਾਫ਼ ਔ ਭੋਲੇ ਭੰਡਾਰੇ ॥"**

ਬੱਸ, ਕ੍ਰਿਪਾਨ ਰੱਖਣ ਦਾ ਅਧਿਕਾਰ ਵੀ ਉਸੇ ਨੂੰ ਹੈ ਜਿਸ ਦੀ ਸ਼ਖਸੀਅਤ ਅੰਮ੍ਰਿਤ-ਮਈ ਹੈ ਅਤੇ ਜਪ ਨਾਲ ਸਵਾਰੀ ਹੋਈ ਹੈ । ਹਿੰਦੁਸਤਾਨ ਦੇ ਆਇਨ ਦੇ ਮੁੱਢਲੇ ਅਧਿਕਾਰਾਂ, ਦਫ਼ਾ ੧੯ ਵਿਚ ਸਿੱਖ ਨੂੰ ਕ੍ਰਿਪਾਨ ਪਹਿਣਨ ਦੇ ਅਧਿਕਾਰ ਦਿੱਤੇ ਗਏ ਹਨ । ਇਹ ਲਿਖਿਆ ਹੈ ਕਿ ਸਿੱਖ ਨੂੰ ਅਧਿਕਾਰ ਹੈ ਕਿ ਉਹ ਕ੍ਰਿਪਾਨ ਕਿਸੇ ਵੀ ਲੰਬਾਈ ਦੀ ਰੱਖ ਸਕਦਾ ਹੈ । ਜਦ ਇਹ ਅਧਿਕਾਰ ਪਾਏ ਜਾ ਰਹੇ ਸਨ ਤਾਂ ਕਾਨੂੰਨ ਸਾਜ਼ ਐਸੰਬਲੀ ਦੇ ਕੁਝ ਮੈਂਬਰਾਂ ਨੇ ਇਤਰਾਜ਼ ਕੀਤਾ ਸੀ ਕਿ ਤਲਵਾਰ ਦਾ ਅਤੇ ਕ੍ਰਿਪਾਨ ਕੀ ਫ਼ਰਕ ਹੈ । ਉਥੇ ਸ: ਪਟੇਲ ਨੇ ਟਿੱਪਣੀ ਦਿੰਦੇ ਕਿਹਾ ਸੀ ਕਿ 'ਤਲਵਾਰ ਜਦ ਸਿੱਖ ਦੇ ਗਾਤਰੇ ਵਿਚ ਆ ਜਾਂਦੀ ਹੈ ਤਾਂ ਉਹ ਕ੍ਰਿਪਾਨ ਹੋ ਜਾਂਦੀ ਹੈ ।' ਕ੍ਰਿਪਾਨ ਤਾਂ ਜੋੜ ਹੀ ਕ੍ਰਿਪਾ ਤੇ ਆਣ ਦਾ ਹੈ । ਇਹ ਮਜ਼ਲੂਮ ਦੀ ਰਖਿਆ ਲਈ ਉੱਠਦੀ ਹੈ ਅਤੇ ਅਣਖ ਦੀ ਪਹਿਰੇਦਾਰ ਹੈ । ਤਲਵਾਰ ਦੇ ਅਰਥ ਹੀ ਹੇਠਾਂ ਡਿੱਗੇ (ਤਲ) ਤੇ 'ਵਾਰ' ਕਰਨਾ ਹੈ । ਸਮਰਥ ਰਾਮਦਾਸ, ਜੋ ਪਿਛੋਂ ਸ਼ਿਵਾ ਜੀ ਦੇ ਸਿੱਖਿਆ ਦਾਤਾ ਬਣੇ, ਛੇਵੇਂ ਗੁਰੂ ਹਰਿਗੋਬਿੰਦ ਜੀ ਨੂੰ ਸ਼ਸਤਰ ਪਹਿਣੇ ਦੇਖ ਹੈਰਾਨੀ ਪ੍ਰਗਟ ਕੀਤੀ ਸੀ ਤਾਂ ਛੇਵੇਂ ਪਾਤਸ਼ਾਹ ਨੇ ਫ਼ਰਮਾਇਆ ਸੀ, "ਸ਼ਸਤਰ ਗ਼ਰੀਬ ਕੀ ਰਖਸ਼ਾ ਅਰ ਜਰਵਾਨੇ ਦੀ ਭੱਖਿਆ ਕੇ ਲਈ । ਗੁਰੂ ਨਾਨਕ ਨੇ ਸੰਸਾਰ ਨਹੀਂ ਤਿਆਗਾ ਥਾ, ਮਾਇਆ ਤਿਆਗੀ ਥੀ; ਬਾਤਨ ਫ਼ਕੀਰੀ ਜ਼ਾਹਿਰ ਅਮੀਰੀ ।" ਰਾਮਦਾਸ ਜੀ ਨੇ ਕਿਹਾ ਸੀ 'ਯਹ ਬਾਤ ਮੇਰੇ ਮਨ ਭਾਵਤੀ ਹੈ । ਸੈਂਟਰਲ ਪਬਲਕ ਲਾਇਬ੍ਰੇਰੀ ਪਟਿਆਲਾ ਪਈ ਹੱਥ ਲਿਖਤ ਨੰਬਰ ੨੫੭੧ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਸੰਗਤਾਂ ਪ੍ਰਤੀ ਵਾਰਤਾਲਾਪ ਲਿਖਿਆ ਹੈ ਜਿਸ ਨੂੰ ਪੜ੍ਹਨ ਨਾਲ ਕ੍ਰਿਪਾਨ ਦੀ ਮਹੱਤਤਾ ਹੋਰ ਉਜਾਗਰ ਹੁੰਦੀ ਹੈ । ਉਸ ਦੇ ਸ਼ਬਦ ਹਨ : ਗੁਰੂ ਗੋਬਿੰਦ ਸਿੰਘ ਜੀ ਫਿਰ ਵਾਹਿਗੁਰੂ ਬੋਲੇ ਤੇ ਹੁਕਮ ਹੋਇਆ :

ਪੀਰ ਕਿਆ ਅਰ ਮੀਰ ਕਿਆ ਸਭ ਤਲਵਾਰ ਕੇ ਤਲੈ ।
ਖੜਗ ਅਸਾਡੀ ਫਤਹ ਹੈ ।

ਹੁਕਮ ਹੋਇਆ :

**ਜਿਸ ਦੇ ਸਿਰ ਪਗਿ ਨਾਹੀ**
**ਕੋਲ ਕ੍ਰਿਪਾਨ ਨਾਹੀ, ਫ਼ਿਟੇ ਮੂਹ ਤਿਸ ਦਾ ।**

ਹੁਕਮ ਹੋਇਆ :

ਜੈਸੇ ਦਾੜ੍ਹੀ ਨੂੰ ਕੈਂਚੀ ਲਵਾਈ, ਤੈਸੇ ਭਦ੍ਰ ਕਰਵਾਇਆ ।

ਹੁਕਮ ਹੋਇਆ :

ਚਿੱਟਾ ਵਾਲ ਧੌਲ ਸਿੰਘ ਹੈ, ਦੂਰ ਨਹੀਂ ਕਰਨਾ ।

ਜਦ ਐਸੇ ਉਪਦੇਸ਼ ਹੋ ਰਹੇ ਸਨ ਤਾਂ ਕਈ ਉੱਠ ਕੇ ਚਲੇ ਗਏ ਤਾਂ ਇਕ ਨੇ ਕਿਹਾ :

ਮਹਾਰਾਜ ਕਈ ਪਿੱਠ ਦੇ ਗਏ ਹਨ ਤਾਂ ਕਲਗੀਧਰ ਨੇ ਫ਼ਰਮਾਇਆ ਕਿ ਸਿੱਖਾ

Sri Satguru Jagjit Singh Ji eLibrary NamdhariElibrary@gmail.com

ਤੈਨੂੰ ਭੁਲੇਖਾ ਲੱਗਾ ਹੈ :

"ਸ਼ਬਦਿ ਕਾ ਸਿੱਖ ਕੋਈ ਨਾਹੀ ਗਇਆ
ਗਏ ਹੈਂ ਸਭ ਚੀਥੜੀਏ।
ਅਸਾਡੇ ਝੰਡੇ ਨਿਆਰੇ ਹੈਂ।"

ਐਸੀਆਂ ਕ੍ਰਿਪਾਨ-ਧਾਰੀ ਸਖਸੀਅਤਾਂ ਨੂੰ ਜੈਤੋ ਤੇ ਗੁਰੂ ਕੇ ਬਾਗ ਦੇ ਮੋਰਚਿਆਂ ਵਿਖੇ ਦੁੱਖ ਝੱਲਦੇ ਤੇ ਤਸੀਹੇ ਸਹਾਰਦੇ ਦੇਖ ਮੌਲਾਨਾ ਜ਼ਫ਼ਰ ਅਲੀ ਜ਼ਫ਼ਰ ਨੇ ਵੀਹਵੀਂ ਸਦੀ ਦੇ ਦੂਜੇ ਦਹਾਕੇ ਵਿਚ ਲਿਖਿਆ ਸੀ :

"ਇਸ ਕੌਮ ਕੀ ਜ਼ਿੰਦਗੀ ਕਾ ਰਾਜ਼ ਮਜ਼ਮਿਰ (ਛੁਪਿਆ ਹੋਇਆ) ਹੈ,
ਆਬੇ ਤੌਹੀਦ (ਅੰਮ੍ਰਿਤ) ਕੀ ਧੁਲੀ ਹੋਈ ਕ੍ਰਿਪਾਨੋਂ ਮੇਂ।
ਦੇਖ ਲੈਣਾ ਨਿਕਲ ਆਏਗੀ ਸਲਾਮਤ ਏਕ ਦਿਨ,
ਇਸ ਨਾਉਂ ਨੇ ਪਰਵਰਸ਼ ਪਾਈ ਹੈ ਤੂਫ਼ਾਨੋਂ ਮੇਂ।"

ਬਮ. : ਕ੍ਰਿਪਾਨ ਅਣਖ ਨਾਲ ਜੀਣ ਤੇ ਦੂਜੇ ਨੂੰ ਜੀਉਂਦਿਆਂ ਰੱਖਣ ਦਾ ਪ੍ਰਤੀਕ ਹੈ (ਪਾਵਰ ਵਿਦ ਆਰਨਰ)। ਜਦ ਕੌਮਾਂ ਕ੍ਰਿਪਾਨ ਤੇ ਹੱਥ ਰੱਖਣਾ ਛੱਡ ਦੇਂਦੀਆਂ ਹਨ ਤਾਂ ਉਨ੍ਹਾਂ ਦਾ ਹਸ਼ਰ ਰੋਮਨ ਸਾਮਰਾਜ ਵਾਲਾ ਹੁੰਦਾ ਹੈ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਜਗਤ ਜੂਠ ਤਮਾਕੂ ਨ ਸੇਵ

ਸੰਸਾਰ ਪ੍ਰਸਿਧ ਵਿਦਵਾਨ ਐਡਮੈਂਡ ਕੈਂਡਲਰ ਦਾ ਕਥਨ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਇਕ ਮਹਾਨ ਗੁਰੂ ਹਨ ਤੇ ਐਸੇ ਮਨੋਵਿਗਿਆਨੀ ਹਨ ਜਿਨ੍ਹਾਂ ਦੇ ਦਿੱਤੇ ਹਰ ਹੁਕਮ ਨੂੰ ਗਹੁ ਨਾਲ ਦੇਖਣ ਤੇ ਵਿਚਾਰਨ ਦੀ ਲੋੜ ਹੈ। ਸਾਹਿਬ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਖਾਲਸੇ ਨੂੰ ਸਰੀਰਕ ਤੇ ਆਤਮਕ ਤੌਰ ਉਤੇ ਰਿਸ਼ਟ-ਪੁਸ਼ਟ ਰੱਖਣ ਲਈ ਵੈਸਾਖੀ ਵਾਲੇ ਦਿਹਾੜੇ ਕੁਝ ਖਾਸ ਹੁਕਮ ਦਿੱਤੇ। ਹੁਕਮ ਵਜੋਂ ਫ਼ਰਮਾਇਆ ਕਿ ਕੇਸ, ਕੜਾ, ਕ੍ਰਿਪਾਨ, ਕਛਹਿਰਾ ਤੇ ਕੰਘਾ ਰੱਖਣਾ ਹੈ ਅਤੇ ਕੇਸਾਂ ਦੀ ਬੇਅਦਬੀ ਨਹੀਂ ਕਰਨੀ, ਪਰਤਨ ਗਾਮੀ ਨਹੀਂ ਹੋਣਾ, ਕੁਠਾ ਨਹੀਂ ਖਾਣਾ ਅਤੇ ਜਗਤ ਜੂਠ ਤਮਾਕੂ ਨੂੰ ਨਹੀਂ ਸੇਵਨਾ। ਗੁਰੂ ਸਾਹਿਬ ਨੇ ਚੰਗੀ ਤਰ੍ਹਾਂ ਅਨੁਭਵ ਕਰ ਲਿਆ ਸੀ ਕਿ ਜੇ ਖਾਲਸੇ ਨੂੰ ਨਿਆਰਾ ਤੇ ਉੱਤਮ ਬਣਾਉਣਾ ਹੈ ਤਾਂ ਇਸ ਨੂੰ ਕਿਸੇ ਖਾਸ ਸੰਜਮ ਵਿਚ ਲਿਆਉਣ ਦੀ ਜ਼ਰੂਰਤ ਹੈ। ਇਸੇ ਲਈ ਹੁਕਮਾਂ ਵਿਚ ਇਕ ਇਹ ਹੁਕਮ ਦਿੱਤਾ, "ਜਗਤ ਜੂਠ ਤਮਾਕੂ ਨ ਸੇਵ।" (Thou Shalt not Smoke)। ਇਹ ਕਰੜਾ ਹੁਕਮ ਕਿਸ ਲਈ ਦਿੱਤਾ ? ਇਸ ਨੂੰ ਸਾਹਿਬਾਂ ਨੇ ਜਗਤ ਜੂਠ ਕਿਉਂ ਆਖਿਆ ? ਇਸ ਨੂੰ ਕੁਰਹਿਤ ਕਰਕੇ ਕਿਉਂ ਮਿਥਿਆ ? ਤਮਾਕੂ ਦੇ ਸਰੀਰਕ ਤੇ ਆਤਮਕ ਹਾਣ ਦੇਖਣ ਨਾਲ ਇਹ ਹੁਕਮ ਸਮਝ ਆ ਜਾਣਗੇ ਤੇ ਯਕੀਨ ਹੈ ਕਿ ਹੁਕਮ ਸਮਝਣ ਤੋਂ ਬਾਅਦ ਕੋਈ ਵੀ ਇਸ ਨੂੰ ਸੇਵਨ ਦੀ ਕੋਸ਼ਿਸ਼ ਨਹੀਂ ਕਰੇਗਾ।

ਤਕਰੀਬਨ ੨੨ ਸਾਲ ਦੀ ਖੋਜ ਉਪਰੰਤ ਸੰਸਾਰ ਭਰ ਦੇ ਸਾਇੰਸਦਾਨਾ ਦੀ ਪ੍ਰਸਿਧ ਸੁਸਾਇਟੀ (Royal Physics Society) ਨੇ ਆਪਣਾ ਨਿਰਣਾ ਤਮਾਕੂ ਦੇ ਹਾਣਾਂ ਸੰਬੰਧੀ ੯ ਮਾਰਚ ੧੯੬੨ ਨੂੰ ਛਾਪਿਆ ਹੈ। ਉਨ੍ਹਾਂ ਦਾ ਕਥਨ ਤੇ ਸਿਟੇ ਪੜ੍ਹ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਅਗੇ ਹੋਰ ਸ਼ਰਧਾ ਨਾਲ ਸਿਰ ਝੁਕ ਜਾਂਦਾ ਹੈ। ਉਨ੍ਹਾਂ ਲਿਖਿਆ ਹੈ ਕਿ ਸੰਸਾਰ ਵਿਚ ਮੌਤਾਂ ਦੀ ਗਿਣਤੀ ਵਧਣ ਦਾ ਕਾਰਣ ਸਿਰਫ ਅੰਨ੍ਹੇਵਾਹ ਤਮਾਕੂ ਨੂੰ ਪੀਣਾ ਹੈ। ਸੁਸਤੀ, ਕਮਜ਼ੋਰੀ, ਕੈਂਸਰ ਤੇ ਹੋਰ ਖਤਰਨਾਕ ਬੀਮਾਰੀਆਂ ਦਾ ਕਾਰਨ ਤਮਾਕੂ, ਸਿਗਾਰ ਤੇ ਸਿਗਰਟ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਇਸ ਸਿਗਰਟ ਨੋਸ਼ੀ ਦੇ ਬੜੇ ਖਤਰਨਾਕ ਨਤੀਜੇ ਨਿਕਲਦੇ ਹਨ। ਡਾਕਟਰ ਲੂਥਰ ਲੈ: ਟੈਰੀ, ਸਰਜਨ ਜਨਰਲ ਪਬਲਕ ਹੈਲਥ ਸਰਵਸ ਅਮਰੀਕਾ ਨੇ ਕਿਹਾ ਕਿ "ਹੁਣ ਨਾ ਕੋਈ ਦੋ ਰਾਵਾਂ ਹਨ ਅਤੇ ਨਾ ਹੀ ਦੁਬਿਧਾ। ਕਿਸੇ ਪ੍ਰਕਾਰ ਦਾ

Sri Satguru Jagjit Singh Ji eLibrary NamdhariElibrary@gmail.com

ਸ਼ੱਕ ਵੀ ਨਹੀਂ ਰਿਹਾ। ਤਮਾਕੂ ਨੋਸ਼ੀ ਦਾ ਸਿੱਧਾ ਹਮਲਾ ਸਿਹਤ ਤੇ ਹੁੰਦਾ ਹੈ। ਹੁਣ ਤਾਂ ਲੱਕ ਬੰਨ੍ਹ ਕੇ ਇਸ ਨੂੰ ਰੋਕਣ ਦੇ ਉਪਰਾਲੇ ਕਰਨੇ ਚਾਹੀਦੇ ਹਨ। ਕੌਮੀ ਜਥਿਆਂ ਅਤੇ ਹਰ ਮਨੁੱਖਾਂ ਨੂੰ ਇਸ ਅਜ਼ਦਹਾ (ਸ਼ੇਸ਼ਨਾਗ, ਹਾਈਡਰਾ ਹੈਡਿੱਡ ਮਾਨਸਟਰ) ਦਾ ਸਿਰ ਕੁਚਲਣ ਲਈ ਉਠ ਪੈਣਾ ਚਾਹੀਦਾ ਹੈ।" ਅਮਰੀਕਾ ਦੇ ਪਿਛਲੇ ਪ੍ਰਧਾਨ ਜਾਹਨਸਨ ਨੇ ਰੀਪੋਰਟ ਛਪਣ ਤੋਂ ਪਿਛੋਂ ਸਿਗਰਟ ਪੀਣੀ ਛੱਡ ਦਿੱਤੀ ਅਤੇ ਬਿਆਨ ਦਿੰਦੇ ਹੋਏ ਕਿਹਾ : "ਹੁਣ ਜਹਿਆ ਨਸ਼ਿਆ ਉਹ ਕਦੇ ਮਹਿਸੂਸ ਨਹੀਂ ਕਰਦਾ।" ਗਾਂਧੀ ਜੀ ਨੇ ਆਪਣੀ ਆਤਮ ਕਥਾ ਵਿਚ ਤਮਾਕੂ ਪੀਣ ਨੂੰ ਸਭ ਤੋਂ ਗਲੀਜ਼, ਸਿਹਤ ਮਾਰੂ, ਸਮਾਜ ਵਿਰੋਧੀ ਅਤੇ ਐਸੀ ਵਾਦੀ ਕਿਹਾ ਜਿਸ ਦੇ ਪੱਖ ਵਿਚ ਸਚੀਂ ਕੁਝ ਨਹੀਂ ਆਖਿਆ ਜਾ ਸਕਦਾ (Smoking is most unclean, unhygenic, both social and morally indefensible)। ਸੰਸਾਰ ਪ੍ਰਸਿਧ ਰਸਾਲੇ ਰੀਡਰਜ਼ ਡਾਇਜੈਸਟ ਨੇ ਤਮਾਕੂ ਦਾ ਇਸ਼ਤਿਹਾਰ ਛਾਪਣਾ ਬੰਦ ਕਰ ਦਿੱਤਾ ਅਤੇ ਇਸ ਦੇ ਮਾਰੂ ਪ੍ਰਭਾਵ ਨੂੰ ਦਰਸਾਉਣ ਲਈ ਲੱਕ ਬੰਨ੍ਹ ਲਿਆ ਹੈ। ਡਾਕਟਰ ਡੇਵਿਡ ਔਵਿਨ, ਬਰਤਾਨੀਆ ਦੇ ਵਜ਼ੀਰ ਨੇ ਪਾਰਲੀਆਮੈਂਟ ਵਿਚ ਬੜੇ ਦੁੱਖ ਨਾਲ ਦਸਿਆ ਕਿ "ਸਿਗਰਟ ਪੀਣ ਨਾਲ ਪੰਜਾਹ-ਹਜ਼ਾਰ ਤੋਂ ਵੱਧ ਬੱਚੇ ਜੰਮਦਿਆਂ ਹੀ ਮਰ ਜਾਂਦੇ ਹਨ। ਲੱਖਾਂ ਹੀ ਸਿਗਰਟ ਪੀਣ ਕਾਰਨ ਅਨੇਕਾਂ ਹੀ ਰੋਗਾਂ ਤੇ ਦੁਖਾਂ ਨੂੰ ਪਕੜੇ ਜਾਂਦੇ ਹਨ। ਸਭ ਤੋਂ ਦੁੱਖ ਦੀ ਗੱਲ ਇਹ ਹੈ ਕਿ ਈਸਾਈ ਧਰਮ ਤੇ ਗਿਰਜੇ ਇਸ ਬਾਰੇ ਕੁਝ ਨਹੀਂ ਕਰਦੇ ਸਗੋਂ ਸ਼ਰਮ ਉਸ ਵੇਲੇ ਆਉਂਦੀ ਹੈ ਜਦ ਕੋਈ ਪਾਦਰੀ ਗਿਰਜੇ ਵਿਚ ਰੂਹਾਨੀ ਉਪਦੇਸ਼ ਦੇਣ ਪਿਛੋਂ ਸਿਗਰਟ ਸੁਲਗਾਂਦਾ ਹੈ।"

ਕੀਤੀ ਖੋਜ ਦੇ ਕੁਝ ਕੁ ਸਿੱਟੇ ਇਸ ਪ੍ਰਕਾਰ ਹਨ :

ਇਕ ਸਾਧਾਰਨ ਸੀਗਾਰ ਵਿਚ ਇਤਨੀ ਨਿਕਟੀਨ ਹੁੰਦੀ ਹੈ ਕਿ ਉਸ ਦੇ ਖਾਣ ਨਾਲ ਸਾਧਾਰਨ ਮਨੁੱਖ ਸਦਾ ਦੀ ਨੀਂਦਰ ਸੌਂ ਸਕਦਾ ਹੈ। ਇਹ ਇਤਨੀ ਜ਼ਹਿਰੀਲੀ ਹੈ ਕਿ ਇਸ ਤੋਂ ਵੱਧ ਇਕੋ ਇਕ 'ਪਰੂਸਕ ਐਸਡ' ਹੈ।

ਤਮਾਕੂ ਸੇਵੀ ਦਾ ਲਹੂ ਇਤਨਾ ਜ਼ਹਿਰੀਲਾ ਹੋ ਜਾਂਦਾ ਹੈ ਕਿ ਜੇ ਉਹ ਖੂਨ ਜੋਕ ਵੀ ਪੀ ਲਵੇ ਤਾਂ ਝਟ ਉਸਦੀ ਮੌਤ ਹੋ ਜਾਏ। ਇਥੇ ਹੀ ਬਸ ਨਹੀਂ ਜੇ ਕਿਸੇ ਕਮਰੇ ਦੀ ਵਾਯੂ ਬੰਦ ਕਰਕੇ ਉਸ ਦੀ ਥਾਂ ਸਿਗਰਟ ਦਾ ਧੂੰਆਂ ਛੱਡ ਦਿੱਤਾ ਜਾਏ ਤੇ ਫਿਰ ਕਿਸੇ ਬੱਚੇ ਨੂੰ ਅੰਦਰ ਧਕੇਲ ਦਿੱਤਾ ਜਾਏ ਤਾਂ ਉਹ ਯਕਦਮ ਮਰ ਜਾਏਗਾ। ਇਹ ਸਿੱਟਾ ਵੀ ਕੱਢਿਆ ਗਿਆ ਹੈ ਕਿ ਮੌਤ ਦੀ ਤੇਜ਼ੀ ਦਾ ਕਾਰਨ ਸਿਗਰਟ ਹੈ। ਪਿਛਲੇ ਵਰ੍ਹਿਆਂ ਵਿਚ ੧,੬੧,੦੦੦ ਮੌਤਾਂ ਨਮੂਨੀਏ ਨਾਲ ਹੋਈਆਂ ਹਨ। ਇਨ੍ਹਾਂ ਮੌਤਾਂ ਦੇ ਕਾਰਨ ਵੀ ਇਹ ਸਨ ਕਿ ਰੋਗੀ ਬਹੁਤਾ ਤਮਾਕੂ ਸੇਵੀ ਹੋਣ ਕਰਕੇ ਅਰੋਗ ਨਹੀਂ ਹੋ ਸਕੇ।

ਇਸੇ ਤਰ੍ਹਾਂ ਸੁਸਾਇਟੀ ਨੇ ਮੁਰਦਿਆਂ ਦੀ ਚੀਰ ਫਾੜ (ਪੋਸਟ ਮਾਰਟਮ) ਉਪ੍ਰੰਤ ਇਹ ਗੱਲ ਵੀ ਸਪੱਸ਼ਟ ਕੀਤੀ ਹੈ ਕਿ ਤਮਾਕੂ ਸੇਵੀਆਂ ਵਿਚ ਦੂਜਿਆਂ ਨਾਲੋਂ ਦੂਣਿਆਂ ਤੋਂ ਭੀ ਵਧੀਕ ਮੌਤਾਂ ਤਪਦਿਕ ਨਾਲ ਹੋਈਆਂ ਹਨ। ਇਸੇ ਆਧਾਰ ਉਤੇ ਇਨਸ਼ੋਰੈਂਸ ਕੰਪਨੀ ਵਾਲਿਆਂ ਨੇ ਬਹੁਤੀ ਸਿਗਰਟ ਪੀਣ ਵਾਲਿਆਂ ਦੇ ਬੀਮੇ ਕਰਨੇ ਹੀ ਬੰਦ ਕਰ ਦਿੱਤੇ ਹਨ। ਨਿਰਾ ਸਰੀਰ ਹੀ ਕਮਜ਼ੋਰ ਨਹੀਂ ਹੁੰਦਾ, ਜੁਰਅਤ ਵੀ ਸਿਗਰਟ ਪੀਣ ਵਾਲਿਆਂ ਦੀ ਮਰ ਜਾਂਦੀ ਹੈ। ਇਰਾਦੇ ਦੀ ਸ਼ਕਤੀ ਖ਼ਤਮ ਹੋ ਜਾਂਦੀ ਹੈ। ਤਮਾਕੂ ਸੇਵੀ ਵਾਲਾ ਉਸ ਮੰਜ਼ਲ

Sri Satguru Jagjit Singh Ji eLibrary NamdhariElibrary@gmail.com

ਵੱਲ ਵੱਧ ਰਿਹਾ ਹੈ ਜਿਥੇ ਰੋਗਾਂ ਨਾਲ ਚੂਰ ਹੋ ਜਾਣਾ ਕੁਦਰਤੀ ਗੱਲ ਹੈ। ਇਕ ਪ੍ਰਸਿੱਧ ਡਾਕਟਰ ਮੈਥਿਉ ਵੂਡਜ਼ ਨੇ ਉਸ ਗੱਲ ਦਾ ਵੀ ਉੱਤਰ ਦਿਤਾ ਹੈ ਜਿਸ ਵਿਚ ਇਹ ਕਿਹਾ ਜਾਂਦਾ ਹੈ ਕਿ ਤਮਾਕੂ ਹਾਜ਼ਮਾਂ, ਮੂੰਹ ਦੇ ਦੰਦ ਠੀਕ ਰੱਖਦਾ ਹੈ। ਉਸ ਦਾ ਕਥਨ ਹੈ, "ਤਮਾਕੂ ਆਹਾਰ ਦੇ ਪਚਣ ਵਿਚ ਸਹਾਇਤਾ ਨਹੀਂ ਕਰਦਾ। ਕਿਸੇ ਆਦਮੀ ਨੂੰ ਹੋਰ ਕਿਸੇ ਤੋਂ ਮੋਟਿਆਂ ਨੂੰ ਹੋਰ ਮੋਟੇ ਹੋਣ ਤੋਂ ਨਹੀਂ ਬਚਾਉਂਦਾ। ਇਹ ਦੰਦਾਂ ਨੂੰ ਸਥਿਰ ਰੱਖਣ ਵਿਚ ਸਹਾਇਕ ਨਹੀਂ ਹੁੰਦਾ। ਦਮਾਂ ਤੇ ਬਦਹਜ਼ਮੀ ਦਾ ਮੁੱਢ ਬਣਦਾ ਹੈ। ਇਸ ਦੇ ਸੇਵਨ ਤੋਂ ਨਿਸਚੇ ਪੂਰਬਕ ਕਿਹਾ ਜਾ ਸਕਦਾ ਹੈ ਕਿ ਦਿਲ ਦੇ ਰੋਗ, ਰਗਾਂ ਦੇ ਰੋਗ, ਅੰਦਰਲੀ ਰਬੈਲੀ ਝਿਲੀ ਦੇ ਰੋਗ, ਉਤਪੰਨ ਹੁੰਦੇ ਹਨ। ਇਸ ਦੇ ਸੇਵਨ ਨਾਲ ਰੋਗਾਂ ਤੋਂ ਅਰੋਗ ਹੋਣ ਦੀ ਸੰਭਾਵਨਾ ਭੀ ਕਠਨ ਹੈ।"

ਜੇ ਕਿਸੇ ਦਾ ਪਤੀ ਸਿਗਰਟ ਪੀਂਦਾ ਹੈ ਤਾਂ ਪਤਨੀ ਨੂੰ ਕੈਂਸਰ ਹਣ ਦੀ ਬਹੁਤ ਸੰਭਾਵਨਾ ਹੈ।

ਕੈਲੀਫ਼ੋਰਨੀਆ ਦੀ ਯੂਨੀਵਰਸਿਟੀ ਲਾਸ ਐਂਜਿਲਸ ਨੇ ਤਜਰਬਾ ਕਰਕੇ ਦੱਸਿਆ ਹੈ ਕਿ "ਸਿਗਰਟ ਪੀਣ ਵਾਲਾ ਬੁਧੂ ਹੋਈ ਜਾਂਦਾ ਹੈ। ਉਸਦੀ ਯਾਦ ਸ਼ਕਤੀ ਘਟਣੀ ਅਰੰਭ ਹੋ ਜਾਂਦੀ ਹੈ।"

ਤਜਰਬਾ ਕਰਨ ਲਈ ਯੂਨੀਵਰਸਿਟੀ ਦੇ ਖੋਜ-ਭਾਗ ਨੇ ੭੫ ਲਫ਼ਜ਼ ਸਾਹਮਣੇ ਲਿਖ ਦਿੱਤੇ ਤੇ ਸਿਗਰਟ ਪੀਣ ਤੇ ਨਾ ਪੀਣ ਵਾਲਿਆਂ ਨੂੰ ਯਾਦ ਕਰਕੇ ਦੱਸਣ ਲਈ ਕਿਹਾ। ਜੋ ਸਿਗਰਟ ਪੀਂਦੇ ਸਨ ਉਹ ਕੁਝ ਕੁ ਸ਼ਬਦ ਹੀ ਦੁਹਰਾ ਸਕੇ ਅਤੇ ਜੋ ਨਹੀਂ ਸਨ ਪੀਂਦੇ ਉਹ ਦੋ ਦਿਨਾਂ ਬਾਅਦ ਵੀ ਪੂਰੇ ਦੇ ਪੂਰੇ ਦੱਸ ਸਕਦੇ ਸਨ। ਪ੍ਰੋਫ਼ੈਸਰ ਜਾਹਨ ਯੂਸਟਨ ਨੇ ਨਿਰਣਾ ਲਿਆ ਤੇ ਫਿਰ ਅਮੈਰਿਕਨ ਜਨਰਲ ਔਫ਼ ਸਾਇਕੈਟਰੀ ਵਿਚ ਛਾਪਿਆ ਕਿ ਸਿਗਰਟ ਨੋਸ਼ੀ ਇਨਸਾਨ ਵਿਚ ਚੇਤੇ ਤੇ ਯਾਦ ਦੀ ਯੋਗਤਾ ਨੂੰ ਘਟਾਂਦੀ[1] ਹੈ।

ਫਿਰ ਸਵਾਲ ਹੈ ਕਿ ਸਿਗਰਟ ਨੋਸ਼ੀ ਇਤਨੀ ਖ਼ਤਰਨਾਕ ਹੈ ਤਾਂ ਦੁਨੀਆਂ ਪੀ ਕਿਉਂ ਰਹੀ ਹੈ? ਇਸ ਦਾ ਵੀ ਬਹੁਤ ਸੁੰਦਰ ਉੱਤਰ ਸਾਇੰਸਦਾਨਾਂ ਦੀ ਸੁਸਾਇਟੀ ਨੇ ਆਪਣੀ ਰਿਪੋਰਟ ਵਿਚ ਦਿੱਤਾ ਹੈ। ਉਨ੍ਹਾਂ ਕਿਹਾ ਹੈ ਕਿ ਸਿਰਫ਼ ਤੰਮਾਕੂ ਪੀਣ ਦੇ ਪ੍ਰਾਪੇਗੰਡਾ ਦੇ ਇਸ਼ਤਿਹਾਰਾਂ ਉਤੇ ਕੰਪਨੀ ਵਾਲਿਆਂ ਨੇ ਪਿਛਲੇ ਤਿੰਨ ਸਾਲਾਂ ਵਿਚ ਪਤ ਕਰੋੜ ਰੁਪੈ ਖ਼ਰਚ ਕੀਤੇ ਹਨ। ਪਰ ਬਦਕਿਸਮਤੀ ਇਹ ਹੈ ਕਿ ਹਾਨ ਦੱਸਣ ਵਾਲਿਆਂ ਪ੍ਰਚਾਰ ਦੇ ਤੌਰ ਉਤੇ ਸਿਰਫ਼ ਪਤ ਸੌ ਰੁਪੈ ਵੀ ਖ਼ਰਚ ਨਹੀਂ ਕੀਤੇ। ਇਹ ਯੁੱਗ ਪ੍ਰਚਾਰ ਦਾ ਯੁੱਗ ਹੈ। ਪ੍ਰਾਪੇਗੰਡਾ ਦਾ ਯੁੱਗ ਹੈ। ਸਚਾਈ ਨੂੰ ਵੀ ਪ੍ਰਗਟ ਕਰਨ ਲਈ ਜ਼ੋਰ ਲਾਉਣਾ ਪੈਂਦਾ ਹੈ। ਗੁਰੂ ਬਾਬਾ ਨਾਨਕ ਜੀ ਆਪ ਤੁਰ ਕੇ ਪ੍ਰਚਾਰ ਦੌਰਿਆਂ ਉਤੇ ਗਏ ਸਨ। ਅਸੀਂ ਜੇ ਅਵੇਸਲੇ ਰਹੇ ਤਾਂ ਇਹ ਬੀਮਾਰੀ ਹੋਰ ਵਧਣ ਦੀ ਸੰਭਾਵਨਾ ਹੈ। ਪਰ ਸ਼ੁਕਰ ਹੈ ਜਾਗਰਤ ਆਉਣੀ ਸ਼ੁਰੂ ਹੋਈ ਹੈ। ਇਹ ਹਿਸਾਬ ਲਗਾਇਆ ਗਿਆ ਹੈ ਕਿ ਜੇ ਸਿਗਰਟ ਤੋਂ ਆਮਦਨ ਇਕ ਰੁਪਿਆ ਹੈ ਤਾਂ ਤਿੰਨ ਰੁਪੈ ਬੀਮਾਰੀ, ਸੁਸਤੀ, ਸਮਾਂ ਅੜਾਂਈ ਗਵਾਉਣ ਤੇ ਲੱਗਦੇ ਹਨ। ਇਸ ਤੋਂ

---

1. Nicotine in Cigarette Smoke may cause a reduction in the person's ability to learn and remember.

Sri Satguru Jagjit Singh Ji eLibrary NamdhariElibrary@gmail.com

ਮਾੜਾ ਸੌਦਾ ਕੋਈ ਨਹੀਂ। ਤਮਾਕੂ ਦਾ ਧੂੰਆਂ ਜਿਥੇ ਹੋਵੇਗਾ ਉਥੇ ਮਾਨਸਕ ਤਨਾਉ ਵੱਧ ਜਾਏਗਾ। ਅਮਰੀਕਾ ਵਿਚ ਸਿਗਰਟ ਦੀ ਹਰ ਡੱਬੀ ਤੇ ਹੁਕਮਨ 'ਇਟ ਮੇ ਕਾਜ਼ ਡੈਥ', ਇਸ ਨਾਲ ਤੇਰੀ ਮੌਤ ਹੋ ਸਕਦੀ ਹੈ, ਲਿਖੇ ਗਏ ਹਨ। ਹਿੰਦੁਸਤਾਨ ਵਿਚ ਹਰ ਸਿਗਰਟ ਦੀ ਡੱਬੀ ਤੇ ਲਿਖਦੇ ਜ਼ਰੂਰ ਹਨ ਕਿ ਸਿਹਤ ਲਈ ਹਾਨੀਕਾਰਕ ਪਰ ਇਕ ਨੁੱਕਰ ਤੇ ਨਾ ਪੜ੍ਹੇ ਜਾਣ ਵਾਲੇ ਟਾਈਪ ਵਿਚ।

ਗੁਰੂ ਹਰਿਕ੍ਰਿਸ਼ਨ ਜੀ ਨੇ ਵੀ 'ਜਗਤ ਜੂਠ ਤਮਾਕੂ ਨ ਸੇਵ' ਦੇ ਹੁਕਮ ਦਿੱਤੇ ਸਨ। ਸਾਖੀ ਵੀ ਆਉਂਦੀ ਹੈ ਕਿ ਇਕ **ਜੰਜੀਆ** ਨਾਂ ਦਾ ਪੁਰਖ ਜੋ ਧਰਮ ਜੁਗਤ ਕਰਕੇ 'ਜੰਜੀਆ ਜੁਗਤ' ਜਾਣਿਆ ਜਾਂਦਾ ਸੀ ਪਰ ਤਮਾਕੂ ਸੇਵਨ ਦੀ ਭੈੜੀ ਲਤ ਉਸ ਨੂੰ ਲੱਗ ਗਈ ਸੀ। ਜਦ ਜੰਜੀਆ ਕੀਰਤਪੁਰ ਅੱਠਵੇਂ ਪਾਤਸ਼ਾਹ ਪਾਸ ਹਾਜ਼ਰ ਹੋਇਆ ਤੇ ਬੇਨਤੀ ਕੀਤੀ ਕਿ ਧਰਮ ਜੁਗਤ ਨਾਲ ਕਰਦਾ ਹੈ ਪਰ ਆਤਮਕ ਟਿਕਾ ਪ੍ਰਾਪਤ ਨਹੀਂ ਹੋਇਆ ਤਾਂ ਅਸ਼ਟਮ ਬਲਬੀਰਾ ਨੇ ਫ਼ਰਮਾਇਆ:

ਜਦ ਤਕ ਤਮਾਕੂ ਸੇਵਨ ਦੀ ਭੈੜੀ ਲਤ ਤੋਂ ਛੁਟਕਾਰਾ ਨਹੀਂ ਪਾਉਂਦਾ, ਇਹ ਆਤਮਕ ਸ਼ਾਂਤੀ ਨਹੀਂ ਮਿਲ ਸਕੇਗੀ।

ਉਸ ਨੂੰ ਐਸੀ ਲਜਾ ਆਈ ਕਿ ਪ੍ਰਣ ਕੀਤਾ ਕਿ ਅਗੋਂ ਤੋਂ ਤਮਾਕੂ ਨੂੰ ਛੂਹੇਗਾ ਨਹੀਂ।

ਤਮਾਕੂ ਦੀ ਬੂਟੀ ਅਮਰੀਕਾ ਵਿਚੋਂ ਪਹਿਲੀ ਵਾਰੀ ਪੰਦ੍ਰਵੀਂ ਸਦੀ ਦੇ ਅੰਤ ਵੇਲੇ ਸਪੇਨ ਗਈ ਤੇ ਸਪੇਨ ਤੋਂ ਬਾਕੀ ਮੁਲਕਾਂ ਵਿਚ। ਹਿੰਦੁਸਤਾਨ ਵਿਚ ਪੁਰਤਗੇਜ਼ੀ ਪਾਦਰੀਆਂ ਨੇ ਆਂਦੀ ਪਰ ਜਹਾਂਗੀਰ ਦੇ ਦਰਬਾਰ ਵਿਚ ਇਸ ਨੇ ਪ੍ਰਧਾਨਤਾ ਲੈ ਲਈ। ਇਕ ਵਾਰੀ ਜਦ ਜਹਾਂਗੀਰ ਬੀਮਾਰ ਹੋ ਗਿਆ ਤਾਂ ਅੰਗਰੇਜ਼ ਡਾਕਟਰ ਬਰਨੀਅਰ ਨੇ ਜਾਦੂ ਦੀ ਬੂਟੀ ਕਹਿ ਕੇ ਜਹਾਂਗੀਰ ਨੂੰ ਤਮਾਕੂ ਦਾ ਧੂੰਆਂ ਪੀਣ ਲਈ ਆਖਿਆ। ਇਸ ਤਮਾਕੂ ਦਾ ਨਸ਼ਾ ਜ਼ਹਿਰੀਲਾ ਤੇ ਵਕਤੀ ਆਰਾਮ ਵਾਲਾ ਸੀ ਪਰ ਇਤਨੀ ਤਿੱਖੀ ਬਦਬੂ ਸੀ ਕਿ ਦਰਬਾਰੀਆਂ ਨੇ ਰੁਮਾਲ ਆਪਣੇ ਨੱਕਾਂ ਉਤੇ ਰੱਖ ਲਏ। ਜਹਾਂਗੀਰ ਨੇ ਨਿਰਾਦਰੀ ਹੁੰਦੀ ਦੇਖ ਕੇ ਹੁਕਮਨ ਤਮਾਕੂ ਪੀਣ ਲਈ ਕਿਹਾ। ਪਰ ਜਦ ਮਾਰੂ ਅਸਰਾਂ ਦਾ ਪਤਾ ਲੱਗਾ ਤਾਂ ਇਕ ਫ਼ਰਮਾਨ ਰਾਹੀਂ ਬੰਦ ਵੀ ਕੀਤਾ। ਸਸਤਾ ਨਸ਼ਾ ਹੋਣ ਕਾਰਨ ਲੋਕੀਂ ਇਸ ਨੂੰ ਹੌਲੇ-ਹੌਲੇ ਸੇਵਨ ਲੱਗ ਪਏ ਸਨ ਅਤੇ ਹਿੰਦੁਸਤਾਨ ਵਿਚ ਬੀਜਿਆ ਵੀ ਜਾਣ ਲੱਗ ਪਿਆ ਸੀ। ਆਦਿ ਗੁਰੂ ਗ੍ਰੰਥ ਸਾਹਿਬ ਦੀ ਪਾਵਨ ਬੀੜ ੧੬੦੪ ਨੂੰ ਬਝ ਗਈ ਸੀ ਅਤੇ ਤਮਾਕੂ ੧੬੧੧ ਵਿਚ ਹਿੰਦੁਸਤਾਨ ਆਇਆ ਸੀ, ਸੋ ਇਸ ਨਸ਼ੇ ਵਿਰੁਧ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਮਿਲਣਾ ਅਸੰਭਵ ਜਿਹੀ ਗੱਲ ਸੀ। ਗੁਰੂ ਹਰਿ ਰਾਇ ਜੀ ਨੇ ਭਾਈ ਹਕੀਕਤ ਰਾਇ ਸ਼ਹੀਦ ਦੇ ਦਾਦਾ ਲਾਲ ਨੰਦ ਲਾਲਾ ਪੁਰੀ, ਗਲੋਟੀਆ ਖੁਰਦ ਨੂੰ ਧਰਮੀ ਹੋਣ ਲਈ ਤਿੰਨ ਹੁਕਮ ਕੀਤੇ ਸਨ:

(ੳ) ਤਮਾਕੂ ਨਹੀਂ ਪੀਣਾ।
(ਅ) ਟੋਪੀ ਨਹੀਂ ਪਹਿਨਣੀ।
(ੲ) ਕੇਸ ਨਹੀਂ ਕਟਾਣੇ।

ਗੁਰੂ ਤੇਗ ਬਹਾਦਰ ਜੀ ਨੇ ਤਮਾਕੂ ਬੀਜਣ ਤੋਂ ਮਾਲਵੇ ਨੂੰ ਵਰਜਿਆ ਸੀ। ਗੁਰੂ

Sri Satguru Jagjit Singh Ji eLibrary NamdhariElibrary@gmail.com

ਗੋਬਿੰਦ ਸਿੰਘ ਜੀ ਮਹਾਰਾਜ ਨੇ ਦੂਰ ਦ੍ਰਿਸ਼ਟੀ ਨਾਲ ਇਸ ਦੇ ਮਾੜੇ ਅਸਰਾਂ ਨੂੰ ਦੇਖਿਆ ਤੇ ਸਖਤ ਹੁਕਮ ਜਾਰੀ ਕਰਕੇ ਤਮਾਕੂ ਪੀਣ ਦੀ ਮਨਾਹੀ ਕੀਤੀ। ਇਸ ਨੂੰ ਪੀਣ ਵਾਲੇ ਨੂੰ ਕੁਰਹਿਤੀਆ ਕਿਹਾ। ਸਰੀਰਕ ਤੌਰ ਉੱਤੇ ਕਿਤਨਾ ਮਾਰੂ ਹੈ, ਇਸ ਦੀਆਂ ਮਿਸਾਲਾਂ ਤੇ ਵਿਦਵਾਨਾਂ ਦੀਆਂ ਰਾਵਾਂ ਅਸੀਂ ਦੇਖ ਚੁਕੇ ਹਾਂ ਪਰ ਇਹ ਤਮਾਕੂ ਸਭ ਤੋਂ ਵੱਡਾ ਹਮਲਾ ਆਤਮਾ ਉਤੇ ਕਰਦਾ ਹੈ। ਆਤਮਕ ਤੌਰ ਉਤੇ ਵੀ ਇਸ ਨੂੰ ਪੀਣਾ ਪਾਪ ਹੈ।

ਸੁਆਮੀ ਦਯਾ ਨੰਦ ਵਰਗੇ ਨੇ ਵੀ ਆਪਣਾ ਅੰਤ ਸਮਾਂ ਨੇੜੇ ਜਾਣ ਮਹਿਤਾ ਭਾਗ ਰਾਮ ਨੂੰ ਪਾਸ ਬੁਲਾ ਕੇ ਕਿਹਾ ਸੀ: "ਮੇਰਾ ਅੰਤਮ ਸੰਸਕਾਰ ਵੇਦਕ ਰੀਤੀ ਨਾਲ ਕਰਨਾ ਅਤੇ ਮੇਰੇ ਸਰੀਰ ਨੂੰ ਕੋਈ ਉਹ ਹੱਥ ਨ ਲਗਾਏ ਜਿਸ ਨੇ ਕਦੇ ਤਮਾਕੂ ਸੇਵਨ ਕੀਤਾ ਹੈ।" ਇਹ ਵਿਚਾਰਕੇ ਕਿ ਹਿੰਦੂਆਂ ਵਿਚੋਂ ਤਾਂ ਕੋਈ ਵਿਰਲਾ ਹੀ ਐਸਾ ਮਿਲੇਗਾ, ਸਿੱਖ ਹੀ ਅਜਮੇਰ ਵਿਚੋਂ ਇਕੱਠੇ ਕੀਤੇ ਗਏ। ਮ੍ਰਿਤਕ ਦੇਹੀ ਦਾ ਇਸ਼ਨਾਨ ਮਿਸਤਰੀ ਵਧਾਵਾ ਸਿੰਘ, ਸਰਦਾਰ ਹਰੀ ਸਿੰਘ ਜੀ, ਸਰਦਾਰ ਚੰਦਾ ਸਿੰਘ, ਸਰਦਾਰ ਖੁਸ਼ਹਾਲ ਸਿੰਘ, ਸਰਦਾਰ ਟਹਿਲ ਸਿੰਘ ਅਤੇ ਭਾਈ ਪਾਲ ਸਿੰਘ ਜੀ ਨੇ ਕਰਾਇਆ। ਰਾਹ ਵਿਚ ਵੀ ਜੇ ਕੋਈ ਅਰਥੀ ਨੂੰ ਮੋਢਾ ਵੀ ਦੇਣਾ ਚਾਹੁੰਦਾ ਸੀ ਤਾਂ ਦਯਾ ਨੰਦ ਦਾ ਹੁਕਮ ਦੱਸ ਦਿੱਤਾ ਜਾਂਦਾ ਸੀ ਕਿ 'ਕੋਈ ਉਹ ਹੱਥ ਨ ਲਗਾਏ ਜਿਸ ਤਮਾਕੂ ਪੀਤਾ ਹੈ।' ਦਯਾ ਨੰਦ ਜੀ ਦੀ ਮਿਰਤੂ ੩੦ ਅਕਤੂਬਰ ੧੮੮੩ ਨੂੰ ਅਮਮੇਰ ਵਿਖੇ ਹੋਈ ਸੀ।

ਸਿੱਖ ਰੋਜ਼ ਸਵੇਰ ਸ਼ਾਮ ਸੋਦਰ ਦਾ ਪਾਠ ਕਰਦਾ ਹੈ। ਸੋਦਰ ਦੇ ਨੇੜੇ ਹੋ ਕੇ ਰਹਿਰਾਸ ਵਿਚ ਸੋ ਪੁਰਖ (ਵਾਹਿਗੁਰੂ) ਦੇ ਦਰਸ਼ਨ ਕਰਦਾ ਹੈ। ਸੋ ਪੁਰਖ ਅਗੇ ਹੱਥ ਜੋੜ ਕੇ ਬੇਨਤੀ ਚੌਪਈ ਕਰਦਾ ਤੇ ਫਿਰ ਅਨੰਦ ਮਾਣਦਾ ਹੈ ਤੇ ਮੁੰਦਾਵਨੀ ਰਾਹੀਂ ਨਿਮਰਤਾ ਵਿਚ ਆ ਕੇ ਸਲੋਕ ਪੜ੍ਹਦਿਆਂ ਤਨ ਮਨੁ ਹਰਾ ਕਰਦਾ ਹੈ। ਪਰ ਜੇ ਕੋਈ ਸੋਦਰ ਖੋਂਹਦਾ ਹੈ ਤਾਂ ਇਹ ਤਮਾਕੂ ਹੈ। ਸਿੱਖ ਨੂੰ ਸੋਦਰ ਤੋਂ ਜੇ ਕੋਈ ਪਿਛੇ ਹਟਾਉਂਦਾ ਹੈ ਤਾਂ ਇਹ ਜਗਤ ਜੂਠ ਤਮਾਕੂ ਹੈ। ਇਹ ਹੈਰਾਨੀ ਨਾਲ ਪੜ੍ਹਿਆ ਜਾਵੇਗਾ ਕਿ ਸੋਦਰ ਦਾ ਜੇ ਕੋਈ ਵੈਰੀ ਹੈ ਤਾਂ ਇਹ ਤਮਾਕੂ ਹੈ। ਤਿਬਤੀ ਵਿਦਵਾਨਾਂ ਨੇ ਆਪਣੀ ਤੀਜੀ ਅੱਖ ਖੋਲ੍ਹ ਕੇ ਆਉਣ ਵਾਲੀਆਂ ਘਟਨਾਵਾਂ ਨੂੰ ਦੇਖਿਆ ਤੇ ਫਿਰ ਲਿਖਿਆ ਹੈ। ਉਹ ਲਿਖਦੇ ਹਨ ਜਦ ਸੰਸਾਰ ਉਤੇ ਸ਼ਿਕਰਾ (ਸਿਗਰਟ) ਪ੍ਰਧਾਨ ਹੋਵੇਗਾ ਉਸ ਵਕਤ ਧਰਮ ਗਿਰੇਗਾ, ਆਤਮਾ ਡਿਗੇਗੀ ਅਤੇ ਤਬਾਹੀ ਆਵੇਗੀ। ਸੱਚੀ ਗੱਲ ਇਹ ਹੈ ਕਿ ਜਿਤਨੀ ਤਬਾਹੀ ਇਸ ਸਿਗਰਟ ਨੇ ਮਚਾਈ ਹੈ ਉਤਨੀ ਕਿਸੇ ਵੀ ਨਹੀਂ। ਇਹ ਆਤਮਕ ਦਰ ਤੋਂ ਕਿਵੇਂ ਗਿਰਾਉਂਦੀ ਹੈ? ਇਸ ਦਾ ਤਜਰਬਾ ਵੀ ਸੰਸਾਰ ਦੇ ਪ੍ਰਸਿਧ ਵਿਦਵਾਨ ਐਲਡੂਅਸ ਹਕਸਲੇ ਨੇ ਕੀਤਾ। ਉਸ ਵਿਚਾਰ ਬਣਾਈ ਕਿ ਸੋਦਰ ਜਿਸ ਦਾ ਸਾਰੇ ਧਰਮਾਂ ਵਿਚ ਜ਼ਿਕਰ ਆਉਂਦਾ ਹੈ, ਦੇ ਦਰਸ਼ਨ ਕੀਤੇ ਜਾਣ। ਉਸ ਨੂੰ ਦਸਿਆ ਗਿਆ ਕਿ ਅਮਰੀਕਾ ਵਿਚ ਅੱਕ ਦੀ ਬੂਟੀ ਹੈ ਜੇ ਉਸ ਅੱਕ ਦੀ ਬੂਟੀ ਦਾ ਸਤ ਪੀਤਾ ਜਾਏ ਤਾਂ ਸੋਦਰ ਦਿੱਸਣ ਲੱਗ ਪਵੇਗਾ। ਉਸ ਅੱਕ ਦਾ ਸਤ ਪੀਤਾ ਤਾਂ ਦਰਵਾਜ਼ਾ ਦਿਸਿਆ। ਜੋ ਉਸ ਨੇ 'ਸੋਦਰ' ਵਿਚ ਦੇਖਿਆ ਉਸ ਆਪਣੀ ਪੁਸਤਕ 'ਉਹ ਦਰਵਾਜ਼ੇ' (ਡੋਰਜ਼ ਔਫ਼ ਪਰਸੈਪਸ਼ਨ) ਵਿਚ ਲਿਖਿਆ। ਜਦ ਸੋਦਰ ਰਹਿੰਦੇ ਤੇ ਵਿਚਰਦੇ ਹੋਏ ਕੁਝ ਸਮਾਂ ਹੋਇਆ ਤਾਂ ਉਸ ਦਾ ਖ਼ਿਆਲ ਦ੍ਰਵਾਜ਼ਾ ਛੱਡਣ ਦਾ ਬਣਿਆ। ਹਕਸਲੇ ਨੂੰ ਦਸਿਆ ਗਿਆ ਕਿ ਜੇ ਤਮਾਕੂ ਦਾ ਧੂੰਆਂ ਅੰਦਰ ਲੰਘਾ ਲਿਆ ਜਾਏ ਤਾਂ ਵਾਹਿਗੁਰੂ ਦੇ ਦਰ ਟੁੱਟ ਸਕਦੇ ਹਨ। ਆਤਮਾ ਨੀਂਵੀਂ ਪੱਧਰ ਉਤੇ ਆ ਸਕਦੀ ਹੈ। ਉਸ ਧੂੰਆਂ ਚਾੜ੍ਹਿਆ ਸੋਦਰ

Sri Satguru Jagjit Singh Ji eLibrary NamdhariElibrary@gmail.com

ਉਡ ਪੁੱਡ ਗਿਆ। ਇਹ ਘਟਨਾ ੧੯੫੩ ਵਿਚ ਹੋਈ। ਧੰਨ ਹਨ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਿਨ੍ਹਾਂ ਜੰਗਤ ਜੂਠ ਤਮਾਕੂ ਨ ਸੇਵਨ ਦਾ ਹੁਕਮ ਦੇ ਕੇ ਸਿੱਖਾਂ ਨੂੰ ਸਿਰਫ਼ ਸਰੀਰਕ ਰੋਗਾਂ ਤੋਂ ਬਚਾਇਆ ਸਗੋਂ ਆਤਮਕ ਗਿਰਾਵਟਾਂ ਤੋਂ ਵੀ ਹੱਥ ਦੇ ਕੇ ਰਖ ਲਿਆ। ਜੋ ਸਿੱਖ ਰੋਜ਼ ਨਿਤਨੇਮ ਵਿਚ ਜਪੁਜੀ ਦੇ ਪਾਠ ਵਿਚ ਸੋਦਰ ਦੇ ਦਰਸ਼ਨ ਕਰਦਾ ਹੈ। ਫਿਰ ਰਹਿਰਾਸ ਰਾਹੀਂ ਸ਼ਾਮ ਨੂੰ ਸੋਦਰ ਪੁੱਜਦਾ ਹੈ। ਜੇ ਭੁੱਲ ਭੁਲੇਖੇ ਵੀ ਤਮਾਕੂ ਦਾ ਧੂੰਆਂ ਅੰਦਰ ਲੰਘਾ ਦਿੱਤਾ ਜਾਏ ਤਾਂ 'ਸੋਦਰ' ਤੋਂ ਉਸ ਦੀ ਲਿਵ ਟੁੱਟ ਜਾਂਦੀ ਹੈ। ਇਸ ਲਈ ਸਿੱਖ ਨੂੰ ਸਖਤੀ ਨਾਲ ਆਪ ਅਮਲ ਕਰਨਾ ਚਾਹੀਦਾ ਹੈ ਤੇ ਅਮਲ ਕਰਾਉਣਾ ਚਾਹੀਦਾ ਹੈ। ਸਿੱਖ ਇਸੇ ਲਈ ਤਮਾਕੂ ਪੀਣ ਵਾਲੇ ਨਾਲ ਨਹੀਂ ਵਰਤਦੇ। 'ਨੜੀ ਮਾਰ ਨਾਲ ਨ ਵਰਤੋ', ਇਹ ਰਹਿਤਨਾਮਿਆਂ ਦਾ ਹੁਕਮ ਸੀ। ਸਾਨੂੰ ਜ਼ੋਰ ਲਗਾਉਣਾ ਚਾਹੀਦਾ ਹੈ ਕਿ ਪਬਲਿਕ ਥਾਵਾਂ ਉਤੇ ਤਮਾਕੂ ਪੀਣ ਦੀ ਕਾਨੂੰਨਨ ਮਨਾਹੀ ਹੋਵੇ। ਕੌਮ ਨੂੰ ਖ਼ਾਸ ਉਪਰਾਲਾ ਕਰਨਾ ਚਾਹੀਦਾ ਹੈ। ਪਹਿਲੀ ਵੱਡੀ ਜੰਗ ਦੇ ਸਫਲ ਖ਼ਾਤਮੇ ਉਪਰੰਤ ਸਿੱਖਾਂ ਨੇ ਜੋ ਕੋਈ ਮੰਗ ਹਕੂਮਤ ਪਾਸ ਰੱਖੀ ਸੀ ਤਾਂ ਉਹ ਸੀ ਪਬਲਿਕ ਥਾਵਾਂ ਤੇ ਖਾਸ ਕਰਕੇ ਗਡੀਆਂ ਵਿਚ ਤਮਾਕੂ ਨੋਸ਼ੀ ਬੰਦ ਕਰਾਈ ਜਾਏ। ਰੇਲਵੇ ਐਕਟ ਦੀ ਧਾਰਾ ੧੧੦, ਇਸੇ ਮੰਗ ਦੇ ਆਧਾਰ ਉਤੇ ਪਾਈ ਗਈ ਸੀ। ਇਸ ਤੇ ਸਖ਼ਤੀ ਨਾਲ ਅਮਲ ਕਰਾਉਣ ਦੀ ਲੋੜ ਹੈ।

Sri Satguru Jagjit Singh Ji eLibrary NamdhariElibrary@gmail.com

# "ਅਭਾਖਿਆ ਕਾ ਕੁਠਾ ਖਾਵੈ ਨਾਹੀ"

ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਇਕ ਹੁਕਮਨਾਮਾ ਵਿਚ ਜੋ ਉਨ੍ਹਾਂ ਕਾਬਲ ਦੀ ਸੰਗਤ ਦੇ ਨਾਂ ਅੰਮ੍ਰਿਤ ਛਕਾਉਣ ਦੇ ਤਕਰੀਬਨ ਦੋ ਮਹੀਨੇ ਬਾਅਦ ਲਿਖਿਆ, ਫੁਰਮਾਇਆ ਸੀ, "ਸਰਬਤ ਸੰਗਤ ਅਭਾਖਿਆ ਕਾ ਕੁਠਾ ਖਾਵੈ ਨਾਹੀ।" ਉਸੇ ਹੁਕਮਨਾਮੇ ਵਿਚ ਪੰਜ ਕਕਾਰ ਰੱਖਣ ਦਾ ਹੁਕਮ ਸੀ ਅਤੇ ਨਾਲ ਹੀ ਤਮਾਕੂ ਨਾ ਵਰਤਣ ਤੇ ਅਭਾਖਿਆ ਦਾ ਕੁਠਾ ਮਾਸ ਨਾ ਖਾਣ ਦੀ ਆਗਿਆ ਸੀ। ਇਸੇ ਲਈ ਅਸੀਂ ਕਕਾਰ ਰਖਣ ਨੂੰ ਰਹਿਤ ਅਤੇ ਵਿਵਰਜਤ ਕਰਮਾਂ ਨੂੰ ਕੁਰਹਿਤ ਕਹਿੰਦੇ ਹਾਂ। 'ਕੁਠਾ ਨਾ ਖਾਣਾ' ਕੁਰਹਿਤ ਦਾ ਹਿੱਸਾ ਹੈ। ਭਾਈ ਨੰਦ ਲਾਲ ਜੀ ਨੇ ਸ਼ਾਇਦ ਇਸੇ ਅੰਤਰ ਨੂੰ ਦ੍ਰਿੜਾਉਣ ਲਈ 'ਰਹਿਤਨਾਮਾ' ਅਤੇ 'ਤਨਖਾਹ ਨਾਮਾ' ਅੱਡ ਅੱਡ ਲਿਖੇ ਹਨ। 'ਤਨਖਾਹ ਨਾਮਾ' ਦੀ ਹੀ ਤੁਕ ਹੈ ਕਿ ਉਹ ਕਦੇ ਨਿਰਭਉ ਹੋ ਹੀ ਨਹੀਂ ਸਕਦਾ ਜੋ ਤੁਰਕ (ਮੁਸਲਮਾਨ) ਕੋਲੋਂ ਮਾਸ ਲੈ ਕੇ ਖਾਂਦਾ ਹੈ। ਸਹੀ ਸ਼ਬਦ ਹਨ :

**ਲੈ ਤੁਰਕਨ ਤੇ ਮਾਸ ਜੋ ਖਾਵੈ**
**ਸੁਣਹੁ ਲਾਲ ਸੋ ਜਮ ਪੁਰ ਜਾਏ**। ੩੦।

ਭਾਈ ਦੇਸਾ ਸਿੰਘ ਜੀ ਜਿਨ੍ਹਾਂ ਦੀਆਂ ਇਹ ਤੁਕਾਂ :

"ਰਹਣੀ ਰਹੈ ਸੋਈ ਸਿਖ ਮੇਰਾ।
ਓਹ ਠਾਕੁਰ ਮੈਂ ਉਸ ਕਾ ਚੇਰਾ।
ਰਹਤ ਬਿਨਾ ਨਹਿ ਸਿਖ ਕਹਾਵੈ
ਰਹਿਤ ਬਿਨਾ ਦਰ ਚੋਟਾਂ ਖਾਵੈ,"'

ਹਰ ਇਕ ਦੇ ਮੂੰਹ ਚੜ੍ਹੀਆਂ ਹਨ, ਨੇ ਹੀ ਲਿਖਿਆ ਹੈ :—

**ਕੁਠਾ**, ਹੁਕਾ, ਚਰਸ, ਤਮਾਕੂ।
ਗਾਂਜਾ ਟੋਪੀ ਤਾੜ੍ਹੀ ਖਾਕੂ।
ਇਨ ਕੀ ਔਰੇ ਨਾ ਕਬਹੂ ਦੇਖੈ।
ਰਹਤ ਵੰਤ ਸੋ ਸਿਖ ਬਿਸੇਖੈ।"

Sri Satguru Jagjit Singh Ji eLibrary NamdhariElibrary@gmail.com

ਭਾਈ ਰਤਨ ਸਿੰਘ ਜੀ ਭੰਗੂ ਨੇ ਅੰਮ੍ਰਿਤ ਛਕਾਉਣ ਦਾ ਸਾਰਾ ਦ੍ਰਿਸ਼ ਦੇਣ ਉਪ੍ਰੰਤ ਗੁਰੂ ਗੋਬਿੰਦ ਸਿੰਘ ਜੀ ਦੀ ਦਰਸਾਈ ਰਹਿਤ ਨੂੰ ਆਪਣੇ ਸ਼ਬਦਾਂ ਵਿਚ ਦਸਿਆ। ਉਹ ਲਿਖਦੇ ਹਨ :—

ਪੁਨ ਸਤਿਗੁਰ ਉਸ ਸਿਛਯਾ ਦਈ।
ਮੀਣੇ ਮਸੰਦ ਬ੍ਰਤਿਯੋ ਨਹੀਂ
ਕੁੜੀ ਮਾਰ ਰਮਰਯੋ ਨੜੀ ਜੁ ਮਾਰ।
ਜੇ ਇਨ ਮਿਲੈ ਸੁ ਹੋਇ ਹੈ ਅਵਾਰ।
ਪਹਰ ਕਛੈਹਰੇ ਸਿਰ ਬੰਧਯੋ ਪਾਗ।
ਗੁਰ ਗ੍ਰੰਥ ਬਚਨ ਪਰ ਰਹਯੋ ਲਾਗ।

ਦੋਹਾ :— ਯੋ ਕਹਿਕੈ ਸੀ ਸਤਿਗੁਰ ਗਲ ਤੇਗੋ ਦੀਨੋ ਪਾਏ।
ਕਰਦ ਚਕਰ ਸਿਰਪਰ ਧਰੈਂ ਮੁਖੋਂ ਅਕਾਲ ਜਪਾਇ।

ਚੌਪਈ :— ਔਰ ਕਰੀ ਗੁਰਬਾਣੀ ਪੜ੍ਹਾਈਯੋ।
ਜਪ ਜਾਪ ਦੋਇ ਵੇਲੇ ਜਪਾਈਯੋ।
ਔਰ ਅਨੰਦ ਰਹਿਰਾਸ ਜਪਯੋ।
ਦੋਇ ਵੇਲੇ ਉਠ ਬੰਧਯੋ ਦਸਤਾਰੇ।
**ਕਰ ਝਟਕੈ ਬਕਰਨ ਕੋ ਖਯੋ।**
**ਮੁਰਦੇ ਕੁਠੇ ਨਿਕਟ ਨ ਜਯੋ।**

ਸੱਚੀ ਗੱਲ ਇਹ ਹੀ ਹੈ ਕਿ ਕੌਮਾਂ ਨੂੰ ਨਿਰੋਲ ਸ਼ਸਤ੍ਰਾਂ ਨਾਲ ਕੋਈ ਗੁਲਾਮ ਨਹੀਂ ਕਰ ਸਕਿਆ। ਜਿੱਤ ਉਸ ਵੇਲੇ ਹੀ ਗਿਣਨੀ ਚਾਹੀਦੀ ਹੈ ਜਦ ਪਰਜਾ ਮਨ ਕਰਕੇ ਵੀ ਹਮਲਾਵਰ ਦੇ ਗੌਰਵ ਨੂੰ ਮੰਨ ਲਵੇ। ਆਪਣਾ ਗੌਰਵ ਤੇ ਅਣਖ ਕਾਇਮ ਰਖਣਾ ਕੋਈ ਸਹਿਲਾ ਕਰਮ ਨਹੀਂ ਹੈ। ਪਿਛਲੀ ਗੱਲ ਤਾਂ ਛੱਡੋ ਇਸ ਯੁੱਗ ਵਿਚ ਮੈਕਾਲੇ ਨੇ ਜਦ ਅੰਗਰੇਜ਼ੀ ਵਿਦਿਆ ਦੇ ਵਾਧੇ ਲਈ ਕੁਝ ਰਕਮ ਪਾਰਲੀਮੈਂਟ ਕੋਲੋਂ ੧੮੬੦ ਵਿਚ ਮੰਗਣ ਦਾ ਬਿਲ ਪੇਸ਼ ਕੀਤਾ ਤਾਂ ਉਸ ਨੇ ਇਕੋ ਦਲੀਲ ਦਿੱਤੀ ਕਿ ਮੈਂ ਹਿੰਦੁਸਤਾਨ ਵਿਚ ਅਜਿਹਾ ਪ੍ਰਬੰਧ ਕਰਾਂਗਾ ਕਿ ਕੁਝ ਸਾਲਾਂ ਨੂੰ ਹਰ ਇਕ ਕਰਮ ਅੰਗਰੇਜ਼ੀ ਹੋਵੇਗਾ ਕੇਵਲ ਉਨ੍ਹਾਂ ਦੀਆਂ ਰਗਾਂ ਵਿਚ ਹੀ ਹਿੰਦੁਸਤਾਨੀ ਖ਼ੂਨ ਦੌੜਦਾ ਹੋਵੇਗਾ। ਸੱਚ ਮੁੱਚ ਪੰਜਾਹ ਸਾਲਾਂ ਅੰਦਰ ਹੀ ਐਸਾ ਹੋ ਗਿਆ ਅਤੇ ਅੱਜ ਜਦ ਅੰਗਰੇਜ਼ਾਂ ਨੂੰ ਹਿੰਦੁਸਤਾਨ ਛਡਿਆਂ ੪੨ ਸਾਲਾਂ ਤੋਂ ਉਪਰ ਹੋ ਗਏ ਹਨ, ਅੰਗਰੇਜ਼ਾਂ ਦੀ ਹੀ ਰਹਿਣੀ, ਕਹਿਣੀ ਅਤੇ ਬਹਿਣੀ ਸਾਡਾ ਨਿਤ ਦਾ ਕਰਮ ਬਣੀ ਦੇਖੀ ਜਾ ਸਕਦੀ ਹੈ।

ਐਡਵਰਡ ਗਿਬਨ ਨੇ ਆਪਣੀ ਪ੍ਰਸਿੱਧ ਪੁਸਤਕ 'ਦਿ ਡਿਕਲਾਇਨ ਐਂਡ ਫਾਲ ਔਫ਼ ਰੋਮਨ ਐਂਪਾਇਰ' ਦੇ ਅੰਤਿਕਾ ਵਿਚ ਉਹ ਛੇ ਕਾਰਨ ਦਿੱਤੇ ਹਨ ਜਿਨ੍ਹਾਂ ਕਰਕੇ ਇਤਨਾ ਵੱਡਾ ਰੋਮਨ ਸਾਮਰਾਜ ਜੜ੍ਹੋਂ ਹਿਲ ਮੁੱਕ ਗਿਆ। ਉਨ੍ਹਾਂ ਕਾਰਨਾਂ ਵਿਚੋਂ ਦੋ ਕਾਰਨ ਸਨ ਕਿ ਨੌਜਵਾਨ ਪੀੜ੍ਹੀ ਨੇ ਹਥਿਆਰ ਚੁਕਣ ਤੋਂ ਹੱਥ ਖਿੱਚ ਲਿਆ ਸੀ ਅਤੇ ਵਿਲਾਸੀ ਹੋ ਗਏ ਸਨ। (**Unwillingness of the youngmen to bear arms in**

Sri Satguru Jagjit Singh Ji eLibrary NamdhariElibrary@gmail.com

defence and over indulgence in luxury)। ਬਾਕੀ ਚਾਰ ਕਾਰਨ ਸਨ :— ਕੇਂਦਰ ਦਾ ਅੰਨ੍ਹੇਵਾਹ ਖਰਚ-ਕਰੀ ਜਾਣਾ, ਵਿਭਚਾਰ ਦਾ ਸਭ ਪਾਸੇ ਫੈਲ ਜਾਣਾ, ਜਿਨਸੀ ਭੁੱਖ ਦਾ ਵਧ ਜਾਣਾ, ਤਾਲਾਕ ਦਾ ਛੇਤੀ ਮਿਲ ਜਾਣਾ, ਜਿਸ ਦੇ ਫਲਸਰੂਪ ਘਰ ਦੀ ਪਵਿਤਰਤਾ ਮੁੱਕ ਗਈ, ਨਜ਼ਾਕਤ ਹੀ ਨਜ਼ਾਕਤ, ਮਰਦਊਪਨੇ ਦਾ ਮੁੱਕ ਜਾਣਾ, ਕੁੜੀਆਂ ਦਾ ਮੁੰਡਿਆਂ ਵਾਂਗੂ ਵਿਚਰਨਾ ਅਤੇ ਮਰਦਾਂ ਦਾ ਕੁੜੀਆਂ ਵਾਂਗ ਲਗਣਾ ਤੇ ਵਿਚਰਨਾ, ਧਰਮ ਲਈ ਸਤਿਕਾਰ ਤੇ ਆਦਰ ਦਾ ਉੱਡ ਪੁੱਡ ਜਾਣਾ।'' ਇਹ ਅਭਾਖਿਆ ਕਾ ਕੁਠਾ ਨਾ ਖਾਣ ਦਾ ਹੁਕਮ ਸਾਨੂੰ ਜਿਥੇ ਕਿਸੇ ਦੀ ਜ਼ਹਿਨੀ ਗੁਲਾਮੀ ਸਵੀਕਾਰ ਕਰਨ ਤੋਂ ਵਰਜਦਾ ਹੈ ਉੱਥੇ ਹਥਿਆਰ ਚੁੱਕਣ ਲਈ ਵੀ ਸਦਾ ਪ੍ਰੇਰਦਾ ਰਹਿੰਦਾ ਹੈ।

ਆਸਾ ਦੀ ਵਾਰ ਵਿਚ ਉਨ੍ਹਾਂ ਸਾਰੀਆਂ ਗੁਲਾਮੀਆਂ ਦਾ ਨਕਸ਼ਾ, ਗੁਰੂ ਨਾਨਕ ਦੇਵ ਜੀ ਨੇ ਖ਼ੂਬ ਖਿਚਿਆ ਹੈ, ਜਿਨ੍ਹਾਂ ਦੀ ਲਪੇਟ ਵਿਚ ਸਮਾਜ ਅਤੇ ਧਰਮ ਗ੍ਰਸਿਆ ਹੋਇਆ ਸੀ। ਗੁਰੂ ਜੀ ਨੇ ਉਹ ਬੇੜੀਆਂ ਦਿਖਲਾ ਦਿੱਤੀਆਂ ਜਿਨ੍ਹਾਂ ਵਿਚ ਜਕੜਿਆ ਇਹ ਮਨੁੱਖ ਫਿਰ ਰਿਹਾ ਸੀ ਪਰ ਜੁਰਅੱਤ ਨਹੀਂ ਸੀ ਰਹੀ ਕਿ ਭੰਨ ਤੋੜ ਸਕੇ। ਗੁਰੂ ਪਾਤਸ਼ਾਹ ਦਾ ਕਹਿਣਾ ਸੀ ਕਿ ਸਿਆਸਤ ਦੇ ਜ਼ੋਰ ਨਾਲ ਦੂਜੇ ਦੇ ਧਰਮ ਵਿਚ ਸਿੱਧੇ ਦਖ਼ਲ ਦਿੱਤੇ ਜਾ ਰਹੇ ਹਨ, ਪਰ ਮੁਰਦਾ ਕੌਮ, ਬੋਸੀਦਾ ਸਮਾਜ ਅਤੇ ਰੀਤੀ ਰਵਾਜਾਂ ਦਾ ਪਲੰਦਾ ਬਣਿਆ, ਧਰਮ ਸਭ ਕੁਝ ਸਹਾਰੀ ਟੁਰੀ ਜਾ ਰਹਿਆ ਸੀ। ਗੁਰੂ ਨਾਨਕ ਦੇਵ ਜੀ ਨੇ ਇਸੇ ਲਈ ਪੁਕਾਰ ਕਹਿਆ :

'ਬੀਉ ਬੀਜਿ ਪਤਿ ਲੈ ਗਏ
ਅਬ ਕਿਉ ਉਗਵੈ ਦਾਲਿ।'

ਜਦ ਪਤਿ ਹੀ ਲਹਿ ਗਈ, ਧਰਮ ਦਾ ਅੰਕੁਰ ਕਿਵੇਂ ਫੁਟੇਗਾ।

'ਜੇ ਜੀਵੈ ਪਤਿ ਲਥੀ ਜਾਇ।
ਸਭੁ ਹਰਾਮੁ ਜੇਤਾ ਕਿਛੁ ਖਾਇ',

ਉਨ੍ਹਾਂ ਦਾ ਇਕ ਹੋਰ ਫਰਮਾਨ ਸੀ।

ਫਿਰ ਆਪ ਜੀ ਨੇ ਫਰਮਾਇਆ ਕਿ ਦੇਖੋ ਹੀਣਤਾ ਕਿਥੋਂ ਤਕ ਪੁੱਜ ਗਈ ਹੈ ਕਿ ਧਰਮ ਨੂੰ ਕੇਵਲ ਟੂਣੇ, ਜਾਦੂ, ਮੰਤਰ ਤੇ ਤਵੀਤ ਹੀ ਸਮਝਿਆ ਜਾਣ ਲਗਾ ਹੈ। ਅਧੀਨਗੀ ਦੀ ਹੱਦ ਹੋ ਗਈ, ਜਦ ਹਿੰਦੁਸਤਾਨ ਨੇ ਰਾਜ ਕਰਦੇ ਤੁਰਕ ਤੇ ਪਠਾਨਾਂ ਦਾ ਅਮਲ ਅਪਣਾ ਲਿਆ ਅਤੇ ਪਹਿਰਾਵਾ ਵੀ ਹੁਕਮਰਾਨਾਂ ਦਾ ਨੀਲਾ ਧਾਰ ਲਿਆ। ਇਸ ਸਲੋਕ ਨਾਲ ਲਗਦੀ ਪਉੜੀ (ਤੇਰ੍ਹਵੀਂ) ਖਾਸ ਧਿਆਨ ਨਾਲ ਪੜ੍ਹਨੀ ਚਾਹੀਦੀ ਹੈ, ਜਿਸ ਵਿਚ ਸਪਸ਼ਟ ਇਸ਼ਾਰਾ ਹੋਇਆ ਹੈ ਕਿ ਸਤਿਗੁਰ ਤੂੰ ਮੈਂ ਸਦਕੇ ਹਾਂ ਜਿਸ ਨੇ ਸੂਝ ਦਿੱਤੀ, ਰੌਸ਼ਨੀ ਬਖਸ਼ੀ ਅਤੇ ਸਾਨੂੰ 'ਦੂਜੇ ਦੀ' ਅਧੀਨਗੀ ਤੋਂ ਬਚਾ ਲਿਆ। ਐਸੇ ਜਹਾਜ਼ ਵਿਚ ਬਿਠਾਇਆ ਕਿ ਹੁਣ ਕਿਸੇ ਦਾ ਡਰ ਭਉ ਨਹੀਂ ਰਿਹਾ ਤੇ ਪਾਰਲੇ ਕੰਢੇ ਲਗਾ ਦਿੱਤਾ।

"ਸਤਿਗੁਰ ਵਿਟਹੁ ਵਾਰਿਆ ਜਿਤ ਮਿਲਿਐ ਖਸਮ ਸਮਾਲਿਆ।
ਜਿਨਿ ਕਰਿ ਉਪਦੇਸੁ ਗਿਆਨ ਅੰਜਨੁ ਦੀਆ ਇਨ੍ਹੀ ਨੇਤ੍ਰੀ ਜਗਤ ਨਿਹਾਲਿਆ।
ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ।

Sri Satguru Jagjit Singh Ji eLibrary NamdhariElibrary@gmail.com

ਸਤਿਗੁਰੂ ਹੈ ਬੋਹਿਥਾ ਵਿਰਲੈ ਕਿਨੈ ਵੀਚਾਰਿਆ ।
ਕਰਿ ਕਿਰਪਾ ਪਾਰਿ ਉਤਾਰਿਆ ।੧੩। (ਆਸਾ ਦੀ ਵਾਰ, ਪੰਨਾ ੪੭੦)

ਗੁਰੂ ਗੋਬਿੰਦ ਸਿੰਘ ਤੋਂ ਅਸੀਂ ਕੁਰਬਾਨ ਹਾਂ ਜਿਨ੍ਹਾਂ ਅੰਮ੍ਰਿਤ ਦੇ ਘੁੱਟ ਪਿਲਾ, ਛੱਟੇ ਕੇਸਾਂ ਤੇ ਨੈਣਾਂ ਵਿਚ ਮਾਰ ਸੂਝ ਤੇ ਰੌਸ਼ਨੀ ਬਖ਼ਸ਼ ਖਾਲਸਾ ਬਣਾਇਆ ਜੋ ਸਦਾ ਵਾਹਿਗੁਰੂ ਦਾ ਹੋ ਵਿਚਰੇਗਾ ਅਤੇ ਕਿਸੇ ਦੂਜੇ ਦਾ ਅਮਲ ਨਹੀਂ ਅਪਣਾਏਗਾ।

ਆਸਾ ਦੀ ਵਾਰ ਵਿਚ ਹੀ ਗੁਰੂ ਨਾਨਕ ਦੇਵ ਜੀ ਨੇ ਇਸੇ ਗੁਲਾਮੀ ਦੀਆਂ ਦੋ ਉਦਾਹਰਣਾਂ ਖਾਸ ਤੌਰ ਤੇ ਦਿੱਤੀਆਂ ਹਨ। ਪਹਿਲੀ ਵਿਚ ਉਹ ਫਰਮਾਂਦੇ ਹਨ ਕਿ ਇਕ ਬਰਾਹਮਣ ਆਪਣੀ ਗਊ ਨੂੰ ਨਾਲ ਲੈ ਕੇ ਨਦੀ ਪਾਰ ਕਰਾਉਣਾ ਚਾਹੁੰਦਾ ਹੈ। ਨਦੀ ਤੇ ਮਹਿਸੂਲੀਆ ਹਿੰਦੂ ਹੈ। ਉਹ ਹਿੰਦੂ, ਬ੍ਰਾਹਮਣ ਤੇ ਗਊ ਨੂੰ ਨਦੀ ਪਾਰ ਕਰਨ ਨਹੀਂ ਦੇਂਦਾ ਜਦ ਤਕ ਸਮੇਂ ਦੀ ਹਕੂਮਤ ਵਲੋਂ ਗਊ ਤੇ ਲਗਾਇਆ ਟੈਕਸ ਨਹੀਂ ਦਿਤਾ ਜਾਂਦਾ। ਬ੍ਰਾਹਮਣ ਕਹਿੰਦਾ ਹੈ, "ਕਿ ਇਸ ਗਊ ਨੂੰ ਤੂੰ ਮਾਤਾ ਕਹਿੰਦਾ ਹੈਂ, ਇਸ ਗਊ ਦੇ ਗੋਬਰ ਦਾ ਪੋਚਾ ਕਰਕੇ ਸੁੱਚਾ ਹੋ ਪਾਰ ਉੱਤਰਨ ਦੀ ਕੋਸ਼ਿਸ਼ ਕਰਦਾ ਹੈਂ, ਇਸ ਗਊ ਕੋਲੋਂ ਟੈਕਸ।" ਮਹਿਸੂਲੀਆ ਆਪਣੀ ਮਜਬੂਰੀ ਦਸਦਾ ਹੈ ਕਿ ਸਮੇਂ ਦੀ ਹਕੂਮਤ ਦਾ ਹੁਕਮ ਹੈ ਅਤੇ ਕਰ ਲਏ ਬਗੈਰ ਉਹ ਪਾਰ ਨਹੀਂ ਉਤਰਨ ਦੇਵੇਗਾ। ਗੁਰੂ ਨਾਨਕ ਦੇਵ ਜੀ ਦੋਵਾਂ ਦੀ ਮਜਬੂਰੀ ਤੇ ਗੁਲਾਮੀ ਦਾ ਜ਼ਿਕਰ ਕਰਦੇ ਹੋਏ ਉਚਾਰਦੇ ਹਨ ਕਿ ਦੇਖੋ ਸਿਆਸਤ ਨੇ ਧਰਮ ਵਿਚ ਕਿਵੇਂ ਦਖ਼ਲ ਦਿੱਤਾ ਅਤੇ ਹਿੰਦੂ ਨੂੰ ਗੁਲਾਮ ਬਣਾ ਲਿਆ। ਉਸ ਨੂੰ ਧਰਮ ਕਮਾਉਣ ਦੀ ਆਜ਼ਾਦੀ ਵੀ ਨਾ ਰਹੀ। ਤੁਰਕਾਂ ਦੀ ਰਹਿਣੀ (ਸੰਜਮ) ਉਨ੍ਹਾਂ ਅਪਣਾ ਲਈ।

"ਗਊ ਬਿਰਾਹਮਣ ਕਉ ਕਰੁ ਲਾਵਹੁ,
ਗੋਬਰਿ ਤਰਣੁ ਨ ਜਾਈ।
ਧੋਤੀ ਟਿਕਾ ਤੇ ਜਮਪਾਲੀ ਧਾਨੁ ਮਲੇਛਾਂ ਖਾਈ।
ਅੰਤਰਿ ਪੂਜਾ, ਪੜਹਿ ਕਤੇਬਾ, ਸੰਜਮੁ ਤੁਰਕਾਂ ਭਾਈ।
ਛੋਡੀਲੇ ਪਾਖੰਡਾਂ।" (ਆਸਾ ਦੀ ਵਾਰ, ਪੰਨਾ ੪੭੧)

ਇਸ ਤੋਂ ਅਗਲੇ ਦੂਜੇ ਸਲੋਕ ਵਿਚ ਤਾਂ ਮਹਾਰਾਜ ਬੜੇ ਕਰੜੇ ਲਫ਼ਜ਼ਾਂ ਵਿਚ ਕਹਿੰਦੇ ਹਨ ਕਿ ਗਊ ਤੇ ਬ੍ਰਾਹਮਣ ਨੂੰ ਤਾਂ ਹਕੂਮਤ ਦੇ ਕਰਮਚਾਰੀਆਂ ਨੇ ਬਗੈਰ ਟੈਕਸ ਲਏ ਲੰਘਣ ਨਾ ਦਿੱਤਾ ਪਰ ਉਹ ਹੀ ਬ੍ਰਾਹਮਣ ਉਨ੍ਹਾਂ ਦੇ ਘਰ ਜਾ ਕੇ ਉਨ੍ਹਾਂ ਦੀ ਸਿਫ਼ਤ ਸਲਾਹ ਕਰਦੇ ਹਨ ਜੋ ਮਨੁੱਖਾਂ ਦਾ ਮਾਸ ਨੋਚ ਨੋਚ ਖਾ ਰਹੇ ਹਨ। ਪਰਵਾਨ ਹੋਣ ਲਈ, ਆਪਣਾ ਕੰਮ ਕਢਵਾਉਣ ਲਈ, ਗਰਜ਼ਾਂ ਪੂਰੀਆਂ ਕਰਨ ਲਈ ਉਨ੍ਹਾਂ ਪਹਿਰਾਵਾ ਵੀ ਮੁਸਲਮਾਨੀ ਕਰ ਲਿਆ ਅਤੇ ਸਭ ਤੋਂ ਮਾੜੀ ਗੱਲ ਉਨ੍ਹਾਂ ਦੀ ਖ਼ੁਰਾਕ ਉਹ ਬੱਕਰਾ ਹੋ ਗਈ ਜੋ ਪਰਾਈ ਬੋਲੀ ਪੜ੍ਹ ਕੇ ਕੋਹਿਆ ਗਿਆ ਸੀ। ਕਲਮਾ ਪੜ੍ਹੀ ਖ਼ੁਰਾਕ ਖਾ ਕੇ ਵੀ ਉਹ ਆਖਦੇ ਹਨ ਕਿ ਉਹ ਸੁੱਚੇ ਹਨ ਅਤੇ ਸਾਡੇ ਚੌਕੇ ਕੋਈ ਨਾ ਚੜ੍ਹੇ। ਗੁਲਾਮੀ ਦੀ ਹੱਦ ਹੋ ਗਈ ਹੈ। ਨ ਖਾਣ, ਨ ਪਹਿਨਣ, ਨ ਪੂਜਾ, ਨ ਪੁਰਾਨ ਪੜ੍ਹਨ ਦੀ ਅਜ਼ਾਦੀ ਹੈ।

ਮ: ੧ : "ਮਾਣਸ ਖਾਣੇ ਕਰਹਿ ਨਿਵਾਜ।
ਛੁਰੀ ਵਗਾਇਨਿ ਤਿਨ ਗਲਿ ਤਾਗ।
ਤਿਨ ਘਰਿ ਬ੍ਰਹਮਣ ਪੂਰਹਿ ਨਾਦ।"

Sri Satguru Jagjit Singh Ji eLibrary NamdhariElibrary@gmail.com

ਅਤੇ

"ਮਥੇ ਟਿਕਾ ਤੇੜਿ ਧੋਤੀ ਕਖਾਈ।
ਹਥਿ ਛੁਰੀ ਜਗਤ ਕਾਸਾਈ।
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ।
ਮਲੇਛ ਧਾਨ ਲੇ ਪੂਜਹਿ ਪੁਰਾਣੁ।
**ਅਭਾਖਿਆ ਕਾ ਕੁਠਾ ਬਕਰਾ ਖਾਣਾ।**
ਚਉਕੇ ਉਪਰਿ ਕਿਸੈ ਨ ਜਾਣਾ।"

ਗੁਰੂ ਨਾਨਕ ਦੇਵ ਜੀ ਨੇ ਮਨੁੱਖੀ ਹੀਣਤਾ 'ਅਭਾਖਿਆ ਕਾ ਕੁਠਾ' ਖਾਣ ਵਿਚ ਦਸੀ ਅਤੇ ਦਸਵੇਂ ਸਰੂਪ ਨੇ ਐਸੇ ਮਨੁੱਖ ਤਿਆਰ ਕਰ ਦਿੱਤੇ ਜੋ ਪ੍ਰਣ ਕਰਦੇ ਹਨ ਕਿ ਅਭਾਖਿਆ ਕਾ ਕੁੱਠਾ ਕਦੇ ਨਹੀਂ ਖਾਣਗੇ। ਦਸ਼ਮੇਸ਼ ਪਿਤਾ ਨੇ ਉਹ ਸਾਰੇ ਚੈਲੰਜ ਜਿਨ੍ਹਾਂ ਦਾ ਜ਼ਿਕਰ ਗੁਰੂ ਨਾਨਕ ਦੇਵ ਜੀ ਨੇ ਕੀਤਾ ਸੀ, ਖਾਲਸੇ ਦੇ ਰੂਪ ਵਿਚ ਪ੍ਰਵਾਨ ਕਰਕੇ, ਢੁਕਵੇਂ ਉੱਤਰ ਦਿੱਤੇ। ਦ੍ਰਿਸ਼ਟਾਂਤ ਵਜੋਂ ਜਿਵੇਂ ਆਸਾ ਦੀ ਵਾਰ ਦਾ ਸ਼ਲੋਕ ਹੈ ਕਿ ਜਮਨਾ ਕਿਨਾਰੇ ਮੱਥਰਾ ਜਿਥੇ ਕ੍ਰਿਸ਼ਨ ਜੀ ਆਏ 'ਵਾਇਨ ਚੇਲੇ ਨਚਨ ਗੁਰ' ਅਤੇ 'ਉਡਿ ਉਡਿ ਰਾਵਾ ਝਾਟੈ ਪਾਇ' ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਉਸੇ ਹੀ ਜਮਨਾ ਕਿਨਾਰੇ ਪਾਉਂਟਾ ਸਾਹਿਬ ਕੇਸਾਂ ਵਿਚ ਅੰਮ੍ਰਿਤ ਪਾਉਣ ਦੀ ਤਿਆਰੀ ਕਰਾਈ। ਉੱਥੇ ਜਮਨਾ ਤਟ 'ਵੇਖੈ ਲੋਕੁ ਹਸੈ ਘਰਿ ਜਾਇ' ਅਤੇ ਇਥੇ ਜਮਨਾ ਕੰਢੇ 'ਸਾਰੇ ਗੰਭੀਰ ਹੋ ਨਾਮ ਰਸ ਲੈ ਮੁੜਦੇ।' ਉਥੇ 'ਰੋਟੀਆਂ ਕਾਰਣਿ ਪੂਰਹਿ ਤਾਲ' ਅਤੇ ਇਥੇ ਸਭ ਕੁਝ ਕੁਰਬਾਨ ਕਰ ਪੀਰ ਬੁਧੂ ਸ਼ਾਹ ਵਰਗੇ ਕੇਵਲ ਕੰਘੇ ਵਿਚ ਅਟਕੇ ਹੋਏ ਦੋ ਕੇਸ ਹੀ ਮੰਗਦੇ ਹਨ। ਉਥੇ 'ਆਪ ਪਛਾੜਹਿ ਧਰਤੀ ਨਾਲਿ' ਅਤੇ ਇਥੇ ਜ਼ਾਲਮਾਂ ਨੂੰ ਪਕੜ ਪਛਾੜ ਧਰਤ ਤੇ ਸੁਟਿਆ ਜਾਂਦਾ ਹੈ। ਉਥੇ ਕ੍ਰਿਸ਼ਨ ਜੀ ਪੱਥਰ ਮਾਰ ਮੱਖਣ ਦੀ ਮਟਕੀ ਤੋੜ ਮੱਖਣ ਗਿਰਾਂਦੇ ਹਨ ਇਥੇ, "ਜਿਨ੍ਹਾਂ ਕਦੇ ਤਲਵਾਰ ਨਹੀਂ ਉਠਾਈ ਕ੍ਰਿਪਾਲ ਦਾਸ ਉਦਾਸੀ ਜਹੇ ਹੱਥ ਕੁਤਕ (ਡੰਡਾ) ਲੈ ਹਯਾਤ ਖ਼ਾਂ ਵਰਗੇ ਹੰਕਾਰੀ, ਨਿਮਕ-ਹਰਾਮ ਦੀ ਮਟਕੀ (ਸਿਰ) ਤੋੜਦੇ ਹਨ ਜਿਸ ਵਿਚੋਂ ਮਿਝ ਨਿਕਲਦੀ ਹੈ ਤਾਕਿ ਲੋਕ ਸੁਖ ਦਾ ਸਾਹ ਲੈ ਸਕਣ।" ਕਨ੍ਹਈਆ ਲਾਲ ਤਾਰੀਖ-ਇ-ਪੰਜਾਬ ਵਿਚ ਲਿਖਦਾ ਹੈ ਕਿ 'ਮੂਲ ਚੰਦ ਹਲਵਾਈ ਵੀ ਜਿਹੜਾ ਗੁਰੂ ਸਾਹਿਬ ਦੇ ਲਸ਼ਕਰ ਵਿਚ ਦੁਕਾਨ ਕਰਦਾ ਸੀ, ਗੁਰੂ ਜੀ ਪਾਸੋਂ ਸ਼ਸਤਰ ਲੈ ਕੇ ਖ਼ੂਬ ਲੜਿਆ ਅਤੇ ਨਜਾਬਤ ਖ਼ਾਨ ਸਰਦਾਰ ਨੂੰ ਮਾਰ ਘਤਿਆ।' ਇਹ ਸਭ ਦਾਤਾਂ ਸੱਚੇ ਪਾਤਸ਼ਾਹ ਦੀਆਂ ਹਨ। ਇਸੇ ਤਰ੍ਹਾਂ 'ਕੁੱਠਾ ਨ ਖਾਣ' ਦਾ ਹੁਕਮ ਦੇ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਸੁਤੰਤਰਤਾ ਭਰ ਦਿੱਤੀ।

ਕੁੱਠਾ ਦਾ ਭਾਵ ਸਮਝਣ ਦੀ ਵੀ ਲੋੜ ਹੈ। ਇਸਲਾਮ ਦਾ ਸਿਧਾਂਤ ਹੈ ਕਿ ਰੋਜ਼ੇ ਹਸ਼ਰ ਵਾਲੇ ਦਿਹਾੜੇ ਮਸ਼ਹਰ ਦੇ ਮੈਦਾਨ ਵਿਚ ਦੱਬੀਆਂ ਰੂਹਾਂ ਆਪਣੀ-ਆਪਣੀ ਕਬਰ ਵਿਚੋਂ ਉਠ ਖਲੋਣਗੀਆਂ ਅਤੇ ਉਨ੍ਹਾਂ ਦਾ ਲੇਖਾ ਅਲਾਹ ਦੇ ਦਰਬਾਰ ਵਿਚ ਹੋਵੇਗਾ। ਉਸ ਮੈਦਾਨ ਵਿਚ ਨਾ ਛਾਂ ਹੋਵੇਗੀ ਅਤੇ ਨਾ ਹੀ ਪਾਣੀ। ਸਭ ਦੀਆਂ ਕਤਾਰਾਂ ਲੱਗੀਆਂ ਹੋਣਗੀਆਂ। ਸਭ ਰੂਹਾਂ 'ਹਾਮਾ' ਭਰਾਉਣ ਲਈ ਇਧਰ-ਉਧਰ ਦੌੜਨਗੀਆਂ। ਜਦ ਇਬ੍ਰਾਹੀਮ ਕੋਲ ਜਾਣਗੀਆਂ ਤਾਂ ਉਹ ਆਪਣੀ ਮਜਬੂਰੀ ਦੱਸੇਗਾ ਕਿ ਉਸਨੇ ਵੀ ਇਕ ਵਾਰੀ ਕਜ਼ਾਕਾਂ ਤੋਂ ਆਪਣੀ ਘਰਵਾਲੀ ਇਰਾਕ ਵਿਚ ਬਚਾਉਣ ਲਈ ਝੂਠ ਬੋਲ ਕਿਹਾ ਸੀ ਕਿ

Sri Satguru Jagjit Singh Ji eLibrary NamdhariElibrary@gmail.com

ਓਹ ਉਸ ਦੀ ਭੈਣ ਹੈ ਕਿਉਂਕਿ ਇਰਾਕ ਦੇ ਸ਼ਾਹ ਦਾ ਹੁਕਮ ਸੀ ਕਿ ਹਰ ਬਾਹਰੋਂ ਆਏ ਪਰਦੇਸੀ ਦੀ ਪਤਨੀ ਖੋਹ ਲਈ ਜਾਏ । ਇਸ ਤਰ੍ਹਾਂ ਵਾਰੋ ਵਾਰੀ ਰੂਹਾਂ ਸਭ ਪੀਰਾਂ, ਪੈਗੰਬਰ, ਮੂਸਾ, ਮਸੀਹ ਆਦਿ ਕੋਲ ਜਾਣਗੀਆਂ ਪਰ ਸਭ ਆਪਣੀ ਕਮਜ਼ੋਰੀ ਦੱਸ ਮਜਬੂਰੀ ਜ਼ਾਹਿਰ ਕਰਨਗੇ । ਸਿਰਫ਼ ਉਨ੍ਹਾਂ ਦੀ ਹਾਮਾ ਹਜ਼ਰਤ ਮੁਹੰਮਦ ਸਾਹਿਬ ਹੀ ਭਰ ਸਕਣਗੇ । ਓਹ ਵੀ ਉਸ ਦੀ 'ਹਾਮਾ' ਭਰਨਗੇ ਜਿਸ ਨੇ ਨਿਯਤ ਦਿਨ (ਬਕਰਈਦ) ਨਿਯਤ ਢੰਗ ਨਾਲ ਕੁਰਬਾਨ ਹੋਣ ਵਾਲੇ ਜੀਅ ਦਾ ਸ਼ਾਹ ਰਗ ਕੱਟ ਕੇ (ਖ਼ੂਨ ਵਗਾ ਕੇ) ਕੁਰਬਾਨੀ ਦਿੱਤੀ ਹੋਵੇਗੀ । ਇਸ ਤਰ੍ਹਾਂ ਸ਼ਾਹ ਰੱਗ ਕੱਟ, ਕਲਮਾਂ ਪੜ੍ਹਦੇ, ਖ਼ੂਨ ਵਹਾ ਕੇ ਜੀਅ ਮਾਰਨ ਨੂੰ ਕੁੱਠਾ ਜਾਂ ਹਲਾਲ ਕਹਿੰਦੇ ਹਨ । ਬਸ, ਹਾਮਾ ਉਸ ਦੀ ਭਰੀ ਜਾਏਗੀ, ਜਿਸ ਕੁੱਠਾ ਕਰ ਮਾਸ ਖਾਧਾ ਹੋਵੇਗਾ । ਗੁਰੂ ਨਾਨਕ ਸਾਹਿਬ ਨੇ ਪਹਿਲਾਂ ਇਸ ਕੋਹੜੇ ਖ਼ਿਆਲ ਨੂੰ ਇਹ ਕਹਿ ਕੇ ਰੱਦ ਕੀਤਾ ਕਿ 'ਗੁਰ ਪੀਰੁ ਹਾਮਾ ਤਾਂ ਭਰੇ ਜਾ ਮੁਰਦਾਰੁ ਨ ਖਾਇ' ਅਤੇ ਫਿਰ ਜ਼ਬਰਦਸਤੀ ਕਲਮਾ ਪੜ੍ਹ ਕੇ ਕੁੱਠਾ ਕਰਨ ਤੇ ਖਾਣ ਵਾਲਿਆਂ ਨੂੰ ਕੋਸਿਆ ਕਿ ਗੁਲਾਮੀ ਤਾਂ ਤੁਹਾਡੀਆਂ ਰਗਾਂ ਵਿਚ ਧਸ ਗਈ ਹੈ । ਗੁਰੂ ਗੋਬਿੰਦ ਸਿੰਘ ਜੀ ਨੇ 'ਅਭਾਖਿਆ ਕਾ ਕੁਠਾ ਮਾਸ ਖਾਵੈ ਨਾਹੀ' ਦਾ ਹੁਕਮ ਦੇ ਕੇ ਇਕ ਤਾਂ ਸਾਨੂੰ ਜ਼ਹਿਨੀ ਗੁਲਾਮੀ ਤੋਂ ਬਚਾਇਆ ।

**ਦੂਜੇ**, ਵਿਚੋਲੇ ਸਿਫ਼ਾਰਸ਼ੀ ਤੇ ਹਾਮੀਆਂ ਦਾ ਰਹਬ ਮੁਕਾਇਆ ।

**ਤੀਜੇ**, ਝੱਟਕੇ ਨਾਲ ਮਾਰ ਸ਼ਿਕਾਰ ਨੂੰ ਖਾਣ ਦਾ ਹੁਕਮ ਦੇ ਕੇ ਕਿਸੇ ਦਾ ਮੁਹਤਾਜ ਨ ਰਹਿਣ ਦਿੱਤਾ । 'ਸਤਿ ਸ੍ਰੀ ਅਕਾਲ' ਦਾ ਜੈਕਾਰਾ ਬੋਲ ਇਕੋ ਪਰਹਾਰ ਨਾਲ ਮਾਰਨ ਦਾ ਨਾਂ ਝਟਕਾ ਹੈ । ਖਾਲਸਾ ਵਾਹਿਗੁਰੂ ਦਾ ਹੈ ਅਤੇ ਵਾਹਿਗੁਰੂ ਦਾ ਹੀ ਰਵ੍ਹੇਗਾ । ਇਹ ਉਹ ਅੰਮ੍ਰਿਤ ਛਕਣ ਵੇਲੇ ੧੯ ਵਾਰੀ ਦਹੁਰਾਂਦਾ ਹੈ ਅਤੇ ਰੋਜ਼ ਸਵੇਰੇ ਸ਼ਾਮ ਸੰਗਤ ਵਿਚ ਅਤੇ ਸਿੱਖ ਨੂੰ ਮਿਲਦੇ ਸਾਰ ਯਾਦ ਕਰਾਂਦਾ ਹੈ । ਇਹ ਹੀ ਇਕ ਕਾਰਨ ਲੱਗਦਾ ਹੈ ਕਿ ਗੁਰੂ ਅੰਗਦ ਸਾਹਿਬ ਦੇ ਲੰਗਰ ਵਿਚ ਵੀ ਮਹਾਪ੍ਰਸ਼ਾਦ ਰਿਝਦਾ ਸੀ ਤਾਕਿ ਮਾਨਸਕ ਅਤੇ ਆਤਮਕ ਗੁਲਾਮੀ ਖ਼ਤਮ ਹੋ ਜਾਏ । ਸੂਰਜ ਪ੍ਰਕਾਸ਼ ਤੇ ਮਹਿਮਾ ਪ੍ਰਕਾਸ਼ ਨੇ ਗਵਾਹੀ ਭਰੀ ਹੈ ।[1]

**ਚੌਥੇ**, ਕੁੱਠੇ ਦੀ ਤਹਿ ਵਿਚ ਇਕ ਹੋਰ ਨੀਤੀ ਸੀ ਕਿ ਇਸ ਤਰ੍ਹਾਂ ਰੋਜ਼ ਸ਼ਸਤਰ ਚਲਾਉਣ ਵਾਲਿਆਂ ਦਾ ਸਿਖਿਆ ਹੋਇਆ ਇਕ ਜੱਥਾ ਮਿਲ ਜਾਏਗਾ ਅਤੇ ਠੀਕ ਗੱਲ ਇਹ ਹੈ ਕਿ ਮਿਲ ਵੀ ਗਿਆ । ਹਿੰਦੂ ਐਸੇ ਗੁਲਾਮ ਹੋਏ ਕਿ ਖਾਣ ਦੀ ਆਜ਼ਾਦੀ ਵੀ ਗਵਾ ਬੈਠੇ । ਖਾਲਸਾ ਰੋਜ਼ ਝਟਕਾ ਕਰਕੇ ਰੋਜ਼ ਚੈਲੰਜ ਦਾ ਜਵਾਬ ਦੇਣ ਲੱਗ ਪਿਆ ।

**ਪੰਜਵੇਂ**, ਜੇ ਸ਼ਿਕਾਰ ਨੂੰ ਮਾਰਨਾ ਹੈ ਤਾਂ ਤਰਸਾ ਤਰਸਾ ਕੇ ਕਿਉਂ ਮਾਰਿਆ ਜਾਏ । ਇਹ ਵਹਿਸ਼ੀ ਕਰਮ ਹੈ । ਗੁਰੂ ਹਰਿਗੋਬਿੰਦ ਜੀ ਨੂੰ ਤਾਂ ਪਹਿਲੀ ਜੰਗ ਹੀ ਇਸ ਲਈ ਲੜਨੀ ਪਈ ਸੀ ਕਿ ਸ਼ਾਹੀ ਬਾਜ਼ ਸ਼ਿਕਾਰ ਨੂੰ ਤਰਸਾ ਤਰਸਾ ਮਾਰ ਰਿਹਾ ਸੀ ਅਤੇ ਗੁਰੂ ਦੇ ਸਿੱਖਾਂ ਨੇ ਬਾਜ਼ ਉੜਾ ਕੇ ਸ਼ਾਹੀ ਬਾਜ਼ ਨੂੰ ਭੁੰਜੇ ਸੁੱਟ ਲਿਆ ਸੀ । ਮੁੱਗ਼ਲ ਫ਼ੌਜਾਂ ਨੂੰ ਇਥੋਂ

---

1. ਦੇਖੋ 'ਸਾਡਾ ਇਤਿਹਾਸ' ਜਿਲਦ ਪਹਿਲੀ, ਕ੍ਰਿਤ ਸਤਿਬੀਰ ਸਿੰਘ, ਪੰਨਾ ੧੧੯ ਅਤੇ 'ਕੁਦਰਤੀ ਨੂਰ' ਜੀਵਨੀ ਗੁਰੂ ਅੰਗਦ ਦੇਵ ਜੀ ।

   ਲੰਗਰ ਵਿਚ ਮਹਾਪ੍ਰਸ਼ਾਦ ਨ ਵਰਤਾਉਣ ਦਾ ਹੁਕਮ ਗੁਰੂ ਹਰਿ ਰਾਇ ਜੀ ਨੇ ਕੀਤਾ ਸੀ ।

Sri Satguru Jagjit Singh Ji eLibrary NamdhariElibrary@gmail.com

ਤਕ ਗੁੱਸਾ ਚੜ੍ਹਿਆ ਸੀ ਕਿ ਉਨ੍ਹਾਂ ਸ਼ਾਹ ਜਹਾਨ ਨੂੰ ਸ਼ਕਾਇਤ ਵਿਚ ਇਹ ਹੀ ਲਿਖਿਆ ਸੀ ਕਿ ਜੇ ਚੜ੍ਹਾਈ ਨ ਕੀਤੀ ਗਈ ਤਾਂ 'ਅਜ ਇਨ੍ਹਾਂ ਬਾਜ਼ ਨੂੰ ਹੱਥ ਪਾਇਆ ਹੈ, ਕਲ੍ਹ ਤਾਜ ਨੂੰ ਪਾਉਣਗੀ' ਇਸਲਾਮ ਦਾ ਵੱਧਦਾ ਹੜ੍ਹ ਰੋਕਣ ਲਈ ਇਸ ਝੱਟਕੇ ਨੇ ਇਕ ਵੱਡੀ ਰੋਕ ਪਾਈ ਅਤੇ ਕੁੱਠਾ ਨ ਖਾਣਾ ਵਾਹਿਗੁਰੂ ਦਾ ਖਾਲਸਾ ਹੋਣ ਦੀ ਇਕ ਪ੍ਰਤਖ ਨਿਸ਼ਾਨੀ ਹੈ। ਇਸੇ ਲਈ ਸਮਕਾਲੀ ਗੁਲਾਮ ਮੁਹੀ-ਉੱਦ-ਦੀਨ ਨੇ ਬੰਦਾ ਸਿੰਘ ਜੀ ਦਾ ਬ੍ਰਿਤਾਂਤ ਲਿਖਦੇ ਕਿਹਾ ਕਿ ਸਿੱਖਾਂ ਨੇ ਸ਼ਾਹੀ ਰੁਹਬ ਹੂੰਝ ਕੇ ਸੁੱਟ ਦਿੱਤਾ ਹੈ:

"ਰੁਹਬੇ ਸੁਲਤਾਨ ਰਾ ਰਫ਼ਤਾ।"

Sri Satguru Jagjit Singh Ji eLibrary NamdhariElibrary@gmail.com

## "ਪਰ ਤਨ ਗਾਮੀ ਨਹੀਂ ਹੋਣਾ"

### 'ਤੁਰਕਣੀ ਨਾਲ ਸੰਗ ਨਹੀਂ ਕਰਨਾ'

---

ਗੁਰੂ ਗੋਬਿੰਦ ਸਿੰਘ ਜੀ ਦਾ ਹੁਕਮ ਹੈ "ਪਰ ਤਨ ਗਾਮੀ ਨਹੀਂ ਹੋਣਾ।" ਪੁਰਾਣੇ ਰਹਿਤਨਾਮਿਆਂ ਵਿਚ ਇਸ ਤਰ੍ਹਾਂ ਵੀ ਆਖਿਆ ਹੈ ਕਿ 'ਤੁਰਕਣੀ ਨਾਲ ਸੰਗ ਨਹੀਂ ਕਰਨਾ।' ਇਹ ਕੁਰਹਿਤ ਹੈ। ਸਿੱਖ ਨੇ ਹਰ ਸਮੇਂ ਜਤ ਕਾਇਮ ਰੱਖਣਾ ਹੈ। ਭਾਈ ਦੇਸਾ ਸਿੰਘ ਜੀ ਦੇ ਰਹਿਤਨਾਮੇ ਦੇ ਸ਼ਬਦ ਹਨ :

ਪਰ ਬੇਟੀ ਕੋ ਬੇਟੀ ਜਾਨੈ,
ਪਰ ਇਸਤਰੀ ਕੋ ਮਾਤ ਬਖਾਨੈ।
ਆਪਣੀ ਇਸਤਰੀ ਸੋ ਰਤ (ਪਿਆਰ) ਹੋਈ।
ਰਹਿਤਵਾਨ ਗੁਰ ਕਾ ਸਿੰਘ ਸੋਈ।

ਭਾਈ ਨੰਦ ਲਾਲ ਜੀ ਵੀ ਤਾੜਨਾ ਕਰਦੇ ਹੋਏ ਲਿਖਿਆ, 'ਬਿਨ ਤ੍ਰਿਯ ਆਪਣੀ ਸੇਜ ਜੁ ਧਰੈ।' ਉਸ ਨੂੰ ਇਥੇ ਤੇ ਉਥੇ ਧੱਕੇ ਹੀ ਪੈਣਗੇ।

ਇਹ ਉਚੇਚਾ ਹੁਕਮ ਇਸ ਲਈ ਦੇਣਾ ਪਿਆ ਕਿਉਂਕਿ ਇਹ ਕਿਹਾ ਜਾਂਦਾ ਸੀ ਤੇ ਹੈ ਕਿ ਜੰਗ ਤੇ ਪਿਆਰ ਵਿਚ ਸਭ ਕੁਝ ਜਾਇਜ਼ ਹੈ। ਜੰਗ ਵਿਚ ਪਰਾਏ ਮਾਲ ਨੂੰ ਗਨੀਮਤ ਸਮਝਿਆ ਜਾਂਦਾ ਹੈ। ਗੁਰੂ ਨੇ ਸਿੱਖਾਂ ਨੂੰ ਆਚਰਨ ਦੀ ਮੂਰਤ ਬਣਾਇਆ ਹੈ। ਐਸੀ ਸ਼ਖਸੀਅਤ ਘੜੀ ਹੈ ਜੋ ਕਿਸੇ ਲੋਭ, ਮੋਹ ਜਾਂ ਕਾਮ ਵਸ ਨੀਵੀਂ ਪੱਧਰ ਦਾ ਕਾਰਜ ਨਹੀਂ ਕਰੇਗਾ।

ਗੁਰੂ ਨਾਨਕ ਦੇਵ ਜੀ ਨੇ 'ਅੱਖੀਂ ਸੂਤਕ ਦੇਖਣਾ, ਪਰ ਤ੍ਰਿਯਾ ਪਰ ਧਨ ਰੂਪ, ਫ਼ਰਮਾ ਕੇ ਸਿੱਖਾਂ ਨੂੰ ਡਿੱਗਣ ਤੋਂ ਬਚਾ ਲਿਆ ਸੀ। ਗੁਰੂ ਅੰਗਦ ਦੇਵ ਜੀ ਨੇ ਗ੍ਰਹਿਸਤ ਦੀ ਪ੍ਰਧਾਨਤਾ ਲਿਖ ਕੇ ਕਾਮ ਰੁਚੀਆਂ ਨੂੰ ਬੰਨ੍ਹ ਮਾਰਨ ਦੀ ਜਾਚ ਸਿਖਾ ਦਿੱਤੀ ਸੀ। ਐਸੇ ਆਚਰਨ ਵਾਲੇ ਸਿੱਖ ਬਣ ਗਏ ਸਨ ਕਿ ਉਸ ਦੀ ਗਵਾਹੀ ਅਕਟ ਸਮਝੀ ਜਾਂਦੀ ਸੀ। ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਐਸੇ ਸਿੱਖ ਤੋਂ ਸਦਕੇ ਹੋਣ ਤੋਂ ਜੀਅ ਕਰਦਾ ਸੀ ਜੋ 'ਪਰ ਨਾਰੀ ਦੇ ਨੇੜ ਨ ਜਾਵੇ।'

Sri Satguru Jagjit Singh Ji eLibrary NamdhariElibrary@gmail.com

ਗੁਰੂ ਹਰਿਗੋਬਿੰਦ ਜੀ ਵੇਲੇ ਭੇੜ ਤੇ ਯੁਧ ਅਰੰਭ ਹੋ ਗਏ ਸਨ। ਗੁਰੂ ਗੋਬਿੰਦ ਸਿੰਘ ਜੀ ਵੇਲੇ ਤਾਂ ਇਹ ਨਿੱਤ ਦਾ ਹੀ ਕਰਮ ਬਣ ਗਿਆ ਸੀ। 'ਖਾਲਸਾ ਸੋ ਜੋ ਕਰੈ ਨਿਤ ਜੰਗ' ਹਰ ਮੂੰਹ ਚੜ੍ਹੀ ਤੁਕ ਸੀ। ਫਿਰ ਦਸ਼ਮੇਸ਼ ਜੀ ਨੇ ਇਹ ਦੇਖ ਲਿਆ ਸੀ ਕਿ ਹੁਣ ਸਖ਼ਤੀ ਦੀ ਲੋੜ ਆ ਪਈ ਹੈ। ਉਚੇਰੇ ਹੁਕਮ ਦੀ ਲੋੜ ਹੈ। ਇਕ ਐਸੀ ਘਟਨਾ ਵੀ ਹੋ ਗਈ। ਮਾਰਚ ੧੬੯੯ ਦੀ ਜੰਗ ਜਿਤਣ ਉਪਰੰਤ ਸਿੱਖ ਰੰਘੜਾਂ ਦੀ ਇਕ ਲੜਕੀ ਵੀ ਚੁੱਕ ਲਿਆਏ। ਗੁਰੂ ਜੀ ਨੇ ਜਦ ਇਕ ਲੜਕੀ ਨੂੰ ਬੰਦੀ ਵਿਚ ਪਿਆ ਡਿੱਠਾ ਤਾਂ ਬਹੁਤ ਹੀ ਨਾਰਾਜ਼ ਹੋਏ ਅਤੇ ਇੱਜ਼ਤ ਨਾਲ ਉਸ ਬਚੀ ਨੂੰ ਵਾਪਸ ਘਰ ਭੇਜਣ ਦਾ ਹੁਕਮ ਦਿੱਤਾ। ਸਿੱਖ ਸਿਪਾਹੀਆਂ ਨੇ ਹੱਥ ਜੋੜ ਬੇਨਤੀ ਕੀਤੀ ਕਿ ਉਨ੍ਹਾਂ ਨੂੰ ਬਦਲਾ ਲੈਣ ਦੀ ਖੁੱਲ੍ਹ ਹੋਣੀ ਚਾਹੀਦੀ ਹੈ। ਬਦਲਾ ਲਏ ਬਗ਼ੈਰ ਤੁਰਕ ਸਿਧੇ ਨਹੀਂ ਹੋਣ ਲੱਗੇ। ਫਿਰ ਜੰਗ ਨੀਤੀ ਵੀ ਇਹ ਹੀ ਕਹਿੰਦੀ ਹੈ ਅਤੇ ਕੋਟਲਿਆ ਸ਼ਾਸਤਰ ਵੀ ਇਹ ਹੀ ਲਿਖਦਾ ਹੈ:

"ਸਗਲ ਸਿੱਖ ਪੂਛਣ ਗੁਣਖਾਨੀ।
ਸਗਲ ਤੁਰਕ ਭ੍ਰਗਵੈ ਹਿੰਦਵਾਨੀ।
ਸਿੱਖ ਬਦਲਾ ਲੈ ਭਲਾ ਜਣਾਵੈ।
ਗੁਰੂ ਸ਼ਾਸਤਰ ਕਿਉਂ ਵਰਜ ਹਟਾਵੈ।"

ਇਹ ਬੇਨਤੀ ਤੇ ਵਿਚਾਰਾਂ ਸੁਣ ਕੇ ਕਲਗੀਧਰ ਨੇ ਕਿਹਾ ਕਿ ਉਹ ਤਾਂ ਐਸੇ ਸਿੱਖ ਬਣਾਉਣਾ ਲੋਚਦੇ ਹਨ ਜੋ ਜੰਗਾਂ, ਜੁੱਧਾਂ ਤੇ ਊੜਾਂ ਵਿਚ ਵੀ ਆਪਣਾ ਆਚਰਨ ਕਾਇਮ ਰੱਖਣ। ਸਿੱਖ ਹਰ ਵੇਲੇ ਆਚਰਨ ਦੀ ਮੂਰਤ ਦਿਸੇ। ਤੁਰਕਣੀ ਨਾਲ ਸੰਗ ਤਾਂ ਕਦੇ ਵੀ ਨਹੀਂ ਕਰਨਾ। ਇਹ ਨੀਵੇਂ ਬਦਲੇ ਨਹੀਂ ਲੈਣੇ। ਨੀਵੀਂ ਖੱਡ ਵਿਚ ਨਹੀਂ ਡਿੱਗਣਾ।

"ਸੁਣ ਸਤਿਗੁਰ ਬੋਲੇ ਤਿਸ ਬੇਰੇ।
ਹਮ ਲੇ ਜਾਣਹੁ ਪੰਥ ਉਚੇਰੇ।
ਨਹਿ ਅਧੋਗਤੀ ਬਿਖ ਪਹੁਚਾਵੈ।
ਨਾ ਤੇ ਰਲ ਮਲ ਕਰਨ ਹਟਾਵੈ।"

ਖਾਲਸਾ ਸਾਜਣ ਵੇਲੇ ਹੁਕਮ ਦਿੱਤਾ 'ਪਰਤਨ ਗਾਮੀ ਨਹੀਂ ਹੋਣਾ' ਅਤੇ 'ਤੁਰਕਣੀ ਨਾਲ ਮੇਲ ਨਹੀਂ ਕਰਨਾ।' ਚਾਰ ਕੁਰਹਿਤਾਂ ਵਿਚੋਂ ਇਕ ਇਹ ਰੱਖੀ। ਸਿੱਖ ਦਾ ਐਸਾ ਆਚਰਨ ਬਣ ਗਿਆ ਕਿ ਉਸ ਨੇ ਅਤਿ ਚੋਭ ਵੇਲੇ ਵੀ ਆਪਣਾ ਆਚਰਨ ਕਾਇਮ ਰਖਿਆ। ਤਸੀਹੇ, ਸਹਿ ਲਏ, ਬੰਦ-ਬੰਦ ਕਟਵਾ ਲਏ, ਖੋਪਰ ਉਤਰਵਾ ਲਏ ਪਰ ਮਜ਼ਾਲ ਕੀ ਕਿਸੇ ਦੀ ਧੀ ਭੈਣ ਨੂੰ ਬੁਰੀ ਨਜ਼ਰ ਨਾਲ ਦੇਖਿਆ ਹੋਵੇ। ਗ਼ੁਲਾਮ ਮੁਹੀ-ਉੱਦ ਦੀਨ ਬਾਰੇ ਪ੍ਰਸਿਧ ਹੈ ਕਿ ਉਹ ਖਾਲਸਾ ਸਾਜਣ ਵੇਲੇ ਆਨੰਦਪੁਰ ਹੀ ਸੀ ਅਤੇ ਸੰਨ ੧੭੨੨ ਵਿਚ ਉਸਨੇ ਫ਼ਤੂਹਾਤਿ-ਨਾਮਾ-ਇ-ਸਮਦੀ ਲਿਖਿਆ। ਉਸਨੇ ਸਿੱਖਾਂ ਨੂੰ ਮੁਸਲਮਾਨਾਂ ਤੇ ਆਸਮਾਨੋਂ ਡਿਗੀ ਆਫ਼ਤ ਕਿਹਾ ਤੇ ਮੰਨਿਆ ਕਿ ਇਨਸਾਨੀ ਤਾਕਤ ਰਬੀ ਕੁਦਰਤੀ ਸ਼ਕਤੀ ਨਾਲ ਕੀ ਮੁਕਾਬਲਾ ਕਰ ਸਕਦੀ ਹੈ? ਗੁਸੇ ਵਿਚ ਮਾੜੇ ਤੋਂ ਮਾੜੇ ਸ਼ਬਦ ਸੂਰ, ਸੱਗ, ਪਲੀਦ, ਅਭਿਮਾਨੀ, ਹੈਂਕੜਬਾਜ਼ ਤਕ ਵਰਤੇ ਪਰ ਇਹ ਲਿਖਣ ਤੇ ਮਜਬੂਰ ਹੋਇਆ ਕਿ ਜੇ ਕੋਈ ਔਰਤ ਉਨ੍ਹਾਂ ਦੇ ਹੱਥ ਆ ਜਾਏ ਤਾਂ ਉਸ ਨੂੰ ਆਪਣੀ ਮਾਂ ਸਮਝਦੇ ਅਤੇ ਆਦਰ ਦੇਂਦੇ ਹਨ: ਅਸਲ ਸ਼ਬਦ ਹਨ। **'ਨ ਗੀਂਰਦ ਜ਼ਨ ਤਾ ਬ ਮਾਦਰ ਕਿਆਸ'।**

Sri Satguru Jagjit Singh Ji eLibrary NamdhariElibrary@gmail.com

ਪਿਛੋਂ ਦੇ (੧੭੬੧ ਈ:) ਕਾਜ਼ੀ ਨੂਰ ਮੁਹੰਮਦ ਨੇ ਆਪਣੇ ਜੰਗਨਾਮਾ ਵਿਚ ਸਿੱਖਾਂ ਦੇ ਆਚਰਨ ਦੀ ਭਰਪੂਰ ਸ਼ਲਾਘਾ ਕੀਤੀ। ਉਹ ਅਹਿਮਦਸ਼ਾਹ ਅਬਦਾਲੀ ਨਾਲ ਹੀ ਹਿੰਦੁਸਤਾਨ ਆਇਆ ਸੀ ਅਤੇ ਸਿੱਖਾਂ ਵਿਰੁਧ ਮੁਹਿੰਮਾਂ ਵਿਚ ਹਿੱਸਾ ਵੀ ਲੈਂਦਾ ਰਿਹਾ। ਉਸਨੇ ਭਾਵੇਂ ਹਰ ਥਾਂ ਸਿੰਘ ਦੀ ਥਾਂਵੇਂ ਸਗ (ਕੁੱਤਾ) ਹੀ ਲਿਖਿਆ ਹੈ ਪਰ ਉਹ ਵੀ ਇਹ ਲਿਖਣ ਤੋਂ ਰਹਿ ਨ ਸਕਿਆ ਕਿ ਸਿੱਖ,

'ਤੀਵੀਂ ਭਾਵੇਂ ਸੁਆਣੀ ਹੋਏ, ਭਾਵੇਂ ਗੋਲੀ ਹੋਵੇ।
ਉਸਦੇ ਧਨ ਤੇ ਗਹਿਣੇ ਨੂੰ ਨਹੀਂ ਲੁਟਦੇ।
ਇਨ੍ਹਾਂ 'ਕੁਤਿਆਂ' ਵਿਚ ਵਿਭਚਾਰ ਵੀ ਨਹੀਂ ਹੁੰਦਾ।
ਤ੍ਰੀਮਤ ਭਾਵੇਂ ਜਵਾਨ ਹੋਵੇ, ਭਾਵੇਂ ਵੱਡੀ ਉਮਰ ਦੀ
ਉਸ ਨੂੰ ਉਹ ਬੁੱਢੀ ਹੀ ਕਹਿੰਦੇ ਹਨ।
ਨ ਹੀ ਇਨ੍ਹਾਂ ਚੰਦਰਿਆਂ ਵਿਚ ਚੋਰੀ ਦੀ ਵਾਦੀ ਹੈ,
ਇਹ ਚੋਰ ਤੇ ਵਿਭਚਾਰੀ ਨੂੰ ਮਿਤਰ ਨਹੀਂ ਬਣਾਉਂਦੇ।'

ਅੰਤ ਵਿਚ ਉਸ ਨੇ ਲਿਖ ਹੀ ਦਿੱਤਾ। "ਸਗਾਂ ਨੂੰ ਸਗ ਨ ਆਖ, ਇਹ ਤਾਂ ਸ਼ੇਰ ਹਨ। ਮਰਦਾਂ ਦੇ ਮੈਦਾਨ ਵਿਚ ਸ਼ੇਰਾਂ ਵਰਗੇ ਸ਼ੇਰ ਹਨ।"

"ਸਗ ਰਾ ਮਗੋ ਸਗ ਕਿ ਹਸਤੰਦ ਸ਼ੇਰ।
ਬ ਮੈਦਾਨੇ ਮਰਦਾਂ ਚੂੰ ਸ਼ੇਰਾਂ ਦਲੇਰ।"

ਕਾਜ਼ੀ ਨੂਰ ਮੁਹੰਮਦ ਤੋਂ ਕੁਝ ਚਿਰ ਮਗਰੋਂ ਫ਼ਾਰਸਟਰ (੧੭੮੧) ਪੰਜਾਬ ਆਇਆ ਉਸ ਵੀ ਭਾਵੇਂ ਕਈ ਅਣਹੋਈਆਂ ਸਿੱਖਾਂ ਨਾਲ ਜੋੜੀਆਂ ਪਰ ਆਚਰਨ ਬਾਰੇ ਇਹ ਹੀ ਲਿਖਿਆ:

"ਭਾਵੇਂ ਸਿੱਖ ਬਦਲਾ ਲੈਣ ਬੁਰੀ ਤਰ੍ਹਾਂ ਤੁਲੇ ਹੋਏ ਸਨ,
ਪਰ ਉਨ੍ਹਾਂ ਨੇ ਬਦਲੇ ਦੀ ਵੀ ਇਕ ਹੱਦ ਨਿਯਤ ਕਰ ਦਿੱਤੀ।
ਭਾਵੇਂ ਪਠਾਨਾਂ ਨੇ ਜੋ ਕਤਲਾਮ ਕੀਤੀ ਸੀ, ਉਹ ਸਿੱਖਾਂ ਦੇ,
ਦਿਲਾਂ ਤੇ ਡੂੰਘੀ ਉਕਰੀ ਹੋਈ ਸੀ ਪਰ ਕਹਿੰਦੇ ਹਨ ਕਿ ਇਨ੍ਹਾਂ
ਨੇ ਇਕ ਵੀ ਕੈਦੀ ਨੂੰ ਜਾਨੋ ਨਹੀਂ ਮਾਰਿਆ।"

ਫਿਰ ਜਦ ਸਾਡਾ ਰਾਜ ਹੋ ਗਿਆ, ਉਸ ਸਮੇਂ ਬੂਟੇ ਸ਼ਾਹ ਨੇ ਤਾਰੀਖ-ਇ-ਪੰਜਾਬ ਵਿਚ ਲਿਖਿਆ:

"ਹਮਲੇ ਸਮੇਂ ਅਤੇ ਲੁਟ ਸਮੇਂ ਵੀ ਆਦਮੀ ਸਿਰੋਂ
ਦਸਤਾਰ ਕਦਾ ਚਿਤ ਨਹੀਂ ਉਤਾਰਦੇ ਸਨ ਅਤੇ ਤ੍ਰੀਮਤਾਂ
ਦੇ ਕਪੜੇ ਤੇ ਗਹਿਣੇ ਉਤੇ ਭੁਲ ਕੇ ਵੀ ਹੱਥ ਨਹੀਂ ਪਾਉਂਦੇ।"

ਖਾਲਸਾ ਸੰਤ ਵੀ ਹੈ ਅਤੇ ਸਿਪਾਹੀ ਵੀ। ਸੰਤ ਹੋ ਆਚਰਨ ਦੀ ਮੂਰਤ ਹੈ ਅਤੇ ਸਿਪਾਹੀ ਹੋ ਆਚਰਨ ਦਾ ਪਹਿਰੇਦਾਰ। ਇਹ ਅਵੱਸ਼ ਸੀ ਕਿ ਵਿਰੋਧੀ ਦਲ ਇਸ ਸਿਪਾਹੀ ਨੂੰ ਸੰਤ ਦੀ ਪਦਵੀ ਤੋਂ ਗਿਰਾਉਣ ਲਈ ਹਰ ਹਥਿਆਰ ਵਰਤੇਗਾ ਅਤੇ ਉਸ ਵਰਤੇ ਵੀ। ਜੰਗਾਂ ਵਿਚ ਅਤੇ ਰਾਜਨੀਤੀ ਵਿਚ ਔਰਤ ਨੂੰ ਹਥਿਆਰ ਬਣਾ ਕੇ ਵਰਤਣਾ ਆਮ ਹੈ। ਉਹ

Sri Satguru Jagjit Singh Ji eLibrary NamdhariElibrary@gmail.com

ਨੱਚ ਗਾ ਕੇ ਵੱਡੇ ਵਡਿਆਂ ਨੂੰ ਭਰਮਾ ਲੈਂਦੀਆਂ ਹਨ। ਪਰਬੋਧ ਚੰਦਰ ਨਾਟਕ ਵਿਚ ਕਾਮ ਸ਼ਕਤੀ ਦੀ ਇਕ ਵਾਰਤਾ ਇਸ ਤਰ੍ਹਾਂ ਆਉਂਦੀ ਹੈ ਕਿ ਬਿਬੇਕ ਨੇ ਮੋਹ ਮਾਇਆ ਨੂੰ ਜਿਤਣ ਲਈ ਸਭ ਨੂੰ ਜੰਗਲਾਂ, ਤੀਰਥਾਂ ਤੇ ਨਠਾ ਭਜਨ ਕਰਨ ਲਈ ਲਗਾ ਦਿੱਤਾ। ਮੋਹ ਬਹੁਤ ਘਬਰਾਇਆ ਅਤੇ ਪੁਤਰ ਕਾਮ ਦੇਵ ਨੂੰ ਕੁਝ ਉਪਰਾਲਾ ਕਰਨ ਲਈ ਕਿਹਾ। ਕਾਮ ਨੇ ਕਿਹਾ, "ਘਬਰਾਉਣ ਦੀ ਕੋਈ ਲੋੜ ਨਹੀਂ। ਮੈਂ ਬਿਬੇਕ ਦੇ ਸਾਰੇ ਸਿਪਾਹੀਆਂ ਨੂੰ ਰੂਪ ਦੇ ਅਧੀਨ ਕਰ ਤੇਰੇ ਪੈਰੀਂ ਪਵਾ ਦੇਵਾਂਗਾ।" ਮੋਹ ਨੇ ਕਿਹਾ ਕਿ ਜਦ ਉਹ ਰੂਪ ਦੇਖਣਗੇ ਹੀ ਨਹੀਂ, ਵਸ ਕਿਵੇਂ ਆਉਣਗੇ ਤਾਂ ਕਾਮ ਨੇ ਆਖਿਆ ਕਿ ਉਹ ਤਪਸਵੀਆਂ ਦੇ ਦਿਮਾਗ਼ ਵਿਚ ਐਸੇ ਚਿਤਰ ਖਿੱਚ ਦੇਵੇਗਾ ਕਿ ਉਹ ਇੰਝ ਤੜਪਣਗੇ ਜਿਵੇਂ ਮੱਛੀ ਪਾਣੀ ਬਗ਼ੈਰ।

"ਚੀਤ ਚਿਤਾਰਤ ਹੀ ਯੁਵਤੀ,
ਜਨ ਤੜਪੇਂਗੇ, ਜਿਉਂ ਮੀਨ ਥਲੀ ਕੋ।"

ਫਿਰ ਜਿਨ੍ਹਾਂ ਨੂੰ ਚਲਦਾ ਫਿਰਦਾ ਰੂਪ ਦਿਖਲਾ ਦਿੱਤਾ ਜਾਏ ਤਾਂ ਉਨ੍ਹਾਂ ਦੀ ਕੀ ਹਾਲਤ ਹੋਵੇਗੀ। ਪਹਿਲੀ ਵੱਡੀ ਜੰਗ ਵਿਚ ਮਾਤਾ ਹਰੀ ਦੇ ਕਾਰਨਾਮੇ ਜੱਗ ਜਾਣਦਾ ਹੈ। ਹੈਲਨ ਕੀਲਰ ਨੇ ਪਰੋਫ਼ੋਮੋ ਕੇਸ ਵਿਚ ਇਕ ਵਾਰ ਬਰਤਾਨੀਆ ਸਰਕਾਰ ਹੀ ਹਿਲਾ ਦਿੱਤੀ ਸੀ। ਇਸ ਹਥਿਆਰ ਨੂੰ ਵੀ ਗੁਰੂ ਜੀ ਨੇ 'ਤੁਰਕਣੀ ਨਾਲ ਸੰਗ ਨਹੀਂ ਕਰਨਾ' ਕੁਰਹਿਤ ਵਿਚ ਸ਼ਾਮਲ ਕਰਕੇ ਖੁੰਡਾ ਕਰ ਦਿੱਤਾ ਸੀ। ਭਾਈ ਨੰਦ ਲਾਲ ਜੀ ਦੇ ਤਨਖਾਹ ਨਾਮੇ ਵਿਚ ਇਸੇ ਲਈ ਚੇਤਾਵਨੀ ਦਿੱਤੀ ਗਈ।

"ਤ੍ਰਿਯ ਰਾਗ ਸੁਣਿ ਚਿਤ ਲਾਇ।
ਸੁਣਹੁ ਲਾਲ ਸੋ ਜਮ ਪੁਰ ਜਾਇ।"

ਪਿਛੇ ਜਿਹੇ ਬੰਗਲਾ ਦੇਸ਼ ਦੀ ਜੰਗ ਵੇਲੇ (੧੯੭੨ ਦਸੰਬਰ) ਪਾਕਿਸਤਾਨ ਦੀ ਹਾਰ ਦਾ ਮੁੱਖ ਕਾਰਨ ਫ਼ੌਜੀਆਂ ਦਾ ਅਤਿਆਚਾਰ, ਐਸ਼ ਤੇ ਵਿਭਚਾਰ ਸੀ। ਖੰਦਕਾਂ ਵਿਚੋਂ ਲਿਪਸਟਿਕ ਤੇ ਅੰਗੀਆਂ ਦਾ ਮਿਲਣਾ ਪਾਕੀ ਫ਼ੌਜੀਆਂ ਦੀ ਹਾਰ ਦਾ ਕਾਰਨ ਦੱਸ ਰਿਹਾ ਸੀ। ਦੂਜੇ ਪਾਸੇ ਜੰਗ ਮੁੱਕਣ ਉਪਰੰਤ, ਇਕ ਸਿੱਖ ਫੌਜੀ ਨੂੰ ਪਹਿਰਾ ਦੇਂਦੇ ਦੇਖ ਇਕ ਬਾਪ ਆਪਣੀ ਜਵਾਨ ਲੜਕੀ ਨਾਲ ਕਾਰ ਤੇ ਆਇਆ ਅਤੇ ਆਪੂ ਕਾਰ ਵਿਚ ਬੈਠਾ ਰਿਹਾ। ਲੜਕੀ ਦੌੜ ਕੇ ਸਿੱਖ ਫ਼ੌਜੀ ਵੱਲ ਗਈ ਅਤੇ ਸਿੱਖ ਦੇ ਗੱਲ ਹਾਰ ਪਾ ਮੁੜੀ। ਉਸ ਸਮੇਂ ਪਿਤਾ ਦੀ ਮੁਸਕਾਣ ਦੇਖਣ ਵਾਲੀ ਸੀ। ਇਹ ਦ੍ਰਿਸ਼ 'ਨਿਊਯਾਰਕ ਟਾਈਮਜ਼' ਦੇ ਨੁਮਾਇੰਦੇ ਨੇ ਅੱਖੀਂ ਡਿੱਠਾ ਅਤੇ ਫਿਰ ਲਿਖਿਆ: ਕਿਥੇ ਬੰਗਾਲੀ ਮੁਸਲਮਾਨ ਔਰਤ ਜੋ ਆਪਣੇ ਹੀ ਹਮ ਮਜ਼ਹਬ ਤੇ ਹਮ ਵਤਨ ਮੁਸਲਮਾਨ ਫ਼ੌਜੀ ਨੂੰ ਦੇਖ ਲੈਂਦੀ ਸੀ ਤਾਂ ਚੀਕਾਂ ਮਾਰ ਨੱਸ ਜਾਂਦੀ ਸੀ ਅਤੇ ਕਿਥੇ ਸਿੱਖ ਫ਼ੌਜੀ ਨੂੰ ਖਲੋਤਾ ਦੇਖ ਉਸ ਦੇ ਗਲ ਵਿਚ ਹਾਰ ਪਾ ਕੇ ਖੁਸ਼ੀ ਮਹਿਸੂਸ ਕਰਦੀ ਸੀ।

ਅੱਜ ਦੁਨੀਆਂ ਵਿਚ ਥਾਂ ਥਾਂ ਅਜੇਹੇ ਇਸ਼ਤਿਹਾਰ ਲਗਾਏ ਜਾ ਰਹੇ ਹਨ ਜਿਨ੍ਹਾਂ ਤੇ ਮੋਟੇ ਅੱਖਰਾਂ ਵਿਚ ਲਿਖਿਆ ਹੈ ਕਿ ਆਪਣੇ ਜੀਵਨ ਸਾਥੀ ਤੋਂ ਬਗ਼ੈਰ ਹੋਰ ਕਿਧਰੇ ਨਾ ਤੱਕੋ। (Stick to your own partner)। ਜੇ ਪਰ ਨਾਰੀ ਨਾਲ ਸੰਗ ਕੀਤਾ ਤਾਂ ਐਸੀ ਖ਼ਤਰਨਾਕ ਬੀਮਾਰੀ 'ਏਡਜ਼' ਦੇ ਸ਼ਿਕਾਰ ਹੋ ਜਾਵੋਗੇ ਜਿਸ ਦਾ ਕੋਈ ਇਲਾਜ ਨਹੀਂ।

Sri Satguru Jagjit Singh Ji eLibrary NamdhariElibrary@gmail.com

ਧੰਨ ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਸਾਡਾ ਆਚਰਨ 'ਨਿਜ ਨਾਰੀ ਕੇ ਸੰਗ ਨੇਹੁ ਤੁਮ ਬਢਿਅਹੁ । ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂ ਨ ਜਈਅਹੁ' ਦੇ ਹੁਕਮ ਦੇ ਦੇ ਘੜਿਆ ਅਤੇ ਧੰਨ ਸਿੱਖ ਜਿਨ੍ਹਾਂ ਉਸ ਤੇ ਪਹਿਰਾ ਦਿੱਤਾ । □

ਗਿਆਨੀ ਸਰੂਪ ਸਿੰਘ ਕੜਿਆਣਾ * ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)
ਮੋਬਾਇਲ
98150-03075.

Sri Satguru Jagjit Singh Ji eLibrary NamdhariElibrary@gmail.com

# ਸ਼ਾਸਤਰ ਅਤੇ ਸ਼ਸਤਰ

ਕਈ ਸਦੀਆਂ ਪਹਿਲਾਂ ਹਿੰਦੁਸਤਾਨ ਵਾਸੀਆਂ ਨੂੰ ਕੁਰਕਸ਼ੇਤਰ ਦੇ ਮੈਦਾਨ ਵਿਚ ਇਕ ਉਪਦੇਸ਼ ਦਿੱਤਾ ਗਿਆ। ਵੇਦ ਵਿਆਸ ਜੀ ਨੇ ਉਸ ਉਪਦੇਸ਼ ਨੂੰ ਮਹਾਂ ਭਾਰਤ ਵਿਚ ਸਰਬੁਤਮ ਥਾਂ ਦਿੱਤੀ। ਵਿਨੋਬਾ ਜੀ ਦਾ ਖ਼ਿਆਲ ਹੈ ਕਿ ਉਸ ਉਪਦੇਸ਼ ਨੂੰ ਵੇਦ ਵਿਆਸ ਜੀ ਨੇ ਜਾਣ ਬੁਝ ਕੇ ਮਹਾਂ ਭਾਰਤ ਦੇ ਐਨ ਵਿਚਕਾਰ ਲਿਖਿਆ। ਉਨ੍ਹਾਂ ਦਾ ਭਾਵ ਸੀ ਕਿ ਉਸ ਉਪਦੇਸ਼ ਤੋਂ ਪਹਿਲਾਂ ਚੜ੍ਹਾਈ ਹੈ ਅਤੇ ਬਾਅਦ ਵਿਚ ਉਤਰਾਈ ਹੈ। ਜਾਂ ਵੇਦ ਵਿਆਸ ਦੀ ਨਜ਼ਰ ਵਿਚ ਉਪਦੇਸ਼ ਸਿਖਰ ਦਾ ਉਪਦੇਸ਼ ਸੀ। ਜਿਵੇਂ ਹਜ਼ਰਤ ਮੂਸਾ ਜੀ ਦੇ ਉਪਦੇਸ਼ਾਂ ਨੂੰ ਚੋਟੀ ਦੇ ਉਪਦੇਸ਼ ਕਿਹਾ ਜਾਂਦਾ ਹੈ। ਇਕ ਤਾਂ ਮੂਸਾ ਜੀ ਦੇ ਉਪਦੇਸ਼ ਪਹਾੜੀ ਉਤੇ ਖੜੋ ਕੇ ਦਿੱਤੇ ਗਏ ਸਨ, ਦੂਜੇ ਉਹ ਹੈ ਹੀ ਚੋਟੀ ਦੇ ਸਨ। ਇਸੇ ਤਰ੍ਹਾਂ ਉੱਚ ਕੋਟੀ ਦੇ ਉਪਦੇਸ਼ ਨੂੰ ਵੇਦ ਵਿਆਸ ਜੀ ਨੇ ਸਿਖਰ ਦੇ ਉਤੇ ਰਖਿਆ। ਉਨ੍ਹਾਂ ਉਪਦੇਸ਼ਾਂ ਨੂੰ ਅੱਜ "ਗੀਤਾ" ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਸਿਖਰ ਦੇ ਉਪਦੇਸ਼ਾਂ ਵਿਚ ਇਕ ਉਪਦੇਸ਼ ਹੈ ਜੋ ਕ੍ਰਿਸ਼ਨ ਜੀ ਨੇ ਅਰਜਨ ਜੀ ਨੂੰ ਦਿੱਤਾ। ਅਰਜਨ ਜੀ ਨੇ ਜਦ ਬਾਰ ਬਾਰ ਪ੍ਰਛ ਕੀਤੀ ਕਿ ਦੇਸ਼ ਤੇ ਆਈ ਬਿਪਤਾ ਨੂੰ ਰੋਕਣ ਦਾ ਸਦੀਵੀ ਇਲਾਜ ਕੀ ਹੈ ਤਾਂ ਕ੍ਰਿਸ਼ਨ ਜੀ ਨੇ ਫ਼ਰਮਾਇਆ ਕਿ ਬਿਪਤਾਵਾਂ ਤੋਂ ਬਚਾਉਣ ਦਾ ਇਕ ਹੀ ਨੁਸਖਾ ਹੈ ਤੇ ਉਹ ਹੈ, "ਅਗੇ ਸ਼ਾਸਤਰ ਰਖੋ ਪਿਛੇ ਸ਼ਸਤਰ।"

ਬਦ-ਕਿਸਮਤੀ ਨੂੰ ਬੁੱਧ ਜੀ ਦੇ ਪਿਛੇ ਲੱਗ ਕੇ ਹਿੰਦੁਸਤਾਨ ਸ਼ਸਤਰ ਭੁਲ ਬੈਠਾ ਅਤੇ ਐਸਾ ਭੁਲਿਆ ਕਿ ਉਸ ਨੂੰ ਸ਼ਸਤਰ ਫੜਨ ਦੀ ਜਾਚ ਹੀ ਭੁਲ ਗਈ। ਸੰਸਾਰ ਵਿਚ ਜਦ ਸ਼ਸਤਰਾਂ ਦੀ ਦੌੜ ਸ਼ੁਰੂ ਹੋਈ ਤਾਂ ਹਿੰਦੁਸਤਾਨ ਬਹੁਤ ਹੀ ਪਿਛੇ ਰਹਿ ਗਿਆ। ਸਕੰਦਰ ਤੇਜ਼ ਰਫਤਾਰ ਘੋੜਿਆਂ ਨਾਲ ਆਇਆ ਤਾਂ ਅਸੀਂ ਅਜੇ ਭਾਰੀ ਭਰਕਮ ਰੱਥਾਂ ਅਤੇ ਹਾਥੀਆਂ ਉਤੇ ਹੀ ਸੀਮਤ ਸਾਂ। ਵਕਤ ਦਾ ਪ੍ਰਸਿਧ ਜਰਨੈਲ ਪੋਰਸ ਵੀ ਸਕੰਦਰ ਦਾ ਹੱਲਾ ਸਹਾਰ ਨਾ ਸਕਿਆ। ਫਿਰ ਬਾਬਰ ਦੇ ਹੱਲੇ ਵੇਲੇ ਇਹੋ ਕਹਾਣੀ ਦੁਹਰਾਈ ਗਈ। ਗੁਰੂ ਨਾਨਕ ਜੀ ਨੇ ਸਾਖ ਭਰੀ ਹੈ। ਉਹ ਫ਼ਰਮਾਉਂਦੇ ਹਨ ਕਿ ਜਦ ਮੁੱਗਲਾਂ ਤੇ ਪਠਾਨਾਂ ਦੀ ਲੜਾਈ ਹੋਈ ਤਾਂ ਪਠਾਨ ਹਾਰ ਗਏ। ਹਾਰ ਦੇ ਕਈ ਕਾਰਨਾਂ ਵਿਚ ਇਕ ਕਾਰਨ ਇਹ ਵੀ ਸੀ ਕਿ ਪਠਾਨ ਜਿਨ੍ਹਾਂ ਕੋਲ ਹਕੂਮਤ ਸੀ, ਉਹ ਪਾਨੀਪਤ ਦੇ ਮੈਦਾਨ ਵਿਚ

Sri Satguru Jagjit Singh Ji eLibrary NamdhariElibrary@gmail.com

ਹਾਥੀਆਂ ਤੇ ਰੱਥਾਂ ਨਾਲ ਆਏ ਤੇ ਦੂਸਰੇ ਪਾਸੇ ਮੁੱਗਲ ਵਕਤ ਦਾ ਨਵੀਨ ਹਥਿਆਰ ਬਾਰੂਦ ਲੈ ਕੇ ਹਮਲਾਵਰ ਹੋਏ। ਮੁਗਲਾਂ ਦੀਆਂ ਤੋਪਾਂ ਅਗੇ ਹਾਥੀ ਟਿਕ ਨਾ ਸਕੇ ਤੇ ਹਾਥੀਆਂ ਨੇ ਆਪਣੇ ਹੀ ਦਸਤਿਆਂ ਨੂੰ ਲਿਤਾੜ ਕੇ ਦੁਸ਼ਮਨ ਦੀ ਸਗੋਂ ਮਦਦ ਕੀਤੀ। ਗੁਰੂ ਨਾਨਕ ਜੀ ਲਿਖਦੇ ਹਨ :

ਮੁਗਲ ਪਠਾਣਾ ਭਈ ਲੜਾਈ,
ਰਣ ਮਹਿ ਤੇਗ ਵਗਾਈ।
ਓਨ੍ਹੀ ਤੁਪਕ ਤਾਣਿ ਚਲਾਈ,
ਓਨ੍ਹੀ ਹਸਤਿ ਚਿੜਾਈ।
ਜਿਨ੍ਹ ਕੀ ਚੀਰੀ ਦਰਗਹ ਫਾਟੀ,
ਤਿਨ੍ਹਾ ਮਰਣਾ ਭਾਈ।" (ਆਸਾ ਮਹਲਾ ੧, ਪੰਨਾ ੪੧੮)

ਫਿਰ ਆਉਣ ਵਾਲੇ ਜ਼ਮਾਨੇ ਵਿਚ ਸਮੁੰਦਰ ਦੀ ਸਭ ਦੀ ਵੱਡੀ ਤਾਕਤ ਅੰਗਰੇਜ਼ ਨੇ ਮੁੱਗਲਾਂ ਨੂੰ ਹਰਾ ਹਿੰਦੁਸਤਾਨ ਗ਼ੁਲਾਮ ਬਣਾ ਲਿਆ। ਅੱਜ ਵੀ ਚੀਨ ਕੋਲੋਂ ਕਬਜ਼ੇ ਕੀਤੀ ਹੋਈ ਧਰਤੀ ਵਾਪਸ ਲੈਣੀ ਹੈ ਤਾਂ ਵਕਤ ਦੀ ਦੌੜ ਨਾਲ ਨੱਸਣਾ ਪਵੇਗਾ। ਗੱਲ ਕੀ ਹਿੰਦੁਸਤਾਨ ਦੇ ਆਗੂਆਂ ਨੇ ਕਦੇ ਵੀ ਸ਼ਸਤਰ ਨੂੰ ਸਾਹਮਣੇ ਨਹੀਂ ਰਖਿਆ। ਗੁਰੂ ਗੋਬਿੰਦ ਜੀ ਨੇ ਇਸ ਲੋੜ ਨੂੰ ਮੁੱਖ ਰਖਦਿਆਂ ਹੋਇਆਂ ਹੀ ਸ਼ਸਤਰ ਵਿਦਿਆ ਉਤੇ ਜ਼ੋਰ ਦਿੱਤਾ। "ਮੇਰੀ ਪਿਆਰੀ ਭੇਟਾ ਚੰਗਾ ਸ਼ਸਤਰ" ਗੁਰੂ ਜੀ ਸਦਾ ਆਖਿਆ ਕਰਦੇ ਸਨ। ਸ਼ਸਤਰਾਂ ਦੀ ਨਵੀਨ ਵਿਦਿਆ ਨੂੰ ਸਿਖਣਾ ਉਹ ਧਰਮ ਸਮਝਦੇ ਹਨ। "ਸਰਬ ਲੋਹ ਕੀ ਰਛਾ ਹਮ ਨੇ" ਉਨ੍ਹਾਂ ਦਾ ਮੂੰਹ ਚੜ੍ਹਿਆ ਵਾਕ ਸੀ। "ਸ਼ਸਤਰ ਨਾਮ ਮਾਲ" ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਹਰ ਸ਼ਸਤਰ ਦੀ ਵਡਿਆਈ ਕੀਤੀ ਅਤੇ ਸਿੱਖਾਂ ਨੂੰ ਵੀ ਸ਼ਸਤਰ ਵਿਦਿਆ ਵਿਚ ਪ੍ਰਬੀਨ ਹੋਣ ਦੀ ਪ੍ਰੇਰਨਾ ਦਿੱਤੀ। ਸਭ ਤੋਂ ਉਤੇ ਜਦ ਅੰਮ੍ਰਿਤ ਛਕਾਉਣ ਦਾ ਸਮਾਂ ਆਇਆ ਤਾਂ ਆਪ ਜੀ ਨੇ "ਖੰਡੇ ਦਾ ਅੰਮ੍ਰਿਤ" ਛਕਾ ਕੇ ਕਸਰ ਪੂਰੀ ਕਰ ਦਿੱਤੀ। ਸ਼ਸਤਰ ਨੂੰ ਘੋਲ ਕੇ ਪਿਲਾਇਆ ਤਾਂ ਕਿ ਸਦੀਆਂ ਦੀ ਭਰੀ ਬੁਜ਼ਦਿਲੀ ਨਿਕਲ ਜਾਏ। ਖੰਡੇ ਦੀ ਪਾਹੁਲ ਲੈ ਕੇ ਖੰਡੇ ਤੋਂ ਨਾ ਡਰਨ :

ਕਾਣ ਕੂਟ ਵਾਂਗ ਲੋਹੇ ਕਰੈਂ।
ਖੰਡੇ ਪਾਹੁਲ ਪੀ, ਖੰਡਯੋ ਨ ਟਰੈਂ।

"ਖੰਡਾਕੁਲ ਖਾਲਸਾ" ਪੈਦਾ ਕੀਤਾ, ਜਿਸ ਨੇ ਸ਼ਸਤਰ ਨੂੰ ਸਾਹਮਣੇ ਰਖਿਆ। ਸ਼ਸਤਰ ਨੂੰ ਸਰੀਰ ਦਾ ਅੰਗ ਬਣਾਇਆ। ਗੁਰੂ ਜੀ ਨੇ ਸ਼ਸਤਰ ਦੇ ਨਾਲ ਸ਼ਾਸਤਰ ਦੀ ਲੋੜ ਨੂੰ ਵੀ ਪੂਰੀ ਤਰ੍ਹਾਂ ਮਹਿਸੂਸ ਕੀਤਾ। ਜਿਸ ਤਰ੍ਹਾਂ ਹਿੰਦੁਸਤਾਨ ਸ਼ਸਤਰ ਦਾ ਧਿਆਨ ਗਵਾ ਬੈਠਾ ਸੀ ਉਸੇ ਤਰ੍ਹਾਂ ਵੇਦ, ਸ਼ਸਤਰ ਦੇ ਤੱਤ ਨੂੰ ਭੁਲਾ ਬੈਠਾ ਸੀ। ਗੁਰੂ ਅਮਰ ਦਾਸ ਜੀ ਨੇ ਠੀਕ ਲਿਖਿਆ ਹੈ ਕਿ "ਸਿਮਿਰਤ ਸ਼ਾਸਤਰ ਪੁੰਨ ਪਾਪ ਬੀਚਾਰਦੇ ਤਤੈ ਸਾਰ ਨਾ ਜਾਣੀ"। "ਬੇਦ ਕਤੇਬ ਇਫਤਰਾ ਭਾਈ" ਦੀ ਗੱਲ ਭਗਤ ਕਬੀਰ ਜੀ ਨੇ ਆਖੀ। ਜਿਸ ਤਾਲੀਮ ਨੇ ਜ਼ਿੰਦਗੀ ਨੂੰ ਬੰਧਨਾਂ ਤੋਂ ਆਜ਼ਾਦ ਕਰਨਾ ਸੀ ਉਸੇ ਤਾਲੀਮ ਨੇ ਮਨੁੱਖ ਨੂੰ ਕੈਦ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਇਸ ਘਾਟ ਨੂੰ ਮਹਿਸੂਸ ਕਰ ਕੇ ਗੁਰਬਾਣੀ ਦਾ ਸਹਾਰਾ

Sri Satguru Jagjit Singh Ji eLibrary NamdhariElibrary@gmail.com

ਲਿਆ, ਸ਼ਾਸਤਰ ਅਤੇ ਸ਼ਸਤਰ ਦਾ ਸੁਮੇਲ ਕੀਤਾ। ਗੁਰੂ ਗ੍ਰੰਥ ਸਾਹਿਬ ਵਿਚੋਂ ਦੋ ਬਾਣੀਆਂ ਸ੍ਰੀ ਜਪ ਨੀਸਾਣ ਅਤੇ ਅਨੰਦ ਸਾਹਿਬ ਚੁਣ ਕੇ ਅਤੇ ਆਪਣੀਆਂ ਉਚਾਰੀਆਂ ਜਾਪ ਸਾਹਿਬ, ਸਵੀਏ ਤੇ ਬੇਨਤੀ (ਚੌਪਈ) ਨੂੰ ਖੰਡੇ ਨਾਲ ਘੋਲ ਕੇ ਪਿਲਾਇਆ। ਜਪ ਨੀਸਾਣ ਨੇ ਖਾਲਸੇ ਵਿਚ "ਨਿਰਭਉ ਤੇ ਨਿਰਵੈਰ" ਵਾਲੀ ਅਵਸਥਾ ਪੈਦਾ ਕੀਤੀ। ਅਨੰਦ ਸਾਹਿਬ ਨੇ ਅਟੁਟ ਖੁਸ਼ੀ ਦਾ ਦਾਰੂ ਦਸਿਆ। ਸਿੱਖ ਵਿਚ ਚੜ੍ਹਦੀਆਂ ਕਲਾ ਦੀ ਜਾਗ ਲੱਗੀ। ਮਰਨ ਜੀਵਨ, ਹਰਖ ਸੋਗ, ਉਸਤਤਿ ਨਿੰਦਾ ਨੂੰ ਸਿੱਖ ਸਮਾਨ ਜਾਨਣ ਲੱਗ ਪਿਆ। ਨਿਰੋਲ ਅਨੰਦ ਸਾਹਿਬ ਦੀ ਹੀ ਇਕ ਬਾਣੀ ਹੈ ਜੋ ਜਨਮ, ਵਿਆਹ, ਮੌਤ ਵੇਲੇ ਗਾਈ ਪੜ੍ਹੀ ਤੇ ਸੁਣੀ ਜਾਂਦੀ ਹੈ। ਜਾਪ ਸਾਹਿਬ ਨੇ ਸਿੱਖ ਨੂੰ ਵਾਹਿਗੁਰੂ ਦੇ ਨੇੜੇ ਕਰ ਦਿੱਤਾ। "ਦੁਕਾਲੰ ਪ੍ਰਣਾਸੀ" ਨੇ ਇਥੇ ਉਥੇ ਸਹਾਇਤਾ ਦਾ ਯਕੀਨ ਦਿਲਵਾਇਆ। ਸੰਸਾਰ ਦੀ ਨਾਸ਼ਵੰਤਾ ਅਤੇ ਅਹੰਕਾਰ ਵਿਚ ਗਰਕੇ ਰਾਜਿਆਂ, ਜੋਧਿਆਂ ਦਾ ਹਸ਼ਰ ਸਾਹਮਣੇ ਲਿਆ ਕੇ "ਨਿਮਰਤਾ ਤੇ ਪਿਆਰ" "ਸੁਧਾ ਸਵੀਈਆਂ" ਨੇ ਉਪਜਾਇਆ। ਮਨੁੱਖ ਨੂੰ ਅਜੇ ਤੱਕ ਮੰਗਣ ਦੀ ਜਾਚ ਨਹੀਂ ਸੀ। ਬੇਨਤੀ (ਚੌਪਈ) ਦੀ ਬਾਣੀ ਖੰਡੇ ਨਾਲ ਪੜ੍ਹ ਕੇ ਸਿੱਖ ਨੂੰ ਮੰਗਣ ਢੰਗ ਸਮਝਾਇਆ। ਇਸ ਸ਼ਾਸਤ੍ਰ (ਗੁਰਬਾਣੀ) ਤੇ ਸ਼ਸਤ੍ਰ (ਖੰਡੇ) ਦੇ ਸੁਮੇਲ ਨੇ ਐਸੀ ਕੌਮ ਤਿਆਰ ਕਰ ਦਿੱਤੀ ਜੋ ਕਦੇ ਵੀ ਭਾਂਜ ਨਹੀਂ ਖਾਏਗੀ। ਗੁਰੂ ਦੀ ਨਜ਼ਰ ਵਿਚ ਉਹ ਹੀ ਧੰਨ ਹੈ ਜੋ ਸ਼ਾਸਤ੍ਰ ਅਤੇ ਸ਼ਸਤਰ ਨੂੰ ਸਾਹਮਣੇ ਰਖਦਾ ਹੈ। "ਧੰਨ ਜੀਉ ਤਿਹਕੋ ਜਗ ਮਹਿ ਮੁੱਖਿ ਮਹਿ ਹਰਿ ਚਿਤ ਮੈ ਜੁਧ ਬੀਚਾਰੈ" ਇਸ ਉਪਦੇਸ਼ ਦਾ ਸਦਕਾ ਸਿਖ ਨੇ ਹਿੰਦੁਸਤਾਨ ਵਿਚ ਉਲਟੀ ਗੰਗਾ ਵਗਾਈ। ਸਦੀਆਂ ਤੋਂ ਹਮਲੇ ਉੱਤਰ ਪੱਛਮ ਵਲੋਂ ਹੁੰਦੇ ਸਨ। ਇਸ ਨੇ ਰੋਕ ਪਾ ਕੇ ਉਲਟ ਉਧਰ ਹਮਲੇ ਕੀਤੇ। ਇਸੇ ਤਰ੍ਹਾਂ ਜਦ ਚੀਨੀਆਂ ਨੇ ੧੯੪੧ ਵਿਚ ਹਿੰਦੁਸਤਾਨ ਦੀ ਛੱਤ ਤਿੱਬਤ ਉਤੇ ਕਬਜ਼ਾ ਕਰਨਾ ਚਾਹਿਆ ਤਾਂ ਕਰਨਲ ਜ਼ੋਰਾਵਰ ਸਿੰਘ ਨੇ ਦਰਵਾਜ਼ੇ ਜਾ ਖਟਖਟਾਏ। ਭਾਵੇਂ ਧੋਖੇ ਨਾਲ ਜ਼ੋਰਾਵਰ ਸਿੰਘ ਨੂੰ ਰਾਹ ਵਿਚ ਇਕੱਲਾ ਜਾਣ ਮਾਰ ਦਿੱਤਾ ਗਿਆ ਪਰ ਅਗਲੇ ਸਾਲ ਸਿੰਘਾਂ ਨੇ ੧੪ ਅਗਸਤ ੧੯੪੨ ਨੂੰ ਤਿੱਬਤ ਦੀ ਹੱਦ ਉਤੇ ੬੦ ਫੁਟ ਉੱਚਾ ਮੀਨਾਰ ਬਣਾ ਕੇ ਚੀਨੀਆਂ ਦੇ ਜਰਨੈਲ ਨੂੰ ਫਾਂਸੀ ਉਤੇ ਲਟਕਾਇਆ ਅਤੇ ਚੀਨੀਆਂ ਕੋਲੋਂ ਤੋਬਾ ਕਰਵਾਈ। ਸ੍ਰ: ਕਪੂਰ ਸਿੰਘ ਜੀ ਨੇ ਪਾਰਲੀਮੈਂਟ ਵਿਚ ਠੀਕ ਆਖਿਆ ਸੀ ਕਿ ਤਿੱਬਤ ਨੇ ਕਦੇ ਵੀ ਕਿਸੇ ਦਾ ਕਰ ਨਹੀਂ ਭਰਿਆ। ਜੇ ਭਰਿਆ ਹੈ ਤਾਂ ਪੀਕਿੰਗ ਦਰਬਾਰ ਦਾ ਨਹੀਂ, ਸਗੋਂ ਖਾਲਸਾ ਦਰਬਾਰ ਦਾ। ਅੰਗਰੇਜ਼ਾਂ ਨਾਲ ਮੱਥਾ ਲੈਣ ਦੀ ਕਹਾਣੀ ਅਜੇ ਨਵੀਂ ਹੈ। ਤੋਪਾਂ ਨਾਲ ਉਡਾਏ ਜਾਣ ਦੀ ਗੱਲ ਅਜੇ ਹਰ ਇਕ ਦੇ ਮੂੰਹ ਵਿਚ ਹੈ। ਫ਼ਾਂਸੀ ਦੇ ਰੱਸਿਆਂ ਨੂੰ ਚੁੰਮਣ ਦੀ ਦਾਸਤਾਨ ਕੌਣ ਨਹੀਂ ਜਾਣਦਾ ਤੇ ਸ਼ਾਹ ਮੁਹੰਮਦ ਦੀ ਗੱਲ "ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ" ਅਖਾਣ ਹੈ। ਅੱਜ ਵੀ ਗੁਰੂ ਦਾ ਸਿੱਖ ਉਸੇ ਤਰ੍ਹਾਂ ਤਤਪਰ ਹੈ ਤੇ ਰਹੇਗਾ। ਸਿਰਫ਼ ਲੋੜ ਹੈ ਉਸ ਉਪਦੇਸ਼ ਨੂੰ ਮੁੱਖ ਰੱਖਣ ਦੀ ਜੋ ਸਦੀਆਂ ਪਹਿਲੇ ਗੁਰੂ ਗੋਬਿੰਦ ਸਿੰਘ ਜੀ ਨੇ ਦਿੱਤਾ।

Sri Satguru Jagjit Singh Ji eLibrary NamdhariElibrary@gmail.com

# ਵਿਸਾਖੀ—"ਜੈ ਜੀਵਨ ਤੇ ਜਾਗਰਿਤੀ ਦਾ ਦਿਨ"

ਉਂਞ ਤਾਂ ਸਾਲ ਦਾ ਹਰ ਦਿਹਾੜਾ ਸਿੱਖ ਇਤਿਹਾਸ ਵਿਚ ਕੋਈ ਨਾ ਕੋਈ ਘਟਨਾ ਲੁਕਾਈ ਬੈਠਾ ਹੈ, ਪਰ ਵਿਸਾਖੀ ਵਾਲਾ ਦਿਨ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਵਿਸਾਖੀ ਜੀਵਨ, ਜੈ ਤੇ ਜਾਗ੍ਰਿਤ ਦਾ ਚਿੰਨ੍ਹ ਹੈ। ਵੈਸਾਖੀ ਨੂੰ ਬ੍ਰਹਮੰਡ ਦੀ ਜਵਾਨੀ ਕਹਿੰਦੇ ਹਨ। ਸਭ ਕੁਝ ਉਸ ਦਿਨ ਰਸ ਵਾਲਾ ਹੋ ਜਾਂਦਾ ਹੈ। ਇਹ ਦਿਨ ਜਦ ਵੀ ਆਉਂਦਾ ਹੈ, ਆਪਣੇ ਨਾਲ ਅਨੇਕਾਂ ਯਾਦਾਂ ਲੈ ਕੇ ਆਉਂਦਾ ਹੈ। ਗੁਰੂ ਨਾਨਕ ਜੀ ਦੇ ਅਵਤਾਰ ਧਾਰਨ ਤੋਂ ਲੈ ਕੇ ਪੰਜਾਬ ਦੀ ਵੰਡ ਤੱਕ, ਜਦ ਵੀ ਇਹ ਦਿਨ ਆਇਆ, ਕੋਈ ਨਾ ਕੋਈ ਪੈਗਾਮ, ਪ੍ਰੋਗਰਾਮ ਜਾਂ ਕੌਤਕਾਂ ਭਰੀ ਵਾਰਤਾ ਦੇ ਕੇ ਹੀ ਗਿਆ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਤਾਂ ਇਹ ਦਿਨ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਜਾਣ ਲਗ ਪਿਆ ਸੀ। ਹੁਕਮਨਾਮਿਆਂ ਵਿਚ ਵੈਸਾਖੀ ਤੇ ਅਨੰਦਪੁਰ ਆਉਣ ਦੇ ਹੁਕਮ ਮਿਲਦੇ ਹਨ। ਪਰ ਨਾਲ ਇਹ ਵੀ ਲਿਖਿਆ ਮਿਲਦਾ ਹੈ ਕਿ ਸਾਰੇ ਰਲਕੇ ਜਿਥੇ ਵੀ ਰਹਿੰਦੇ ਹੋ ਉਤਸ਼ਾਹ ਤੇ ਪ੍ਰੇਮ ਨਾਲ ਵੈਸਾਖੀ ਮਨਾਓ:

"ਵਾਸੀ ਵਿਚ ਜਿਥੇ ਹੋਵੈ ਧਰਮਸਾਲ,
ਸਿੱਖ ਮਿਲ ਬੈਠਣ ਪਰੇਮ ਮੁਹੱਬਤਿ ਨਾਲ,
ਸ਼ਬਦ ਸਾਖੀ ਗਰੰਥ ਪੋਥੀ ਪੜੀਐ,
ਕੀਰਤਨ ਕਥਾ ਗੁਰ ਚਰਚਾ ਕਰੀਐ।"

(ਬੰਸਾਵਲੀ ਨਾਮਾ)

ਗੁਰੂ ਨਾਨਕ ਜੀ ਦਾ ਜਨਮ ਵਿਸਾਖੀ ਵਾਲੇ ਮਹੀਨੇ (੧੫ ਅਪ੍ਰੈਲ, ੧੪੬੯) ਹੋਣ ਕਾਰਨ, ਸਿੱਖ ਇਸ ਮਹੀਨੇ ਦੀ ਉਤਸ਼ਾਹ ਨਾਲ ਉਡੀਕ ਕਰਦੇ ਸਨ। ਫਿਰ ਗੁਰੂ ਨਾਨਕ ਜੀ ਨੇ ਆਪਣੇ ਪ੍ਰਚਾਰ ਦੌਰੇ (ਉਦਾਸੀਆਂ) ਵਿਸਾਖੀ ਵਾਲੇ ਦਿਨ ਹੀ ਆਰੰਭ ਕੀਤੇ ਅਤੇ "ਭੇਖੀ ਪ੍ਰਭੂ ਨਾ ਪਾਈਐ" ਦਾ ਉਪਦੇਸ਼ ਘਰ ਘਰ, ਰਬਾਬ ਦੀ ਤਾਰ ਨਾਲ ਪਹੁੰਚਾਇਆ ਸੀ।[1] ਗੁਰੂ

---

[1]ਫਿਰ ਫ਼ਰਮਾ ਵੀ ਗਏ ਸਨ ਕਿ ਵੈਸਾਖੀ ਵਾਲੇ ਦਿਨ ਸਰੀਰ ਵਿਚੋਂ ਨਿਕਲ ਜਾਏਗਾ। ਵਿਅਕਤੀ ਦੀ ਕੋਈ ਥਾਂ ਪੰਥ ਵਿਚ ਨਹੀਂ ਰਹੇਗੀ। ਸਭ ਸ਼ਬਦ ਦੇ ਲੜ ਲਗਣਗੇ। ਸੁਰਤਿ ਸ਼ਬਦ ਅਧੀਨ ਕੀਤੀ ਜਾਏਗੀ ਕਿਤਨਾ ਭਾਵ-ਪੂਰਤ ਉਚਾਰਿਆ ਸੀ ਗੁਰੂ ਨਾਨਕ ਦੇਵ ਜੀ ਨੇ:

ਨਾਨਕ, ਵੈਸਾਖੀ ਪ੍ਰਭ ਭਾਵੈ,
ਸੁਰਤਿ ਸ਼ਬਦਿ ਮਨ ਮਾਨਾ।

Sri Satguru Jagjit Singh Ji eLibrary NamdhariElibrary@gmail.com

ਅਮਰਦਾਸ ਜੀ ਦਾ ਜਨਮ ਦਿਹਾੜਾ ਵੀ ਵਿਸਾਖ ਦੇ ਮਹੀਨੇ ਹੀ ਪੈਂਦਾ ਸੀ ਤੇ ਗੋਇੰਦਵਾਲ ਵਿਚ ਬਣ ਰਹੀ ਬਾਉਲੀ ਸਾਹਿਬ ਦਾ ਕੜ ਵੀ ਵਿਸਾਖੀ ਵਾਲੇ ਦਿਨ ਹੀ ਟੁੱਟੀ ਸੀ। ਸਭ ਤੋਂ ਵੱਡੀ ਭਿਟ ਪਾਣੀ ਦੀ ਮੰਨੀ ਜਾਂਦੀ ਸੀ। ਗੁਰ ਅਮਰਦਾਸ ਜੀ ਨੇ ਇਕ ਬਾਉਲੀ ਵਿਚ ਇਸ਼ਨਾਨ ਕਰਾ ਕੇ ਲੁਕਾਈ ਦੀ ਸਹੀ ਅਰਥਾਂ ਵਿਚ ਚੁਰਾਸੀ ਕੱਟੀ ਸੀ। ਫਿਰ ਵਿਸਾਖੀ ਦਾ ਮਹੀਨਾ ਹੀ ਭਾਗਾਂ ਵਾਲਾ ਹੈ। ਜਦ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਜੀ ਪੰਜ ਭੂਤਕ ਸਰੀਰ ਵਿਚ ਸੰਸਾਰ ਵਿਚ ਆਏ ਸਨ।

ਵੈਸਾਖੀ ਵਾਲੇ ਦਿਨ ਹੀ ਪਿੰਗਲੇ ਦੁਖ ਭਜਨੀ ਇਸ਼ਨਾਨ ਕੀਤਾ ਸੀ, ਤੇ ਅਰੋਗ ਹੋਇਆ ਸੀ : "ਜਬ ਸੁ ਨ੍ਹਾਤ ਤਹਿ, ਤਬ ਸੰਕ੍ਰਾਂਤ।"

ਵਿਸਾਖੇ ਵਾਲੇ ਦਿਨ ਹੀ ਗੁਰੂ ਹਰਿਕ੍ਰਿਸ਼ਨ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਸਿੱਖਾਂ ਨੂੰ ਬਾਬਾ ਬਕਾਲਾ ਦਾ ਸੰਖੇਪ ਪਰ ਪ੍ਰਭਾਵ ਪੂਰਤ ਸੰਕੇਤ ਦਿੱਤਾ ਸੀ। ਸਿੱਖਾਂ ਨੂੰ ਇਮਤਿਹਾਨ ਵਿਚ ਪਾਇਆ ਸੀ ਤੇ ਸਿੱਖ ਪ੍ਰੀਖਿਆ ਵਿਚ ਸਫ਼ਲ ਹੋਏ ਸਨ। ਗੁਰੂ ਗੋਬਿੰਦ ਸਿੰਘ ਨੇ ੩੦ ਮਾਰਚ, ੧੬੯੯ ਦੀ ਵਿਸਾਖੀ ਨੂੰ ਵੀ ਪ੍ਰਚਾਰ ਲਈ ਇਕ ਇਕੱਠ ਕੀਤਾ। ਖ਼ਾਸ ਹੁਕਮਨਾਮੇ ਭੇਜੇ ਕਿ ਵਿਸਾਖੀ ਵਾਲੇ ਦਿਨ ਸਾਰੇ ਆਨੰਦਪੁਰ ਪੁਜਣ।

੩੦ ਮਾਰਚ, ਨੂੰ ਕੇਸ ਗੜ੍ਹ ਦੇ ਕਿਲ੍ਹੇ ਵਿਚ ਇਕ ਭਾਰੀ ਦੀਵਾਨ ਸਜਾਇਆ ਗਿਆ। ਵੱਡੇ ਦੀਵਾਨ ਕੇਸ ਗੜ੍ਹ ਸਾਹਿਬ ਦੇ ਅਸਥਾਨ ਤੇ ਅੱਠ ਤਾਕੀਆਂ ਵਾਲਾ ਕਾਬਲੀ ਤੰਬੂ ਲਗਾ ਹੋਇਆ ਸੀ ਅਤੇ ਉਸ ਦੇ ਨਾਲ ਇਕ ਛੋਟਾ ਜਿਹਾ ਤੰਬੂ ਲਗਾਇਆ ਗਿਆ। ਆਸਾ ਦੀ ਵਾਰ ਦੇ ਕੀਰਤਨ ਉਪਰੰਤ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਕਿਰਪਾਨ ਮਿਆਨ ਵਿਚੋਂ ਕਢ ਕੇ, ਇਕੱਠ ਨੂੰ ਬੁਲਾਉਣ ਦਾ ਮੰਤਵ ਉੱਚੀ ਅਵਾਜ਼ ਨਾਲ, ਗੱਜ ਕੇ ਦਸਿਆ ਤੇ ਪੁਕਾਰਦੇ ਕਿਹਾ, "ਕੋਈ ਹੈ ਜੋ ਧਰਮ ਹੇਤਿ ਗੁਰੂ ਨਾਨਕ ਦੇ ਆਦਰਸ਼ਾਂ ਤੇ ਜਾਨ ਵਾਰਨ ਲਈ ਤਿਆਰ ਹੋਵੇ।" ਸਾਰੇ ਪਾਸੇ ਚੁੱਪ ਚਾਂ ਛਾ ਗਈ। ਤੀਜੀ ਵਾਰ ਪੁਕਾਰਨ ਉਤੇ, ਭਾਈ ਦਇਆ ਰਾਮ, ਲਾਹੌਰ ਵਾਲੇ ਉਠੇ ਤੇ ਆਪਣਾ ਸੀਸ ਭੇਟ ਕੀਤਾ। ਇਸ ਤਰ੍ਹਾਂ ਵਾਰੀ ਵਾਰੀ ਚਾਰ ਹੋਰ ਭਾਈ ਧਰਮ ਦਾਸ, ਦਿੱਲੀ, ਭਾਈ ਹਿੰਮਤ ਰਾਇ ਜਗਨ ਨਾਥ ਪੁਰੀ, ਭਾਈ ਮੋਹਕਮ ਚੰਦ, ਦੁਆਰਕਾ ਅਤੇ ਭਾਈ ਸਾਹਿਬ ਚੰਦ, ਬਿਦਰ ਦੇ ਰਹਿਣ ਵਾਲਿਆਂ ਨੇ ਸੀਸ ਹਵਾਲੇ ਕੀਤੇ। ਗੁਰੂ ਗੋਬਿੰਦ ਸਿੰਘ ਨੇ ਉਨ੍ਹਾਂ ਪੰਜਾਂ ਨੂੰ "ਪਿਆਰੇ" ਕਿਹਾ ਕਿਉਂਕਿ ਉਨ੍ਹਾਂ ਪੰਜਾਂ ਨੇ ਸਰੀਰ ਤੋਂ ਉਤਾਂਹ ਉਠ ਗੁਰੂ ਨਾਲ ਪਿਆਰ ਕੀਤਾ ਸੀ। ਫਿਰ ਉਨ੍ਹਾਂ ਪਿਆਰਿਆਂ ਕੋਲੋਂ ਹੱਥ ਜੋੜ ਕੇ ਅੰਮ੍ਰਿਤ ਦੀ ਯਾਚਨਾ ਕੀਤੀ। ਜਦ ਰਤਾ ਕੁ ਪੰਜ ਪਿਆਰੇ ਝਿਜਕੇ ਤਾਂ ਫ਼ੁਰਮਾਇਆ ਕਿ ਮੈਨੂੰ ਸਾਵਧਾਨ ਹੋ ਕੇ ਅੰਮ੍ਰਿਤ ਦਿਓ। ਉਂਝ ਹੀ ਜਿਵੇਂ ਮੈਂ ਆਪ ਜੀ ਨੂੰ ਦਿੱਤਾ ਹੈ। ਪੰਜਾਂ ਕੋਲੋਂ ਅੰਮ੍ਰਿਤ ਛਕਣ ਦੀ ਯਾਚਨਾ ਕਰਕੇ ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਨਵਾਂ ਕਾਂਡ ਲਿਖਿਆ। ਸੰਸਾਰ ਦੇ ਇਤਿਹਾਸ ਵਿਚ ਐਸੀ ਕੋਈ ਘਟਨਾ ਨਹੀਂ ਕਿ ਗੁਰੂ ਪੀਰ, ਪੈਗ਼ੰਬਰ ਆਪਣੇ ਹੀ ਸੇਵਕਾਂ ਕੋਲੋਂ ਦੀਖ਼ਸ਼ਾ ਦੀ ਯਾਚਨਾ ਕਰੇ। ਇਹ ਅਦੁੱਤੀ ਤੇ ਇਨਕਲਾਬੀ ਸਾਖੀ ਸੀ। ਇਸੇ ਲਈ ਭਾਈ ਗੁਰਦਾਸ ਜੀ (ਦੂਜੇ) ਨੇ ਇਸੇ ਖ਼ਿਆਲ ਦੀ ਟੇਕ ਰਖ ਕੇ, "ਵਾਹ ! ਵਾਹ !! (ਗੁਰੂ) ਗੋਬਿੰਦ ਸਿੰਘ ਆਪੇ ਗੁਰ ਚੇਲਾ" ਦੀ ਵਾਰ ਲਿਖੀ। ਇਹ ਉਸ ਵਿਸਾਖੀ ਦੀ ਅਮਿੱਟ ਯਾਦਗਾਰ ਹੈ। ਵਿਸਾਖੀ ਵਾਲੇ ਦਿਨ, ਇਕ ਅੰਦਾਜ਼ੇ ਮੁਤਾਬਕ ੨੦,੦੦੦ ਸਿੱਖਾਂ ਨੇ ਇਕ ਬਾਟੇ ਦਾ ਅੰਮ੍ਰਿਤ ਛਕਿਆ। ਫਿਰ

Sri Satguru Jagjit Singh Ji eLibrary NamdhariElibrary@gmail.com

ਤਕਰੀਰ ਕਰਦੇ ਹੋਏ ਗੁਰੂ ਗੋਬਿੰਦ ਸਿੰਘ ਜੀ ਨੇ ਫੁਰਮਾਇਆ, "ਮੈਂ ਚਾਹੁੰਦਾ ਹਾਂ ਕਿ ਤੁਸੀਂ ਸਾਰੇ ਇਕ ਰਾਹ ਤੇ ਟੁਰੋ ਅਤੇ ਇਕੋ ਧਰਮ ਅਪਨਾਉ । ਵੱਖ ਵੱਖ ਜ਼ਾਤਾਂ ਦੇ ਵਿਖੇਵੇਂ ਮਿਟਾ ਦਿਓ । ਹਿੰਦੂਆਂ ਦੀਆਂ ਚਾਰ ਜ਼ਾਤਾਂ ਜਿਨ੍ਹਾਂ ਦਾ ਵਰਨਣ ਸ਼ਾਸ਼ਤਰਾਂ ਵਿਚ ਆਇਆ ਹੈ, ਮੁੱਢ ਤੋਂ ਹੀ ਮੁੱਕਾ ਦਿਓ ਅਤੇ ਇਕ ਦੂਜੇ ਨਾਲੋਂ ਖੁਲ੍ਹ ਕੇ ਮਿਲੋ । ਕੋਈ ਇਕ ਦੂਜੇ ਨਾਲੋਂ ਆਪਣੇ ਆਪ ਨੂੰ ਵੱਡਾ ਨਾ ਸਮਝੇ । ਪੁਰਾਣੇ ਧਾਰਮਕ ਗ੍ਰੰਥਾਂ ਉਤੇ ਵਿਸ਼ਵਾਸ ਨਾ ਰਖੋ ਕੋਈ ਵੀ ਗਣੇਸ਼ ਆਦਿ ਵੱਲ ਧਿਆਨ ਨਾ ਦੇਵੇ, ਧਾਰਮਕ ਅਸਥਾਨਾਂ ਦੀ ਯਾਤਰਾ ਵਿਅਰਥ ਹੈ । ਰਾਮ ਕ੍ਰਿਸ਼ਨ ਦੁਰਗਾ ਤੇ ਬ੍ਰਹਮਾ ਦੀ ਕੋਈ ਲੋੜ ਨਹੀਂ । ਸਿਰਫ਼ ਗੁਰੂ ਤੇ ਬਾਕੀ ਗੁਰੂਆਂ ਉਤੇ ਵਿਸਵਾਸ ਲਿਆਓ । ਸਾਰੀਆਂ ਜ਼ਾਤਾਂ ਇਕ ਬਾਟੇ ਵਿਚੋਂ ਅੰਮ੍ਰਿਤ ਛਕ ਕੇ ਦੂਜੇ ਲਈ ਪਿਆਰ ਪੈਦਾ ਕਰਕੇ ਨਫ਼ਰਤ ਨੂੰ ਦੂਰ ਕਰੋ ।" ਖਾਲਸਾ ਨੂੰ ਕਲਗੀਆਂ ਵਾਲੇ ਸੁਤੰਤਰ ਕਰ ਦਿੱਤਾ ਤੇ ਉਸ ਨੂੰ ਨਿਰੋਲ ਵਾਹਿਗੁਰੂ ਦਾ ਬਣਾ ਦਿੱਤਾ । "ਖਾਲਸਾ" ਦੇ ਅਰਥ ਹੀ "ਪਾਤਸ਼ਾਹ ਦਾ ਆਪਣਾ" ਹੈ । ਉਸ ਪਾਸੋਂ ਨਾ ਕੋਈ ਹਾਲਾ ਲੈ ਸਕਦਾ ਹੈ ਅਤੇ ਨਾ ਕੋਈ ਕਾਬਜ਼ ਹੋ ਸਕਦਾ ਹੈ ।

ਜਿਵੇਂ ਭਾਈ ਨੰਦ ਲਾਲ ਜੀ ਨੇ ਜ਼ੰਗਨਾਮਾ ਵਿਖੇ ਗੁਰੂ ਪਾਤਸ਼ਾਹਾਂ ਦੇ ਨਾਵਾਂ ਦੇ ਹਿੱਜੇ ਲੈ ਕੇ ਉਨ੍ਹਾਂ ਦੀ ਸ਼ਖਸੀਅਤ ਨੂੰ ਉਜਾਗਰ ਕੀਤਾ ਹੈ, ਤਿਵੇਂ ਹੀ ਭਾਈ ਸੰਤੋਖ ਸਿੰਘ ਜੀ ਨੇ ਖਾਲਸਾ ਦਾ ਭਾਵ ਲੈਂਦੇ ਅਰਥ ਕੀਤੇ ਹਨ ਕਿ ਖਾਲਸਾ "ਸੰਗਮ ਹੈ ਲੋਕ ਪ੍ਰਲੋਕ ਦਾ ।"

ਫ਼ਾਰਸੀ ਹਿਜਿਆ خالصه ਦਾ ਭਾਵ ਦਰਸਾਂਦੇ ਲਿਖਿਆ ਹੈ ਕਿ ਖਾਲਸਾ ਕਿਸੇ ਕੋਲੋਂ ਸ਼ਕਤੀ ਨਹੀਂ ਲੈਂਦਾ । ਇਸ ਨੇ ਸਭ ਬਰਕਤਾਂ ਅਕਾਲ ਪੁਰਖ ਤੋਂ ਪਾਈਆਂ ਹਨ । ਸ਼ਕਤੀ ਹਾਸਿਲ ਕਰਕੇ ਖਾਲਸਾ ਆਲਸੀ ਤੇ ਅਵੇਸਲਾ ਨਹੀਂ ਹੋਇਆ । ਤਿਆਰ-ਬਰ-ਤਿਆਰ ਹੈ । ਸਾਹਿਬੀ ਇਸ ਦੇ ਚਰਨਾਂ ਵਿਚ ਹੈ । ਫਤਹ ਦਾ ਹੁਮਾ ਸਦਾ ਇਸ ਦੇ ਸਿਰ ਤੇ ਮੰਡਲਾਂਦਾ ਰਹਿੰਦਾ ਹੈ ।

ਪ੍ਰਾਚੀਨ ਪੰਥ ਪ੍ਰਕਾਸ਼ ਦੇ ਲਿਖਾਰੀ ਨੇ ਖਾਲਸੇ ਦੀ ਖ਼ੂਬੀ ਵੀ ਇਹੀ ਲਿਖੀ ਹੈ :

ਖਾਲਸਾ ਹੋਵੇ ਖੁਦ ਖੁਦਾ ਜਿਮ ਖ਼ੂਬੀ ਖ਼ੂਬ ਖ਼ੁਦਾਇ ।<br>
ਆਨਿ ਨਾ ਮਾਨੇ ਆਨ ਕੀ, ਇਕ ਸਚੇ ਬਿਨ ਪਾਤਸ਼ਾਹ ॥ ੩੫ ॥

ਵਿਸਾਖੀ ਵਾਲਾ ਦਿਨ ਇਸ ਕਰਕੇ ਵੀ ਅਲੋਕਿਕ ਹੈ ਕਿ ਕਿਸੇ ਕੌਮ ਦਾ ਜਨਮ ਦਿਨ ਨੀਸ਼ਤ ਕਰਨਾ ਅਸੰਭਵ ਹੈ, ਲੱਭ ਲੈਣਾ ਤਾਂ ਇਕ ਪਾਸੇ ਰਿਹਾ । ਪਰ ਖਾਲਸੇ ਦਾ ਜਨਮ ਨੀਯਤ ਹੈ ਤੇ ਅਸਲੀਅਤ ਹੈ ।

ਸਾਲ ਛਪਾਵਨ ਪਰ ਸਤਰੇ ਸਈ ।<br>
ਬੁਧਵਾਰ ਬਸਾਖੇ ਪੰਥ ਉਤਪਤਿ ਭਈ । (ਪ੍ਰਾਚੀਨ ਪੰਥ ਪ੍ਰਕਾਸ਼)

ਲੈਪਿਲ ਗ੍ਰਿਫਨ ਨੇ ਇਸ ਘਟਨਾ ਨੂੰ ਪੜ੍ਹ ਕੇ ਹੀ ਲਿਖਿਆ ਸੀ ਕਿ ਗੁਰੂ ਗੋਬਿੰਦ (ਸਿੰਘ) ਨੇ ਖਾਲਸਾ ਉਸੇ ਤਰ੍ਹਾਂ ਸਾਜਿਆ ਜਿਵੇਂ ਜੂਪੀਟਰ ਨੇ ਆਪਣੇ ਪੱਟਾਂ ਵਿਚੋਂ ਮਿਨਰਵਾ ਨੂੰ ਜਨਮ ਦਿੱਤਾ ਸੀ ਜਾਂ ਜਿਵੇਂ ਦੁਰਗਾ ਨੇ ਆਪਣੇ ਮੱਥੇ ਵਿਚੋਂ ਚੰਡੀ ਪੈਦਾ ਕੀਤੀ ਸੀ । ਇਸ "ਚੰਡੀ" ਨੇ ਵੀ ਅਧਰਮੀਆਂ ਨੂੰ ਸੋਧਨਾ ਸੀ ਤੇ ਜ਼ਾਲਮਾਂ ਦਾ ਖ਼ੂਨ ਪੀਣਾ ਸੀ । ਇਸ ਖਾਲਸੇ ਨੇ ਵਿਸਾਖੀ ਵਾਲੇ ਦਿਨ ਹੀ ਇਹ ਪ੍ਰਣ ਕੀਤਾ ਕਿ ਜ਼ੁਲਮਾਂ ਨੂੰ ਰੋਕਣਾ, ਉਸ ਦੇ ਧਰਮ ਵਿਚ ਸ਼ਾਮਲ ਹੈ ਅਤੇ ਉਹ ਵਿਤਕਰੇ ਤੇ ਭੇਦ-ਭਾਵ ਨੂੰ ਆਪਣੇ ਲਾਗੇ ਵੀ ਨਹੀਂ ਢੁਕਣ ਦੇਵੇਗਾ ।[1]

---

1. ਚਾਰ ਬਰਨ ਇਕ ਬਰਨ ਪੁਕਾਰਾ ।<br>
ਨਾਮ ਖਾਲਸਾ ਪੰਥ ਸੁਧਾਰਾ ॥ (ਗੁਰ ਬਿਲਾਸ ਪਾਤਸ਼ਾਹੀ ਦਸਵੀਂ)

Sri Satguru Jagjit Singh Ji eLibrary NamdhariElibrary@gmail.com

ਵਿਸਾਖੀ ਸਦਾ ਲਈ ਸਿੱਖਾਂ ਦਾ ਅੰਗ ਬਣ ਗਈ। ਖਾਲਸੇ ਦਾ ਜਨਮ ਦਿਨ ਹੋਣ ਕਾਰਨ, ਵਿਸਾਖੀ ਨਾਲ ਸਬੰਧ ਵੀ ਅਟੁਟ ਹੋ ਗਿਆ। ਵਿਸਾਖੀ ਮਨਾਉਣ ਦਾ ਅਸਥਾਨ ਵੀ ਸ੍ਰੀ ਅੰਮ੍ਰਿਤਸਰ ਬਣ ਗਿਆ। ਸ੍ਰੀ ਅੰਮ੍ਰਿਤਸਰ ਦੀ ਮਹੱਤਤਾ ਗੁਰੂ ਰਾਮ ਦਾਸ ਜੀ ਦੇ ਸਮੇਂ ਤੋਂ ਟੁਰੀ ਆ ਰਹੀ ਸੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਉਪਰੰਤ ਤਾਂ ਅੰਮ੍ਰਿਤਸਰ ਕੇਂਦਰ ਬਣ ਗਿਆ। ਅੰਮ੍ਰਿਤਸਰ ਜੀ ਦੇ ਦਰਸ਼ਨ, ਇਸ਼ਨਾਨ ਸਿੱਖ ਦਾ ਅਮਲੀ ਨਾਅਰਾ ਸੀ। ਅਠਾਰ੍ਹਵੀਂ ਸਦੀ ਦਾ ਸਾਰਾ ਸਿੱਖ ਇਤਿਹਾਸ "ਵਿਸਾਖੀ ਤੇ ਦੀਵਾਲੀ" ਦੇ ਗਿਰਦ ਹੀ ਘੁੰਮਦਾ ਹੈ। ਵਿਸਾਖੀ, ਸਿੱਖ ਨੂੰ ਜ਼ਾਲਮਾਂ ਦਾ ਟਾਕਰਾ ਕਰਨ ਲਈ ਪ੍ਰੇਰਨਾ ਰੂਪ ਹੋ ਕੇ ਆਉਂਦੀ ਸੀ ਤੇ ਪੰਥ ਭਲਾਈ ਲਈ ਗੁਰਮੱਤੇ ਕਰਨ ਦੇ ਅਵਸਰ ਬਖਸ਼ਦੀ ਸੀ। ਇਹ ਵਿਸਾਖੀ ਹੀ ਸਦਾ ਜਥੇਬੰਦੀ ਮਜ਼ਬੂਤ ਕਰਨ ਦਾ ਨਵਾਂ ਉਤਸ਼ਾਹ ਭਰਦੀ ਹੈ। ਸੱਚੀ ਗੱਲ ਤਾਂ ਇਹ ਹੈ ਕਿ ਸਭ ਕੁਝ ਹੀ ਨਵਾਂ ਹੋ ਗਿਆ ਤੇ ਨਵਾਂ ਮਿਲਿਆ। ਨਵਾਂ ਬਾਪ ਕਲਗੀਧਰ ਵਰਗਾ, ਨਵੀਂ ਮਾਂ ਸਾਹਿਬ ਦੇਵਾਂ ਵਰਗੀ, ਨਵਾਂ ਨਗਰ ਅਨੰਦਪੁਰ ਜਿਹਾ, ਨਵਾਂ ਨਾਂ ਸਿੰਘ, ਨਵਾਂ ਰੂਪ—ਅਕਾਲ ਪੁਰਖ ਜੈਸਾ, ਨਵੇਂ ਚਿੰਨ ਜੋ ਕਦੇ ਕਿਸੇ ਦੇਖੇ ਨਹੀਂ ਸਨ, ਨਵਾਂ ਨਾਹਰਾ—ਸਤਿ ਸ੍ਰੀ ਅਕਾਲ, ਨਵੀਂ ਫਤਿਹ ਵਾਹਿਗੁਰੂ ਜੀ ਕੀ, ਨਵੇਂ ਤਿਉਹਾਰ-ਹੋਲਾ, ਨਵ-ਨਵੇਲਾ ਅੰਮ੍ਰਿਤ ਵੇਲਾ, ਅਤੇ ਨਵਾਂ ਹੀ ਸੁਆਦ। ਸਭ ਕੁਝ ਨਵਾਂ ਨਵਾਂ, ਨਰੋਆ-ਨਰੋਆ ਅਤੇ ਨਵ-ਨਵੇਲਾ।

ਕੁਝ ਕੁ ਇਤਿਹਾਸਕ ਵਿਸਾਖੀਆਂ ਦਾ ਵਰਣਨ ਇਸ ਦੀ ਮਹੱਤਤਾ ਦਸਣ ਲਈ ਕਾਫ਼ੀ ਹੈ।

ਸਭ ਤੋਂ ਪਹਿਲਾਂ ਸੰਨ ੧੭੨੧ ਈ: ਵਾਲੀ ਵਿਸਾਖੀ ਯਾਦ ਆਉਂਦੀ ਹੈ। ਜਿਸ ਨੇ ਪੰਥ ਨੂੰ ਇਕ ਭਿਆਨਕ ਫੁੱਟ ਤੋਂ ਬਚਾਇਆ। ਜਦ ਬੰਦਈ ਦੇ ਤਤ ਖਾਲਸਾ[1] ਦੀਆਂ ਝੜਪਾਂ ਨਿੱਤ ਦੀਆਂ ਖੇਡਾਂ ਬਣ ਗਈਆਂ ਤਾਂ ਭਾਈ ਮਨੀ ਸਿੰਘ ਜੀ ਨੇ ਸੁਝਾਅ ਦਿੱਤਾ ਕਿ ਦੋ ਚਿੱਟਾਂ, ਇਕ ਉਤੇ ਬੰਦਈ ਖਾਲਸੇ ਦਾ ਜੰਗੀ ਨਾਅਰਾ "ਫਤਹ ਦਰਸ਼ਨ" ਤੇ ਦੂਜੇ ਉਤੇ "ਵਾਹਿਗੁਰੂ ਜੀ ਕੀ ਫਤਿਹ" ਲਿਖ ਕੇ ਹਰ ਕੀ ਪਉੜੀ ਅੰਮ੍ਰਿਤਸਰ ਵਿਚ ਸੁੱਟੀਆ ਜਾਣ। ਜਿਸ ਦੀ ਪਰਚੀ ਉਪਰ ਤਰ ਆਏਗੀ, ਉਹ ਹੀ ਪੰਥ ਦੀ ਵਾਗ ਡੋਰ ਸੰਭਾਲੇ। ਪੰਥ ਪ੍ਰਕਾਸ਼ ਦੇ ਲਿਖਾਰੀ ਨੇ ਇਸ ਪ੍ਰਕਾਰ ਲਿਖਿਆ ਹੈ :

"ਜਿਸ ਕੀ ਚਿੱਠੀ ਆਪ ਹੀ ਤਰ ਕਰ ਉਪਰਿ ਆਇ।
ਪੰਥ ਵਹੀ ਮਾਲਕ ਬਨੇ ਸਭ ਗੁਰਦੁਆਰਨ ਕਾਇ।"

ਕੁਦਰਤ ਦਾ ਕਰਨਾ ਐਸਾ ਹੋਇਆ ਕਿ ਕੁਝ ਸਮੇਂ ਲਈ ਤਾਂ ਦੋਵੇਂ ਚਿੱਟਾਂ ਡੁੱਬ ਗਈਆਂ। "ਏਕ ਬੇਰ ਸਭ ਡੂਬ ਗਈ ਸਿੱਖ ਡਰੇ ਵਧੇਰੇ। ਜੇਕਰ ਚਿੱਠੀ ਨਾਹਿ ਏਕੋ ਉਪਰ ਐਹੇ। ਤਾਂ ਗੁਰਦੁਆਰੇ ਤੁਰਕ ਛੀਨ ਹਮ ਤੇ ਸਭ ਲੈ ਹੈ।" ਉਸ ਸਮੇਂ ਸਭ ਇਕੱਤਰ ਖ਼ਾਲਸਾ ਜੀ ਨੇ ਇਕ ਮਨ ਹੋ ਅਰਦਾਸ ਕੀਤੀ ਤੇ ਸਾਰੇ ਇਕ ਟਿੱਕ ਅੰਮ੍ਰਿਤ ਸਰੋਵਰ ਵਲ

---

1. ਬੰਸਾਵਲੀਨਾਮਾ ਦੇ ਲਿਖਾਰੀ ਬਹੁਤ ਹੀ ਢੁਕਵਾਂ ਸ਼ਬਦ "ਅਕਾਲ ਪੁਰਖੀਏ" ਵਰਤਿਆ ਹੈ।

Sri Satguru Jagjit Singh Ji eLibrary NamdhariElibrary@gmail.com

ਨੀਝ ਲਗਾ ਕੇ ਦੇਖਣ ਲੱਗੇ, ਜਿਵੇਂ ਈਦ ਦੇ ਚੰਦ ਦੀ ਉਡੀਕ ਰੋਜ਼ਿਆਂ ਉਪਰੰਤ ਕੀਤੀ ਜਾਂਦੀ ਹੈ :—

"ਇਤਨੇ ਮੈਂ ਇਕ ਨਿਕਸੀ ਚਿੱਠੀ ।
ਨਿਧੀ ਸਮਾਨ ਸਰਬ ਨੇ ਡਿਠੀ ।
ਜਾਇ ਮੂੜ ਸਬੈ ਨੇ ਸੋ ਫੜੀ ।
ਮਭਾ ਮਧੇ ਜਬ ਉਚੈ ਪੜ੍ਹੀ ।
ਫਤਹ ਗੁਰੂ ਕੀ ਤਰੀ ਅਨਿਆਸ ।
ਡੂਬੀ ਔਰ ਸਭਨ ਕੀ ਆਸ ।"

"ਵਾਹਿਗੁਰੂ ਜੀ ਕੀ ਫਤਹ" ਦੀ ਜਿੱਤ ਦਾ ਐਲਾਨ ਹੋ ਜਾਣ ਉਪਰੰਤ ਸਿੱਖਾਂ ਨੂੰ ਪੰਥ ਕੀ ਜੀਤ ਦਾ ਵਿਸ਼ਵਾਸ ਹੋ ਗਿਆ । ਇਸ ਵਿਸਾਖੀ ਨੇ ਪਾਟਕ ਮਿਟਾ ਦਿੱਤੀ ।

ਫਿਰ ਜਿਸ ਵਿਸਾਖੀ ਦੀ ਯਾਦ ਆਉਂਦੀ ਹੈ, ਉਹ ਹੈ ੨੯ ਮਾਰਚ, ੧੭੪੮ ਦੀ । ਵਿਸਾਖੀ ਦੇ ਇਕੱਠ ਵਿਚ ਨਵਾਬ ਕਪੂਰ ਸਿੰਘ ਨੇ ਸਰਬਤ ਖਾਲਸੇ ਨੂੰ ਆ ਰਹੇ ਖਤਰੇ ਤੋਂ ਜਾਣੂ ਕਰਾਇਆ । "ਪੰਜਾਬ ਨਾ ਹਿੰਦੂ, ਨਾ ਮੁਸਲਮਾਨ, ਪੰਜਾਬ ਜੀਉਂਦਾ ਗੁਰਾਂ ਦੇ ਨਾਮ ਤੇ ।" ਸਿੱਖ ਇਸ ਦੀ ਜਾਨ ਵਾਰ ਕੇ ਰੱਖਿਆ ਕਰਦਾ ਹੈ । ਇਕੋ ਆਗੂ, ਇਕੋ ਆਦਰਸ਼ ਤੇ ਇਕ ਜਥੇਬੰਦੀ ਦਾ ਨਾਅਰਾ ਨਵਾਬ ਕਪੂਰ ਸਿੰਘ ਨੇ ਦਿੱਤਾ । ਖਾਲਸਾ ੬੩ ਨਿੱਕੇ ਜੱਥਿਆਂ ਵਿਚ ਵੰਡਿਆ ਜਾ ਚੁੱਕਾ ਸੀ । ਨਵਾਬ ਸਾਹਿਬ ਨੇ ਸਭ ਨੂੰ ਆਪਣੇ ਜੱਥੇ ਤੋੜ ਕੇ, ਇਕ "ਦਲ ਖਾਲਸਾ" ਦੇ ਝੰਡੇ ਹੇਠਾਂ ਆਉਣ ਲਈ ਕਿਹਾ । ਕੌਮ ਨੇ ਮੰਨ ਲਿਆ ਤੇ, "ਦਲ ਖਾਲਸਾ" ਦੀ ਬੁਨਿਆਦ ਪਈ । ਨਵਾਬ ਕਪੂਰ ਸਿੰਘ ਨੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੂੰ ਕੌਮ ਦਾ ਸਮੁੱਚਾ ਆਗੂ ਥਾਪਿਆ । ਆਦਰਸ਼ 'ਰਾਜ ਕਰੇਗਾ ਖਾਲਸਾ' ਦਾ ਦ੍ਰਿੜ੍ਹ ਕਰਾਇਆ । ਫਿਰ ਸਰਬਤ ਖਾਲਸਾ ਜੀ ਨੇ ਵਿਸਾਖੀ ਵਾਲੇ ਦਿਨ ਹੀ ਗੁਰਮਤਾ ਕੀਤਾ ਕਿ ਪੰਜਾਬ ਖਾਲਸੇ ਦੀ ਜਨਮ ਭੂਮੀ ਹੈ । ਇਸ ਉੱਤੇ ਹੋਇਆ ਕਿਸੇ ਦਾ ਹਮਲਾ ਸਿੱਖ ਧਰਮ ਉੱਤੇ ਹੱਲਾ ਸਮਝਿਆ ਜਾਏਗਾ ਤੇ ਖਾਲਸਾ ਹਰ ਉਸ ਸਾਜ਼ਸ਼, ਨੀਤੀ ਹਮਲੇ ਨੂੰ ਨਾਕਾਮ ਬਣਾਉਣ ਦਾ ਪ੍ਰਣ ਕਰਦਾ ਹੈ । ਕਿਸੇ ਹਾਲਤ ਵਿਚ ਵੀ ਪੰਜਾਬ ਨੂੰ ਅਫ਼ਗਾਨ ਸਾਮਰਾਜ ਦਾ ਹਿੱਸਾ ਨਹੀਂ ਬਣਨ ਦਿੱਤਾ ਜਾਏਗਾ । ਉਸ ਗੁਰਮਤੇ ਦੀ ਪੂਰਤੀ ਲਈ ਹਰ ਜੱਥੇਦਾਰ ਨੇ ਪ੍ਰਣ ਕੀਤਾ । ਪਰੋਗਰਾਮ ਬਣੇ ਤੇ ਕੌਮ ਅਬਦਾਲੀ ਦੇ ਟਾਕਰੇ ਉੱਤੇ ਡਟੀ । ਇਹ ਇਤਿਹਾਸਕ ਸਚਾਈ ਹੈ ਕਿ ਜਦ ਅਬਦਾਲੀ ਦੇ ਪੁੱਤਰ ਤੈਮੂਰ ਸ਼ਾਹ ਨੂੰ ਕੁਝ ਲੋਕਾਂ ਨੇ ਪੰਜਾਬ ਉੱਤੇ ਹਮਲਾ ਕਰਨ ਲਈ ਲਿਖਿਆ ਤਾਂ ਉਸ ਉੱਤਰ ਭੇਜਿਆ—"ਮੇਰੇ ਪਿਉ ਨੇ ਕੀ ਖੱਟਿਆ ਸਿੱਖਾਂ ਨਾਲ ਲੜ-ਲੜ ਕੇ, ਮੈਂ ਹਮਲਾ ਕਰਨ ਦੇ ਅਸਮਰਥ ਹਾਂ ।" ਉਨ੍ਹਾਂ ਬਜ਼ੁਰਗਾਂ ਦੀ ਘਾਲਣਾ ਦਾ ਸਦਕਾ ਪੰਜਾਬ ਅਫਗਾਨ ਸਾਮਰਾਜ ਦਾ ਹਿੱਸਾ ਬਣਨਾ ਤਾਂ ਇਕ ਪਾਸੇ, ਇਕ ਸੁਤੰਤਰ ਸਵਰਾਜ ਹੋ ਦੁਨੀਆਂ ਦੇ ਇਤਿਹਾਸ ਵਿਚ ਚਮਕਿਆ । ਪੰਜਾਬ ਸਿੱਖਾਂ ਵਲੋਂ ਹਿੰਦੁਸਤਾਨ ਨੂੰ ਤੁਹਫਾ ਅਤੇ ਦੇਣ ਹੈ ਹਿੰਦੁਸਤਾਨ ਨੂੰ ਸਿੱਖਾਂ ਦਾ ਰਿਣੀ ਹੋਣਾ ਤੇ ਰਹਿਣਾ ਚਾਹੀਦਾ ਹੈ ।

ਵਿਸਾਖੀ ਦੀ ਇਕ ਹੋਰ ਰੌਚਕ ਝਾਕੀ ੧੦ ਅਪ੍ਰੈਲ, ੧੭੬੩ ਨੂੰ ਦਿਸ ਆਉਂਦੀ ਹੈ । ਲਾਹੌਰ ਉੱਤੇ ਫ਼ਤਹਿ ਪਾ ਕੇ ਸਿੱਖ ਵਿਸਾਖੀ, ਸ੍ਰੀ ਅੰਮ੍ਰਿਤਸਰ ਮਨਾ ਹੀ ਰਹੇ ਸਨ ਕਿ ਇਕ ਬ੍ਰਾਹਮਣ ਨੇ ਆ ਕੇ ਫ਼ਰਿਆਦ ਕੀਤੀ ਕਿ ਕਸੂਰ ਦੇ ਨਵਾਬ ਨੇ ਉਸ ਦੀ ਨਵ-

Sri Satguru Jagjit Singh Ji eLibrary NamdhariElibrary@gmail.com

ਵਿਆਹੁਤਾ ਪਤਨੀ ਨੂੰ ਜ਼ਬਰਦਸਤੀ ਘਰ ਪਾ ਲਿਆ ਹੈ। ਹੁਣ ਖਾਲਸੇ ਪਾਸ ਮੇਰੀ ਫ਼ਰਿਆਦ ਹੈ ਕਿ ਉਸ ਨੂੰ ਜ਼ਾਲਮ ਦੇ ਪੰਜੇ ਵਿਚੋਂ ਛੁੜਾਉਣ। ਸਿੱਖ ਦੁਚਿੱਤੇਪਣ ਵਿਚ ਪੈ ਗਏ ਕਿ ਹੁਣੇ ਹੀ ਹਮਲਾ ਕੀਤਾ ਜਾਏ ਜਾਂ ਕੁਝ ਚਿਰ ਰੁਕ ਕੇ, ਜਦ ਦਲ ਖਾਲਸਾ ਦੇ ਸਾਰੇ ਜੱਥੇ ਇਕੱਠੇ ਹੋ ਜਾਣ। ਸਿੰਘਾਂ ਦੀ ਜੱਥੇ-ਬੰਦੀ ਪੰਜ ਫ਼ਰਵਰੀ, ੧੭੬੨ ਦੇ ਵੱਡੇ ਘਲੂਘਾਰੇ ਨੇ ਖੇਰੂੰ-ਖੇਰੂੰ ਕਰ ਦਿੱਤੀ ਸੀ ਤੇ ਅਬਦਾਲੀ ਦਾ ਹੋਰ ਹਮਲਾ ਸਿਰ ਉੱਤੇ ਖੜਾ ਸੀ। ਅਜੇ ਇਹ ਵਿਚਾਰਾਂ ਹੋ ਰਹੀਆਂ ਸਨ ਤਾਂ ਸਰਦਾਰ ਹਰੀ ਸਿੰਘ ਜੀ ਭੰਗੀ ਮਿਸਲ ਵਾਲਿਆਂ ਗੱਜ ਕੇ ਆਖਿਆ "ਤੁਮ ਚਲੋ, ਕਊ ਨ ਚਲੈ, ਹਮ ਤੋ ਚਲੈਂ ਜ਼ਰੂਰ ਹੈ। ਹਮ ਤੋਂ ਸ਼ਹੀਦੀ ਲੈਂਗੇ, ਛੁਟੈ ਨ ਜਬ ਕਸੂਰ ਹੈ।' ਸਿੱਖ ਦਾ ਪਹਿਲਾ ਫ਼ਰਜ਼ ਹੈ ਕਿ ਕਿਸੇ ਦੀ ਇੱਜ਼ਤ ਉੱਤੇ ਹੋਏ ਹੱਲੇ ਨੂੰ ਰੋਕੇ ਤੇ ਪੰਜਾਬ ਦੀ ਬੇਟੀ ਦੀ ਇੱਜ਼ਤ ਦੀ ਰੱਖਿਆ ਕਰੇ। ਸਰਦਾਰ ਜੱਸਾ ਸਿੰਘ ਆਹਲੂਵਾਲੀਆ ਨੇ ਵਿਚਾਰ ਪੇਸ਼ ਕਰਦੇ ਹੋਏ 'ਗੁਰਵਾਕ' ਲੈਣ ਦੀ ਸਲਾਹ ਦਿੱਤੀ ਅਤੇ ਆਖਿਆ ਕਿ ਜੋ ਹੁਕਮ ਗੁਰੂ ਗ੍ਰੰਥ ਸਾਹਿਬ ਦਾ ਆਵੇ, ਉਸ ਉੱਤੇ ਅਮਲ ਕੀਤਾ ਜਾਏ।[1] ਨਿੱਜ ਮੱਤ ਸਿੱਖ ਨੇ ਕਦੇ ਅਪਣਾਇਆ ਨਹੀਂ। ਸਿੱਖ ਗੁਰਮਤ ਤੇ ਟੁਰਦਾ ਹੈ, ਗੁਰੂ ਗ੍ਰੰਥ ਸਾਹਿਬ ਦਾ ਵਾਕ ਲਿਆ ਤਾਂ ਹੁਕਮ ਆਇਆ :

"ਥਿਰੁ ਘਰਿ ਬੈਸਹੁ
ਹਰਿਜਨ ਪਿਆਰੇ।
ਸਤਿਗੁਰਿ ਤੁਮਰੇ ਕਾਜ ਸਵਾਰੇ। ੧। ਰਹਾਉ।
ਦੁਸਟ ਦੂਤ ਪਰਮੇਸਰਿ ਮਾਰੇ।
ਜਨ ਕੀ ਪੈਜ ਰਖੀ ਕਰਤਾਰੇ। ੧।

ਗਿਆਨੀ ਗਿਆਨ ਸਿੰਘ ਜੀ ਲਿਖਦੇ ਹਨ :

"ਜਸੇ ਸਿੰਘ ਸਰਦਾਰ ਭਾਖਯੋ ਵਿਚਾਰ, ਅਬ ਚਲੋ ਦਰਬਾਰ। ਵਾਕ ਚਾਹੀਏ ਗੁਰ ਲਯੋ ਜਾਇ ਖੜੇ ਸਾਰੇ, ਗੁਰੂ ਗ੍ਰੰਥ ਜੀ ਪੁਕਾਰੇ, ਪੈਜ ਰਖੀ ਕਰਤਾਰੇ, ਦੂਤ ਦੁਸ਼ਟ ਕਰੇ ਖਯੋ।"

"ਸੁਨ ਕੇ ਮਹਾਨ, ਮੋਦ, ਪੰਥ ਮਾਨਤ ਸਹੀ, ਬਾਟ ਕੇ ਤਿਹਾਵਲੇ (ਕੜਾਹ ਪ੍ਰਸਾਦਿ), ਉਤਾਵਲੇ ਚਢੇ ਪਯੋ।"

ਸਰਦਾਰ ਹਰੀ ਸਿੰਘ ਭੰਗੀ ਨੇ ਉਸੇ ਸਮੇਂ ਹੋਰ ਜੱਥਿਆਂ ਸਮੇਤ ਚੜ੍ਹਾਈ ਕਰ ਕੇ ਬ੍ਰਾਹਮਣ ਦੀ ਪਤਨੀ ਕਸੂਰ ਦੇ ਨਵਾਬ ਕੋਲੋਂ ਛੁੜਾਈ ਤੇ ਉਸ ਦੇ ਘਰ ਪਹੁੰਚਾਈ।

ਗੱਲ ਕੀ, ਇਹ ਵਸਾਖੀ ਖਾਲਸੇ ਦਾ ਸੰਸਾਰ ਦੇ ਲੋਕਾਂ ਪ੍ਰਤੀ ਪ੍ਰਣ ਹੈ ਕਿ ਉਹ ਨਿਆਰਾ ਰਹਿ, ਜ਼ੁਲਮਾਂ ਨਾਲ ਟਕਰਾਂਦਾ ਰਹੇਗਾ ਤੇ ਮਜ਼ਲੂਮਾਂ ਉੱਤੇ ਹੋਇਆ ਹਰ ਵਾਰ ਆਪਣੇ ਸੀਨੇ ਤਾਣ ਝੱਲੇਗਾ ਤੇ ਉਸ ਲਈ ਤੱਤਪਰ ਹੈ। ਜਿੱਤ ਦੀ ਖ਼ੁਸ਼ੀ ਵਿਚ ਉਹ ਆਦਰਸ਼ ਨਹੀਂ ਭੁੱਲਦਾ ਤੇ ਦੁੱਖਾਂ ਵਿਚ ਚੜ੍ਹਦੀ ਕਲਾਂ ਨੂੰ ਹੱਥੋਂ ਨਹੀਂ ਛੱਡਦਾ। ਵਿਸਾਖੀ ਉਸ ਨੂੰ ਸਦਾ ਜੀਵਨ ਜਾਗ੍ਰਿਤੀ ਤੇ ਜੈ ਲਈ ਪ੍ਰੇਰਦੀ ਰਹਿੰਦੀ ਹੈ।

□

1. ਅਰਦਾਸ ਵੇਲੇ ਇਹ ਸ਼ਬਦ ਆਖੇ ਸਨ :
ਤੂੰ ਗੁਰੂ ਗ੍ਰੰਥ ਸਚੀ ਹੈ ਦੇਹ। ਸਿੱਖ ਸੰਗਤ ਕੋ ਸੱਚ ਵਾਕ ਦੇਹ।
ਦੀਜੈ ਵਾਕ ਜੁ ਕਰਨੈ ਹੋਈ। ਤੂੰ ਸਤਿਗੁਰ ਹਮ ਹੈ ਸਿੱਖ ਤੋਈ।

Sri Satguru Jagjit Singh Ji eLibrary NamdhariElibrary@gmail.com

# ਦੀਵਾਲੀ ਕੀ ਰਾਤਿ ਦੀਵੇ ਬਾਲੀਅਹਿ

ਭਾਈ ਗੁਰਦਾਸ ਜੀ ਦਾ 'ਦੀਵਾਲੀ ਕੀ ਰਾਤਿ ਦੀਵੇ ਬਾਲੀਅਹਿ' ਦਾ ਜ਼ਿਕਰ ਕਰਨਾ ਇਹ ਪ੍ਰਗਟ ਕਰਦਾ ਹੈ ਕਿ ਪੰਜਾਬ ਵਿਚ ਦੀਵਾਲੀ ਮਨਾਉਣ ਦਾ ਰਿਵਾਜ ਪੈ ਗਿਆ ਸੀ। ਇਸੇ ਦਿਨ ਬਿਕ੍ਰਮਾਦਿਤਆ ਤਖ਼ਤ ਤੇ ਬੈਠਿਆ ਸੀ ਤੇ ਅੱਜ ਦਾ ਬਿਕ੍ਰਮੀ ਸੰਮਤ ਉਸੇ ਦੀ ਯਾਦ ਦਿਲਾਂਦਾ ਹੈ। ਕੰਸ ਕੇਸੀ ਪਕੜ ਸ੍ਰੀ ਕ੍ਰਿਸ਼ਨ ਜੀ ਨੇ ਇਸੇ ਦਿਨ ਗਿਰਾਇਆ ਸੀ ਅਤੇ ਖ਼ੁਸ਼ੀ ਮਨਾਉਂਦਿਆਂ ਸਭੇ ਪਾਸੇ ਰੌਸ਼ਨੀ ਕੀਤੀ ਗਈ ਸੀ। ਮਨੌਤ ਹੈ ਕਿ ਜਦ ਸ੍ਰੀ ਰਾਮ ਚੰਦਰ ਜੀ ਸੀਤਾ ਨੂੰ ਰਾਵਣ ਦੇ ਪੰਜੇ ਤੋਂ ਛੁਡਾ ਕੇ ਲਿਆਏ ਸਨ ਤਾਂ ਅਯੁਧਿਆ ਵਿਖੇ ਪ੍ਰਵੇਸ਼ ਇਸੇ ਦਿਨ ਕੀਤਾ ਸੀ ਅਤੇ ਰਾਤ ਨੂੰ ਘਰ-ਘਰ ਦੀਪ ਮਾਲਾ ਕੀਤੀ ਗਈ ਸੀ। ਲਕਸ਼ਮੀ ਪੂਜਾ ਵੀ ਹੋਣ ਲੱਗ ਪਈ ਸੀ। 'ਧਨ ਤੇਰਸ' ਦਾ ਭਾਵ ਹੀ ਇਹ ਹੈ ਕਿ ਧੰਨ ਦੀ ਪੂਜਾ ਦਾ ਦਿਨ। ਮਹਾਂਰਾਸ਼ਟਰ, ਗੁਜਰਾਤ ਅਤੇ ਮੱਧ ਪ੍ਰਦੇਸ਼ ਵਿਚ ਵਪਾਰੀ ਆਪਣੇ ਹਿਸਾਬ ਦੇ ਵਹੀ ਖਾਤੇ ਇਸੇ ਦਿਨ ਲਗਾਂਦੇ ਹਨ। ਆਰੀਆ ਤੋਂ ਪਹਿਲਾਂ ਪੰਜਾਬ ਵਿਚ ਇਹ ਹੁਕਮ ਸੀ ਕਿ ਜੋ ਵੀ ਕਿਸੇ ਕੋਲ ਮਾਲ, ਧੰਨ ਹੈ, ਉਸ ਦਾ ਪ੍ਰਗਟਾਵਾ ਕਰੇ। ਆਰੀਆਂ ਨੇ ਇਸੇ ਹੁਕਮ ਦਾ ਲਾਭ ਉਠਾਂਦੇ ਹੋਏ ਇਸ ਦਿਨ ਲਕਸ਼ਮੀ ਪੂਜਾ ਦਾ ਤਿਉਹਾਰ ਬਣਾ ਲਿਆ। ਇਸ ਦੇ ਤਿੰਨ ਲਾਭ ਹੁੰਦੇ ਸਨ। ਇਕ ਤਾਂ ਲੋਕਾਂ ਨੂੰ ਪਤਾ ਲੱਗ ਜਾਂਦਾ ਸੀ ਕਿ ਬਾਦਸ਼ਾਹ, ਕਰਮਚਾਰੀਆਂ ਤੇ ਪਰਜਾ ਪਾਸ ਕਿਤਨਾ ਕੁ ਮਾਲ ਧਨ ਹੈ, ਜੋ ਲੋੜ ਵੇਲੇ ਵਰਤਿਆ ਜਾ ਸਕਦਾ ਹੈ; ਦੂਜੇ ਹਰ ਇਕ ਦੀ ਪਰਖ ਜੋਖ ਹੋ ਜਾਂਦੀ ਸੀ ਕਿ ਉਸ ਨੇ ਕਰ ਆਦਿ ਖ਼ਜ਼ਾਨੇ ਤਾਰਿਆ ਹੈ ਜਾਂ ਨਹੀਂ, ਤੀਜੇ; ਅਮੀਰ ਆਪਣੀ ਦਿਆਨਤਦਾਰੀ ਦਾ ਪ੍ਰਗਟਾਵਾ ਵੀ ਕਰ ਜਾਂਦੇ ਸਨ। ਉਹ ਇਹ ਦਰਸਾ ਜਾਂਦੇ ਸਨ ਕਿ ਉਨ੍ਹਾਂ ਲੋਕਾਂ ਤੇ ਰਾਜੇ ਕੋਲੋਂ ਕੁਝ ਵੀ ਛੁਪਾ ਕੇ ਨਹੀਂ ਰੱਖਿਆ। ਅੱਜ ਲੱਖ ਕੋਸ਼ਿਸ਼ ਕਰਨ ਤੇ ਵੀ ਕੋਈ ਠੀਕ ਇਨਕਮ ਟੈਕਸ ਰੀਟਰਨ ਭਰਨ ਨੂੰ ਤਿਆਰ ਨਹੀਂ। ਦੀਵਾਲੀ ਦੀ ਰਾਤ ਨੂੰ ਸੁਖ ਰਾਤ੍ਰੀ ਵੀ ਕਹਿੰਦੇ ਸਨ। ਇਹ ਖ਼ਿਆਲ ਵੀ ਹਿੰਦੁਸਤਾਨ ਵਿਚ ਪ੍ਰਚਲਤ ਹੈ ਕਿ ਦੁਸ਼ਟ ਆਤਮਾਵਾਂ ਫਿਰਦੀਆਂ ਰਹਿੰਦੀਆਂ ਹਨ ਅਤੇ ਜਿੱਥੇ ਵੀ ਅੰਧਕਾਰ ਹੋਵੇਗਾ ਉਥੇ ਹੀ ਪ੍ਰਵੇਸ਼ ਕਰ ਜਾਣਗੀਆਂ, ਸੋ ਦੀਵੇ ਬਾਲਣੇ ਚਾਹੀਦੇ ਹਨ।

ਦੀਵਾਲੀ ਦੀ ਰਾਤ ਦੀਵੇ ਬਾਲਣ ਦਾ ਰਿਵਾਜ ਸੰਸਾਰ ਭਰ ਵਿਚ ਵੀ ਕਿਸੇ ਨਾ

Sri Satguru Jagjit Singh Ji eLibrary NamdhariElibrary@gmail.com

ਕਿਸੇ ਰੂਪ ਵਿਚ ਮਿਲਦਾ ਹੈ। ਪ੍ਰਸਿੱਧ ਮਹਾਂਕਵੀ ਹੋਮਰ ਨੇ ਆਪਣੇ ਮਹਾਂਕਾਵਿ 'ਇਲੀਅਡ ਐਂਡ ਔਡਸੀ' ਵਿਚ ਅਨੇਕ ਥਾਵਾਂ ਤੇ 'ਫੈਸਟੀਵੈਲ ਔਫ਼ ਲੈਂਪਸ' ਦੀ ਚਰਚਾ ਕੀਤੀ ਹੈ। ਇਤਿਹਾਸਕਾਰ ਹੈਰੋਡੋਟਸ ਨੇ ਮਿਸਰ ਵਿਚ 'ਲਚਨੋਨ' ਨਾਂ ਦੇ ਇਕ ਤਿਉਹਾਰ ਦਾ ਜ਼ਿਕਰ ਕੀਤਾ ਹੈ ਜਿਸ ਦਾ ਅਰਥ ਹੈ, 'ਰੌਸ਼ਨੀ ਦਾ ਤਿਉਹਾਰ'। ਉਸ ਦਿਨ ਵਿਸ਼ੇਸ਼ ਕਿਸਮ ਦੀਆਂ ਮਿਸਾਲਾਂ ਵਿਚ ਤੇਲ ਭਰ ਕੇ ਸਾਰੀ ਰਾਤ ਜਲਾਇਆ ਜਾਂਦਾ ਹੈ। ਯਹੂਦੀ ਵੀ ੨੧ ਦਸੰਬਰ ਨੂੰ 'ਫੀਸਟ ਔਫ਼ ਡੈਡੀਕੇਸ਼ਨ' ਮਨਾਂਦੇ ਹਨ ਜੋ ਵਾਸਤਵ ਵਿਚ ਦੀਵਿਆਂ ਦਾ ਹੀ ਪੁਰਬ ਹੈ। ਇਸੇ ਅਕਤੂਬਰ ਦੇ ਮਹੀਨੇ ਆਇਰਲੈਂਡ ਦੇ ਨਿਵਾਸੀ ਵੈਲਟ ਵੀ ਦੀਵੇ ਜਗਾਂਦੇ, ਮੋਮਬੱਤੀਆਂ ਬਾਲਦੇ ਅਤੇ ਸੰਬੰਧੀਆਂ ਨੂੰ ਮਿਲਦੇ ਹਨ। ਚੀਨ ਦਾ ਜਦ ਨਵਾਂ ਸਾਲ ਸ਼ੁਰੂ ਹੁੰਦਾ ਹੈ ਉਹ ਉਸ ਰਾਤ ਦੀਵੇ ਜਗਾਂਦੇ ਹਨ ਅਤੇ ਰੰਗ-ਬਰੰਗੀਆਂ ਕੰਦੀਲਾਂ ਵਿਚ ਰੌਸ਼ਨੀ ਕਰਦੇ ਹਨ। ਨੇਪਾਲ ਵਿਚ ਦੀਵਾਲੀ ਪੰਜ ਦਿਨ ਮਨਾਈ ਜਾਂਦੀ ਹੈ।

ਮਹਾਨ ਕੋਸ਼ ਦੇ ਕਰਤਾ ਅਨੁਸਾਰ, "**ਸਿੱਖਾਂ ਵਿਚ ਦੀਵੇ ਮਚਾਉਣ ਦੀ ਰਸਮ ਬਾਬਾ ਬੁੱਢਾ ਜੀ ਨੇ ਚਲਾਈ।**" ਕਿਉਂਕਿ ਗੁਰੂ ਹਰਗੋਬਿੰਦ ਸਾਹਿਬ ਦੀਵਾਲੀ ਦੇ ਦਿਨ ਗਵਾਲੀਅਰ ਦੇ ਕਿਲ੍ਹੇ ਤੋਂ ਅੰਮ੍ਰਿਤਸਰ ਪਧਾਰੇ ਸਨ। ਇਸ ਵਾਸਤੇ ਖ਼ੁਸ਼ੀ ਵਿਚ ਰੌਸ਼ਨੀ ਕੀਤੀ ਗਈ। 'ਵਿਸਾਖੀ ਨੂੰ ਅੱਗੇ ਹੀ ਜੋੜ ਮੇਲੇ ਹੁੰਦੇ ਸਨ, ਹੁਣ ਦੀਵਾਲੀ ਨੂੰ ਵੀ ਇਕੱਠੇ ਹੋਣ ਲੱਗੇ। ਹਾੜ੍ਹੀ ਵੇਲੇ ਵਿਸਾਖੀ ਨੂੰ ਅਤੇ ਸਾਵਣੀ ਉਪ੍ਰੰਤ ਦੀਵਾਲੀ ਨੂੰ ਸੰਗਤਾਂ ਗੁਰੂ ਚਰਨਾਂ ਵਿਚ ਜੁੜਦੀਆਂ। ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਨਾਮਿਆਂ ਵਿਚ ਦੀਵਾਲੀ ਨੂੰ ਸ੍ਰੀ ਅਨੰਦਪੁਰ ਆਉਣ ਦੀ ਤਾਕੀਦ ਕੀਤੀ ਗਈ ਹੈ। ਢਾਕੇ, ਲਸ਼ਕਰ, ਚਟਗਾਂਵ, ਸਨਦੀਪ ਅਤੇ ਸਿਲਹਟ ਦੀ ਸੰਗਤ ਦੇ ਨਾਂ ਹੁਕਮਨਾਮਿਆਂ ਵਿਚ ਭਾਈ ਹੁਲਾਸ ਚੰਦ ਨੂੰ ਖ਼ਾਸ ਆਗਿਆ ਹੈ ਕਿ 'ਦੀਵਾਲੀ ਨੂੰ ਦਰਸ਼ਨ ਆਵਣਾ'। ਹੁਕਮਨਾਮੇ ਦੇ ਸ਼ਬਦ ਹਨ :

"ਸਰਬਤ ਸੰਗਤ ਢਾਕੇ ਕੀ, ਸੰਗਤ ਲਸ਼ਕਰ ਕੀ.
ਚਟਾਗਾਵ ਕੀ, ਸਨਦੀਪ ਕੀ ਸੰਗਤ, ਸਿਲਹਟ ਕੀ,
ਸਰਬ ਸੰਗਤ ਗੁਰੂ ਰਖੇਗਾ। ਜਿਨ ਸਿਖ ਵਾਹਗੁਰੂ
ਕੀਤਾ ਹੈ ਤਿਸਨੋ ਹੁਕਮ ਹੈ ਕਾਰ ਭੇਟ ਮਨਤ ਅਰਦਾਸ
ਕਪੜਾ ਹਥਿਆਰ ਢਾਲ ਜੋ ਗੁਰੂ ਕੇ ਨਵਿਤ ਕਢਨੀ ਹੋਵੇ ਸੋ
ਭਾਈ ਹੁਲਾਸ ਚੰਦ ਨੋ ਦੇਣੀ। ਹੋਰਸ ਨੋ ਨਾਹੀ ਦੇਣੀ।
ਸੰਗਤ ਮੇਰੇ ਹੁਕਮ ਨਾਲ ਕੰਮ ਹੈ।
ਭਾਈ ਹੁਲਾਸ ਚੰਦ ਸੰਗਤ ਕਾਰ ਭੇਟ ਲੈ ਕੇ
**ਦੀਵਾਲੀ ਨੋ ਦਰਸਨ ਆਵਣਾ।**
ਜੋ ਸਿਖ ਦਰਸਨ ਆਵਗ ਤਿਸਦੇ ਕਦਮ ਥਾਇ ਪਉਨਗੇ।"

ਜੇਠ ਸੁਦੀ ੫, ਸੰਮਤ ੧੭੪੮ (੨੨ ਮਈ, ਸੰਨ ੧੬੯੧ ਈ:) ਨੂੰ ਸੰਗਤ ਢਾਕੇ ਕੀ ਗਿਰਦ ਨਿਵਾਹੀ ਜੋਗ ਹੁਕਮਨਾਮੇ ਵਿਚ ਵੀ ਦੀਵਾਲੀ ਅਤੇ ਦੀਪ ਮਾਲਾ ਦਾ ਬਾਰ-ਬਾਰ ਜ਼ਿਕਰ ਹੈ। ਉਸ ਹੁਕਮਨਾਮੇ ਦੇ ਸ਼ਬਦ ਹਨ :

"ਸੰਗਤ ਨੂੰ ਫਰਮਾਇਸ ਏਕਠੇ ਹੋਇ ਕੈ ਕਰਣੀ
ਜੋ ਸਿਖ ਫੁਰਮਾਇਸ ਮੈ ਰੁਪਯਾ ਮੁਹਰ ਡਾਲੇਗਾ

Sri Satguru Jagjit Singh Ji eLibrary NamdhariElibrary@gmail.com

ਤਿਸ ਕਾ ਗੁਰੂ ਕੀ ਦਰਗਾਹ ਮੈ ਥਾਇ ਪੜੇਗਾ।
ਸੰਗਤ ਕੇ ਰੁਜ਼ਗਾਰ ਮੈ ਗੁਰੂ ਬਰਕਤ ਕਰੇਗਾ।
**ਢਾਕਾ ਹਮਾਰਾ ਘਰ ਹੈ। ਏਹ ਫਰਮਾਇਸ ਸੰਗਤ ਨੇ**
**ਏਕਠੇ ਹੋਇ ਕੇ ਦੀਵਾਲੀ ਨੂੰ ਹਮਾਰੇ ਹਜ਼ੂਰ ਭੇਜ ਦੇਣੀ।**
ਬਹੁਤ ਢੀਲ ਕਾ ਕਾਮ ਨਾਹੀ।
ਏਹ ਕਾਮ ਸੰਗਤ ਨੇ ਏਕਠੇ ਹੋ ਕੇ ਕਰਨਾ।
ਜੋ ਫਰਮਾਇਸ ਮੈ ਹਮਾਰਾ ਸਿਖ ਬੈਠੇਗਾ।
ਤਿਸ ਕੇ ਗੁਰੂ ਸਭ ਮਨੋਰਥ ਪੂਰੇ ਕਰੇਗਾ।
ਉਸ ਸਿਖ ਕੋ ਜਮ ਕਾ ਭਉ ਨ ਬਿਆਪੇਗਾ।
ਇਹ ਹਮਾਰੀ ਰੀਝ ਕੀ ਫਰਮਾਇਸ਼ ਹੈ।
ਸੰਗਤ ਕੋ ਹਮਾਰਾ ਹੁਕਾ ਹੈ ਜੋ ਇਹ ਫਰਮਾਇਸ
ਸਿਤਾਬੀ ਫਰਮਾਇਸ ਕਰ ਭੇਜਨੀ।
**ਦੀਪ ਮਾਲਾ ਕੋ ਹਮਾਰੇ ਹਜ਼ੂਰ ਪਹੁਚੈ।**
ਢਾਕਾ ਹਮਾਰਾ ਘਰ ਹੈ।
ਸੰਗਤ ਕੇ ਰੁਜ਼ਗਾਰ ਮੈ ਗੁਰੂ ਬਰਕਤ ਕਰੇਗਾ।
ਸੰਗਤਿ ਨਿਹਾਲ ਹੋਈ।
ਸੰਗਤਿ ਕਾ ਖਸਮਾਨਾ ਹੋਵੇਗਾ।
ਮਨੋਰਥ ਪੂਰੇ ਹੋਏ।"

ਇਸੇ ਤਰ੍ਹਾਂ ਪਟਨਾ ਸਾਹਿਬ, ਮੁੰਘੇਰ, ਪਟਣ ਫਰੀਦ ਦੀਆਂ ਸੰਗਤਾਂ ਦੇ ਨਾਮ ਹੁਕਮਨਾਮਿਆਂ ਵਿਚ ਦੀਵਾਲੀ ਨੂੰ ਪੁੱਜਣ ਤੇ ਕਾਰ ਭੇਟ ਲਿਆਉਣ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਹੁਕਮ ਭੇਜੇ ਹਨ। ਖਾਲਸਾ ਸਾਜਣ ਉਪ੍ਰੰਤ ਅਨੰਦਪੁਰ ਦੀ ਦੀਵਾਲੀ ਦੀ ਰੌਣਕ ਦੇਖਣ ਯੋਗ ਹੁੰਦੀ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਉਪ੍ਰੰਤ ਸਰਬਤ ਖਾਲਸਾ ਦੀਵਾਲੀ ਅਤੇ ਵਿਸਾਖੀ ਨੂੰ ਹੀ ਅਕਾਲ ਤਖ਼ਤ ਜੁੜ ਕੇ ਗੁਰਮਤੇ ਸੋਧਦਾ ਅਤੇ ਪਾਲਣਾ ਕਰਦਾ ਸੀ। ਮਾਤਾ ਸੁੰਦਰੀ ਜੀ ਦੇ ਉਸ ਦੌਰਾਨ ਲਿਖੇ ਹੁਕਮਨਾਮਿਆਂ ਵਿਚ ਵਿਸਾਖੀ ਅਤੇ ਦੀਵਾਲੀ ਦੇ ਇਕੱਠਾਂ ਦਾ ਵਰਣਨ ਹੈ। ਬਾਬਾ ਬੰਦਾ ਸਿੰਘ ਜੀ ਬਹਾਦਰ ਦੀ ਸ਼ਹੀਦੀ ਉਪ੍ਰੰਤ ਜਦ ੧੭੨੦ ਈ: ਦੀ ਦੀਵਾਲੀ ਨੂੰ ਬੰਦਈਆਂ ਤੇ ਤਤ ਖਾਲਸਾ ਵਿਚਕਾਰ ਹਰਿਮੰਦਰ ਸਾਹਿਬ ਦੀਆਂ ਪ੍ਰਕਰਮਾਂ ਵਿਚ ਹੀ ਲੜਾਈ ਹੋ ਗਈ ਤਾਂ ਮਾਤਾ ਸੁੰਦਰੀ ਜੀ ਨੇ ਭਾਈ ਮਨੀ ਸਿੰਘ ਜੀ ਨੂੰ ਸ੍ਰੀ ਅੰਮ੍ਰਿਤਸਰ ਦਾ ਮੁੱਖ ਗ੍ਰੰਥੀ ਬਣਾ ਕੇ ਭੇਜਿਆ। ਉਨ੍ਹਾਂ ਸੂਝ, ਸਿਆਣਪ ਅਤੇ ਜੁਗਤ ਨਾਲ ਵਿਸਾਖੀ ਤੇ ਝਗੜਾ ਨਿਬੇੜ ਦਿੱਤਾ ਅਤੇ ਫਿਰ ਦੀਵਾਲੀ ਦੇ ਇਕੱਠ ਉਤਸ਼ਾਹ ਪੂਰਵਕ ਹੋਣ ਲੱਗੇ।

ਅਬਦੁਸ ਸਮਦ ਖ਼ਾਨ ਸਿੱਖਾਂ ਨੂੰ ਦਬਾਉਂਦਾ-ਦਬਾਉਂਦਾ ਥੱਕ ਗਿਆ ਤਾਂ ਦਿੱਲੀ ਦੀ ਸਰਕਾਰ ਨੇ ਉਸ ਦੇ ਪੁੱਤਰ ਜ਼ਕਰੀਆ ਖ਼ਾਨ ਨੂੰ ਲਾਹੌਰ ਦਾ ਗਵਰਨਰ ਥਾਪ ਦਿੱਤਾ। ਉਸ ਨੇ ਦੋ-ਅਮਲੀ ਦੀ ਪਾਲਿਸੀ ਰੱਖੀ। ਪਿਛਲੇ ਦਸਾਂ ਸਾਲਾਂ ਵਿਚ ਉਸ ਇਤਨਾ ਜਾਣ ਲਿਆ ਸੀ ਕਿ ਨਿਰੋਲ ਸਖ਼ਤੀ ਸਿੱਖਾਂ ਨੂੰ ਦਬਾ ਨਹੀਂ ਸਕੇਗੀ। ਸੋ ਉਸ ਨੇ ਇਕ ਹੱਥ ਸਖ਼ਤੀ

ਤੇ ਦੂਜੇ ਨਾਲ ਨਰਮੀ ਵਰਤੀ। ਪਿੰਡਾਂ ਵਿਚ ਰਹਿਣਾ ਸਿੱਖਾਂ ਦਾ ਮੁਸ਼ਕਿਲ ਬਣਾ ਦਿੱਤਾ ਪਰ ਸ਼ਹਿਰਾਂ ਵਿਚ ਸਿੱਖਾਂ ਨੂੰ ਉੱਚੇ ਅਹੁਦੇ ਵੀ ਦਿੱਤੇ। ਗੁਰਦੁਆਰਿਆਂ ਵਿਚ ਇਕੱਠ ਕਰਨ ਦੀ ਮਨਾਹੀ ਵੀ ਕੀਤੀ ਪਰ ਦੀਵਾਨ ਵਿਸਾਖੀ ਨੂੰ ਸ੍ਰੀ ਦਰਬਾਰ ਸਾਹਿਬ ਇਕੱਠ ਕਰਨ ਦੀ ਖੁੱਲ੍ਹ ਵੀ ਦਿੱਤੀ। ਇਸੇ ਨੀਤੀ ਤਹਿਤ ਨਵਾਬੀ ਵੀ ਭੇਜੀ। ਜ਼ਕਰੀਆ ਦਾ ਕਹਿਣਾ ਸੀ 'ਗੁੜ ਦਿੱਤੈ ਦੁਸ਼ਮਨ ਮਰੇ ਕਿਮ ਮੁਹਰੇ ਖ਼ਰੀਦੀਏ ਧਾਇ।' ਨਵਾਬੀ ਸਵੀਕਾਰ ਕਰਨ ਵੇਲੇ ਪਹਿਲੀ ਸ਼ਰਤ ਹੀ ਇਹ ਮਨਵਾਈ ਸੀ ਕਿ ਗੁਰਦੁਆਰਿਆਂ ਵਿਚ ਇਕੱਠ ਕਰਨ ਅਤੇ ਜੋੜ ਮੇਲੇ ਕਰਨ ਦੀ ਖੁੱਲ੍ਹ ਹੋਵੇਗੀ। ਸਿੰਘਾਂ ਵਿਚ ਐਸਾ ਜੋਸ਼ ਫੈਲਿਆ ਕਿ ਜ਼ਕਰੀਆ ਖ਼ਾਨ ਨੇ ਨਵਾਬੀ ਵਾਪਸ ਲੈ ਲਈ ਅਤੇ ਖ਼ਾਸ ਫਰਮਾਨ ਜਾਰੀ ਕੀਤਾ ਕਿ ਜੇ ਕੋਈ ਸਿੱਖਾਂ ਨੂੰ ਪਨਾਹ, ਮਦਦ ਜਾਂ ਪਤਾ ਬਤਲਾਉਣ ਤੋਂ ਇਨਕਾਰ ਕਰੇਗਾ, ਉਸ ਨੂੰ ਕਰੜੀ ਸਜ਼ਾ ਦਿੱਤੀ ਜਾਏਗੀ :

"ਜੋ ਸਿੰਘਨ ਕੋ ਕੋਊ ਲੁਕਾਵੈ।
ਸੋ ਵਹਿ ਆਪਨੀ ਜਾਨ ਗਵਾਵੈ।
ਆਇ ਸਿੰਘ ਬਤਾਵੈ ਨਾਹੀ।
ਵੈ ਭੀ ਆਪਨੀ ਜਿੰਦ ਗਵਾਹੀ।
ਜੋ ਸਿੰਘਨ ਕੋ ਦੇਵੈ ਨਾਜ।
ਮੁਸਲਮਾਨ ਕਰੈ ਤਿਸ ਕਾਜ।"

ਪਰ ਸਿੰਘਾਂ ਨੇ ਦੀਵਾਲੀ ਨੂੰ ਇਕੱਠ ਕਰਨਾ ਨ ਛੱਡਿਆ। ਕਨ੍ਹਈਆ ਲਾਲ ਦੇ ਕਥਨ ਅਨੁਸਾਰ, 'ਹਜ਼ਾਰਾਂ ਸਿੱਖ ਕਤਲ ਹੋਏ, ਹਜ਼ਾਰਾਂ ਤਬਾਹ ਤੇ ਬਰਬਾਦ ਹੋ ਗਏ। ਜਹਿੰਦੇ ਪਹਾੜਾਂ ਨੂੰ ਨੱਸ ਭੱਜ ਗਏ ਅਤੇ ਸਿੱਖਾਂ ਦਾ ਮਾਝਾ ਦੇਸ਼ ਬਿਲਕੁਲ ਹੀ ਉੱਜੜ ਗਿਆ।' ਕਈ ਸਾਲ ਜਦ ਦੀਵਾਲੀ ਦੇ ਦੀਵਾਨ ਨਾ ਹੋਏ ਤਾਂ ਭਾਈ ਮਨੀ ਸਿੰਘ ਜੀ ਨੇ ੧੬੩੯ ਈ: ਦੀ ਦੀਵਾਲੀ ਨੂੰ ਸਰਬਤ ਖਾਲਸੇ ਦਾ ਇਕੱਠ ਕਰਨ ਦੀ ਸੋਚੀ। ਜ਼ਕਰੀਆ ਖ਼ਾਨ ਨੇ ਇਸ ਸ਼ਰਤ ਤੇ ਇਜਾਜ਼ਤ ਦਿੱਤੀ ਕਿ ੫੦੦੦ ਰੁਪਏ ਕਰ ਵਜੋਂ ਤਾਰੇ ਜਾਣਗੇ। ਭਾਈ ਮਨੀ ਸਿੰਘ ਜੀ ਨੇ ਇਹ ਪ੍ਰਵਾਨ ਕਰ ਲਿਆ। ਕਿਉਂਕਿ ਉਹ ਹਰ ਹੀਲੇ ਇਕ ਵਾਰੀ ਇਕੱਠ ਕਰਨਾ ਚਾਹੁੰਦੇ ਸਨ। ਦੂਜੇ ਪਾਸੇ ਜ਼ਕਰੀਆ ਖ਼ਾਨ ਤਾਕ ਵਿਚ ਸੀ। ਸਿੱਖਾਂ ਦੇ ਹੋਏ ਇਕੱਠ ਨੂੰ ਉਹ ਜਾਲ ਵਿਚ ਆਇਆ ਇਕ ਸ਼ਿਕਾਰ ਸਮਝਦਾ ਸੀ। ਜ਼ਕਰੀਆ ਖ਼ਾਨ ਦਾ ਮਨਸੂਬਾ ਸੀ ਕਿ ਜੁੜੇ ਖਾਲਸਾ ਨੂੰ ਦੀਵਾਲੀ ਦੀ ਰਾਤ ਘੇਰ ਕੇ ਤੋਪਾਂ ਨਾਲ ਉੜਾ ਦਿੱਤਾ ਜਾਏ। ਭਾਈ ਮਨੀ ਸਿੰਘ ਜੀ ਨੇ ਉਸ ਦੀਵਾਲੀ ਲਈ ਉਚੇਚੇ ਹੁਕਮਨਾਮੇ ਵੀ ਭੇਜੇ ਸਨ। ਜ਼ਕਰੀਆ ਨੇ ਇਹ ਚਾਲ ਬਣਾਈ ਕਿ ਦੀਵਾਲੀ ਵੇਲੇ ਲਖਪਤ ਰਾਇ ਨੂੰ ਭਾਰੀ ਫ਼ੌਜ ਦੇ ਕੇ ਰਾਮ ਤੀਰਥ ਭੇਜਿਆ ਜਾਏ ਤੇ ਦੀਵਾਲੀ ਦੀ ਰਾਤ ਨੂੰ ਹਮਲਾ ਕਰ ਦਿੱਤਾ ਜਾਏ। ਅੰਮ੍ਰਿਤਸਰ ਫ਼ੌਜਾਂ ਇਕੱਠੀਆਂ ਹੁੰਦੀਆਂ ਦੇਖ ਅਤੇ ਪੱਕੀ ਸੂਹ ਮਿਲਣ ਤੇ ਭਾਈ ਮਨੀ ਸਿੰਘ ਜੀ ਨੇ ਹਰਕਾਰਿਆਂ ਨੂੰ ਦੌੜਾਇਆ ਕਿ ਰਸਤੇ ਵਿਚ ਹੀ ਸਿੰਘਾਂ ਨੂੰ ਰੋਕ ਦਿੱਤਾ ਜਾਏ। ਪਰ ਫਿਰ ਵੀ ਸਾਰਿਆਂ ਨੂੰ ਰੋਕਿਆ ਨਾ ਜਾ ਸਕਿਆ ਅਤੇ ਚੋਖਾ ਇਕੱਠ ਹੋ ਗਿਆ। ਮਿਥੀ ਚਾਲ ਮੁਤਾਬਕ ਲਖਪਤ ਰਾਇ ਨੇ ਹਮਲਾ ਕਰ ਦਿੱਤਾ। ਦੀਵਾਨ ਨਾ ਲੱਗ ਸਕੇ। ਬਹੁਤੇ ਇਸ਼ਨਾਨ ਕਰਦੇ ਕਰਦੇ ਹੀ ਸ਼ਹੀਦ ਕਰ ਦਿੱਤੇ ਗਏ ਅਤੇ ਕਈ ਪਰਕਰਮਾ ਵਿਚ ਪਾਠ ਕਰਦੇ ਗੋਲੀਆਂ ਨਾਲ ਭੁੰਨ ਦਿੱਤੇ ਗਏ। ਭਾਈ ਮਨੀ ਸਿੰਘ ਜੀ ਨੇ ਇਸ ਸਾਰੇ

Sri Satguru Jagjit Singh Ji eLibrary NamdhariElibrary@gmail.com

ਸਾਕੇ ਦਾ ਰੋਸ ਮਨਾਇਆ ਅਤੇ ਜ਼ਕਰੀਆ ਖ਼ਾਨ ਪਾਸ ਸ਼ਕਾਇਤ ਭੇਜੀ। ਉਲਟਾ ਉਸ ਨੇ ੫,੦੦੦ ਰੁਪਏ ਦੀ ਮੰਗ ਕੀਤੀ। ਭਾਈ ਮਨੀ ਸਿੰਘ ਜੀ ਨੇ ਲਿਖਿਆ ਕਿ ਇਕੱਠ ਤਾਂ ਤੁਸਾਂ ਹੋਣ ਨਹੀਂ ਦਿੱਤਾ, ਰੁਪਿਆ ਕਿਸ ਗੱਲ ਦਾ ? ਭਾਈ ਮਨੀ ਸਿੰਘ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

## ਭਾਈ ਮਨੀ ਸਿੰਘ ਜੀ ਦੀ ਸ਼ਹਾਦਤ

ਜ਼ਕਰੀਆ ਖ਼ਾਨ ਨੇ ਭਾਈ ਜੀ ਨੂੰ ਇਸਲਾਮ ਕਬੂਲ ਕਰਨ ਲਈ ਕਿਹਾ ਅਤੇ ਜ਼ੁਰਮਾਨਾ ਨਾ ਤਾਰਨ ਦੀ ਸੂਰਤ ਵਿਚ ਬੰਦ-ਬੰਦ ਕੱਟਣ ਦਾ ਹੁਕਮ ਦਿੱਤਾ। ਭਾਈ ਜੀ ਨੇ ਸ਼ਹਾਦਤ ਕਬੂਲ ਕਰਦੇ ਹੋਇਆ ਫ਼ਰਮਾਇਆ ਕਿ ਕਈ ਜਨਮ ਸਿੱਖੀ ਤੋਂ ਵਾਰਨ ਲਈ ਤਿਆਰ ਹਾਂ :

"ਸਿੰਘ ਕਹਯੋ ਹਮ ਸਿਦਕ ਨਾ ਹਾਰੈ।
ਕਈ ਜਨਮ ਪਰ ਸਿਦਕ ਸੁ ਵਾਰੈ।"

ਕਾਜ਼ੀ ਨੇ ਬੰਦ-ਬੰਦ ਕੱਟਣ ਦਾ ਹੁਕਮ ਸੁਣਾਇਆ। ਸ਼ਾਹੀ ਕਿਲ੍ਹੇ ਪਾਸ ਬੰਦ-ਬੰਦ ਕੱਟਣ ਲਈ ਜਲਾਦ ਆ ਗਏ। ਭਾਈ ਜੀ ਦੇ ਕਈ ਸਾਥੀਆਂ ਨੂੰ ਵੀ ਸਖ਼ਤ ਸਜ਼ਾਵਾਂ ਦਿੱਤੀਆਂ ਗਈਆਂ। ਭਾਈ ਦੀਵਾਨ ਸਿੰਘ ਜੀ ਨੂੰ ਆਰੇ ਨਾਲ ਚੀਰਨ ਦਾ ਹੁਕਮ ਦਿੱਤਾ ਗਿਆ। ਭਾਈ ਗੁਲਜ਼ਾਰ ਸਿੰਘ ਜੀ ਨੂੰ ਤਸੀਹੇ ਦੇ ਦੇ ਸ਼ਹੀਦ ਕੀਤਾ ਗਿਆ। ਭਾਈ ਮਨੀ ਸਿੰਘ ਜੀ ਦੇ ਬੰਦ-ਬੰਦ ਕੱਟਣ ਦਾ ਦ੍ਰਿਸ਼ ਭਾਈ ਰਤਨ ਸਿੰਘ ਜੀ ਭੰਗੂ ਨੇ ਦਿਲ ਚੀਰਵੇਂ ਢੰਗ ਨਾਲ ਲਿਖਿਆ ਹੈ। ਭਾਈ ਮਨੀ ਸਿੰਘ ਜੀ ਦੇ ਪਹਿਲਾਂ ਪੰਜ ਪੋਟੇ, ਫਿਰ ਉਂਗਲਾਂ, ਫਿਰ ਕੂਹਨੀ, ਫਿਰ ਬਾਹਵਾਂ, ਫਿਰ ਮੋਢੇ, ਫਿਰ ਖੱਬੇ ਪਾਸੇ ਦੇ, ਫਿਰ ਸੱਜੇ ਪਾਸੇ ਦੇ ਬੰਦ ਕੱਟੇ ਗਏ। ਕਹਿੰਦੇ ਹਨ ਕਿ ਜਲਾਦ ਨੇ ਚਾਰ ਹੀ ਬੰਦ ਸਮਝੇ। ਪਰ ਭਾਈ ਸਾਹਿਬ ਨੇ ਬੰਦ ਗਿਣਵਾਏ ਅਤੇ ਬੰਦ ਬੰਦ ਕੱਟਣ ਲਈ ਕਿਹਾ :

"ਪਹਲੇ ਉਂਗਲੀਯੋ ਪੋਟੇ ਕਟਾਏ।
ਫਿਰ ਮੱਧ ਗੰਢ ਤੇ ਬੰਦ ਛਡਾਏ।
ਫਿਰ ਉਂਗਲੀ ਤਿਈ ਵਾਰ ਕਟਾਈ।
ਫਿਰ ਪੌਂਠੇ ਸੋ ਬੀਨੀ ਛੁਡਾਈ।
ਚੰਡਾਲ ਚਾਹੇ ਫਿਰ ਮੋਢਯੋ ਲਹਾਈ।
ਮਨੀ ਸਿੰਘ ਕਈ ਕੂਹਨੀ ਘੜਾਈ।
ਕੂਹਣੀਓ ਕਟਾਇ ਫਿਰ ਮੋਢਿਓ ਲਹਾਈ।
ਸਜੀ ਕਟਾਇ ਫਿਰ ਖਬੀ ਫੜਾਈ।
ਇਮਹੀ ਪੈਰਯੋ ਬੰਦ ਕਟਾਯੋ।
ਗਰ ਗਰ ਉਂਗਲ ਗੁਠੋ ਬਢਾਯੋ।

ਉਧਰ ਭਾਈ ਮਨੀ ਸਿੰਘ ਜੀ ਅਡੋਲ ਅਤੇ ਸੁਖਮਨੀ ਦੀਆਂ ਤੁਕਾਂ 'ਨਹਿ ਕਛੁ ਜਨਮੈ ਨਹ ਕਿਛੁ ਮਰੈ। ਆਪਨ ਚਲਤ ਆਪ ਹੀ ਕਰੈ' ਵਿਚ ਲੀਨ ਸਨ। ਨਾਲੋਂ ਨਾਲ ਇਹ ਬੋਲ ਰਹੇ ਸਨ : 'ਦੇਹੀ ਕਿਸ ਕੀ ਬਾਪੁਰੀ, ਸਿਖੀ ਜੇ ਸਾਬਤ ਹੋਇ।
ਦੇਹ ਤੂ ਆਵਣ ਜਾਣ ਹੈ, ਸਿਖੀ ਲਭੈ ਕਭ ਕੋਇ।' ਪੰਥ ਪ੍ਰਕਾਸ਼

Sri Satguru Jagjit Singh Ji eLibrary NamdhariElibrary@gmail.com

ਦੇ ਲਿਖਾਰੀ ਦਾ ਕਹਿਣਾ ਹੈ ਕਿ ਮਨਸੂਰ ਸ਼ਹੀਦ ਹੋਇਆ ਹੈ ਪਰ ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਕਈ ਮਨਸੂਰਾਂ ਨਾਲੋਂ ਵੱਧ ਹੈ:

"ਮਨਸੂਰ ਮਨਸੂਰ ਇਸ ਜਗ ਭਯੋ ਕਟੈ ਹਾਥ ਇਕ ਸਟ।
ਮਨੀ ਸਿੰਘ ਬਹੁ ਸਟ ਸਹੀ ਬੰਦ ਬੰਦ ਕਟਾਯੋ ਸਟ।
ਜੋ ਗੁਰ ਸਿੱਖ ਕਹਾਵੈ ਕਰਨੀ ਸੋਊ ਬਹਿ ਕਮਾਵੈ।
ਮਨੀ ਸਿੰਘ ਜੀ ਕੇ ਤੁਲ ਭਯੋ ਕੋਊ ਹੈ ਰਾਣਾ ਔ ਰੰਕ ਜੀ।"

ਇਸ ਸ਼ਹਾਦਤ ਉਪ੍ਰੰਤ ਸਿੰਘਾਂ ਵਿਚ ਇਕ ਐਸਾ ਜੋਸ਼ ਭਰਿਆ ਗਿਆ ਕਿ ਉਹ ਸੀਸ ਤਲੀ ਰੱਖ ਦੀਵਾਲੀ ਕੀ ਰਾਤ ਹਰਿਮੰਦਰ ਸਾਹਿਬ ਦੀਵੇ ਬਾਲਣ ਆਉਂਦੇ।

## ਬਾਬਾ ਦੀਪ ਸਿੰਘ ਜੀ ਦੀ ਸ਼ਹਾਦਤ

ਸੰਨ ੧੭੫੭ ਈ: ਦੀ ਦੀਵਾਲੀ ਤੋਂ ਕੁਝ ਦਿਨ ਪਹਿਲਾਂ ਹੀ ਅਹਿਮਦ ਸ਼ਾਹ ਅਬਦਾਲੀ ਨੇ ਸ੍ਰੀ ਦਰਬਾਰ ਸਾਹਿਬ ਪੂਰ ਦਿੱਤਾ ਸੀ ਤਾਂਕਿ ਸਿੰਘ ਦੀਵਾਲੀ ਨੂੰ ਇਕੱਠੇ ਨਾ ਹੋ ਸਕਣ। ਜਦ ਬਾਬਾ ਦੀਪ ਸਿੰਘ ਨੇ ਦਮਦਮਾ ਸਾਹਿਬ ਵਿਖੇ ਦਰਬਾਰ ਸਾਹਿਬ ਦੀ ਇਹ ਦੁਰਦਸ਼ਾ ਸੁਣੀ ਤਾਂ ਉਸੇ ਸਮੇਂ ਫ਼ੁਰਮਾਇਆ:

"ਸੀਸ ਸੁਧਾਸਰ ਹੇਤ ਕਰ ਦੇਵੇਂਗੇ ਹਮ ਜਾਇ।
ਕਰ ਅਰਦਾਸਾ ਟੁਰ ਪਏ ਸਿੰਘ ਜੀ ਫਤਹ ਗਜਾਇ।"

ਬਾਬਾ ਜੀ ਦੇ ਤਰਨਤਾਰਨ ਪੁੱਜਣ ਤਕ ੫,੦੦੦ ਸਿੰਘਾਂ ਦਾ ਜੱਥਾ ਬਣ ਗਿਆ। ਤਰਨਤਾਰਨ ਲਾਗੇ ਬਾਬਾ ਦੀਪ ਸਿੰਘ ਜੀ ਨੇ ਸ਼ਹੀਦੀ ਗਾਨਾ ਬੰਨ੍ਹ ਕੇ ਆਪਣੇ ਖੰਡੇ ਨਾਲ ਲਕੀਰ ਖਿੱਚੀ। ਸਾਰੇ ਸਿੰਘ ਸ਼ਹੀਦੀ ਲਈ ਤਿਆਰ ਹੋ ਗਏ। ਜਹਾਨ ਖ਼ਾਨ ਦੇ ਭੇਜੇ ਜਰਨੈਲ ਯਕੂਬ ਖ਼ਾਨ ਅਤੇ ਸਾਬਰ ਅਲੀ ਨੇ ਰਾਹ ਵਿਚ ਹੀ ਜੱਥੇ ਨੂੰ ਰੋਕ ਲਿਆ। ਯਕੂਬ ਖ਼ਾਨ ਦੇ ਸਿਰ ਬਾਬਾ ਜੀ ਨੇ ਇਤਨੇ ਜ਼ੋਰ ਦਾ ਗੁਰਜ ਮਾਰਿਆ ਕਿ ਉਹ ਥਾਂ ਤੇ ਹੀ ਖ਼ਤਮ ਹੋ ਗਿਆ। ਯਕੂਬ ਖ਼ਾਨ ਨੂੰ ਡਿੱਗਦਾ ਦੇਖ ਅਮਾਨ ਖ਼ਾਨ ਨੇ ਟਾਕਰਾ ਕੀਤਾ। ਇਸ ਫ਼ੁਰਤੀ ਨਾਲ ਤਲਵਾਰਾਂ ਚਲੀਆਂ ਕਿ ਅਮਾਨ ਖ਼ਾਨ ਤੇ ਬਾਬਾ ਜੀ ਦਾ ਸਿਰ ਲੱਥ ਗਿਆ। ਬਾਬਾ ਜੀ ਡਿੱਗੇ ਹੀ ਸਨ ਕਿ ਸਿੱਖ ਨੇ ਪੁਕਾਰਿਆ:

"ਢਿਗ ਤੇ ਇਕ ਸਿੱਖ ਕਿਹੋ।
ਪ੍ਰਣ ਤੁਮਾਰਾ ਦੀਪ ਸਿੰਘ ਰਿਹੋ।
ਗੁਰਪੁਰ ਜਾਏ ਸੀਸ ਮੈ ਦੇ ਹਉ।"

ਸੁਣ ਸਿੰਘ ਜੀ ਨਿਜ ਪ੍ਰਣ ਸੰਭਾਰਾ।
ਨਿਜ ਸਰ ਬਾਮ ਹਾਥ ਨਿਜ ਧਾਰਾ।
ਦਾਹਨੇ ਹਾਥ ਤੇਗ ਕੋ ਧਾਰਾ।
ਵਜ਼ਨ ਯਾਹ ਥਾ ਸੇਰ ਅਠਾਰਾਂ।

ਲਰਤ ਕੋਦ ਤੁਰਕ ਮਨ ਸੰਗੈ।
ਔਰ ਸੁਧਾ ਸਿਰ ਚਲਿਓਨ ਸੰਗੈ।

ਸਾਰੇ ਵੈਰੀ ਹੈਰਾਨ ਹੋਏ ਅਤੇ "ਸਿੰਘਾਂ ਦੀਆਂ ਲਾਸ਼ਾਂ ਵੀ ਲੜਦੀਆਂ ਹਨ"।

Sri Satguru Jagjit Singh Ji eLibrary NamdhariElibrary@gmail.com

ਆਖ ਕੇ ਭੱਜ ਉੱਠੇ :

'ਹੋਏ ਹੈਰਾਨ ਦੁਰਾਨੀ ਰਹੇ ।
ਹੋਏ ਭੈ-ਭੀਤ ਚਲੇ ਭਗ ਵਹੇ ।'

ਬਾਬਾ ਜੀ ਖੰਡਾ ਹੱਥ ਸੰਭਾਲ ਵਧਦੇ ਹੀ ਗਏ ਅਤੇ ਸਵਾਸ ਦਰਬਾਰ ਸਾਹਿਬ ਦੀਆਂ ਪਰਕਰਮਾ ਵਿਚ ਤਿਆਗੇ :

"ਤਬ ਇਕ ਸਿੰਘ ਨੇ ਏਸ ਇਯਾਚਾ ।
ਧਨਹਿ ਦੀਪ ਸਿੰਘ ਪ੍ਰਣ ਕੀਯੋ ਸਾਚਾ ।"

ਸਿੰਘਾਂ ਦੀਵਾਲੀ ਨੂੰ ਦੀਵੇ ਬਾਲੇ ਪਰ ਤੇਲ ਦੀ ਥਾਂ ਖ਼ੂਨ, ਬੱਤੀ ਦੀ ਥਾਂ ਆਪਾ ਵਿਛਾ ਕੇ । ਵੱਡੇ ਘਲੂਘਾਰੇ ਉਪ੍ਰੰਤ ਜਦ ਅਹਿਮਦ ਸ਼ਾਹ ਅਬਦਾਲੀ ਨੇ ਇਹ ਸਮਝ ਲਿਆ ਕਿ ਹੁਣ ਸਿੰਘ ਤਾਂ ਕਈ ਦਹਾਕੇ ਤਕ ਨਹੀਂ ਉੱਠ ਸਕਣਗੇ ਕਿਉਂ ਜੋ ਉਹ ਪਾਨੀਪਤ ਦੇਖ ਆਇਆ ਸੀ ਕਿ ਇਕ ਚਪੇੜ ਖਾ ਕੇ ਮਰਹੱਟੇ ਉੱਠਣ ਜੋਗੇ ਨਹੀਂ ਰਹੇ ਪਰ ਸਿੰਘ ਤਾਂ ਕਿਸੇ ਹੋਰ ਹੀ ਮਿੱਟੀ ਦੇ ਬਣੇ ਹੋਏ ਸਨ । ਉਨ੍ਹਾਂ ਨੇ ੧੭੬੨ ਈ: ਦੀ ਦੀਵਾਲੀ ਸ੍ਰੀ ਅੰਮ੍ਰਿਤਸਰ ਮਨਾਉਣ ਦਾ ਫੈਸਲਾ ਕੀਤਾ । ਅਬਦਾਲੀ ਕਲਾਨੌਰ ਤੋਂ ਲਾਹੌਰ ਮੁੜਿਆ ਹੀ ਸੀ ਕਿ ਸਿੱਖ ਦੀਵਾਲੀ ਲਈ ਇਕੱਠੇ ਹੋਣੇ ਸ਼ੁਰੂ ਹੋ ਗਏ । ਅਬਦਾਲੀ ਨੇ ਕਾਸਦ ਭੇਜੇ ਪਰ ਸਿੱਖਾਂ ਉਸ ਦੀ ਗੱਲ ਮੰਨਣੀ ਤਾਂ ਇਕ ਪਾਸੇ ਸੁਣੀ ਵੀ ਨਾਂਹ । ਦੀਵਾਲੀ ਤੋਂ ਇਕ ਦਿਨ ਪਹਿਲਾਂ ੧੭੬੨ ਈ: ਸ੍ਰੀ ਅੰਮ੍ਰਿਤਸਰ ਤੇ ਹੱਲਾ ਬੋਲ ਦਿੱਤਾ । ਉਸ ਦਿਨ ਅਮਾਵਸ ਅਤੇ ਸੂਰਜ ਗ੍ਰਹਿਣ ਇਕੱਠੇ ਹੋਣ ਕਾਰਨ ਚਾਰੇ ਪਾਸੇ ਹਨੇਰਾ ਛਾਇਆ ਹੋਇਆ ਸੀ । ਸਿੱਖਾਂ ਨੇ ਡੱਟ ਕੇ ਮੁਕਾਬਲਾ ਕੀਤਾ । ਸਰਦਾਰ ਗੁਰਬਖਸ਼ ਸਿੰਘ ਜੀ ਨੇ ਆਪਣੇ ਸਾਥੀਆਂ ਸਮੇਤ ਸ੍ਰੀ ਅਕਾਲ ਤਖ਼ਤ ਖੜੇ ਮੱਥੇ ਸ਼ਹਾਦਤ ਪ੍ਰਾਪਤ ਕੀਤੀ । ਜਦ ਅਬਦਾਲੀ ਦੇ ਫ਼ੌਜੀ ਆਪ ਜੀ ਦੇ ਮ੍ਰਿਤਕ ਸਰੀਰ ਨੂੰ ਧਰੀਕ ਰਹੇ ਸਨ ਤਾਂ ਆਪ ਜੀ ਦੀ ਇਕੋ ਹੀ ਖ਼ਾਹਿਸ਼ ਸੀ ਕਿ ਮੂੰਹ ਦਰਬਾਰ ਸਾਹਿਬ ਵੱਲ ਰਹੇ । ਸ਼ਹੀਦੀ ਪ੍ਰਾਪਤ ਕਰ ਗਏ ਪਰ ਪਿੱਠ ਨਾ ਦਿਖਾਈ । ਇਤਨੀ ਗਹਿਗਚ ਲੜਾਈ ਹੋਈ ਕਿ ਅਬਦਾਲੀ ਨੇ ਲਾਹੌਰ ਵਾਪਸ ਮੁੜਨਾ ਹੀ ਠੀਕ ਸਮਝਿਆ ਅਤੇ ਉਥੋਂ ੫੨ ਦਸੰਬਰ ੧੭੬੨ ਈ: ਨੂੰ ਕਾਬਲ ਮੁੜ ਗਿਆ । ਰਾਵੀ ਪਾਰ ਕਰਦੇ ਉਸ ਨੂੰ ਤੇ ਉਸ ਦੀਆਂ ਫ਼ੌਜਾਂ ਨੂੰ ਸਿੱਖਾਂ ਨੇ ਖ਼ੂਬ ਖਦੇੜਿਆ ।

ਉਸ ਉਪਰੰਤ ਸ੍ਰੀ ਹਰਿਮੰਦਰ ਸਾਹਿਬ ਦੀ ਦੀਵਾਲੀ ਪੰਜਾਬ ਤੇ ਸਿੱਖਾਂ ਦੀ 'ਚੜ੍ਹਦੀ ਕਲਾ' ਦਾ ਚਿੰਨ੍ਹ ਬਣ ਗਿਆ ਤੇ ਅੱਜ ਵੀ ਉਥੋਂ ਦੀ ਦੀਵਾਲੀ ਅਦੁਤੀ ਅਤੇ ਆਪਣੀ ਉਦਾਹਰਣ ਆਪ ਹੈ ।

www.archive.org/details/namdhari

# ਹੋਲਾ ਮਹੱਲਾ–ਸਭ ਸ਼ਕਤੀਆਂ ਦਾ ਪ੍ਰਤੀਕ

ਗੁਰੂ ਗੋਬਿੰਦ ਸਿੰਘ ਜੀ ਨਿਰੇ ਆਤਮਿਕ ਸ਼ਕਤੀ ਦੇ ਪੁੰਜ ਨਹੀਂ ਹਨ ਸਗੋਂ ਐਟਾਮਿਕ ਸ਼ਕਤੀ ਦੇ ਵੀ ਭੰਡਾਰ ਸਨ। ਜਿਵੇਂ ਵਿਗਿਆਨੀਆਂ ਨੇ ਅਨਡਿਠ ਐਟਮ ਨੂੰ ਤੋੜ ਕੇ ਇਕ ਅਥਾਹ ਬਲ ਹਾਸਲ ਕਰ ਲਿਆ ਹੈ ਤੇ ਉਸ ਹਾਸਲ ਕੀਤੇ ਬਲ ਤੋਂ ਸੰਸਾਰ ਥੱਰ ਥੱਰ ਕੰਬ ਰਿਹਾ ਹੈ, ਕੁਝ ਇਸੇ ਤਰ੍ਹਾਂ ਮਨੋ ਵਿਗਿਆਨੀ ਸਾਹਿਬ ਗੁਰੂ ਗੋਬਿੰਦ ਸਿੰਘ ਨੇ ਸੰਸਾਰ ਦੀ ਰਹਿੰਦ-ਖੂੰਹਦ ਵਿਚ ਆਤਮਕ ਵਿਸ਼ਵਾਸ ਭਰ ਕੇ, ਉਸ ਨੂੰ ਪਰੰਪਰਾਂ ਨਾਲੋਂ ਤੋੜ ਸੁਤੰਤਰ ਕਰਕੇ ਅਮਿਟ ਸ਼ਕਤੀ ਨੂੰ ਜਨਮ ਦੇ ਦਿੱਤਾ। "ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪਰਗਾਸ਼। ਕਾਟੀ ਬੇਰੀ ਪਗਹਿ ਤੇ ਗੁਰੂ ਕੀਨੀ ਬੰਦਿ ਖਲਾਸੁ" ਦੇ ਮਹਾਂਵਾਕ ਅਨੁਸਾਰ ਕੈਦ ਕੀਤੀ ਜਨਤਾ ਖੁਲ੍ਹੇ ਆਕਾਸ਼ਾਂ ਵਿਚ ਤਾਰੀਆਂ ਲਗਾਉਣ ਲੱਗੀ। ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਤਰ੍ਹਾਂ ਇਹ ਮਾਨਵ ਬਲ ਹਾਸਲ ਕੀਤਾ ਤੇ ਜਿਵੇਂ ਮੁਰਦਾ ਹੋ ਚੁਕੇ ਦਿਲਾਂ ਵਿਚ ਜਾਨ ਪਾ ਸੁਰਜੀਤ ਕੀਤਾ, ਉਹ ਹਿੰਦੁਸਤਾਨ ਦੇ ਇਤਿਹਾਸ ਵਿਚ ਪੜ੍ਹੇ ਜਾਣ ਵਾਲੀ ਰੁਮਾਂਟਿਕ ਦਾਸਤਾਨ ਹੈ। ਗੁਰੂ ਨਾਨਕ ਜੀ ਨੇ ਸਭ ਤੋਂ ਪਹਿਲਾਂ ਇਸ ਊਨਤਾਈ ਵੱਲ ਸੰਕੇਤ ਕੀਤਾ ਸੀ ਕਿ ਜੰਤਾ ਮੁਰਦਿਆਂ ਵਾਕੁਰ ਹਕੂਮਤ ਦੀ ਵਫ਼ਾਦਾਰੀ ਕਰ ਰਹੀ ਹੈ ਤੇ ਬੇਅਣਖ ਹੋ ਗ਼ੁਲਾਮਾਂ ਵਾਲੀ ਜ਼ਿੰਦਗੀ ਗੁਜ਼ਾਰ ਰਹੀ ਹੈ। "ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰ।" ਲੋਕਾਂ ਦੀ ਨਾ ਰਹਿਣੀ ਕਾਇਮ ਰਹੀ ਹੈ ਤੇ ਨਾ ਹੀ ਬਹਿਣੀ। ਗੁਰੂ ਨਾਨਕ ਜੀ ਨੇ ਰਹਿਣੀ ਸੁਤੰਤਰ ਕੀਤੀ ਤੇ ਬਹਿਣੀ ਸੁਥਰੀ। ਉਨ੍ਹਾਂ ਨਵੇਂ ਵਿਚਾਰਾਂ ਦਾ ਸਦਕਾ ਐਸੀ ਸੰਗਤ ਬਣੀ ਜਿਥੇ ਮਰਦ ਘਾਲਾਂ ਘਾਲਦੇ ਸਨ। ਭਾਈ ਲਹਿਣਾ ਜੀ ਨੇ ਇਕ ਐਸੀ ਹੀ ਘਾਲ ਘਾਲੀ ਸੀ ਕਿ ਉਹ ਖਸਮ ਨੂੰ ਕਬੂਲ ਹੋਏ ਤੇ ਗੁਰੂ ਦਾ ਅੰਗ ਬਣ ਗਏ। "ਪਏ ਕਬੂਲ ਖਸਮ ਨਾਲ ਜਾ ਘਾਲਿ ਮਰਦੀ ਘਾਲੀ", ਉਸੇ ਖਿਆਲ ਦੀ ਵਿਆਖਿਆ ਹੈ। ਫਿਰ ਦੀਪ ਨਾਲ ਦੀਪ ਜਗੇ ਤੇ ਸਿੱਖੀ ਲਹਿਰ ਇਕ ਤਗੜੀ ਜਥੇਬੰਦੀ ਹੋ ਨਿਬੜੀ। ਨਿਸ਼ਚੈ ਅਤੇ ਯਕੀਨ ਦੀ ਆਜ਼ਾਦੀ ਲਈ ਗੁਰੂ ਅਰਜਨ ਜੀ ਨੇ ਸ਼ਹਦਾਤ ਦੇ ਕੇ ਕੌਮ ਵਿਚ ਇਹ ਵਿਚਾਰ ਦ੍ਰਿੜ ਕਰਾ ਦਿੱਤੀ ਕਿ ਸਰੀਰ ਤੋਂ ਉਤਾਂਹ ਦੇਖਣਾ ਹੀ ਸਿੱਖੀ ਹੈ। ਇਸੇ ਸੰਬੰਧ ਵਿਚ ਗੁਰੂ ਹਰਿ ਗੋਬਿੰਦ ਜੀ ਨੇ ਤਖ਼ਤ ਉਤੇ ਬੈਠਦੇ ਪਹਿਲਾ ਬਚਨ ਹੀ ਇਹ ਕੀਤਾ, "ਅੱਜ ਤੋਂ ਮੇਰੀ ਪਿਆਰੀ ਭੇਟਾ ਚੰਗਾ ਸ਼ਸਤਰ ਅਤੇ ਚੰਗੀ ਜਵਾਨੀ ਹੈ। ਮੇਰੀ

Sri Satguru Jagjit Singh Ji eLibrary NamdhariElibrary@gmail.com

ਖੁਸ਼ੀ ਲੈਣੀ ਜੇ ਤਾਂ ਕਸਰਤਾਂ ਕਰੋ, ਜੰਗਲਾਂ ਵਿਚ ਜਾਓ, ਸ਼ਿਕਾਰ ਖੇਡੋ। ਕਮਜ਼ੋਰੀ ਇਕ ਕੌਮੀ ਗੁਨਾਹ ਹੈ ਜੋ ਕਿਸੇ ਨੂੰ ਮੁਆਫ ਨਹੀਂ ਕੀਤਾ ਜਾ ਸਕਦਾ। ਤੁਸੀਂ ਤਲਵਾਰ ਇਸ ਲਈ ਫੜਨੀ ਹੈ ਅਤੇ ਮੈਂ ਵੀ ਤਾਂ ਪਹਿਨੀ ਹੈ ਕਿ ਜ਼ਾਲਮ ਜ਼ੁਲਮ ਦੀ ਤਲਵਾਰ ਅੱਗੇ ਤੋਂ ਚਲਾਉਣੀ ਬੰਦ ਕਰ ਦੇਣ।" ਇਨ੍ਹਾਂ ਬਚਨਾਂ ਦਾ ਸਿੱਟਾ ਇਹ ਨਿਕਲਿਆ ਕਿ ਨਿਸਚਾ ਤੇ ਯਕੀਨ ਪਰਪੱਕ ਹੋ ਗਿਆ। ਸਭ ਨੂੰ ਪਤਾ ਲੱਗਾ ਕਿ ਪੰਜਵੇਂ ਪਾਤਸ਼ਾਹ ਦੀ ਸ਼ਹਾਦਤ ਅੰਞਾਈ ਨਹੀਂ ਜਾਣ ਲੱਗੀ। ਜੁਆਨੀਆਂ ਭੇਟ ਹੋਣ ਲੱਗ ਪਈਆਂ। ਪੰਜਾਬ ਦੇ ਕੇਂਦਰੀ ਅਸਥਾਨ, ਮਾੜੇ ਵਿਚ ਤਾਂ ਇਹ ਰਿਵਾਜ ਹੀ ਪੈ ਗਿਆ ਕਿ ਹਰ ਘਰ ਆਪਣੀ ਪਹਿਲੀ ਸੰਤਾਨ ਗੁਰੂ ਹਰਿ ਗੋਬਿੰਦ ਜੀ ਦੇ ਨਮਿਤ ਕੱਢਣ ਲੱਗ ਪਿਆ। ਨਾਲ ਹੀ ਉਸ ਨਮਿਤ ਕੱਢੇ ਬੱਚੇ ਲਈ ਵੱਖ ਗੋਲਕ ਲਗਾ ਦਿੱਤੀ ਜਾਂਦੀ ਅਤੇ ਆਪਣੀ ਕਮਾਈ ਵਿਚੋਂ ਬੱਚੇ ਦਾ ਹਿੱਸਾ ਉਸੇ ਗੋਲਕ ਵਿਚ ਪਾਈ ਜਾਂਦੇ। ਜਵਾਨ ਹੋਣ ਉਤੇ ਉਸ ਲੜਕੇ ਨੂੰ ਗੁਰੂ "ਪਰਮ ਧਰਮ ਹਿੱਤ" ਭੇਟ ਕਰ ਦੇਂਦੇ ਤੇ ਨਾਲ ਹੀ ਸਾਲਾਂ ਵਿਚ ਇਕੱਠੀ ਕੀਤੀ ਗੋਲਕ ਵੀ ਖ਼ਰਚ ਪੱਠੇ ਲਈ ਦੇ ਜਾਂਦੇ। ਉਹ ਨੌਜੁਆਨ ਵੀ ਸਿਰਫ਼ ਗੁਰੂ ਕੋਲੋਂ ਛੇ ਮਹੀਨੇ ਬਾਅਦ ਇਕ ਕਮੀਜ਼ ਤੇ ਦੋ ਡੰਗਾਂ ਦਾ ਪਰਸ਼ਾਦਾ ਹੀ ਮੰਗਦਾ ਅਤੇ ਜੁਆਨੀ ਭੇਂਟ ਬਦਲੇ ਆਤਮਿਕ ਉਪਦੇਸ਼ ਦੀ ਯਾਚਨਾ ਕਰਦਾ। ਸਾਲਾਂ ਵਿਚ ਹੀ ਗੁਰੂ ਵੱਲ ਵਹੀਰਾਂ ਹੀ ਚਲ ਪਈਆਂ। ਮੈਕਾਲਫ ਦੇ ਕਹਿਣ ਅਨੁਸਾਰ ਵਹੀਰਾਂ ਨੂੰ ਸਾਂਭਣਾ ਵੀ ਮੁਸ਼ਕਲ ਹੋ ਗਿਆ। ਇਤਿਹਾਸਕਾਰ ਅਜੇ ਤੱਕ ਸਮਝ ਨਹੀਂ ਸਕੇ ਕਿ ਇਤਨੇ ਵੱਡੇ ਮੁਗ਼ਲ ਸਾਮਰਾਜ ਦੇ ਵਿਰੁਧ ਗੁਰੂ ਹਰਿ ਗੋਬਿੰਦ ਜੀ ਕਾਮਯਾਬ ਕਿਵੇਂ ਹੁੰਦੇ ਰਹੇ ? ਉਹ ਸਭ ਭੁਲ ਜਾਂਦੇ ਹਨ ਕਿ ਗੁਰੂ ਜੀ ਪਾਸ ਜ਼ਰਖਰੀਦ ਨਹੀਂ ਸਨ ਸਗੋਂ ਗੁਰੂ ਕੀ ਬਚਨੀ ਮਿਟਣ ਵਾਲੇ ਮੁਰੀਦ ਸਨ। ਗੁਰੂ ਬਚਨੀ ਮਿਟਣ ਦੀਆਂ ਹੈਰਾਨਕੁਣ ਪਰ ਸੁੰਦਰ ਮਿਸਾਲਾਂ ਗੁਰੂ ਹਰਿ ਗੋਬਿੰਦ ਜੀ ਦੇ ਸਮਕਾਲੀ ਵਿਦਵਾਨ ਇਤਿਹਾਸਕਾਰ ਮੁਲਾਂ ਮਹਸਨ ਫ਼ਾਨੀ ਨੇ ਦਿੱਤੀਆਂ ਹਨ। ਇਥੇ ਇਕ ਹੀ ਲਿਖਣੀ ਕਾਫ਼ੀ ਹੋਵੇਗੀ। ਇਕ ਵਾਰੀ ਗੁਰੂ ਹਰਿ ਗੋਬਿੰਦ ਜੀ ਨੇ ਘੋੜੇ ਤੇ ਚੜ੍ਹੇ ਜਾਂਦੇ ਬਾਗ਼ ਵਿਚ ਇਕ ਤੋਤੇ ਨੂੰ ਬੋਲਦਿਆਂ ਡਿੱਠਾ। ਸੁਭਾਵਕ ਹੀ ਗੁਰੂ ਮਹਾਰਾਜ ਨੇ ਕਿਹਾ : "ਕਿਤਨਾ ਸੋਹਣਾ ਹੈ।" ਇਕ ਸਿੱਖ ਨੇ ਇਹ ਜਾਣ ਕੇ ਕਿ ਗੁਰੂ ਜੀ ਨੂੰ ਤੋਤਾ ਪਸੰਦ ਆਇਆ ਹੈ, ਤੋਤੇ ਦੇ ਮਾਲਕ ਕੋਲ ਗਿਆ। ਤੋਤੇ ਦਾ ਮਾਲਕ ਬਦਕਿਸਮਤੀ ਨੂੰ ਮੁਗ਼ਲ ਫ਼ੌਜ ਵਿਚ ਸਿਪਾਹੀ ਸੀ। ਸਿੱਖ ਨੇ ਗੁਰੂ ਲਈ ਤੋਤਾ ਖ਼ਰੀਦਣ ਦੀ ਗਲ ਕਹੀ ਤਾਂ ਉਸ ਸਿਪਾਹੀ ਨੇ ਸਿਖ ਨੂੰ ਕਿਹਾ ਕਿ ਉਹ ਆਪਣੀ ਲੜਕੀ ਉਸ ਦੇ ਹਵਾਲੇ ਕਰੇ ਤਾਂ ਉਹ ਤੋਤਾ ਦੇਵੇਗਾ। ਸਿੱਖ ਇਹ ਸੌਦਾ ਕਰਨ ਲਈ ਤਿਆਰ ਹੋ ਗਿਆ। ਜਦ ਉਸ ਸਿਪਾਹੀ ਦੀ ਔਰਤ ਨੂੰ ਸਿੱਖ ਦੇ ਸਿਦਕ ਦੀ ਗੱਲ ਦਾ ਪਤਾ ਲੱਗਾ ਤੇ ਉਸ ਔਰਤ ਨੇ ਆਪਣੇ ਖਾਵੰਦ ਨੂੰ ਬਹੁਤ ਬੁਰਾ ਭਲਾ ਕਿਹਾ ਤੇ ਤੋਤਾ ਸਤਿਕਾਰ ਸਹਿਤ ਗੁਰੂ ਨੂੰ ਭੇਂਟ ਕੀਤਾ। ਸੱਚੀ ਗੱਲ ਤਾਂ ਇਹ ਹੈ ਕਿ ਜੀਅ ਦਾਨ ਦੇਣ ਵਾਲਿਆਂ ਦੀ ਇਕ ਜੱਥੇਬੰਦੀ ਬਣ ਗਈ ਸੀ। ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨੇ ਕੌਮ ਵਿਚ ਨਵਾਂ ਉਤਸ਼ਾਹ ਭਰ ਦਿੱਤਾ। ਨਾਵੇਂ ਪਾਤਸ਼ਾਹ ਦੀ ਸ਼ਹਾਦਤ ਨਿਰੋਲ ਪਰਉਪਕਾਰ ਲਈ ਸੀ, ਸੋ ਸਿੱਖ ਭੀ ਪਰਉਪਕਾਰ ਦੀ ਮੂਰਤ ਕਰਕੇ ਸਤਿਕਾਰੇ ਜਾਣ ਲੱਗ ਪਏ। ਰਣਜੀਤ ਨਗਾਰੇ ਵੱਜਣ ਲੱਗੇ ਤੇ ਘੋੜਿਆਂ ਦੀ ਸਵਾਰੀ ਨਿਤ ਕਰਮ ਬਣ ਗਿਆ। ਜੁਆਨੀਆਂ ਉਸੇ ਤਰ੍ਹਾਂ ਭੇਟ ਹੁੰਦੀਆਂ ਸਨ। ਗੁਰੂ ਗੋਬਿੰਦ ਸਿੰਘ ਜੀ ਨੇ ਇਸ ਰਿਵਾਜ ਨੂੰ ਹੋਰ ਉਤਸ਼ਾਹ ਬਖਸ਼ਣ ਲਈ ਇਕ ਦਿਨ ਨਿਯਤ

Sri Satguru Jagjit Singh Ji eLibrary NamdhariElibrary@gmail.com

ਕਰ ਦਿੱਤਾ। ਉਸ ਦਿਨ ਹੋਲਗੜ੍ਹ ਮੇਲਾ ਲੱਗ ਜਾਂਦਾ। ਪਹਿਲਾ ਤਾਰੀਖੀ ਮੇਲਾ ਦਸਮ ਪਿਤਾ ਨੇ ਚੇਤਵਦੀ ਪਹਿਲੀ ਸੰਨ ੧੬੯੦ ਨੂੰ ਕੀਤਾ ਤੇ ਇਸ ਨੂੰ ਮਨਾਉਣ ਦੀ ਪਰਪਾਟੀ ਪੈ ਗਈ। ਹੋਲਾ ਮਹੱਲਾ ਉਤਸ਼ਾਹ ਦਾ ਦਿਹਾੜਾ ਬਣ ਗਿਆ ਤੇ ਸ਼ਕਤੀਆਂ ਦਾ ਪ੍ਰਤੀਕ। ਹੋਲਾ ਮਹੱਲਾ ਦੇ ਅਰਥ ਹਨ, ਹਮਲਾ ਅਤੇ ਜਾਇ ਹਮਲਾ ਜਾਂ ਹੱਲਾ ਤੇ ਹੱਲਾ ਦੀ ਥਾਂ। ਮਹਾਨ ਕੋਸ਼ ਦਾ ਲਿਖਾਰੀ ਲਿਖਦਾ ਹੈ, 'ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਸ਼ਸਤਰ ਵਿਦਿਆ ਵਿਚ ਨਿਪੁਨ ਕਰਨ ਲਈ ਇਹ ਰੀਤ ਚਲਾਈ ਸੀ ਕਿ ਦੋ ਦਲ ਬਣਾ ਕੇ ਪ੍ਰਧਾਨ ਸਿੱਖਾਂ ਦੇ ਹੇਠ ਇਕ ਖ਼ਾਸ ਥਾਂ ਤੇ ਕਬਜ਼ਾ ਕਰਨ ਲਈ ਹਮਲਾ ਕਰਨਾ। ਕਲਗੀਧਰ ਆਪ ਇਸ ਮਸਨੂਈ ਜੰਗ ਦਾ "ਕਰਤਬ (ਮੈਨੂਵਰ) ਦੇਖਦੇ ਅਤੇ ਦੋਵਾਂ ਦਲਾਂ ਨੂੰ ਸ਼ੁੱਭ ਸਿਖਿਆ ਦੇਂਦੇ ਸਨ ਅਤੇ ਜੋ ਦਲ ਕਾਮਯਾਬ ਹੁੰਦਾ ਉਸ ਨੂੰ ਦੀਵਾਨ ਵਿਚ ਸਿਰੋਪਾ ਬਖਸ਼ਦੇ ਸਨ। ਗਿਆਨੀ ਠਾਕਰ ਸਿੰਘ ਨੇ ਗੁਰਦੁਆਰਾ ਦਰਸ਼ਨ ਵਿਚ ਇਹ ਵੀ ਲਿਖਿਆ ਹੈ ਕਿ ਮਾਤਾ ਜੀਤੋ ਜੀ ਵੀ ਇਕ ਵਾਰੀ ਸ਼ਸਤਰ ਲੈ ਜੂਝੇ ਸਨ। ਸੋ ਆਤਮਕ ਸ਼ਕਤੀ ਤੇ ਚਮਤਕਾਰ ਦਿਖਲਾਣੇ ਆਰੰਭ ਕਰ ਦਿੱਤੇ। ਗੁਲਾਮੀ ਵਿਚ ਮਸਤ ਖ਼ਰੂਦ ਮਚਾਉਣ ਵਾਲਿਆਂ ਨੂੰ ਖ਼ੂਨ ਦੇ ਕੇ ਹੋਲੀ ਖੇਡਣ ਦਾ ਚਾਅ ਭਰ ਦਿੱਤਾ। ਜਿਥੇ ਸਭ ਕੁਝ ਦਿੱਤਾ ਜਾਏ ਉਥੇ ਹੀ ਅਨੰਦ ਹੈ ਤੇ ਜਿਥੇ ਸਭ ਕੁਝ ਨਿੱਜ ਲਈ ਰਖਿਆ ਜਾਏ ਉਥੇ ਅਸ਼ਾਂਤੀ ਹੈ, ਦੁੱਖ ਹੈ, ਬਖੇੜੇ ਹਨ, ਝੇੜੇ ਹਨ। ਕਨਿੰਘਮ ਨੇ ਠੀਕ ਲਿਖਿਆ ਹੈ, "ਇਹ ਮਹਾਨ ਕੰਮ ਗੁਰੂ ਨਾਨਕ ਦੇਵ ਜੀ ਦਾ ਇਹ ਹੀ ਸੀ ਜਿਨ੍ਹਾਂ ਨੇ ਸੁਧਾਰ ਦੇ ਸੱਚੇ, ਸੁੱਚੇ ਅਸੂਲ ਲੱਭ, ਵਰਤੇ ਅਤੇ ਉਹ ਚੌੜੀਆਂ ਬੁਨਿਆਦਾਂ ਰਖੀਆਂ, ਬਣਾਈਆਂ ਜਿਨ੍ਹਾਂ ਸਦਕੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹਮਵਤਨਾਂ ਦੇ ਦਿਲਾਂ ਵਿਚ ਇਕ ਨਵੀਂ ਕੌਮੀਅਤ ਦਾ ਭਾਂਬੜ ਮਚਾ ਦਿੱਤਾ ਅਤੇ ਅਮਲੀ ਤੌਰ ਉਤੇ ਇਸ ਮਜ਼ਹਬੀ ਸਿਧਾਂਤ ਨੂੰ ਸਮਾਜੀ ਤੇ ਰਾਜਨੀਤਕ ਸ਼ਕਲ ਦਿੱਤੀ ਕਿ ਨਸਲ ਤੇ ਧਰਮ, ਧਾਰਮਿਕ ਆਸ਼ਾਵਾਂ ਤੇ ਸਿਆਸੀ ਰਾਜਨੀਤਕ ਸਮਾਜਕ ਹੱਕਾਂ ਦੇ ਸੰਬੰਧ ਵਿਚ ਗਰੀਬ ਤੋਂ ਗਰੀਬ ਤੇ ਨੀਵੇਂ ਤੋਂ ਨੀਵਾਂ, ਅਮੀਰ ਤੋਂ ਅਮੀਰ ਤੇ ਉਚੇ ਤੋਂ ਉਚੇ ਦੇ ਬਰਾਬਰ ਹੈ।" ਹੋਲੀ ਤਿਉਹਾਰ ਸੀ ਸੂਦਰ ਦਾ,[1] ਪਰ ਗੁਰੂ ਮਾਲਕ ਨੇ ਜਾਣ ਬੁਝਕੇ ਇਸ ਨੂੰ ਚੁਣਿਆ ਤੇ ਜੀਵਨ ਭੇਂਟ ਦਾ ਦਿਨ ਬਣਾ ਦਿੱਤਾ। ਕਸ਼ਤਰੀ ਦੁਸਹਿਰੇ ਵਾਲੇ ਦਿਨ ਹਥਿਆਰਾਂ ਦੇ ਕਰਤੱਵ ਦਿਖਾਂਉਂਦੇ ਸਨ ਪਰ ਗੁਰੂ ਜੀ ਨੇ ਹਥਿਆਰਾਂ ਦੀ ਵਰਤੋਂ ਕਿਸੇ ਸ਼ਰੇਣੀ ਲਈ ਰਾਖਵੀ ਨਾਂ ਦੱਸ ਕੇ ਹੋਲਾ ਮਹੱਲਾ ਨੂੰ ਕਰਤੱਵ ਦਾ ਦਿਨ ਨਿਯਤ ਕਰ ਦਿੱਤਾ। ਇਸ ਤੋਂ ਕੋਈ ਇਨਕਾਰ ਨਹੀਂ ਕਰ ਸਕਦਾ ਕਿ ਗੁਰੂ ਗੋਬਿੰਦ (ਸਿੰਘ) ਜੀ ਇਕ ਜ਼ਬਰਦਸਤ ਸ਼ਹਿਨਸ਼ਾਹੀ ਦੇ ਚੌਗਿਰਦੇ ਅੰਦਰ ਘਿਰੇ ਹੋਏ ਸਨ। ਉਨ੍ਹਾਂ ਆਪਣਾ ਮਿਸ਼ਨ ਇਹ ਬਣਾਇਆ ਕਿ ਮੈਂ ਇਸ ਅਨਿਆਇ ਰਾਜ ਨੂੰ ਉੱਥਲ ਪੁੱਥਲ ਕਰਕੇ ਹੀ ਰਹਾਂਗਾ।' ਆਮ ਲੋਕਾਂ, ਮਰਦਾਂ ਤੀਵੀਆਂ ਦੀ ਸਮਾਜੀ, ਅਖ਼ਲਾਕੀ ਗਿਰਾਵਟ ਤੇ ਮਜ਼ਹਬੀ ਵੱਢੀ ਖੋਰੀ ਦੇ ਬਾਵਜੂਦ ਕੁਝ ਐਸੇ ਬੰਦੇ ਚੁਣ ਕੇ ਢਾਲ ਲਵਾਂਗਾ ਜਿਨ੍ਹਾਂ ਵਿਚ ਆਦਰਸ਼ ਹੋਵੇ, ਜਿਨ੍ਹਾਂ ਦੇ ਸਿੱਧੇ ਸਾਦੇ ਜੀਵਨ ਢੰਗ ਹੋਣ ਤੇ ਜਿਨ੍ਹਾਂ ਦੇ ਦਿਲ ਵਿਚ ਜੋਸ਼ ਲਹਿਰਾਂਦਾ ਹੋਵੇ। ਗੁਰੂ

1. 'ਦੰਪਤੀ ਚਤੁਰਥ' ਵਿਚ ਜਾਤੀਆਂ ਦੇ ਨਾਵਾਂ ਤੇ ਚਾਰ ਤਿਉਹਾਰ ਲਿਖੇ ਹਨ: ਸ਼ਾਵਣੀ ਉਪਾਕਰਮ ਬ੍ਰਹਮਣ ਪਰਵ, ਵਿਜੈਦਸ਼ਮੀ ਖਸ਼ਤਰੀਏ, ਦੀਪਾਵਲੀ ਵੈਸ਼ ਤਥਾ ਹੋਲੀ ਸੂਦਰ।

Sri Satguru Jagjit Singh Ji eLibrary NamdhariElibrary@gmail.com

ਜੀ ਜਿਤਨੇ ਸੂਰਮੇ ਤੇ ਜੋਧੇ ਸਨ ਉਤਨਾ ਹੀ ਮਰਯਾਦਾ ਸ਼ੀਲ, ਉਤਨੇ ਹੀ ਆਸ਼ਾਵਾਦੀ ਤੇ ਨਿਸ਼ਚੇ ਵਾਲੇ ਸਨ। ਗੁਰੂ ਨਾਨਕ ਜੀ ਨੇ ਜੇ ਸਚੀ ਪੂਜਾ ਦਾ ਵੱਲ ਦਰਸਾਇਆ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਸਮਾਜੀ ਸੁਤੰਤਰਤਾ ਤੇ ਕੌਮੀ ਉਚਿਆਈ ਬਖਸ਼ੀ। ਕਨਿੰਘਮ ਦੇ ਆਪਣੇ ਸ਼ਬਦਾਂ ਵਿਚ ਹੀ, "ਦਸ਼ਮੇਸ਼ ਗੁਰੂ ਨੇ ਨਾ ਕੇਵਲ ਮਨਾਂ ਨੂੰ ਬਦਲਾਇਆ, ਉਚਿਆਇਆ, ਸਗੋਂ ਸਰੀਰਾਂ ਨੂੰ ਵੀ ਇਕ ਅਮੁੱਕ ਬਲ ਦਿੱਤਾ। ਸਿੱਖ ਦੀ ਸ਼ਾਨ ਨਿਰਾਲੀ ਹੈ।" ਹੋਲਾ ਮਹੱਲਾ ਇਸ ਦੀ ਇਕ ਗਵਾਹੀ ਹੈ। ਇਸ ਖ਼ਿਆਲ ਨੂੰ ਮੁੱਖ ਰੱਖਦਿਆਂ ਗੁਰੂ ਗੋਬਿੰਦ ਸਿੰਘ ਜੀ ਨੂੰ ਆਤਮਕ ਤੇ ਐਟਾਮਿਕ ਸ਼ਕਤੀ ਦਾ ਭੰਡਾਰ ਤੇ ਪੁੰਜ ਆਖਿਆ ਹੈ। ਗੁਰੂ ਨੇ ਇਤਨਾ ਹੌਸਲਾ ਬਖਸ਼ ਦਿੱਤਾ ਕਿ ਕੌਮ ਹਰ ਮੁਸ਼ਕਲ ਵਿਰੁੱਧ ਤਤਪਰ ਦਿਸਣ ਲੱਗੀ। ਬ੍ਰਾਊਨ ਦੇ ਅੱਖਰਾਂ ਵਿਚ "ਗੁਰੂ ਗੋਬਿੰਦ ਸਿੰਘ ਨੇ ਸਿੰਘਾਂ ਨੂੰ ਇਕ ਖ਼ਾਸ ਵੱਖਰੀ ਸਿਆਸੀ ਹਸਤੀ (ਏ ਡਿਸਟਿੰਕਟ ਪੁਲਟੀਕਲ ਐਗਜ਼ਿਸਟੈਂਸ) ਬਖਸ਼ੀ ਅਤੇ ਰੂਹ ਭਰੀ। ਸਮਾਜੀ ਤੌਰ ਤੇ ਆਜ਼ਾਦ ਤੇ ਕੌਮੀ ਤੌਰ ਤੇ ਮੁਖ਼ਤਿਆਰ ਹੋਣ ਦੀ ਇੱਛਾ ਤੇ ਅਮਲ ਦੀ।" ਇਕ ਪ੍ਰੇਰਨਾ ਦਾ ਹੜ੍ਹ ਵਗਾ ਦਿੱਤਾ ਗਿਆ ਤੇ ਇਕ ਚਲਣ ਹਿਲਣ ਵਾਲਾ ਸਿਧਾਂਤ ਸਿੱਖਾਂ ਨੂੰ ਮਿਲ ਗਿਆ। ਜੋ ਪਹਿਲਾਂ ਇਕ ਬੇਤਰਤੀਬਾ ਜਿਹਾ ਅਹਿਸਾਸ ਸੀ ਉਹ ਹੁਣ ਇਕ ਸੰਘਠਤ ਘੋਲ ਬਣ ਗਿਆ। ਇਸ ਗੁਰੂ ਨਿਸ਼ਚੇ ਦਾ ਅਸਰ ਜਾਦੂ ਭਰਿਆ ਹੋਇਆ। ਜਨਰਲ ਸਰ ਉਮਰ ਕਰਹੀ ਨੇ ਇੰਡੀਅਨ ਸਟੀਡੀਜ਼ ਵਿਚ ਠੀਕ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਵਿਚ ਵਿਧਾਨ ਘੜਣ (ਲੈਜਿਸਲੇਟਰ) ਇਕ ਸਿਪਾਹੀ ਅਤੇ ਵਾਹਿਗੁਰੂ ਦੇ ਅਨੰਨ ਭਗਤ ਵਾਲੇ ਸਭ ਗੁਣ ਸਨ। ਉਨ੍ਹਾਂ ਨੇ ਆਪਣੇ ਪੁੱਤਰਾਂ ਸਿੰਘਾਂ ਵਿਚ ਅਥਾਹ ਪਵਿੱਤਰ ਜੋਸ਼ (ਨੋਬਲ ਆਰਡਰ) ਭਰ ਦਿੱਤਾ। ਉਨ੍ਹਾ ਸਿੰਘਾਂ ਵਿਚ ਆਪਾ ਵਾਰਨ ਦਾ ਜਜ਼ਬਾ, ਫ਼ਰਜ਼ ਅਦਾ ਕਰਨ ਦਾ ਡਾਹਡਾ ਫੌਰੀ ਅਹਿਸਾਸ ਜਗਾਇਆ। ਇਹ ਦੋਵੇਂ 'ਫ਼ਰਜ਼ ਤੇ ਜਜ਼ਬਾ' ਸਦਾ ਤੋਂ ਸਚੇ ਮਜ਼ਹਬ ਤੇ ਫਤਹ ਦੀ ਬੁਨਿਆਦ ਰਹੇ ਹਨ। ਮਹਾਰਾਜ ਨੇ ਲੁਕੀਆਂ ਕਲਾਂ ਜਗਾਈਆਂ। ਮੂੰਹ ਠੀਕ ਲੀਹ ਵੱਲ ਮੋੜ ਦਿੱਤਾ ਅਤੇ ਸਿੱਖਾਂ ਨੂੰ ਇਕ ਧਾਰਮਿਕ ਸਾਂਝੀਵਾਲਤਾ ਵਿਚ ਗੁੰਦ ਦਿੱਤਾ।' ਗੁਰੂ ਜੀ ਨੇ ਹੋਲਾ ਮਹੱਲਾ ਚਾੜ੍ਹ ਕੇ ਦਸਿਆ ਕਿ ਜ਼ਾਲਮਾਂ ਦੀ ਬੇਰਹਿਮੀ ਦਾ ਟਾਕਰਾ ਹੋ ਸਕਦਾ ਹੈ। ਗੁਰੂ ਜੀ ਨੇ ਸਫਲਤਾ ਨਾਲ ਦਿਖਾ ਦਿੱਤਾ ਕਿ ਇਸ ਤਰ੍ਹਾਂ (ਹੋਲੇ ਮਹੱਲੇ ਵਾਂਗ) ਖ਼ੁਦਗਰਜ਼ੀਆਨਾ ਤੇ ਸੁਆਰਥੀ ਜੰਗ ਛੱਡ ਕੇ ਇਕ ਮੁੱਠ ਹੋ ਕੇ ਕੌਮ ਦੀ ਬੇਹਤਰੀ ਤੇ ਖੁਸ਼ਹਾਲੀ ਵਾਸਤੇ ਲੜਨਾ ਹੁੰਦਾ ਹੈ। ਇਹ ਕੰਮ ਕੋਈ ਪਰਮ ਮਨੁੱਖ ਹੀ ਕਰ ਸਕਦਾ ਸੀ ਤੇ ਉਹ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ। ਡਾਕਟਰ ਹਰੀ ਰਾਮ ਗੁਪਤਾ ਨੇ ਆਪਣੀ ਕਿਰਤ ਸਿੱਖ ਇਤਿਹਾਸ ਦੇ ਮੁੱਖ ਬੰਦ ਵਿਚ ਲਿਖਿਆ ਹੈ ਕਿ "ਲੋਕੀ ਪੁਛਦੇ ਹਨ ਕਰਾਮਾਤ ਕੀ ਹੈ, ਤੇ ਕਿਵੇਂ ਹੁੰਦੀ ਹੈ? ਮੇਰਾ ਉੱਤਰ ਹੈ ਸਿੱਖ ਇਤਿਹਾਸ ਨੂੰ ਪੜ੍ਹਨਾ ਆਰੰਭ ਕਰ ਦਿਉ।" ਫਿਰ ਪੁਸਤਕ ਦੇ ਅੰਤਲੇ ਪਹਿਰੇ ਵਿਚ ਹਰੀ ਰਾਮ ਗੁਪਤਾ ਲਿਖਦੇ ਹਨ। "ਪਿਆਰੇ ਪਾਠਕ ਅਜੇ ਵੀ ਲੋੜ ਕੋਈ ਦੱਸਣ ਦੀ ਰਹਿ ਗਈ ਹੈ ਕਿ ਕਰਾਮਾਤ ਕੀ ਹੁੰਦੀ ਹੈ ਤੇ ਕਿਵੇਂ ਹੁੰਦੀ ਹੈ।" ਕਰਾਮਾਤ ਹੈ, ਨਿਰਜਿੰਦ ਲੋਕਾਂ ਨੂੰ ਜਾਨ ਵਾਲਾ ਬਣਾ ਦੇਣਾ। ਮਨੁੱਖ ਸ਼ਰੇਣੀ ਤੋਂ ਧ੍ਰਿਕਾਰਿਆਂ ਨੂੰ ਮਨੁੱਖ ਅਤੇ ਫਿਰ ਮਨੁੱਖ ਨੂੰ ਦੇਵਤਾ ਅਤੇ ਦੇਵਤਿਆਂ ਦੇ ਹੱਥ ਤਲਵਾਰ ਦੇ ਕੇ ਧਰਮ ਦਾ ਜੈਕਾਰਾ ਬੁਲਾਉਣਾ ਤੇ ਸਤਿ ਸਿਰੇ ਤੱਕ ਪਹੁੰਚਾਣਾ ਅਤੇ ਹਲੀਮੀ ਰਾਜ ਕਾਇਮ ਕਰਕੇ ਆਪ ਸੇਵਾਦਾਰ ਬਣ ਜਾਣਾ। "ਭੂਰਿਆਂ ਵਾਲੇ ਰਾਜੇ ਕੀਤੇ ਤੇ ਮੁਗਲਾਂ ਜ਼ਹਿਰ ਪਿਆਲੇ ਪੀਤੇ" ਦਾ ਅਖਾਣ ਹੀ ਕਰਾਮਾਤ

ਹੈ। ਗਾਂਧੀ ਜੀ ਨੂੰ ਵੀ ਆਖਰ ਮੰਨਣਾ ਪਿਆ ਕਿ ਗੁਰੂ ਤੇਗ਼ ਬਹਾਦਰ ਵਰਗਾ ਪਿਆਰ ਲੈ ਕੇ ਜਨਮੇ ਸਿੱਖਾਂ ਨੂੰ ਹੱਕ ਹੈ ਕਿ ਉਹ ਤਲਵਾਰ ਫੜਣ। ਅਜਿਹੇ ਪਿਆਰ ਤੋਂ ਬਿਨਾਂ ਆਪਣੇ ਬੁਰੇ ਤੋਂ ਬੁਰੇ ਵੈਰੀ ਵਿਰੁੱਧ ਵੀ ਤਲਵਾਰ ਚੁਕਣਾ ਇਖ਼ਲਾਕੀ ਜੁਰਮ ਹੈ। ਕੀ ਇਹ ਕਰਾਮਾਤ ਨਹੀਂ ਕਿ ਭੰਗਾਣੀ ਦੇ ਯੁੱਧ ਵਿਚ ਭਾਈ ਲਾਲ ਚੰਦ ਹਲਵਾਈ ਨੂੰ ਜੰਗ ਵਿਚ ਹੁੰਦੇ ਹੋਏ ਫੌਜੀਆਂ ਦੇ ਟਾਕਰੇ ਉਤੇ ਟਕਰਾ ਦੇਣਾ ਤੇ ਕਾਮਯਾਬੀ ਲੈ ਦੇਣਾ। ਹਲਵਾਈ ਦਾ ਖ਼ਿਆਲ ਆਂਦਿਆਂ ਹੀ ਇਕ ਢਿਲੜ, ਪੇਟੂ, ਬੇਡੌਲ ਤੇ ਨਿਰਜਿੰਦ ਪੁਰਸ਼ ਦਾ ਚਿੱਤਰ ਸਾਹਮਣੇ ਆ ਜਾਂਦਾ ਹੈ। ਪਰ ਇਤਿਹਾਸ ਕਹਿੰਦਾ ਹੈ ਕਿ ਪਾਉਂਟਾ ਸਾਹਿਬ ਦੇ ਹਲਵਾਈ ਲਾਲ ਚੰਦ ਨੇ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਤੋਂ ਆਗਿਆ ਲੈ ਕੇ ਮੀਰ ਖ਼ਾਂ ਨੂੰ ਅਗੇ ਵੱਧਦਾ ਦੇਖ ਕੇ ਧਾਵਾ ਬੋਲ ਦਿੱਤਾ। ਘੋੜਾ ਵੀ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਦਿੱਤਾ ਸੀ। ਘੋੜੇ ਨੂੰ ਅੱਡੀ ਲਗਾ ਕੇ ਲਾਲ ਚੰਦ ਮੀਰ ਖ਼ਾਂ ਉਤੇ ਜਾ ਪਿਆ। ਦੂਰੋਂ ਹੀ ਜਰਨੈਲ ਨਜਾਬਤ ਖ਼ਾਂ ਨੇ ਆਵਾਜ਼ ਦਿੱਤੀ "ਮੀਰ ਖ਼ਾਂ ਤਕੜਾ ਹੋ, ਇਸ (ਹਲਵਾਈ) ਉਤੇ ਵਾਰ ਕਰ, ਮਾਰ ਦੇਹ ਤੇ ਘੋੜਾ ਖੋਹ ਲੈ।" ਮੀਰ ਖ਼ਾਂ ਘੋੜੇ ਦੀ ਸੇਧ ਬੰਨ੍ਹ ਕੇ ਆਪਣੇ ਘੋੜੇ ਨੂੰ ਭੱਜਾ ਕੇ ਹਲਵਾਈ ਦੇ ਨਾਲੋਂ ਖਹਿ ਕੇ ਲੰਘਣ ਲਈ ਉਮਡਿਆ ਅਤੇ ਨੇੜੇ ਆ ਤਲਵਾਰ ਚਲਾਈ। ਪਰ ਲਾਲ ਚੰਦ ਜੀ ਨੇ ਤਲਵਾਰ ਦਾ ਵਾਰ ਢਾਲ ਉਤੇ ਲੈ ਲਿਆ। ਮੀਰ ਖ਼ਾਂ ਦਾ ਵਾਰ ਖ਼ਾਲੀ ਗਿਆ। ਮੀਰ ਖ਼ਾਂ ਨੇ ਫਿਰ ਜਤਨ ਕੀਤੇ ਵਾਰ ਕਰਨ ਦੇ ਪਰ ਸਭ ਅਸਫਲ। ਇਤਨੇ ਨੂੰ ਭਾਈ ਲਾਲ ਚੰਦ ਨੇ ਅਚਾਨਕ ਘੋੜਾ ਵਧਾ ਕੇ ਬਲ ਨਾਲ ਐਸੀ ਤਲਵਾਰ ਵਾਹੀ ਕਿ ਮੀਰ ਖ਼ਾਂ ਦਾ ਸਿਰ ਧਰਤੀ ਤੇ ਜਾ ਪਿਆ ਅਤੇ ਉਸ ਦਾ ਘੋੜਾ ਨੱਠ ਪਿਆ। ਹਲਵਾਈ ਦੇ ਹੱਥੋਂ ਸਮੇਂ ਦੇ ਸੂਰਮੇ ਮੀਰ ਖ਼ਾਂ ਦਾ ਮਰਨਾ ਦੇਖ ਸਾਰੇ ਹੈਰਾਨ ਹੋਏ। ਕਹਿੰਦੇ ਹਨ ਕਿ ਭੀਖਨ ਖ਼ਾਂ, ਨਜਾਬਤ ਖ਼ਾਂ ਤੇ ਰਾਜਾ ਹਰੀ ਚੰਦ ਨੂੰ ਬਹੁਤ ਸ਼ਰਮ ਆਈ। ਇਹ ਹੀ ਹੈ ਸ਼ਕਤੀ ਹੋਲਾ ਮਹੱਲਾ ਦੀ ਜਿਸ ਨੇ ਸਿਰਫ਼ ਨਜਾਬਤ ਖ਼ਾਂ, ਭੀਖਨ ਖ਼ਾਂ, ਹਰੀ ਚੰਦ, ਨਾਦਰ ਸ਼ਾਹ ਅਬਦਾਲੀ, ਲਾਰਡ ਹਾਰਡਿੰਗ ਨੂੰ ਹੀ ਨਹੀਂ ਬਲਕਿ ਹੁਣ ਤਕ ਸਾਰੇ ਸੰਸਾਰ ਨੂੰ ਹੈਰਾਨ ਕੀਤਾ ਹੋਇਆ ਹੈ।

Sri Satguru Jagjit Singh Ji eLibrary NamdhariElibrary@gmail.com

# ਸ਼ਹੀਦੀ ਪ੍ਰੰਪਰਾ

ਗੁਰੂ ਨਾਨਕ ਦੇਵ ਜੀ ਨੇ ਜਦ ਸਿੱਖ ਧਰਮ ਦੀ ਨੀਂਹ ਧਰੀ ਤਾਂ ਪਹਿਲੀ ਇੱਟ 'ਕੁਰਬਾਨੀ' ਦੀ ਰੱਖੀ ਅਤੇ ਫ਼ਰਮਾਇਆ ਕਿ ਜਿਸ ਨੇ ਇਸ ਧਰਮ ਵਿਚ ਦਾਖਲਾ ਲੈਣਾ ਹੈ, ਉਹ 'ਸੀਸ ਧਰ ਤਲੀ' ਆਵੇ ਅਤੇ ਐਸਾ ਕਰਦੇ ਕਿਸੇ ਤੇ ਅਹਿਸਾਨ ਨਹੀਂ ਜਤਲਾਉਣਾ, ਸਗੋਂ ਪ੍ਰੇਮ ਪ੍ਰਗਟਾਉਣਾ ਹੀ ਜਾਣਨਾ :

"ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰ ਦੀਜੈ ਕਾਣਿ ਨ ਕੀਜੈ ॥"

'ਪਹਲਾ ਮਰਣ ਕਬੂਲ'

ਦੀ ਸ਼ਰਤ ਵੀ ਗੁਰੂ ਅਰਜਨ ਦੇਵ ਜੀ ਨੇ ਸਿੱਖ ਬਣਨ ਲਈ ਜ਼ਰੂਰੀ ਕਹੀ ਸੀ। 'ਰਣ ਦੇਖ ਸੂਰਤੇ ਚਿਤ ਉਲਾਸ', ਜੂਝਣ ਵਾਲੇ ਦਾ ਸੁਭਾ ਹੋਣਾ ਗੁਰੂ ਪਾਤਸ਼ਾਹ ਨੇ ਦਰਸਾਇਆ ਸੀ ਅਤੇ ਗੁਰਬਾਣੀ ਵਿਚ ਤਾਂ ਸੂਰਮਾ ਗਿਣਿਆ ਹੀ ਉਸ ਨੂੰ ਗਿਆ ਹੈ ਜੋ 'ਪੁਰਜਾ ਪੁਰਜਾ ਕਟ ਮਰੈ' ਪਰ ਮੈਦਾਨ ਨ ਛੱਡੇ।

ਗੁਰੂ ਅੰਗਦ ਦੇਵ ਜੀ ਨੇ ਭਾਈ ਮਲੂ ਜੀ ਨੂੰ ਉਪਦੇਸ਼ ਦੇਂਦੇ ਕਿਹਾ ਹੀ ਇਹ ਸੀ ਕਿ, **ਯੁੱਧ ਕਰਦੇ ਥੋੜ੍ਹਿਆਂ ਬਹੁਤਿਆਂ ਦੀ ਪਰਵਾਹ ਨਹੀਂ ਕਰਨੀ।'** ਗੁਰੂ ਅਮਰਦਾਸ ਜੀ ਨੇ ਇਹ ਹੀ ਫ਼ਰਮਾਇਆ ਸੀ ਕਿ 'ਸਿਖ ਗਊ ਮੁੱਖ ਹੋਇ ਰਹੈ ਪਰ ਆਇ ਬਣੇ ਤਾਂ ਥੋੜ੍ਹਿਆਂ ਬਹੁਤਿਆਂ ਦਾ ਖਿਆਲ ਛੱਡ ਡਟ ਜਾਏ। ਵਾਹਿਗੁਰੂ ਐਸੇ ਸ਼ਖ਼ਸ ਲਈ ਆਪ ਵਿਚ ਹੋ ਕੇ ਲੜਦਾ ਹੈ। ਆਕੀ ਦਾ ਸਿਰੁ ਨਿਵਾਂਦਾ ਹੈ।'

ਗੁਰੂ ਅਰਜਨ ਦੇਵ ਜੀ ਨੇ ਫਰਮਾਇਆ ਸੀ ਕਿ 'ਜੋ ਸ਼ਸਤ੍ਰ ਦਾ ਵਾਰ ਸਹਿੰਦੇ **ਸ਼ਹੀਦ ਹੁੰਦਾ ਹੈ, ਉਸ ਨੂੰ ਐਸਾ ਪਰਮ ਅਨੰਦ ਮਿਲਦਾ ਹੈ ਜੋ ਕਿਸੇ ਯੋਗੀ ਨੂੰ ਵੀ ਨਹੀਂ ਮਿਲਦਾ।**

ਇਹ ਬਚਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਹੀ ਸਨ ਕਿ **ਆਏ ਮਹਿਮਾਨ**

Sri Satguru Jagjit Singh Ji eLibrary NamdhariElibrary@gmail.com

ਲਈ ਦੇਗ ਅਤੇ ਸਿਰਫਿਰੇ ਆਕੀ ਲਈ ਤੇਗ ਹਰ ਸਿੱਖ ਦੇ ਘਰ ਸਦਾ ਤਿਆਰ ਮਿਲਣੀ ਚਾਹੀਦੀ ਹੈ ।

ਧਰਮ ਯੁਧ ਕਰਨ ਵਾਲੇ ਲਈ ਗੁਰਬਾਣੀ ਵਿਚ ਚੇਤਾਵਨੀ ਦੇਂਦੇ ਹੋਏ ਕਿਹਾ ਕਿ ਧਰਮ ਯੁੱਧ ਜੇ ਛੇੜਿਆ ਜਾਏ ਤਾਂ ਦ੍ਰਿੜ੍ਹਤਾ ਰੱਖਣੀ, ਝੁਕਣਾ ਨਹੀਂ ਅਤੇ ਅਸੂਲਾਂ ਨਾਲ ਕਦੇ ਸਮਝੌਤਾ ਨਹੀਂ ਕਰਨਾ :

"ਰਣ ਰੂਤਿਉ ਨਰ ਨੇਹੀ ਕਰੇ ॥ ਨ ਨਿਵੈ ਨ ਫੁਨਿ ਸੰਚਰੇ ॥"

ਇਸ ਲਈ ਸਿੱਖ 'ਹੱਕ' ਲਈ ਅਤੇ ਪ੍ਰਵਾਨ ਅਸੂਲ (ਪ੍ਰਵਾਨੋ) ਲਈ ਮਰਨਾ ਧਰਮ ਸਮਝਦੇ ਸਨ । ਇਹ ਸੋਚਣੀ ਨਵੀਂ ਸੀ ਕਿ ਪ੍ਰਵਾਨ ਅਸੂਲ ਲਈ ਮੌਤ ਸਹੇੜਨੀ ਕੋਈ ਸਜ਼ਾ ਨਹੀਂ, ਸਗੋਂ ਸੂਰਮਿਆਂ ਦਾ ਹੱਕ, ਅਧਿਕਾਰ ਹੈ । ਐਸੀ ਮਰਣੀ ਸਿਰੋਪਾ ਹੈ :

"ਮਰਣਾ ਮੁਣਸਾ ਸੂਰਿਆ ਹਕ ਹੈ ਜਿ ਹੋਇ ਮਰਣ ਪਰਵਾਣੋ ॥"

ਪੁੱਠੀ ਦਿੱਤੀ ਜਾਂਦੀ ਤਾਲੀਮ ਨੇ ਹਿੰਦੁਸਤਾਨ ਨੂੰ ਇਤਨਾ ਨਿਤਾਣਾ ਬਣਾ ਦਿੱਤਾ ਸੀ ਕਿ ਸ਼ਹੀਦੀ ਵਰਗੀ ਮਹਾਨ ਪਦਵੀ ਦਾ ਕਿਸੇ ਨੂੰ ਗਿਆਨ ਤਕ ਨਹੀਂ ਸੀ । ਇਹ ਖ਼ਿਆਲ ਪੱਕਾ ਬਣਾ ਦਿੱਤਾ ਗਿਆ ਸੀ ਕਿ ਦੁੱਖ ਮੰਦੇ ਕਰਮਾਂ ਦਾ ਸਿੱਟਾ ਹੈ । ਜੇ ਕਿਸੇ ਰਾਜਾ ਰਾਮ ਚੰਦਰ ਜੀ ਨੇ ਅਸੂਲ ਤੇ ਪਹਿਰਾ ਦੇਂਦਿਆਂ ਜੰਗਲਾਂ ਦੇ ਤਸੀਹੇ ਝੱਲੇ ਤਾਂ ਆਖ ਦਿੱਤਾ ਕਿ ਉਸ ਦੇ ਬਾਪ ਰਾਜਾ ਦਸ਼ਰਥ ਨੇ ਕਦੇ ਸਰਵਨ ਦੇ ਮਾਤਾ ਪਿਤਾ ਨੂੰ ਐਸਾ ਸਲ ਦਿੱਤਾ ਸੀ । ਜੇ ਕੋਈ ਦੁੱਖ ਪਾਪ ਤੋਂ ਬਿਨਾਂ ਨਹੀਂ ਹੋ ਸਕਦਾ, ਤਾਂ ਕਿਸੇ ਮਨੁੱਖ ਨੇ ਦੁੱਖਾਂ ਦਾ ਜੀਵਨ ਅਪਣਾਉਣਾ ਹੀ ਕਿਉਂ ਸੀ ? ਗੁਰੂ ਪਾਤਸ਼ਾਹ ਨੇ 'ਦੁੱਖ ਦਾਰੂ' ਅਤੇ 'ਇਹ ਭੀ ਦਾਤ ਤੇਰੀ ਦਾਤਾਰ' ਦਾ ਸਿਧਾਂਤ ਦੇ ਕੇ ਸਾਰੀ ਦੁਨੀਆਂ ਦੀ ਸੋਚਣੀ ਹੀ ਬਦਲਾ ਦਿੱਤੀ ।

ਹੁਣ ਤਸੀਹੇ ਝਲਣਾ, ਦੁੱਖ ਸਹਾਰਨਾ, ਦੂਜੇ ਲਈ ਮਰ ਮਿਟਣਾ ਧਰਮ ਦਾ ਅੰਗ ਬਣਿਆ ਅਤੇ ਨੇਕੀ ਬਗੈਰ ਕਿਸੇ ਲਾਭ ਦੇ ਕਰਨ ਦਾ ਚਾਅ ਪੈਦਾ ਹੋਇਆ । ਗੁਰੂ ਪਾਤਸ਼ਾਹ ਨੇ ਪਹਿਲਾਂ ਆਪ ਤੇ ਫਿਰ ਸਿੱਖਾਂ ਨੇ ਉਨ੍ਹਾਂ ਹੀ ਪੂਰਨਿਆਂ ਤੇ ਲਿਖ ਕੇ ਸ਼ਹੀਦੀ ਦੀ ਪ੍ਰੰਪਰਾ ਨੂੰ ਜਨਮ ਦਿੱਤਾ ।

ਕਿਹੜਾ ਤਸੀਹਾ ਹੈ ਜੋ ਸਿੱਖ ਨੇ ਨਹੀਂ ਝਲਿਆ । ਸ਼ਹੀਦ ਕਰਨ ਦੇ ਅਠਾਰਾਂ ਤਰੀਕੇ ਪ੍ਰਚੱਲਤ ਸਨ ਅਤੇ ਉਹ ਸਾਰੇ ਹੀ ਸਿੱਖਾਂ ਤੇ ਅਜ਼ਮਾਏ ਗਏ, ਪਰ ਮਜ਼ਾਲ ਕੀ ਕਦੇ ਤਸੀਹੇ ਝਲਦੇ ਕਿਸੇ ਸਿੱਖ ਨੇ ਸੀ ਤਕ ਕੀਤੀ ਹੋਵੇ, ਸ਼ਹੀਦ ਹੋਣ ਵੇਲੇ ਆਹ ਭਰੀ ਹੋਵੇ ਜਾਂ ਮਾਰੇ ਜਾਣ ਵੇਲੇ ਕਦੇ ਕਸੀਸ ਵਟੀ ਹੋਵੇ ; ਹਾਂ ਇਸਦੇ ਉਲਟ ਜਦ ਜੰਗ ਵਿਚ ਕਿਸੇ ਨੂੰ ਸੋਧ ਰਹੇ ਹੁੰਦੇ ਤਾਂ ਕਦੇ ਗੁੱਸੇ ਨੂੰ ਨੇੜੇ ਨ ਆਉਣ ਦ੍ਰਿੱਤਾ । ਗੁਰੂ ਹਰਿਗੋਬਿੰਦ ਜੀ ਬਾਰੇ ਤਾਂ ਸਮਕਾਲੀ ਲਿਖਾਰੀ ਮੁਹਸਨ ਫ਼ਾਨੀ ਨੇ ਲਿਖਿਆ ਹੈ ਕਿ ਜੰਗ ਵਿਚ ਤਲਵਾਰ ਚਲਾਂਦੇ ਕਦੇ ਗੁਰੂ ਹਰਿਗੋਬਿੰਦ ਜੀ ਦੇ ਮੱਥੇ ਕਿਸੇ ਨੇ ਸ਼ਿਕਨ ਤਕ ਪਿਆ ਨਹੀਂ ਸੀ ਡਿੱਠਾ ।

ਸਿੱਖਾਂ ਬਾਰੇ ਵੀ ਲਿਖਿਆ ਹੈ ਕਿ ਜੇ ਜੰਗ ਵਿਚ ਜੂਝਦੇ ਦੁਸ਼ਮਣ ਦੀ ਪੱਗ ਉਤਰ ਜਾਂਦੀ ਸੀ ਤਾਂ ਸਿੰਘ ਕ੍ਰਿਪਾਨ ਮਿਆਨ ਵਿਚ ਕਰ ਲੈਂਦੇ ਸਨ ਅਤੇ ਕਹਿੰਦੇ ਸਨ : 'ਭਲੇ ਲੋਕ ! ਪੱਗੜੀ ਸੰਭਾਲ, ਮੈਂ ਤੇਰੀ ਇੱਜ਼ਤ ਉਤਾਰਨ ਨਹੀਂ ਆਇਆ ।' ਪਿਆਸੇ ਨੂੰ ਜਲ ਛਕਾਂਦੇ ਅਤੇ ਜ਼ਖ਼ਮੀ ਨੂੰ ਮਰਹਮ ਪੱਟੀ ਕਰਦੇ । ਕਦੇ ਕਿਸੇ ਔਰਤ ਦੇ ਗਹਿਣੇ ਤੱਕ ਨੂੰ ਹੱਥ

Sri Satguru Jagjit Singh Ji eLibrary NamdhariElibrary@gmail.com

ਨਹੀਂ ਸੀ ਲਗਾਇਆ ਤੇ ਮੰਦੀ ਨਜ਼ਰ ਨਾਲ ਕਿਸੇ ਨੂੰ ਤੱਕਿਆ ਤੱਕ ਨਹੀਂ ਸੀ। ਧਰਮ ਯੁਧ ਕਰ ਰਹੇ ਸਨ ਸਿੰਘ।

ਇਨ੍ਹਾਂ ਸਿੰਘਾਂ ਦੇ ਤੱਪ ਕਰਕੇ ਹੀ ਦੁਸ਼ਟਾਂ ਦਾ ਨਾਸ ਹੋਇਆ, ਹਕੂਮਤ ਬਦਲੀ ਤੇ ਖਾਲਸੇ ਦਾ ਬੋਲਬਾਲਾ ਹੋਇਆ ਅਤੇ ਸਰਦਾਰ ਜੱਸਾ ਸਿੰਘ ਆਹਲੂਵਾਲੀਆ ਪਾਤਸ਼ਾਹ ਬਣੇ ਤੇ ਪੰਥ ਨੇ ਉਨ੍ਹਾਂ ਨੂੰ ਸੁਲਤਾਨ-ਉਲ-ਕੌਮ ਦੀ ਪਦਵੀ ਬਖ਼ਸ਼ੀ। □

Sri Satguru Jagjit Singh Ji eLibrary NamdhariElibrary@gmail.com

# "ਗੁਰੂ ਗ੍ਰੰਥ ਜੀ ਮਾਨਿਓ, ਪ੍ਰਗਟ ਗੁਰਾਂ ਕੀ ਦੇਹ"

ਹੈਨਰੀ ਸੀ ਲਿੰਕ ਨੇ ਆਪਣੀ ਸੰਸਾਰ ਪ੍ਰਸਿੱਧ ਪੁਸਤਕ 'ਰੀਟਰਨ ਟੂ ਰੀਲੀਜਨ' ਵਿਚ ਇਸ ਗੱਲ ਵੱਲ ਇਸ਼ਾਰਾ ਕੀਤਾ ਹੈ ਕਿ ਜਿਸ ਸਾਇੰਸ ਦੀ ਸੜਕ ਤੇ ਚਲ ਕੇ ਮਨੁੱਖ ਧਰਮ ਤੋਂ ਦੂਰ ਗਿਆ ਹੈ, ਉਸੇ ਸਾਇੰਸ ਦੇ ਮਾਰਗ ਤੇ ਟੁਰਦਾ, ਉਹ ਮੁੜ ਧਰਮ ਵੱਲ ਆਵੇਗਾ। ਇਸ ਵਿਚਾਰ ਦੀ ਪੁਸ਼ਟੀ ਕਰਦੇ ਹੋਏ ਪ੍ਰਸਿਧ ਫਿਲਾਸਫਰ-ਇਤਿਹਾਸਕਾਰ ਆਰਨਲਡ ਟਾਇਨਬੀ ਨੇਂ ਆਪਣੀ ਪੁਸਤਕ 'ਐਨ ਹਿਸਟੋਰੀਅਨ ਅਪਰੋਚ ਟੂ ਰੀਲੀਜਨ' ਵਿਚ ਲਿਖਿਆ ਹੈ ਜਦ ਸਾਰਾ ਜਗਤ ਕੋਈ ਧਰਮ ਅਪਣਾਏਗਾ ਤਾਂ ਉਹ ਧਰਮ ਰਸਮਾਂ, ਰੀਤਾਂ, ਕਰਮ ਕਾਂਡਾਂ ਜਾਂ ਮਿਥਆਸ ਵਾਲਾ ਨਹੀਂ ਹੋਵੇਗਾ, ਉਸ ਦਾ ਮੂਲ ਆਧਾਰ 'ਸੇਵਾ ਤੇ ਸ਼ਬਦ' ਹੋਵੇਗਾ। ਉਦਾਹਰਣ ਵਜੋਂ ਉਥੇ ਹੀ ਉਸ ਨੇ ਲਿਖਿਆ ਹੈ ਕਿ ਸੇਵਾ ਦਾ ਆਦਰਸ਼ ਤਾਂ ਈਸਾਈਆਂ ਨੇ ਅਪਣਾ ਲਿਆ ਹੈ ਤੇ ਸ਼ਬਦ ਦੀ ਪੂਜਾ ਦਾ ਪ੍ਰਯੋਗ ਸਿੱਖਾਂ ਦੀ 'ਗ੍ਰੰਥ ਪੂਜਾ' ਤੋਂ ਦੇਖਿਆ ਜਾ ਸਕਦਾ ਹੈ।

ਗੱਲ ਬਿਲਕੁਲ ਠੀਕ ਹੈ ਕਿ ਗੁਰੂ ਨਾਨਕ ਜੀ ਨੇ ਮੁੱਢ ਤੋਂ ਹੀ ਦੇਖ ਲਿਆ ਸੀ ਕਿ ਜੇ ਧਰਮ ਨੇ ਸਰਬ ਵਿਆਪੀ ਤੇ ਵਿਸ਼ਵ ਦਾ ਬਣਨਾ ਹੈ ਤਾਂ ਸ਼ਬਦ ਨੂੰ ਹੀ ਪਹਿਲ ਦੇਣੀ ਹੋਵੇਗੀ ਤੇ ਸ਼ਖਸੀ, ਰਸਮੀ ਪੂਜਾ ਤੋਂ ਹਟਾਉਣਾ ਹੋਵੇਗਾ। ਗੁਰੂ ਨਾਨਕ ਜੀ ਨੇ ਹਰ ਵੇਲੇ, ਹਰ ਥਾਂ, ਹਰ ਇਕ ਨੂੰ ਸ਼ਬਦ ਦੇ ਹੀ ਲੜ ਲਗਾਇਆ। ਤਲਵੰਡੀ ਵਿਖੇ 'ਦਾਨਾ' ਮੀਰਾਸੀ ਨੂੰ ਇਹ ਹੀ ਕਿਹਾ ਕਿ ਜੇ **'ਸ਼ਬਦ ਪਾਇਕੇ ਰਾਗ ਨੂੰ ਗਾਂਵੇ ਤਾਂ ਮਰਦਾਨਾ ਕਹਿਲਾਂਏ।'** ਸਿੱਖਾਂ ਦੀ ਭਗਤ ਮਾਲਾ ਵਿਚ ਲਿਖਿਆ ਹੈ, ਉਸ ਕਾਫ਼ੀ ਜਕੋਤਕੇ ਕੀਤੇ ਕਿ ਰਾਗ ਗਾਉਣ ਨਾਲ ਤਾਂ ਰੋਜ਼ੀ ਮਿਲਦੀ ਹੈ, ਸ਼ਬਦ ਨਾਲ ਕੀ ਮਿਲੇਗਾ ਤਾਂ ਆਪ ਜੀ ਨੇ ਫ਼ਰਮਾਇਆ ਕਿ ਸ਼ਬਦ ਦੀਨ ਦੁਨੀ ਦੋਵਾਂ ਵਿਚ ਉਧਾਰ ਕਰੇਗਾ। ਉਹ ਮਰਦਾਨਾ ਬਣ ਨਾਲ ਹੋ ਉਠਿਆ।

ਗੁਰੂ ਨਾਨਕ ਜੀ ਨੇ ਕਰਾਮਾਤ ਹੀ ਸ਼ਬਦ ਨੂੰ ਕਿਹਾ। ਜਦ ਸਿੱਧਾਂ ਜ਼ਿੱਦ ਕੀਤੀ ਕਿ ਕੋਈ ਕਰਾਮਾਤ ਦਿਖਲਾਵੋ ਤਾਂ ਆਪ ਜੀ ਨੇ 'ਬਾਝੋ ਸੱਚੇ ਨਾਮ ਦੇ ਹੋਰ ਕਰਾਮਾਤ ਅਸਾਥੇ ਨਾਹੀਂ' ਹੀ ਫ਼ਰਮਾਇਆ। ਜਦ ਉਨ੍ਹਾਂ ਗੁਰੂ ਨਾਨਕ ਜੀ ਨੂੰ ਇਤਨੀ ਵੱਡੀ ਸ਼ਕਤੀ ਦੇ ਮਾਲਕ ਹੋਣ ਦਾ ਰਹਸ ਪੁੱਛਿਆ ਤਾਂ ਵੀ ਆਪ ਜੀ ਨੇ 'ਗੁਰੂ ਸੰਗਤ ਬਾਣੀ ਬਿਨਾਂ, ਦੂਜੀ

Sri Satguru Jagjit Singh Ji eLibrary NamdhariElibrary@gmail.com

ਓਟ ਨਹੀਂ ਹੈ ਰਾਈ' ਹੀ ਕਿਹਾ। ਭਾਈ ਗੁਰਦਾਸ ਜੀ ਦੀ ਗਵਾਹੀ ਹੈ ਕਿ ਗੁਰੂ ਨਾਨਕ ਜੀ ਨੇ ਸ਼ਬਦ ਦੁਆਰਾ ਹੀ ਸਾਰੀ ਪ੍ਰਿਥਵੀ ਜਿਤੀ ਤੇ ਜਗਿਆਸੂਆਂ ਲਈ ਨਵਾਂ, ਨਵੇਕਲਾ, ਨਿਆਰਾ, ਨਿਰਮਲ ਰਾਹ (ਪੰਥ) ਸਾਜਿਆ। ਸਿੱਧਾਂ ਨੇ ਇਕ ਵਾਰੀ ਫਿਰ ਗੁਰੂ ਨਾਨਕ ਜੀ ਨੂੰ ਜ਼ੇਰ ਕਰਨ ਤੇ ਆਪਣੇ ਮੱਤ ਦਾ ਅਨੁਯਾਈ ਬਣਾਉਣ ਲਈ ਸਿਰ ਤੋੜ ਕੋਸ਼ਿਸ਼ ਕੀਤੀ, ਉਨ੍ਹਾਂ ਸੁਆਲਾਂ ਦੀ ਬੁਛਾੜ ਵੀ ਕੀਤੀ ਤੇ ਪੁਛਿਆ,

"ਕਵਣ ਮੂਲੁ, ਕਵਣ ਮਤਿ ਵੇਲਾ।
ਤੇਰਾ ਕਵਣੁ ਗੁਰੂ, ਜਿਸ ਕਾ ਤੂ ਚਲਾ।"

ਸਿੱਖਿਆ ਦਾ ਮੂਲ ਕੀ ਹੈ ? ਸਿੱਖਿਆ ਲੈਣ ਦਾ ਕਿਹੜਾ ਸਮਾਂ ਹੈ, ਤੂੰ ਕਿਸ ਗੁਰੂ ਦਾ ਚੇਲਾ ਹੈਂ ਤੇ ਕਿਹੜੀ ਗੱਲ ਨਾਲ ਤੂੰ ਨਿਰਲੇਪ ਰਹਿੰਦਾ ਹੈਂ ? ਫਿਰ ਉਨ੍ਹਾਂ ਇਹ ਵੀ ਪੁਛ ਕੀਤੀ ਕਿ : ਸ਼ਬਦ ਰਾਹੀਂ ਗੁਰੂ ਇਸ ਜੀਵ ਨੂੰ ਸੰਸਾਰ ਸਮੁੰਦਰ ਤੋਂ ਪਾਰ ਕਰਨ ਦੇ ਸਮੂਥ ਕਿਵੇਂ ਹੈ ?

ਕਵਣ ਕਥਾ ਲੇ ਰਹਹੁ ਨਿਰਾਲੇ।
ਬੋਲੈ ਨਾਨਕੁ ਸੁਣਹੁ ਤੁਮ ਬਾਲੇ।
ਏਸ ਕਥਾ ਕਾ ਦੇਇ ਬੀਚਾਰੁ।
ਭਵਜਲੁ ਸਬਦਿ ਲੰਘਾਵਣ ਹਾਰੁ ॥ ੪੩ ॥ (ਸਿੱਧ ਗੋਸ਼ਟ)

ਗੁਰੂ ਜੀ ਨੇ ਉੱਤਰ ਦਿੰਦੇ ਹੋਏ ਫ਼ਰਮਾਇਆ ਕਿ ਪ੍ਰਾਣ, ਹਸਤੀ ਦਾ ਮੁੱਢ ਹੈ. ਹੋਰ ਕੋਈ ਨਹੀਂ। ਇਹ ਮਨੁਖਾ ਜਨਮ ਦਾ ਸਮਾਂ ਹੀ ਵਾਹਿਗੁਰੂ ਦੀ ਸਿੱਖਿਆ ਲੈਣ ਦਾ ਹੈ। ਸੁਆਸਾਂ ਵਿਚ ਉਸ ਦਾ ਨਾਮ ਲੈ ਆਉਣਾ ਹੀ ਕਾਮਯਾਬੀ ਦਾ ਰਾਹ ਹੈ, ਸ਼ਬਦ ਗੁਰੂ ਹੈ, ਤੇ ਸੁਰਤਿ ਦਾ ਟਿਕਾਊ ਹੀ, ਸ਼ਬਦ ਗੁਰੂ ਦਾ ਸਿੱਖ ਹੈ।

ਪਵਨ ਅਰੰਭ, ਸਤਿਗੁਰੂ ਮਤਿ ਵੇਲਾ।
ਸਬਦੁ ਗੁਰੂ, ਸੁਰਤਿ ਧੁਨਿ ਚੇਲਾ।

ਸੁਰਤਿ ਦਾ ਮਾਰਗ ਵੈਰਾਗ ਨਾਲੋਂ ਬਿਲਕੁਲ ਅਡਰਾ ਹੈ। ਵੈਰਾਗ ਵਿਚ ਘਿਰਣਾ ਹੈ। ਸੁਰਤਿ ਵਿਚ ਪਿਆਰ ਹੈ। ਵਿਵੇਕ ਚੂੜਾਮਨੀ ਨੇ ਵੈਰਾਗ ਦਾ ਲੱਛਣ ਲਿਖਦੇ ਹੋਇਆ ਲਿਖਿਆ ਹੈ :

"ਦੇਹ ਤੋਂ ਲੈ ਕੇ ਬ੍ਰਹਮ ਤੱਕ ਜਿਤਨੇ ਭੋਗ ਪਦਾਰਥ ਹਨ ਉਨ੍ਹਾਂ ਲਈ ਘਿਰਣਾ, ਉਨ੍ਹਾਂ ਪਦਾਰਥਾਂ ਦੇ ਦੇਖਣ ਲਈ ਘਿਰਣਾ, ਇਸ ਦਾ ਨਾਮ ਵੈਰਾਗ ਹੈ। ਇਸ ਨੂੰ ਵੇਦਾਂਤ ਗ੍ਰੰਥਾਂ ਵਿਚ 'ਉਪਰਤਿ' ਵੀ ਕਿਹਾ ਹੈ। ਜਿਸ ਦਾ ਭਾਵ ਮੌਤ, ਵੈਰਾਗ ਜਾਂ ਉਦਾਸੀ ਹੈ। ਇਸ ਦੇ ਐਨ ਉਲਟ ਹੈ 'ਸੁਰਤਿ' ਦਾ ਮਾਰਗ। ਸੁਰਤਿ ਹੈ ਹੀ ਉਹ ਤਰੀਕਾ ਜੋ ਬਗੈਰ ਘਿਰਣਾ ਦੇ ਗਿਆਨ ਦੀ ਪਉੜੀ ਚੜ੍ਹ ਜਾਂਦਾ ਹੈ। ਇਹ ਰਾਹ ਵਿਸਮਾਦ ਦਾ ਰਾਹ ਹੈ। ਇਸ ਵਿਚ ਘਿਰਣਾ ਦੀ ਮੁਥਾਜੀ ਨਹੀਂ। ਪ੍ਰੇਮ ਦੀ ਲੋੜ ਹੈ। ਇਹ ਪ੍ਰੇਮ ਸ਼ਬਦ ਨਾਲ ਪਾਉਣਾ ਹੈ ਤੇ ਸੁਰਤਿ ਨੂੰ ਉਚਿਆ ਟੁਰੀ ਜਾਣਾ ਹੈ।'[1]

ਫਿਰ ਪਾਤਸ਼ਾਹ ਨੇ ਕਿਹਾ ਕਿ ਅਕੱਥ ਪ੍ਰਭੂ ਦੇ ਗੁਣ ਗਾ ਗਾ ਕੇ ਮਾਇਆ ਤੋਂ ਨਿਰਲੇਪ ਰਹਿਣਾ ਹੈ। ਇਸ ਤਰ੍ਹਾਂ ਇਹ ਸੋਝੀ ਆ ਜਾਂਦੀ ਹੈ ਕਿ ਉਹ ਗੁਰ-ਗੋਪਾਲ ਹਰ

---

1. ਨਿਰੁਕਤ ਕ੍ਰਿਤ ਡਾਕਟਰ ਬਲਬੀਰ ਸਿੰਘ ਜੀ।

Sri Satguru Jagjit Singh Ji eLibrary NamdhariElibrary@gmail.com

ਜੁਗਿ ਵਿਚ, ਹਰ ਥਾਂਵੇਂ ਮੌਜੂਦ ਹੈ ਤੇ ਉਸ ਦੇ ਗੁਣ ਕੇਵਲ ਗੁਰ ਸ਼ਬਦ ਰਾਹੀਂ ਹੀ ਗਾਏ ਤੇ ਵਿਚਾਰੇ ਜਾ ਸਕਦੇ ਹਨ। ਸ਼ਬਦ ਹੀ ਵਿਥ ਮੇਟਦਾ ਹੈ। ਹਉਮੈ ਤੋੜਦਾ ਹੈ ਤੇ ਖ਼ੁਦਗਰਜ਼ੀ ਦੀ ਅੱਗ ਅੰਦਰੋਂ ਦੂਰ ਕਰਦਾ ਹੈ।

ਅਕਥ ਕਥਾ ਲੇ ਰਹਉ ਨਿਰਾਲਾ।
ਨਾਨਕ ਜੁਗਿ ਜੁਗਿ ਗੁਰ ਗੋਪਾਲਾ।
ਏਕੁ ਸਬਦ, ਜਿਤੁ ਕਥਾ ਵੀਚਾਰੀ।
ਗੁਰਮੁਖਿ ਹਉਮੈ ਅਗਨਿ ਨਿਵਾਰੀ।੪੩। (ਸਿੱਧ ਗੋਸ਼ਟ)

ਸਿੱਧਾਂ ਦਾ ਖ਼ਿਆਲ ਸੀ ਕਿ ਗੁਰੂ ਨਾਨਕ ਨੂੰ ਨਿਗੁਰਾ ਸਿੱਧ ਕਰਕੇ ਉਸ ਦੇ ਸਾਰੇ ਹੀ ਸਿਧਾਂਤਾਂ ਦੀ ਕਮਜ਼ੋਰੀ ਪ੍ਰਗਟਾ ਦਿਆਂਗੇ। ਪਰ ਗੁਰੂ ਨਾਨਕ ਜੀ ਦੇ ਇਨ੍ਹਾਂ ਉੱਤਰਾਂ ਨੇ ਉਨ੍ਹਾਂ ਨੂੰ ਨਿਰੁਤਰ ਕਰ ਦਿੱਤਾ ਹੈ ਤੇ ਉਹ ਨਮਸਕਾਰ ਕਰ 'ਧੰਨ ਨਾਨਕ ਤੇਰੀ ਵੱਡੀ ਕਮਾਈ' ਆਖ ਕੇ ਵਾਪਸ ਮੁੜ ਗਏ। ਸਿੱਧ ਤੇ ਸਾਰੀ ਦੁਨੀਆਂ ਇਹ ਸਮਝ ਗਈ ਕਿ ਸਮੁੰਦਰ ਤੋਂ ਤਰਨ ਦਾ ਰਾਹ ਸੁਰਤਿ ਨੂੰ ਸ਼ਬਦ ਵਿਚ ਟਿਕਾਣਾ ਹੈ।

'ਸੁਰਤਿ ਸਬਦ ਭਵ ਸਾਗਰ ਤਰੀਐ,
ਨਾਨਕ ਨਾਮ ਵਖਾਣੇ।'

ਫਿਰ ਜਦ ਆਪ ਜੀ ਭਾਈ ਲਹਿਣਾ ਨੂੰ ਗੱਦੀ ਬਖਸ਼ਣ ਲੱਗੇ ਤਾਂ ਵੀ ਸ਼ਬਦ ਅੱਗੇ ਹੀ ਸਿਰ ਨਿਵਾਉਣ ਲਈ ਕਿਹਾ ਤੇ ਫ਼ਰਮਾਇਆ ਕਿ ਬਾਣੀ ਨੇ ਹੀ ਸਭ ਨੂੰ ਅਗਵਾਈ ਦੇਣੀ ਹੈ।

'ਸਬਦ ਗੁਰ ਪੀਰਾ, ਗਹਿਰ ਗੰਭੀਰਾ,
ਬਿਨ ਸਬਦੈ ਜਗ ਬਉਰਾਨੰ।'

ਜਨਮ ਸਾਖੀ ਵਿਚ ਲਿਖਿਆ ਹੈ ਕਿ ਗੁਰੂ ਨਾਨਕ ਪ੍ਰਸੰਨ ਹੋ ਕੇ ਬਾਣੀ ਦਾ ਖਜ਼ਾਨਾ ਗੁਰੂ ਅੰਗਦ ਦੇਵ ਦੇ ਹਵਾਲੇ ਕੀਤਾ ਤੇ ਪੁਰਾਤਨ ਜਨਮ ਸਾਖੀ ਕਹਿੰਦੀ ਹੈ ਕਿ **'ਤਿਤ ਮਹਿਲ ਜੋ ਸ਼ਬਦ ਹੋਆ ਸੋ ਪੋਥੀ ਜੁ ਬਾਨਿ ਗੁਰੂ ਅੰਗਦ ਜੋਗ ਮਿਲੀ।'**

ਮਿਹਰਬਾਨ ਜੀ ਨੇ ਵੀ ਗੋਸ਼ਟੀ ਵਿਚ ਲਿਖਿਆ ਹੈ, 'ਤਬ ਗੁਰੂ ਬਾਬਾ ਨਾਨਕ ਜੀ ਗੁਰੂ ਅੰਗਦ ਕਉ **'ਸ਼ਬਦ ਦੀ ਥਾਪਨਾ'** ਦੇ ਕਰ ਸੰਮਤ ੧੫੯੬ ਅਸੂ ਵਦੀ ਦਸਮੀ ਕਉ ਆਪ ਸਚਖੰਡ ਸਿਧਾਰੇ।' ਗੱਲ ਕੀ, ਸ਼ਬਦ ਨੂੰ ਮਹੱਤਵਪੂਰਨ ਥਾਂ ਗੁਰੂ ਨਾਨਕ ਜੀ ਨੇ ਹੀ ਦੇਣੀ ਆਰੰਭ ਕਰ ਦਿੱਤੀ ਸੀ। ਮਹਿਮਾ ਪ੍ਰਕਾਸ਼ ਵਾਰਤਕ ਵਿਚ ਵੀ ਆਉਂਦਾ ਹੈ। ਜਦ ਗੁਰੂ ਜੀ ਨੇ ਭਾਈ ਲਹਿਣਾ ਨੂੰ ਕੁਝ ਮੰਗਣ ਲਈ ਕਿਹਾ ਸੀ ਤਾਂ ਆਪ ਜੀ ਨੇ ਗੁਰੂ ਜੀ ਕੋਲੋਂ (੧) ਕਮਰ ਕਸਾ, (੨) ਪੋਥੀ ਤੇ (੩) ਰਬਾਬੀ ਦੀ ਮੰਗ ਕੀਤੀ ਸੀ। ਜਦ ਗੁਰੂ ਨਾਨਕ ਜੀ ਨੇ ਬਲਵੰਡ ਜੀ ਨੂੰ ਪਿੰਡੋਂ ਮੰਗਵਾ ਕੇ ਸੌਂਪਣੀ ਕੀਤੀ ਸੀ ਤਾਂ ਵੀ ਇਹ ਫ਼ਰਮਾਇਆ ਸੀ ਕਿ ਬਲਵੰਡ ਦਾ ਇਸ ਤਰ੍ਹਾਂ **ਖ਼ਿਆਲ ਰੱਖਣਾ ਜਿਵੇਂ ਬੱਤੀ ਦੰਦਾਂ ਵਿਚ ਜੀਭ ਦਾ ਰਖੀਦਾ ਹੈ।**

ਗੁਰੂ ਅਮਰਦਾਸ ਜੀ ਜਦ 'ਗਾਵਹੁ ਸੱਚੀ ਬਾਣੀ' ਦਾ ਹੋਕਾ ਦੇਂਦੇ ਸਨ ਤਾਂ ਉਨ੍ਹਾਂ ਦਾ ਭਾਵ ਇਹ ਹੀ ਸੀ ਕਿ ਕਚਿਆਂ ਦੀ ਕੱਚੀ ਆਖੀ ਗੱਲ ਤੋਂ ਬਚੋ। ਗੁਰੂ ਰਾਮਦਾਸ ਜੀ

Sri Satguru Jagjit Singh Ji eLibrary NamdhariElibrary@gmail.com

ਨੇ ਉਨ੍ਹਾਂ ਲੋਕਾਂ ਨੂੰ ਬਹੁਤ ਸੋਹਣਾ ਉਤਰ ਦਿੱਤਾ ਸੀ ਜੋ ਬਾਰ ਬਾਰ ਸਰੀਰਾਂ ਦੀ ਗੱਲ ਕਰਦੇ ਸਨ। ਉਨ੍ਹਾਂ ਉਚਾਰਿਆ ਕਿ ਸੰਸਾਰ ਸਮੁੰਦਰ ਤੋਂ ਪਾਰ ਹੋਣ ਲਈ "ਵਾਹਿਗੁਰੂ ਨਾਮ ਜਹਾਜ਼ ਹੈ" ਅਤੇ ਮਲਾਹ ਗੁਰੂ ਹੈ ਪਰ ਗੁਰੂ ਪਾਸ ਚੱਪੂ ਸ਼ਬਦ ਦੇ ਹਨ।

'ਹਰਿ ਹਰਿ ਨਾਮ ਪੋਤਿ ਹੈ ਮੇਰੀ ਜਿੰਦੜੀਏਹਿ,
ਗੁਰੂ ਖੇਵਟੁ, ਸ਼ਬਦ ਪਾਰ ਲੰਘਾਇ ਰਾਮ।'

ਗੁਰੂ ਅਰਜਨ ਜੀ ਨੇ ਬਖ਼ਸ਼ਸ਼ ਕਰਦੇ ਹੋਏ ਸਾਰੀ ਬਾਣੀ ਜੋ ਪੋਥੀਆਂ ਵਿਚ ਉਨ੍ਹਾਂ ਪਾਸ ਸੀ ਉਸ ਨੂੰ ਪੋਥੀ ਸਾਹਿਬ ਵਿਚ ਸੰਪਾਦ ਕੀਤਾ। ਗੁਰੂ ਨਾਨਕ ਜੀ ਉਦਾਸੀਆਂ ਸਮੇਂ ਪ੍ਰਸਿਧ ਭਗਤਾਂ ਦੀ ਬਾਣੀ ਵੀ 'ਕਿਤਾਬ' ਵਿਚ ਲਿਖਦੇ ਜਾਂਦੇ ਹਨ। ਭਾਈ ਗੁਰਦਾਸ ਜੀ ਦੀ ਗਵਾਹੀ ਅਨੁਸਾਰ ਉਹ 'ਕਿਤਾਬ' ਸਦਾ ਪਾਸ ਹੀ ਰੱਖਦੇ ਸਨ। ਪਹਿਲੀ ਉਦਾਸੀ ਸਮੇਂ ਹੀ ਆਪ ਜੀ ਨੇ ਭਗਤ ਕਬੀਰ, ਭਗਤ ਰਵੀਦਾਸ, ਜੈਦੇਵ ਜੀ, ਨਾਮਦੇਵ ਜੀ, ਬੇਣੀ ਜੀ, ਪਰਮਾਨੰਦ, ਭਗਤ ਸੂਰਦਾਸ, ਸੈਨ ਜੀ ਤੇ ਧੰਨਾ ਜੀ ਦੀ ਬਾਣੀ ਦਰਜ ਕਰ ਲਈ ਸੀ। ਤੀਜੀ ਉਦਾਸੀ ਵੇਲੇ ਬਾਬਾ ਫ਼ਰੀਦ ਤੇ ਭਗਤ ਸਧਨਾ ਜੀ ਦੀ ਲਿਖ ਲਿਆਂਦੀ ਸੀ। ਇਹ ਹੀ ਸੀ ਸਾਰਾ ਖਜ਼ਾਨਾ ਜਿਸ ਦਾ ਜ਼ਿਕਰ ਜਨਮ ਸਾਖੀਆਂ ਵਾਲਿਆਂ ਨੇ ਕੀਤਾ ਹੈ। ਗੁਰੂ ਨਾਨਕ ਜੀ ਨੇ ਸੌਂਪਿਆ ਗੁਰੂ ਅੰਗਦ ਦੇਵ ਜੀ ਨੂੰ ਤੇ ਉਨ੍ਹਾਂ ਅੱਗੋਂ ੬੨ ਸਲੋਕ ਦਰਜ ਕਰਕੇ ਗੁਰੂ ਅਮਰਦਾਸ ਜੀ ਨੂੰ ਦੇ ਦਿੱਤੇ। ਗੁਰੂ ਅਮਰਦਾਸ ਜੀ ਨੇ ਤਿਲੰਗ ਤੇ ਤੁਖਾਰੀ ਰਾਗਾਂ ਤੋਂ ਸਿਵਾ ਉਨ੍ਹਾਂ ਹੀ ੧੭ ਰਾਗਾਂ ਵਿਚ ਬਾਣੀ ਉਚਾਰ ਕੇ ਪਿਓ ਦਾਦੇ ਦਾ ਖਜ਼ਾਨਾ ਗੁਰੂ ਰਾਮ ਦਾਸ ਜੀ ਨੂੰ ਬਖਸ਼ ਦਿੱਤਾ। ਗੁਰੂ ਰਾਮ ਦਾਸ ਜੀ ਨੇ ੧੯ ਉਹੋ ਰਾਗਾਂ ਤੇ ੧੧ ਹੋਰ ਰਾਗਾਂ ਵਿਚ ਬਾਣੀ ਉਚਾਰ ਕੇ ਸਾਰੀਆਂ ਪੋਥੀਆਂ ਗੁਰੂ ਅਰਜਨ ਜੀ ਨੂੰ ਸੌਂਪ ਦਿੱਤੀਆਂ। ਗੁਰੂ ਅਰਜਨ ਜੀ ਨੇ ਆਪਣੀ ਹੀ ਨਿਗਰਾਨੀ ਵਿਚ ਭਾਈ ਗੁਰਦਾਸ ਜੀ ਨੂੰ ਲਿਖਣ ਦਾ ਕੰਮ ਸਪੁਰਦ ਕੀਤਾ। ਮਹਿਮਾ ਪ੍ਰਕਾਸ਼ ਦੀ ਬੜੀ ਖ਼ੂਬਸੂਰਤ ਗਵਾਹੀ ਹੈ ਕਿ ਇਕ ਦਿਨ ਅੰਮ੍ਰਿਤ ਵੇਲੇ ਗੁਰੂ ਅਰਜਨ ਜੀ ਬੈਠੇ ਸਨ ਤਾਂ ਦਯਾ ਵਿਚ ਆ ਕੇ ਇਹ ਬਚਨ ਉਚਾਰੇ ਕਿ ਪੰਥ ਤਾਂ ਪ੍ਰਗਟ ਹੋ ਗਿਆ ਹੈ, ਉਸ ਪੰਥ ਨੂੰ ਰੁਸ਼ਨਾਉਣ ਲਈ ਗੁਰੂ ਗ੍ਰੰਥ ਦੀ ਲੋੜ ਹੈ ਤਾਕਿ ਪੰਥ ਕਦੇ ਰਾਹ ਤੋਂ ਨਾਂਹ ਖੁਝੇ ਤੇ ਨਾਂਹ ਹੀ ਭਟਕੇ।

ਠੀਕ ਸ਼ਬਦ ਹਨ :

"ਏਕ ਦਿਵਸ ਪ੍ਰਭ ਪ੍ਰਾਤਹਕਾਲ।
ਦਯਾ ਭਰੇ ਪ੍ਰਭ ਦੀਨ ਦਯਾਲ।
**ਯਹ ਮਨ ਉਪਜੀ, ਪ੍ਰਗਟਿਯੋ ਜਗ ਪੰਥ।**
**ਤਿਹ ਕਾਰਨ ਕੀਜੈ ਅਬ ਗ੍ਰੰਥ।**

ਆਪ ਜੀ ਨੇ ਆਪਣੀ ਬਾਣੀ, ਸਤਾ ਬਲਵੰਡ ਜੀ, ਭਟਾਂ ਦੀ ਤੇ ਸੁੰਦਰ ਜੀ ਦੀ ਸਦ ਦਰਜ ਕਰ ਕੇ ਆਦਿ ਗ੍ਰੰਥ ਭਾਦੋਂ ਸੁਦੀ ਏਕਮ ਨੂੰ ਸੰਪੂਰਣ ਕਰ ਦਿੱਤਾ ਤੇ ਪੂਰੇ ੧੫ ਦਿਨਾਂ ਪਿਛੋਂ ਭਾਦਰੋਂ ਵਦੀ ਏਕਮ ਨੂੰ ਹਰਮਿੰਦਰ ਸਾਹਿਬ ੧੬੦੪ ਈ: ਨੂੰ ਪਹਿਲਾ ਪ੍ਰਕਾਸ਼ ਕੀਤਾ। ਉਸ ਪ੍ਰਕਾਸ਼ ਸਮੇਂ ਜੋ ਵਾਕ ਆਇਆ ਇਤਿਹਾਸਕਾਰਾਂ ਨੇ ਇਸ ਪ੍ਰਕਾਰ ਲਿਖਿਆ ਹੈ :

ਸੋਰਠ ਮਹਲਾ ੫
ਵਿਚਿ ਕਰਤਾ ਪੁਰਖ ਖਲੋਆ।
ਵਾਲ ਨ ਵਿੰਗਾ ਹੋਆ। (ਪੰਨਾ ੬੨੩)

Sri Satguru Jagjit Singh Ji eLibrary NamdhariElibrary@gmail.com

ਗੁਰੂ ਅਰਜਨ ਜੀ ਨੇ ਆਦਿ ਗ੍ਰੰਥ ਵਿਚ ਅੰਤਿਕਾ ਮੁੰਦਾਵਣੀ ਪਾ ਕੇ ਸਾਰੇ ਵਿਸ਼ਵ ਲਈ ਆਤਮਕ ਠੰਡ ਪ੍ਰਾਪਤ ਕਰਨ ਦੀ ਜੁਗਤ ਦੱਸੀ। ਮੁੰਦਾਵਣੀ ਸੰਸਕ੍ਰਿਤ ਸ਼ਬਦ ਮੁੱਦ ਤੋਂ ਬਣਿਆ ਹੈ। ਮੁੱਦ ਦੇ ਅਰਥ ਹਨ ਪ੍ਰਸੰਨ ਰਹਿਣਾ ਤੇ ਮੁੰਦਾਵਣੀ ਦਾ ਭਾਵ ਹੈ 'ਆਤਮਕ ਪ੍ਰਸੰਨਤਾ ਦੇਣ ਵਾਲੀ ਵਸਤੂ' ਆਤਮਕ ਪ੍ਰਸੰਨਤਾ ਤਾਂ ਹੀ ਮਿਲੇਗੀ ਜੇ ਪ੍ਰਾਣੀ ਹਿਰਦੇ ਰੂਪੀ ਥਾਲ ਵਿਚ ਉਚਾ ਆਦਰਸ਼, ਸੰਤੋਖ ਤੇ ਸੂਝ ਸੰਭਾਲ ਰਖੇਗਾ। ਆਦਿ ਗ੍ਰੰਥ ਇਸੇ ਪਾਸੇ ਦਾ ਇਕ ਸਫ਼ਲ ਯਤਨ ਹੈ। ਕੋਈ ਪੁਰਸ਼ ਇਨ੍ਹਾਂ ਵਸਤੂਆਂ ਨੂੰ ਤਿਆਗ ਕੇ ਸੁੱਖ ਨਹੀਂ ਲੈ ਸਕਦਾ। ਇਸੇ ਦੀ ਬਰਕਤ ਦੁਆਰਾ ਪ੍ਰਭੂ ਦੇ ਦਰ ਜਾ ਕੇ ਘੁੱਪ ਹਨੇਰੇ ਦਾ ਸਮੁੰਦਰ ਤਰਿਆ ਜਾ ਸਕੇਗਾ। ਪ੍ਰਮਾਤਮਾ ਹਰ ਥਾਂ ਦਿਸਣ ਲੱਗ ਪਵੇਗਾ। ਜ਼ਿੰਦਗੀ ਦਾ ਮੂਲ ਹੈ, ਪ੍ਰਮਾਤਮਾ ਤੇ ਉਸ ਦੇ ਪ੍ਰਕਾਸ਼ ਨੂੰ ਹਰ ਥਾਂਵੇ ਦੇਖਣਾ—

'ਤਮ ਸੰਸਾਰ ਚਰਣ ਲਗਿ ਤਰੀਐ,
ਸਭ ਨਾਨਕ ਬ੍ਰਹਮ ਪਾਸਾਰੇ।'

ਇਹ ਹੀ ਜਪ, ਸਿਮਰਨ, ਨਾਮ, ਤੇ ਰਜ਼ਾ ਦਾ ਸਿੱਟਾ ਹੈ।

ਇਕ ਗੱਲ ਹੋਰ ਸਿਆਣੇ ਕਹਿੰਦੇ ਹਨ ਕਿ ਜੋ ਕੋਈ ਵੱਡਾ ਵਲਟੋਹਾ ਹੋਵੇ ਤਾਂ ਉਸ ਨੂੰ ਜਫਾ ਮਾਰ ਕੇ ਉਠਾਉਣਾ ਕਠਨ ਹੈ। ਸੋ ਵੱਡੇ ਵਲਟੋਹੇ ਨੂੰ ਉਠਾਉਣ ਲਈ ਦੋ ਕੁੰਡਿਆਂ ਨੂੰ ਪਕੜਨਾ ਜ਼ਰੂਰੀ ਹੁੰਦਾ ਹੈ। ਇਸ ਨੂੰ 'ਕੜਾਹ ਕੁੰਡਲ ਨਿਯਾਇ' ਵੀ ਕਹਿੰਦੇ ਹਨ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸਮਝਣ ਲਈ ਤਾਂ ਸ਼ਾਇਦ ਸਦੀਆਂ ਹੀ ਲੱਗ ਜਾਣ ਅਤੇ ਫਿਰ ਵੀ ਕਈ ਤੁਕਾਂ ਦੇ ਰਹਸ ਨਾ ਖੁਲ੍ਹਣ। ਪਰ ਸਮੁੱਚੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਿਖਿਆ ਜ਼ਰੂਰ ਪਾਈ ਜਾ ਸਕਦੀ ਹੈ ਜੇ ਦੋ 'ਕੁੰਡੇ ਪਕੜ ਲਏ' ਜਾਣ। ਇਕ ਕੁੰਡਾ ਹੈ ਪਹਿਲਾ ਅੱਖਰ ਤੇ ਦੂਜਾ ਹੈ ਆਖ਼ਰੀ। ਪਹਿਲਾ ਅੱਖਰ ਹੈ '੧' ਤੇ ਮੁੰਦਾਵਣੀ ਦਾ ਆਖਰੀ ਸ਼ਬਦ ਹੈ 'ਪਸਾਰੋ।' 'ਇਕ' ਨੂੰ ਵੀ ਘੁੱਟ ਕੇ ਪਕੜਨਾ ਹੈ ਤੇ 'ਪਸਾਰੇ' ਨੂੰ ਵੀ ਨਹੀਂ ਛੱਡਣਾ। ਇਕ ਛੱਡਿਆਂ ਪਸਾਰੇ ਵਿਚ ਐਸਾ ਰੁਲੇਗਾ ਕਿ ਭੰਬਲ-ਭੂਸੇ ਤੇ ਠੋਕਰਾਂ ਹੀ ਪੈਣਗੀਆਂ। ਤੇ ਜੇ ਕਿਸੇ '੧' ਨੂੰ ਪਾਉਣ ਲਈ ਪਸਾਰਾ ਛੱਡ ਦਿੱਤਾ ਤਾਂ ਵੀ ਉਹ ਪੱਥਰ ਹੋ ਜਾਇਗਾ ਤੇ ਫਿਰ ਠੋਕਰ ਖਾ ਕੇ ਤਿੰਨ੍ਹਾਂ ਦੇ ਘਰ ਹੀ ਮੰਗਣ ਆਵੇਗਾ। ਸੋ ਗੁਰੂ ਗਰੰਥ ਸਾਹਿਬ ਦਾ ਉਪਦੇਸ਼ ਇਹ ਹੀ ਹੈ ਕਿ ਨਾ ਇਕ ਛੱਡਿਆ ਜਾਏ ਤੇ ਨਾ ਹੀ ਪਸਾਰਾ। ਦੁਨੀਆਂ ਵਿਚ ਰਹਿੰਦੇ ਹੀ ਉਸ ਨੂੰ ਪਾਇਆ ਜਾ ਸਕਦਾ ਹੈ। 'ਤਨੁ ਮਨੁ' ਦੋਵੇਂ ਹਰੇ ਕੀਤੇ ਜਾ ਸਕਦੇ ਹਨ।

ਭਾਈ ਗੁਰਦਾਸ ਜੀ, ਜਿਨ੍ਹਾਂ ਦੀ ਰਚਨਾ ਨੂੰ ਗੁਰੂ ਅਰਜਨ ਦੇਵ ਜੀ ਨੇ ਆਪੂੰ ਬਾਣੀ ਦੀ ਕੁੰਜੀ ਕਹਿ ਕੇ ਮਾਨ ਦਿੱਤਾ ਸੀ, ਨੇ ਬੜੀਆਂ ਭਾਵ ਪੂਰਤ ਤੁਕਾਂ ਲਿਖੀਆਂ ਹਨ ਕਿ ਵਾਹਿਗੁਰੂ ਲਾ ਮਕਾਨ ਹੈ, ਗੈਰ ਮਹਲ ਹੈ। ਗੈਰ ਮਹਲ ਵਿਚ ਜਾਣਾ ਹੋਵੇ ਤਾਂ ਕਰਮ ਵੀ ਐਸੇ ਹੀ ਹੋਣੇ ਚਾਹੀਦੇ ਹਨ ਜਿਸ ਵਿਚ ਪੂਜਾ ਜਾਂ ਪ੍ਰਗਟਾਵਾ ਨਾਹ ਹੋਵੇ। ਸੋ ਪਹਲਾ ਕਰਮ ਹੈ ਮਨ ਦਾ ਟਿਕਾ। ਮਨ ਦਾ ਟਿਕਾ, ਸਵਾਇ ਗੁਰੂ ਦੀ ਹੋਂਦ, ਗੁਰ ਸ਼ਬਦ ਸੁਣੇ ਬਗੈਰ ਆ ਨਹੀਂ ਸਕਦਾ। ਉਸ ਨਿਰੰਕਾਰ ਦਾ ਆਸਣ, ਵਾਸਾ ਸੰਗਤਿ ਵਿਚ ਹੈ।

ਗੈਰ ਮਹਲ ਜਾਣਾ ਮਨ ਮਾਰੀ।
ਗੁਰ-ਮੂਰਤਿ, ਗੁਰ-ਸ਼ਬਦ ਸੁਣਿ,
ਸਾਧ ਸੰਗਤਿ ਆਸਣ ਨਿਰੰਕਾਰੀ।

Sri Satguru Jagjit Singh Ji eLibrary NamdhariElibrary@gmail.com

ਜੋ ਗੁਰੂ ਗ੍ਰੰਥ ਸਾਹਿਬ ਜਿਸ ਰੂਪ ਵਿਚ ਅੱਜ ਸਾਡੇ ਸਾਹਮਣੇ ਹੈ ਇਸ ਵਿਚ ੩੬ ਪਦਾਰਥ ਹਨ।[1] ਛੱਤੀ ਮਹਾਂ ਪੁਰਸ਼ਾਂ ਦੀ ਬਾਣੀ ਹੈ। ਗੁਰੂ ਸਾਹਿਬਾਨ ਨੇ ੩੧ ਰਾਗਾਂ ਵਿਚ ਬਾਣੀ ਲਿਖੀ ਹੈ। ਗੁਰੂ ਅੰਗਦ ਸਾਹਿਬ ਦੇ ਸਿਰਫ਼ ਸਲੋਕ ਹਨ। ਗੁਰੂ ਸਾਹਿਬਾਨ ਨੇ ਇਤਨੀ ਇਹਤਿਆਤ ਵਰਤੀ ਕਿ ਕੋਈ ਭੜਕਾਊ, ਗਰਮਾਊ, ਅਤਿ ਸੋਗੀ ਜਾਂ ਅਤਿ ਹਰਖ ਦਾ ਰਾਗ ਨਹੀਂ ਵਰਤਿਆ। ਸਿੱਖੀ ਨਾ ਤਾਂ ਸੋਗ ਦਾ ਨਾਂ ਹੈ ਤੇ ਨਾ ਹੀ ਆਫ਼ਰ ਆਫ਼ਰ ਫਿਰਨ ਦਾ। ਸਿੱਖੀ ਸਹਿਜ ਹੈ। ਚੰਡੀ, ਮੀਰਾ ਤੇ ਚੈਤੰਨ (ਮਹਾਂ ਪ੍ਰਭੂ) ਦੀ ਰਚਨਾ ਨ ਦਰਜ ਕਰਨ ਦਾ ਇਕ ਵੱਡਾ ਕਾਰਨ ਇਹ ਹੀ ਹੈ ਕਿ ਉਹ ਸਭ ਜਜ਼ਬੇ ਤੇ ਵੇਗ ਨੂੰ ਰੋਕ ਨਹੀਂ ਸਕੇ। ਜਜ਼ਬਾ ਡੁਲ੍ਹ ਡੁਲ੍ਹ ਪੈਣਾ ਸਿੱਖੀ ਦਾ ਰਾਹ ਨਹੀਂ ਹੈ। ਸਿੱਖੀ ਸਮੁੰਦਰ ਵਾਂਗ ਸ਼ਾਂਤ ਹੈ। ਸਮੁੰਦਰ ਨੇ ਕਦੇ ਕੰਡੇ ਨਹੀਂ ਭੰਨੇ। ਜੇ ਗੁਰੂ ਮਾਲਕ ਨੇ ਦੀਪਕੀ ਵਰਤੀ ਹੈ ਤਾਂ ਨਾਲ ਗਉੜੀ ਗੰਭੀਰ ਰਲਾ ਕੇ। ਮੇਘ ਦੀ ਥਾਂ 'ਮੇਘ, ਗੌਂਡ ਤੇ ਸਾਰੰਗ' ਦਾ ਸੰਗਮ ਮਲਾਰ ਵਰਤ ਕੇ ਖੁਸ਼ੀ ਤੇ ਚਾਅ ਪੂਰਾ ਪ੍ਰਗਟਾਇਆ ਹੈ।

ਰਾਗਾਂ ਦੀ ਤਰਤੀਬ ਤਾ ਅਤਿ ਨਿਰਾਲੀ ਰੱਖੀ ਹੈ। ਪਹਿਲਾ ਭੈਰਉ ਨਹੀਂ, ਸਿਰੀ ਰਖਿਆ ਹੈ। ਅਖੀਰ ਵਿਚ ਪ੍ਰਭਾਤੀ ਤੇ ਜੈਜਾਵੰਤੀ ਰਖਿਆ ਹੈ।

ਸੰਗੀਤ ਵਿਚ ਜੋ ਪਰਕਿਰਤੀਆਂ ਵੰਡੀਆਂ ਹੋਈਆਂ ਹਨ, ਉਨ੍ਹਾਂ ਅਨੁਸਾਰ ਸਿਰੀ ਰਾਗ ਮੁੜ ਸੁਰਜੀਤੀ ਦਾ ਰਾਗ ਹੈ। ਇਹ ਵੀ ਕਹਿੰਦੇ ਹਨ ਕਿ ਸਿਰੀ ਰਾਗ ਵਿਚ ਤਾਸੀਰ ਹੈ ਕਿ ਮੁਰਦਿਆਂ ਨੂੰ ਉਠਾ ਸਕਦਾ ਹੈ। ਮੁਰਦਿਆਂ ਨੂੰ ਜੀਵਨ ਦਾਨ ਦੇਣ ਦੀ ਸੱਤਾ ਸਿਰੀ ਰਾਗ ਵਿਚ ਦੱਸੀ ਜਾਂਦੀ ਹੈ। ਗੁਰੂ ਗਰੰਥ ਸਾਹਿਬ ਦੀ ਬੀੜ ਤਿਆਰ ਹੀ ਤੇ ਫਿਰ ਇਸ ਦੀ ਤਾਜਪੋਸ਼ੀ ਭਾਰਤ ਦੀ ਆਤਮਿਕ ਸੁਰਜੀਤੀ ਲਈ ਹੀ ਕੀਤੀ ਗਈ ਸੀ। ਇਸੇ ਆਧਾਰ ਤੇ ਇਸ ਮਹਾਨ ਬੀੜ ਦੀ ਤਰਤੀਬ ਦਾ ਮੁੱਢ ਸਿਰੀ ਰਾਗ ਤੋਂ ਕੀਤਾ ਗਿਆ ਅਤੇ ਅੰਤ ਵਿਚ ਪੂਰਨ ਜਾਗ੍ਰਿਤੀ ਦਾ ਸੂਚਕ ਪ੍ਰਭਾਤੀ ਰਾਗ ਹੈ। ਜੈਜਾਵੰਤੀ ਰਾਜਸਥਾਨੀ ਰਾਗ ਹੈ। ਜਦ ਕੋਈ ਨਾਇਕ ਜੰਗ ਜਿੱਤ ਕੇ ਵਾਪਸ ਨਗਰ ਮੁੜਦਾ ਹੈ ਤਾਂ ਨਗਰ ਦੇ ਸਾਰੇ ਜੀਵ ਫੁੱਲ ਮਾਲਾਂ ਨਾਲ ਉਸ ਨੂੰ ਅਗੋਂ ਲੈਣ ਜਾਂਦੇ ਹਨ ਤੇ ਉਸ ਵੇਲੇ ਜਿਹੜੀ ਧੁੰਨੀ ਗਾਈ ਜਾਂਦੀ ਹੈ ਉਹ ਜੈਜਾਵੰਤੀ ਹੁੰਦੀ ਹੈ। ਇਹ ਜੂਝ ਕੇ ਜਿੱਤਣ ਵਾਲੀ ਹੀ ਗੱਲ ਸੀ ਜਦ **ਲਿਵ** ਨੇ **ਧਾਤ** ਤੇ ਜਿੱਤ ਪਾਈ।

ਹੋਰ, ਜਦ ਗੁਰੂ ਨਾਨਕ ਜੀ ਆਏ ਉਸ ਵੇਲੇ ਸਮਾਜਕ ਜੀਵਨ ਦੀਆਂ ਤਰਕਾਲਾਂ ਪੈ ਗਈਆਂ ਸਨ। ਸਿਰੀ ਰਾਗ ਦੇ ਗਾਵਣ ਦਾ ਸਮਾਂ ਵੀ ਤਰਕਾਲਾਂ ਹੈ। ਲੰਮੀ ਰਾਤ ਅੱਗੇ ਹੈ। ਰਾਹ ਦਿਖਾਈ ਨਹੀਂ ਦਿੰਦਾ। **ਉਸ ਪ੍ਰਭੂ ਤੋਂ ਵਿਛੜੀ ਦੁਹਾਗਣ ਆਤਮਾ ਤਰਕਾਲਾਂ ਦੀ ਵਿਛੜੀ ਅਗਿਆਨ ਰਾਤ ਵਿਚ ਭਟਕਦੀ ਸਿਮਰਨ ਤੇ ਬਿਰਹੁ ਤਾਪ ਵਿਚ ਪਵਿੱਤਰ ਹੋ ਕੇ ਗਿਆਨ ਦੀ ਸਵੇਰ (ਪ੍ਰਭਾਤ) ਜਾਗ ਕੇ ਸੰਜੋਗ ਦਾ ਸੁਖ ਪਾਉਂਦੀ ਹੈ।**

ਫਿਰ ਸਿਰੀ ਰਾਗ ਸਖਤ ਗਰਮੀ ਤੇ ਸਖਤ ਸਰਦੀ ਵਿਚ ਗਾਇਆ ਜਾਂਦਾ ਹੈ। ਰਿਸ਼ੀ ਮੁਨੀ ਜੰਗਲਾਂ ਵਿਚ ਜਾ, ਦੁਨੀਆਂ ਤੋਂ ਇਕੱਲੇ ਵਾਂਝੇ ਸਿਰੀ ਰਾਗ ਗਾਂਦੇ ਹਨ। ਦੂਜੇ

---

1. ੬ ਗੁਰੂ ਸਾਹਿਬ, ੧੫ ਭਗਤ, ੧੧ ਭੱਟ ਅਤੇ ਚਾਰ ਸਿੱਖ : ਸਤਾ ਤੇ ਬਲਵੰਡ ਜੀ, ਸੁੰਦਰ ਜੀ ਅਤੇ ਮਰਦਾਨਾ ਜੀ।

Sri Satguru Jagjit Singh Ji eLibrary NamdhariElibrary@gmail.com

ਪਾਸੇ ਸਿਰੀ ਰਾਗ ਧਨ ਦੇ ਲਿਸ਼ਕਾਰੇ ਮਾਰਦਾ ਹੈ । ਇਸ ਦਾ ਰੂਪ ਵੀ ਇਹ ਲਿਖਿਆ ਹੈ :—

ਸ ਤ੍ਰਯਾ, ਭੂਖਨ ਅੰਗ ਸੁਭ, ਸੰਪੂਰਨ ਪਰਮਾਨ ।
ਤੀਨ ਪਹਿਰ ਪਰ ਗਾਈਏ ਸਕਲ ਕੇਹ ਸੁਗਯਾਨ ।

ਜਦ ਗੁਰੂ ਨਾਨਕ ਦੇਵ ਜੀ ਪ੍ਰਗਟ ਹੋਏ ਉਸ ਸਮੇਂ ਦੋ ਹੀ ਬੀਮਾਰੀਆਂ ਮਨੁੱਖ ਜਾਤੀ ਨੂੰ ਖਾ ਰਹੀਆਂ ਸਨ। ਸੱਚੀ ਗੱਲ ਤਾਂ ਇਹ ਹੈ ਕਿ ਸਭ ਬੀਮਾਰੀਆਂ ਦਾ ਮੂਲ ਹੀ ਦੋ ਹੈ। ਇਕ ਪਿਤ ਤੇ ਦੂਜੀ ਵਾਉ। ਇਕ ਗਰਮੀ ਤੇ ਦੂਜੀ ਸਰਦੀ। ਇਕ ਅਤਿ ਕ੍ਰੋਧ ਤੇ ਦੂਜਾ ਕੋਰਾ ਪਨ। ਇਕ 'ਮਾਰੂ' ਤੇ ਦੂਜਾ 'ਸਾਨੂੰ ਕੀ'। ਇਕ ਜਾਬਰ ਸੀ ਤੇ ਦੂਜਾ ਕਹਿ ਰਿਹਾ ਸੀ 'ਕਉ ਨ੍ਰਿਪ ਹੋਇ ਹਮਹੂ ਕਿਆ ਹਾਨਿ।' ਆਤਮਾ ਦੁਖੀ ਹੋ ਗਈ ਸੀ, ਲੁਕਾਈ ਰੁਲ ਗਈ ਸੀ। ਭਟਕ ਰਹੀ ਸੀ। ਭਟਕਾ ਇਸ ਨੂੰ ਤਿੰਨ ਵਸਤੂਆਂ ਰਹੀਆਂ ਸਨ। ਕਾਮ, ਦਾਮ ਤੇ ਚਾਮ। ਇਸ ਸਦੀ ਦੇ ਤਿੰਨ ਮਨੋ ਵਿਗਿਆਨੀਆਂ ਐਡਲਰ, ਜੁੰਗ ਤੇ ਫਰਾਇਡ ਨੇ ਇਹ ਹੀ ਤੱਤ ਕੱਢੇ ਹਨ। ਦੁਨੀਆਂ ਪਾਗਲ ਹੋ ਰਹੀ ਹੈ ਜਾਂ ਕਾਮ ਪਿਛੇ ਜਾਂ ਦਾਮ ਪਿਛੇ ਜਾਂ ਚਾਮ ਪਿਛੇ। ਕਈ ਇਹ ਵਧੀ ਦੁਬਿਧਾ ਦੇਖ ਮੰਜਾਰ ਛੱਡ ਹੀ ਤੁਰੇ। ਲੜਾਈ ਬੜੀ ਸਖ਼ਤ ਸੀ। ਗੁਰੂ ਨਾਨਕ ਜੀ ਦੀ ਇਕ ਤੁਕ ਇਸੇ ਸਿਰੀ ਰਾਗ ਵਿਚ ਹੈ :—

"ਲਿਵ ਧਾਤੁ ਦੋ ਰਾਹ ਹੈ।" ਇਨ੍ਹਾਂ ਦੋਵਾਂ ਰਾਹਾਂ ਤੇ ਬਹੁਤੇ ਲੋਕੀਂ ਧਾਤ ਵੱਲ ਪੈ ਗਏ। ਪਦਾਰਥਾਂ ਵੱਲ ਦੌੜਨ ਲੱਗੇ। ਲਿਵ ਛੁਟਕ ਗਈ ਤੇ ਤ੍ਰਿਸ਼ਨਾ ਨੇ ਥਾਂ ਆ ਮਲੀ। ਇਨਸਾਨ ਬੇਤਾਲਾ ਹੋ ਗਿਆ। ਸ਼ਾਮ ਪੈ ਗਈ। ਦੀਵੇ ਵਿਚੋਂ ਤੇਲ ਮੁੱਕ ਗਿਆ। ਚਾਨਣ ਕਿਧਰੇ ਦਿਸੇ ਨਾ। ਗੱਲ ਇਹ ਆ ਬਣੀ ਕਿ 'ਹਰਿ ਬਿਨ ਜੀਓ ਜਲ ਬਲਿ ਜਾਉ।' ਲਿਵ ਦੇ ਰਾਹ ਤੇ ਗੁਰੂ ਬਾਬੇ ਨੇ ਪਾਇਆ। ਬੇਸ਼ਕ ਲਹਿਰੀ ਨਾਲ ਪਛਾੜਿਆ ਜਾਏ, ਅਧਿਕ ਦੁੱਖ ਆਵੇ, ਦੂਰ ਬੈਠਾ ਨਜ਼ਰੀ ਨਾ ਆਵੇ ਪਰ ਜਤਨ ਕਰਨਾ ਚਾਹੀਦਾ ਹੈ ਕਿ ਉਸ ਦੀ ਹਜ਼ੂਰੀ ਮਿਲ ਜਾਏ ਤੇ ਉਸ ਤੋਂ ਨਾ ਵਿਛੁੜੀਏ। ਘਾਲ ਤੇ ਬਖ਼ਸ਼ਸ਼ ਨਾਲ ਰਾਤ ਮੁਕ ਸਕਦੀ ਹੈ। ਪ੍ਰਭਾਤ ਹੋ ਸਕਦੀ ਹੈ। ਗੁਰੂ ਨਾਨਕ ਜੀ ਨੇ ਪ੍ਰਭਾਤੀ ਤੇ ਬਿਭਾਸ ਨੂੰ ਮਿਲਾ ਦਿੱਤਾ। ਬਿਭਾਸ ਬਣਦਾ ਹੈ 'ਬਿਲਾਵਲ, ਆਸਾਵਰੀ ਤੇ ਗੁਜਰੀ ਨਾਲ।' ਇਹ ਸਭ ਹੁਲਾਸ, ਖੇੜੇ ਤੇ ਪ੍ਰਸੰਨਤਾ ਦੇ ਰਾਗ ਹਨ। ਉਹ ਤਲਖੀ ਜੋ ਆਰੰਭ ਵਿਚ ਸੀ, ਉਹ ਤੌਖਲਾ ਜੋ ਮੁੱਢ ਵਿਚ ਸੀ, ਉਹ ਦੌੜ ਭੱਜ ਜੋ ਸ਼ੁਰੂ ਵਿਚ ਸੀ, ਉਹ ਕਾਮ ਜੋ ਤੰਗ ਕਰਦਾ ਸੀ, ਹੁਣ ਖਤਮ ਹੋ ਗਿਆ। ਟਿਕਾ ਮਿਲ ਗਿਆ। ਹਰ ਇਕ ਦੀ ਅਸਲੀਅਤ ਪਤਾ ਲੱਗ ਗਈ। ਹੁਣ

"ਕਾਮ ਕ੍ਰੋਧ ਸਿਉ ਠਾਟੁ ਨ ਬਨਿਆ।
ਗੁਰਿ ਉਪਦੇਸ ਮੋਹਿ ਕਾਨੀ ਸੁਨਿਆ।
... ... ... ... ...
ਦਸ ਨਾਰੀ ਮੈਂ ਕਰੀ ਦੁਹਾਗਨਿ।
ਗੁਰਿ ਕਹਿਆ ਏਹ ਰਸਹਿ ਬਿਖਾਗਨਿ।
ਇਨ ਸਨਬੰਧੀ ਰਸਾਤਲਿ ਜਾਇ।
ਹਮ ਗੁਰ ਰਾਖੇ ਹਰਿ ਲਿਵ ਲਾਇ।੫।

Sri Satguru Jagjit Singh Ji eLibrary NamdhariElibrary@gmail.com

ਅਹੰਮੇਵ ਸਿਉ ਮਸਲਤ ਛੋਡੀ ।
ਗੁਰਿਕਹਿਆ ਇਹ ਮੂਰਖ ਹੋਡੀ ।

ਅਤੇ ਅੰਤ ਵਿਚ :

ਪ੍ਰਭ ਹਸਿ ਬੋਲੇ ਕੀਏ ਨਿਆਂਏਂ ।
ਸਗਲ ਦੂਤ ਮੇਰੀ ਸੇਵਾ ਲਾਏ ।
ਤੂੰ ਠਾਕੁਰੁ ਇਹੁ ਗ੍ਰਿਹ ਮਹਿ ਸਭੁ ਤੇਰਾ ।
ਕਹੁ ਨਾਨਕ ਗੁਰਿ ਕੀਆ ਨਿਬੇਰਾ । ੮ । ੧ ।

(ਪ੍ਰਭਾਤੀ ਮ: ੫, ਅਸਟਪਦੀਆਂ, ਪੰਨਾ ੧੩੪੭)

ਕਬੀਰ ਜੀ ਨੇ ਬਿਭਾਸ ਪ੍ਰਭਾਤੀ ਵਿਚ ਹੀ ਫ਼ਰਮਾਇਆ ਕਿ :

'ਮਰਨ ਜੀਵਨ ਕੀ ਸੰਕਾ ਨਾਸੀ,
ਆਪਨ ਰੰਗ ਸਹਜ ਪਰਗਾਸੀ ।'

ਤੌਖਲਾ ਮੁੱਕ ਗਿਆ ਕਿ ਜਨਮ ਮਰਨ ਦੇ ਗੇੜ੍ਹ ਵਿਚ ਪੈਣਾ ਪਵੇਗਾ । ਪ੍ਰਭੂ ਆਪਣੀ ਮੇਹਰ ਨਾਲ ਆਤਮਕ ਅਡੋਲਤਾ ਦਾ ਪ੍ਰਕਾਸ਼ ਕਰ ਦਿੰਦਾ ਹੈ :

ਪ੍ਰਗਟੀ ਜੋਤਿ, ਮਿਟਿਆ ਅੰਧਿਆਰਾ ।
ਰਾਮ ਰਤਨੁ ਪਾਇਆ ਕਰਤ ਬੀਚਾਰਾ ।
ਜਹ ਅਨੰਦੁ ਦੁਖੁ ਦੂਰ ਪਇਆਨਾ ।
ਮਨ ਮਾਣਕ ਲਿਵ ਤਤੁ ਲੁਕਾਨਾ । ੨ ।

ਲਿਵ ਦੀ ਬਰਕਤ ਨਾਲ ਮਨ ਮੋਤਾ ਵਰਗਾ ਕੀਮਤੀ ਬਣ ਕੇ ਪ੍ਰਭੂ ਦੇ ਅੰਦਰ ਵੱਸ ਗਿਆ ਫਿਰ ਇਹ ਝਗੜੇ ਵੀ ਮੁੱਕ ਗਏ ਕਿ :

ਅਲਹੁ ਏਕ ਮਸੀਤ ਬਸਤ ਹੈ

ਤ ਬਾਹਰ ਦੀ ਭਟਕਨਾ ਨਾਲੋਂ. ਹੁਣ

ਦਿਲ ਮਹਿ ਖੋਜ ਦਿਲੇ ਦਿਲਿ ਖੋਜਹੁ,
ਏਹੀ ਠਉਰ ਮੁਕਾਮਾ ।

ਜਿਨਸੀ ਭੇਦ ਵੀ ਮੁੱਕ ਗਏ ।

ਏਤੇ ਅਉਰਤ ਮਰਦਾ ਸਾਜੇ, ਏ ਸਭ ਰੂਪ ਤੁਮਾਰੇ ।
ਕਬੀਰ ਪੂੰਗਰਾ ਰਾਮ ਅਲਹ ਕਾ, ਸਭ ਗੁਰ ਪੀਰ ਹਮਾਰੇ ।

ਸਭ ਵਿਚ ਨੂਰ ਦਿਸਣ ਲਗ ਪਿਆ ਤੇ ਮਨ ਪੁਕਾਰ ਉਠਿਆ :

ਪ੍ਰਭਾਤੀ । ਅਵਲਿ ਅਲਹ ਨੂਰੁ ਉਪਾਇਆ, ਕੁਦਰਤਿ ਕੇ ਸਭ ਬੰਦੇ ।
ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ।

ਤਤੁ ਦੀ ਗੱਲ ਗੁਰੂ ਨਾਨਕ ਜੀ ਨੇ ਪ੍ਰਭਾਤੀ ਦੇ ਆਖਰੀ ਸ਼ਬਦ ਵਿਚ ਉਚਾਰੀ । ਸਿਰੀ ਰਾਗ ਦੇ ਪਹਿਲੇ ਸ਼ਬਦ ਵਿਚ ਫ਼ਰਮਾਇਆ ਸੀ :

'ਹਰਿ ਬਿਨ ਜੀਉ ਜਲ ਬਲ ਜਾਉ'

Sri Satguru Jagjit Singh Ji eLibrary NamdhariElibrary@gmail.com

ਤੇ ਹੁਣ ਫ਼ਰਮਾਉਂਦੇ ਹਨ :

'ਜਲਿ ਜਾਓ ਜੀਵਨ ਨਾਮ ਬਿਨਾ,
'ਹਰਿ ਜਪ ਜਾਪੁ ਜਪਓ ਜਪਮਾਲੀ ਗਰਮੁਖਿ ਆਵੈ ਸਾਦ ਮਨਾ।'

ਵਿਆਪਕ ਹਰੀ ਨੂੰ ਪ੍ਰਗਟ ਕਰ ਲੈਣਾ ਹੀ ਨਾਮ ਹੈ।

ਅਤੇ ਨਾਮ ਪ੍ਰਗਟ ਹੋਣਾ ਹੈ ਜਿਸ ਨੇ ਬਾਣੀ ਦਾ ਕਹਿਆ ਦਿਲੋਂ ਜਾਨ ਨਾਲ ਕਮਾਇਆ :

ਇਹ ਬਾਣੀ ਜੋ ਜੀਅਹੁ ਜਾਣੈ,
**ਤਿਸ ਹਿਰਦੈ ਰਵੈ ਹਰਿ ਨਾਮਾ।**

ਅਤੇ ਜੇ ਨਾਮ ਅੰਦਰ ਹੈ ਤਾਂ ਬਾਣੀ ਦੀ ਵਿਚਾਰ ਕਰਦੇ ਰਹੇ।

'ਜਿਨਾ ਅੰਦਰਿ ਨਾਮੁ ਨਿਧਾਨੁ ਹੈ, ਗੁਰਬਾਣੀ ਵੀਚਾਰ।'

ਇਸ ਉਪ੍ਰੰਤ ਜੈਜਾਵੰਤੀ ਹੈ। ਜਿਤ ਦਾ ਹਾਰ ਉਸ ਦੇ ਗੱਲ ਪੈਂਦਾ ਹੈ ਜੋ ਜੂਝਣਾ ਜਾਣਦਾ ਹੈ ਜੋ ਗੁਰੂ ਤੇਗ ਬਹਾਦਰ ਵਾਂਗ ਸਰੀਰ ਰੂਪੀ ਠੀਕਰਾ ਤੋੜ ਸਕਦਾ ਹੈ।

ਇਹ ਸੰਸਾਰ ਦੀ ਨਜ਼ਰ ਵਿਚ ਜੋ ਅਤਿ ਨੀਵੇਂ ਸਨ, ਉਨ੍ਹਾਂ ਦੀ ਬਾਣੀ ਇਕ ਥਾਵੇਂ ਰੱਖਣੀ ਧਰਮਾਂ ਦੇ ਇਤਿਹਾਸ ਵਿਚ ਇਕ ਤਜਰਬਾ ਸੀ ਜੋ ਕਾਮਯਾਬ ਹੋਇਆ। ਜਿਨ੍ਹਾਂ ਵਿਚਾਰਿਆਂ ਨੂੰ ਕੋਈ ਇਕ ਥਾਵੇਂ ਬੈਠਣ ਨਹੀਂ ਸੀ ਦੇਂਦਾ ਗੁਰੂ ਮਾਲਕ ਨੇ 'ਬਾਣੀ ਸਭਨਾਂ ਭਗਤਾਂ ਦੀ' ਲਿਖ ਕੇ ਇਕ ਥਾਵੇਂ ਤਖ਼ਤ ਤੇ ਬਿਠਲਾ ਦਿੱਤਾ। ਹੁਣ ਜੈ ਦੇਵ ਤੇ ਨਾਮਦੇਵ ਦਾ ਕੋਈ ਅੰਤਰ ਨਹੀਂ। ਹੁਣ ਰਵਿਦਾਸ ਜੀ ਤੇ ਤਰਲੋਚਨ ਜੀ ਇਕੋ ਜਿਹੇ ਹਨ। ਸੰਸਾਰ ਅੱਜ ਜਿਸ ਭਾਵਕ ਏਕਤਾ ਲਈ ਤਰਲੇ ਲੈ ਰਿਹਾ ਹੈ, ਗੁਰੂ ਨਾਨਕ ਜੀ ਗੁਰੂ ਅਰਜਨ ਜੀ ਨੇ ਕਰਕੇ ਦਿਖਲਾ ਦਿੱਤੀ। ਹੁਣ ਵੀ ਇਹ ਭਾਵਕ ਏਕਤਾ ਤੱਦ ਹੀ ਹੋਵੇਗੀ ਜੇ ਗੁਰੂ ਗ੍ਰੰਥ ਸਾਹਿਬ ਦਾ ਰਾਹ ਅਪਣਾਇਆ ਜਾਏਗਾ। ਗੁਰੂ ਪਾਤਸ਼ਾਹ ਦਾ ਸਿਧਾਂਤ ਸੀ ਕਿ ਹਰ ਇਕ ਨੂੰ ਹੱਕ ਹੈ ਆਪਣਾ ਰਾਗ ਅਲਾਪਣ ਦਾ ਪਰ ਇਹ ਕਿਸੇ ਨੂੰ ਹੱਕ ਨਹੀਂ ਕਿ ਦੂਜੇ ਦਾ ਬੇਸੁਰਾ ਕਰੇ। ਇਹ ਸਿਰਫ਼ ਗੁਰੂ ਗ੍ਰੰਥ ਸਾਹਿਬ ਹੈ ਜਿਥੇ ਸਭ ਭਗਤ ਨਿਝਕ ਹੋ ਕੇ ਬੋਲਦੇ ਹਨ। ਇਥੇ ਬਾਬਾ ਫ਼ਰੀਦ ਜੀ ਆਖਦੇ ਹਨ :

ਉਠਿ ਫਰੀਦਾ ਉਜੂ ਸਾਜਿ,
ਸੁਬਹ ਨਿਵਾਜ ਗੁਜਾਰਿ।
ਜੋ ਸਿਰੁ ਸਾਂਈ ਨਾ ਨਿਵੈ, ਸੋ ਸਿਰ ਕਪਿ ਉਤਾਰਿ। ੭੧।

ਆਪਣੇ ਮੱਤ ਅਨੁਸਾਰ ਫਰੀਦ ਜੀ ਇਹ ਵੀ ਆਖਦੇ ਹਨ :

'ਗੋਰਾਂ ਸੇ ਨਿਮਾਣੀਆਂ ਬਹਸਨਿ ਰੂਹਾਂ ਮਲ।' ੯੭।

ਦੂਜੇ ਪਾਸੇ ਗੁਰੂ ਨਾਨਕ ਜੀ ਦੀ ਆਸਾ ਦੀ ਵਾਰ ਦੇ ਇਕ ਸਲੋਕ "ਮਿਟੀ ਮੁਸਲਮਾਨ ਕੀ ਪੇੜੇ ਪਈ ਕੁਮ੍ਹਿਆਰ। ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ।" ਉਚਾਰਦੇ ਹਨ।

ਮਕਸਦ, ਮੰਤਵ ਤੇ ਆਸ਼ਾ ਦੋਵਾਂ ਦਾ ਇਕੋ ਹੈ। ਆਵਾਜ਼ ਜੇ ਵੱਖ ਵੱਖ ਹੈ ਤਾਂ ਕੋਈ ਗੱਲ ਨਹੀਂ। ਆਤਮਾ ਅਮਰ ਹੈ ਤੇ ਦੁਖੜੇ ਆਤਮਾ ਨੇ ਹੀ ਸਹਿਣੇ ਹਨ। ਫਰੀਦ ਜੀ

Sri Satguru Jagjit Singh Ji eLibrary NamdhariElibrary@gmail.com

ਆਪਣੇ ਢੰਗ ਨਾਲ ਕਹਿੰਦੇ ਹਨ ਤੇ ਗੁਰੂ ਜੀ ਆਪਣੇ ਵੱਖਰੇ ਅੰਦਾਜ਼ ਵਿਚ।

ਬੋਲੀ ਬਾਰੇ ਵੀ ਗੁਰੂ ਗ੍ਰੰਥ ਸਾਹਿਬ ਨੇ ਸਦੀਆਂ ਦਾ ਕੜ ਤੋੜਿਆ। ਈਸਾਈ ਖ਼ੁਦਾ ਦੀ ਬੋਲੀ ਲਾਤੀਨੀ, ਮੁਸਲਮਾਨ, ਅਰਬੀ ਤੇ ਹਿੰਦੂ ਦੇਵ ਬਾਣੀ ਸੰਸਕ੍ਰਿਤ ਹੀ ਸਮਝਦੇ ਸਨ। ਗੁਰੂ ਗ੍ਰੰਥ ਸਾਹਿਬ ਨੇ ਸਮਝਾਇਆ ਕਿ ਅਲਾਹ, ਪ੍ਰਭੂ, ਖ਼ੁਦਾ ਦੀ ਕੋਈ ਬੋਲੀ ਨਹੀਂ ਹੈ। ਉਸ ਦੀ ਵਡੀ ਵਡਿਆਈ ਹੈ ਕਿ ਜਿਵੇਂ ਜਿਸ ਬੋਲੀ ਵਿਚ ਪੁਕਾਰੋ, ਸੁਣਦਾ ਹੈ :

**ਵਡੀ ਵਡਿਆਈ ਜਾਣੈ ਆਲਾਉ ॥**

ਉਸ ਦੀ ਬੋਲੀ ਸਿਰਫ਼ ਪਿਆਰ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਵਿਚ ਹਰ ਦੇਸ਼ਾਂ, ਹਰ ਪ੍ਰਾਂਤ, ਹਰ ਧਰਮ, ਹਰ ਇਲਾਕੇ, ਹਰ ਬੋਲੀ ਦੇ ਸ਼ਬਦ ਮਿਲ ਜਾਣਗੇ। ਜੇ ਕਦੇ ਹਿੰਦੁਸਤਾਨ ਨੇ ਸਾਂਝੀ ਬੋਲੀ ਅਪਣਾਈ ਤਾਂ ਉਹ ਸੁਖਮਨੀ ਵਾਲੀ ਹੀ ਹੋਵੇਗੀ। ਜੇ ਕੋਈ ਗੁਰੂ ਗ੍ਰੰਥ ਨੂੰ ਧਰਮ ਪੁਸਤਕ ਕਰ ਕੇ ਸਿਰ ਨਾ ਵੀ ਨਿਵਾਉਣਾ ਚਾਹੇ ਉਸ ਨੂੰ ਇਸ ਦੇ ਸਾਹਿਤਕ ਸਵਾਦ ਤੇ ਆਤਮਕ ਉਡਾਰੀ ਅੱਗੇ ਸਿਰ ਝੁਕਾਉਣਾ ਹੀ ਪਵੇਗਾ। ਸੱਚ ਦਾ ਸਹੀ ਸਰੂਪ ਗੁਰੂ ਗ੍ਰੰਥ ਸਾਹਿਬ ਬਗ਼ੈਰ ਲੱਭਣਾ ਮੁਸ਼ਕਲ ਹੈ।

ਸੋ, ਗੁਰੂ ਅਰਜਨ ਜੀ ਨੇ ਐਸੇ ਗੁਰੂ ਨੂੰ ਹਰਿਮੰਦਰ ਸਾਹਿਬ ਪ੍ਰਕਾਸ਼ ਕਰਕੇ ਸਾਰੇ ਜਗਤ ਉੱਤੇ ਇਕ ਸਦੀਵੀ ਪਰਉਪਕਾਰ ਕੀਤਾ। ਇਕ ਪ੍ਰਛ ਦੇ ਉੱਤਰ ਵਿਚ ਪੰਜਵੇਂ ਪਾਤਸ਼ਾਹ ਨੇ ਕਿਹਾ ਸੀ ਕਿ ਹਰਿਮੰਦਰ ਜਹਾਜ਼ ਹੈ ਅਤੇ ਉਸ ਦਾ ਮਲਾਹ ਗੁਰੂ ਗ੍ਰੰਥ ਸਾਹਿਬ ਹੈ। ਸਾਡਾ ਇਤਿਹਾਸ ਕਹਿੰਦਾ ਹੈ ਆਪਣੇ ਲਈ ਗੁਰੂ ਜੀ ਨੇ ਲਾਗੇ ਹੀ ਇਕ ਟੋਹਾ (ਗੜ੍ਹਾ) ਖ਼ੁਦਵਾਇਆ ਤੇ ਉਸ ਵਿਚ ਆਪ ਜੀ ਆਸਣ ਲਗਾ ਬੈਠਦੇ। ਲੋਕੀਂ ਹੁਣ ਗੁਰੂ ਗ੍ਰੰਥ ਵੱਲ ਦੇਖਣ, ਗੁਰੂ ਅਰਜਨ ਵੱਲ ਨਾ। ਅਸਲ ਗੁਰੂ ਸ਼ਬਦ ਹੈ ਉਸੇ ਦਾ ਸਤਿਕਾਰ ਹੋਣਾ ਚਾਹੀਦਾ ਹੈ। ਗੁਰੂ ਦਾ ਸਰੀਰ ਤਾਂ ਬਿਨਸ ਜਾਣਾ ਹੈ। ਸਰੀਰ ਨਾਸ਼ਵੰਤ ਹੈ। ਸ਼ਬਦ ਹੀ ਸਦੀਵੀ ਹੈ। ਆਤਮਾ ਸੂਖਮ ਹੈ ਤੇ ਬਾਣੀ ਵੀ ਸੂਖਮ, ਹਉਮੈ ਵੀ ਸੂਖਮ ਹੈ। ਆਤਮਾ ਨਾਲ ਬਾਣੀ ਰਲਾ ਕੇ ਹਉਮੈ ਨੂੰ ਨਿਵਾਰਨਾ ਹੈ। ਇਸੇ ਹੀ ਵਿਚਾਰਧਾਰਾ ਦਾ ਪਰਚਾਰ ਛੇਵੇਂ, ਸਤਵੇਂ ਤੇ ਅਠਵੇਂ ਗੁਰੂ ਕਰਦੇ ਰਹੇ। ਆਪੂੰ ਅਦਬ ਕਰ ਕੇ ਅਦਬ ਕਰਨਾ ਸਿਖਾਂਦੇ ਰਹੇ। ਗੁਰੂ ਹਰਿ ਰਾਇ ਜੀ ਦੇ ਬਚਨ ਸਨ :

**ਜਿਨ ਭੈ ਅਦਬ ਨ ਬਾਣੀ ਧਾਰਾ।**
**ਸੋ ਸਿਖ ਜਾਨਹੁ ਨਹੀਂ ਹਮਾਰਾ।**

ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਨੇ ੫੭ ਸਲੋਕ ਤੇ ੬੨ ਸ਼ਬਦ ਰਲਾ ਕੇ ਉਸੇ ਆਦਿ ਗ੍ਰੰਥ ਨੂੰ ਅੱਜ ਦਾ ਸਰੂਪ ਦਿੱਤਾ। ਇਕ ਹੋਰ ਰਾਗ ਜੈਜਾਵੰਤੀ ਵੀ ਆਪ ਜੀ ਨੇ ਪਾ ਕੇ ਗ੍ਰੰਥ ਸੰਪੂਰਨ ਕਰ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਨੇ ਸਰੀਰਕ ਗੁਰੂ ਨੂੰ ਸੰਕੋਚ ਲਿਆ ਤੇ ਜੁਗਤ ਪੰਥ ਦੇ ਹਵਾਲੇ ਕਰ ਦਿੱਤੀ ਤੇ ਜੋਤ ਦਾ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਵਿਚ ਕਿਹਾ। ਸ਼ਬਦ ਨੂੰ ਸਦੀਵੀ ਗੁਰੂ ਥਾਪ ਦਿੱਤਾ। ਸਮਕਾਲੀ ਤੇ ਉਸ ਦੇ ਲਾਗੇ ਦੀਆਂ ਗਵਾਹੀਆਂ ਸਪਸ਼ਟ ਕਰਦੀਆਂ ਹਨ ਕਿ ਗੁਰਿਆਈ ਕੇਵਲ ਗੁਰੂ ਗ੍ਰੰਥ ਸਾਹਿਬ ਨੂੰ ਦਿੱਤੀ। ਸਭ ਤੋਂ ਪਹਿਲੀ ਗਵਾਹੀ ਭਾਈ ਨੰਦ ਲਾਲ ਜੀ ਦੀ ਹੈ ਜੋ ਉਸ ਸਮੇਂ ਨੰਦੇੜ ਸਾਹਿਬ ਸਨ। ਉਹ ਲਿਖਦੇ ਹਨ ਗੁਰੂ

Sri Satguru Jagjit Singh Ji eLibrary NamdhariElibrary@gmail.com

ਗੋਬਿੰਦ ਸਿੰਘ ਜੀ ਦਾ ਹੁਕਮ ਹੋਇਆ :

"ਮੇਰਾ ਰੂਪ (ਗੁਰੂ) ਗਰੰਥ ਜੀ ਜਾਨ।
ਇਸ ਮੇ ਭੇਦ ਨਹੀਂ ਕੁਛ ਮਾਨ"।

ਭਾਈ ਚੌਪਾ ਸਿੰਘ ਜੀ, ਜਿਨ੍ਹਾਂ ਦਾ ਰਹਤਨਾਮਾ ਪੰਥ ਵਿਚ ਪ੍ਰਮਾਣਤ ਹੈ ਤੇ ਉਸ ਸਮੇਂ ਹਜ਼ੂਰ ਸਾਹਿਬ ਹੀ ਸਨ, ਲਿਖਦੇ ਹਨ : ਕਲਗੀਧਰ ਦਾ ਬਚਨ ਹੋਇਆ :

ਅਕਾਲ ਪੁਰਖ ਕੇ ਬਚਨ ਸਿਉਂ ਪ੍ਰਗਟ ਚਲਾਇਓ ਪੰਥ।
ਸਭ ਸਿਖਨ ਕੋ ਬਚਨ ਇਹ ਗੁਰੂ ਮਾਨੀਓ ਗ੍ਰੰਥ।

ਭੱਟ ਨਰਬਦ ਸਿੰਘ ਜੋ ਭਾਈ ਕੇਸਰ ਸਿੰਘ ਦਾ ਪੁੱਤਰ ਸੀ, ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਮਿਲਣ ਸਮੇਂ ਉਹ ਵੀ ਨਦੇੜ ਹਾਜ਼ਰ ਸੀ। ਉਸ ਨੇ ਵਹੀ ਵਿਚ ਲਿਖਿਆ :

ਗੁਰੂ ਗੋਬਿੰਦ ਸਿੰਘ ਮਹਿਲ ਦਸਮੇਂ ਕਾ ਸੰਮਤ ਸਤਾਰਾਂ ਸੌ ਪੈਂਠ ਕਾਰਤਕ ਮਾਂਹ ਕੀ ਚਉਥ ਸ਼ੁਕਲ ਬੁੱਧਵਾਰ ਕੇ ਦਿਨ ਦੈਆ ਸਿੰਘ ਕੋ ਬਚਨ ਹੋਇਆ ਗ੍ਰੰਥ ਸਾਹਿਬ ਲੈ ਆਓ। ਬਚਨ ਪਾਇ ਦੈਆ ਸਿੰਘ ਗ੍ਰੰਥ ਸਾਹਿਬ ਲੈ ਆਏ। ਗੁਰੂ ਜੀ ਨੇ ਪਾਂਚ ਪੈਸੇ ਨਲੀਏਰ ਭੇਟ ਰੱਖ ਕੇ ਮੱਥਾ ਟੇਕਿਆ : **'ਸਰਬਤ ਸੰਗਤ ਕੋ ਕਹਾ ਕਿ ਮੇਰਾ ਹੁਕਮ ਹੈ ਮੇਰੀ ਜਗ੍ਹਾ ਗ੍ਰੰਥ ਸਾਹਿਬ ਕੋ ਜਾਨਨਾ। ਜੋ ਸਿੱਖ ਜਾਨੇਗਾ ਤਿਸ ਕੀ ਘਾਲਿ ਥਾਇ ਪਇਗੀ।'**

ਹੋਰ ਗਵਾਹੀ ਭਾਈ ਮਨੀ ਸਿੰਘ ਜੀ ਦੀ ਹੈ। ਜੋ ਕਥਾ ਭਾਈ ਮਨੀ ਸਿੰਘ ਜੀ ਨੇ ਭਾਈ ਭਗਤ ਸਿੰਘ 'ਸਿੱਕਾ' ਆਦਿ ਸਰੋਤਿਆਂ ਨੂੰ ਗੁਰਦਵਾਰਾ ਸ੍ਰੀ ਨਾਨਕ ਸਰ ਪਿੰਡ ਬਾਗਾਂ ਵਾਲਾ (ਝੰਗ) ਵਿਖੇ ਸੁਣਾਈ, ਉਸਨੂੰ ਹੀ ਭਾਈ ਸੋਹਣ ਸਿੰਘ ਜੀ ਨੇ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਨਾਂ ਦੇ ਗਰੰਥ ਦੇ ਰੂਪ ਵਿਚ ਕਲਮ-ਬੰਦ ਕੀਤਾ। ਬਚਨ ਇਸ ਪ੍ਰਕਾਰ ਹਨ :

"ਗੁਰੂ ਗ੍ਰੰਥ ਕਲਯੁਗ ਭਯੋ, ਸ੍ਰੀ ਗੁਰੂ ਰੂਪ ਮਹਾਨ ਜੀ,
ਦਸ ਪਾਤਸ਼ਾਹੀਆਂ ਰੂਪ ਇਹ, ਗੁਰੂ ਗ੍ਰੰਥ ਦੀ ਜਾਨ।
ਗੁਰ ਦਰਸ ਜਿਹ ਦੇਖਣਾ, ਸ੍ਰੀ ਗੁਰੂ ਗ੍ਰੰਥ ਦਰਸਾਇ।
**ਬਾਤ ਕਰਨ ਗੁਰ ਸਿਉ ਚੌਹ, ਪੌਢ ਗ੍ਰੰਥ ਮਨ ਲਾਇ।"**

ਭਾਈ ਕੋਇਰ ਸਿੰਘ (੧੭੫੧) ਨੇ ਗੁਰ ਬਿਲਾਸ ਪਾਤਸ਼ਾਹੀ ਦਸਵੀਂ ਅਧਿਆਇ ੨੧ ਵਿਚ ਲਿਖਿਆ ਹੈ ਕਿ ਮਹਾਰਾਜ ਨੇ ਫ਼ਰਮਾਇਆ ਕਿ ਹੁਣ ਗੁਰ ਗੱਦੀ ਕਿਸੇ ਨੂੰ ਭਾਲ ਕੇ ਨਹੀਂ ਦੇਣੀ। **ਗੁਰੂ ਪਾਸ ਹੀ ਹੈ ਅਤੇ ਖਾਲਸੇ ਨੂੰ ਸ਼ਬਦ ਦੇ ਲੜ ਲਗਾਉਣਾ ਹੈ।** ਪਰਤੱਖ ਦਰਸ਼ਨ ਕਰਨਾ ਹੈ ਤੇ ਉਹ ਗੁਰੂ ਗ੍ਰੰਥ ਸਾਹਿਬ ਹੈ। ਆਪ ਜੀ ਦੇ ਬਚਨ ਸੁਣ ਕੇ ਸਾਰੇ ਪ੍ਰਸੰਨ ਹੋਏ ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਆਪ ਜੀ ਨੇ ਪੰਜ ਪੈਸੇ ਨਲੀਏਰ ਰੱਖ ਕੇ ਪਹਿਲਾਂ ਆਪੂੰ ਨਮਸਕਾਰ ਕੀਤਾ। ਕਿਸੇ ਕੋਲੋਂ ਟਿਕਾ ਨਾ ਲਵਾਇਆ ਕਿਉਂਕਿ ਉਹ ਜਾਣਦੇ ਸਨ ਕਿ ਐਸਾ ਕਰਨ ਨਾਲ ਅੱਗੇ ਦੁਬਿਧਾ ਪੈਂਦੀ ਰਹੀ ਹੈ। ਆਪਣੇ ਸਾਹਮਣੇ ਹੀ ਟਿਕਿਆ ਤੇ ਮੱਥਾ ਵੀ ਟੇਕਿਆ। ਮੱਥਾ ਟੇਕਣ ਉਪ੍ਰੰਤ ਜਦ ਸਾਹਿਬ ਗੁਰੂ ਗ੍ਰੰਥ ਸਾਹਿਬ ਦਾ ਵਾਕ ਲਿਆ ਗਿਆ ਤਾਂ ਹੁਕਮ ਇਹ ਆਇਆ :

ਮਾਰੂ ਮ: ੫ ॥

ਖੁਲਿਆ ਕਰਮੁ ਕ੍ਰਿਪਾ ਭਈ ਠਾਕੁਰ ਕੀਰਤਨ ਹਰਿ ਹਰਿ ਗਾਈ।

Sri Satguru Jagjit Singh Ji eLibrary NamdhariElibrary@gmail.com

ਸੂਮ ਥਾਕਾ ਪਾਏ ਬਿਸ੍ਰਾਮਾ ਮਿਟਿ ਗਈ ਸਗਲੀ ਧਾਈ ।੧।
ਅਬ ਮੋਹਿ ਜੀਵਨ ਪਦਵੀ ਪਾਈ ।
ਚੀਤਿ ਆਇਓ ਮਨਿ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ ॥ ੧ ॥ ਰਹਾਉ ।
ਕਾਮ ਕ੍ਰੋਧੁ ਲੋਭੁ ਮੋਹੁ ਨਿਵਾਰੇ ਸਗਲ ਬੈਰਾਈ ।
**ਸਦ ਹਜੂਰਿ ਹਾਜਰ ਹੈ ਨਾਜਰੁ ਕਤਹਿ ਨ ਭਇਓ ਦੂਰਾਈ ।੨।**
ਸੁਖ ਸੀਤਲ ਸਰਧਾ ਸਭ ਪੂਰੀ ਹੋਏ ਸੰਤ ਸਹਾਈ ।
ਪਾਵਨ ਪਤਿਤ ਕੀਏ ਖਿਨ ਭੀਤਰਿ ਮਹਿਮਾ ਕਥਨੁ ਨਾ ਜਾਈ ।੩।
ਨਿਰਭਉ ਭਏ ਸਗਲ ਭੈ ਖੋਹੇ ਗੋਬਿੰਦ ਚਰਨ ਓਟਾਈ ।
ਨਾਨਕੁ ਜਸ ਗਾਵੈ ਠਾਕੁਰ ਕਾ ਰੈਣ ਦਿਨਸੁ ਲਿਵ ਲਾਈ ।੪।੬।[1]

ਉਸ ਸਮੇਂ ਤੋਂ ਸਿੱਖ ਤੇ ਸੋਝੀ ਵਾਲੇ ਪੁਰਸ਼ ਗੁਰੂ ਗ੍ਰੰਥ ਸਾਹਿਬ ਨੂੰ ਰੱਬ-ਰੂਪ ਹੀ ਸਮਝਦੇ ਹਨ :

"ਤਾਂ ਤੇ ਜੋ ਗੁਰ ਸਿਖ ਸੁਜਾਨਾ ।
ਮਾਨੈ ਗੁਰੂ ਗ੍ਰੰਥ ਭਗਵਾਨਾ ।

ਇਸੇ ਦੀ ਪ੍ਰੋੜ੍ਹਤਾ ਗੁਰੂ ਦੀਆਂ ਸਾਖੀਆਂ ਦੇ ਲੇਖਕ ਭਾਈ ਸਰੂਪ ਸਿੰਘ (੧੯੦੦ ਈ:) ਨੇ ਵੀ ਕੀਤੀ ਹੈ । ਮਹਿਮਾ ਪ੍ਰਕਾਸ਼ ਵਾਰਤਕ ਕ੍ਰਿਤ ਭਾ: ਸਰੂਪ ਚੰਦ ਭਲਾ ਨੇ ਲਿਖਿਆ ਹੈ ਕਿ ਅੰਤ ਸਮੇਂ ਸਿੱਖਾਂ ਨੇ ਪੁਛਾ : ਜੀ ! ਅਬ ਦਰਸ਼ਨ ਕਹਾ ਕਰਹਿ । ਸਤਿਗੁਰੂ ਦੀਨ ਦਇਆਲ ਬਚਨ ਕੀਆ, ਜੋ ਦਸ ਸਰੂਪ ਹਮਾਰੇ ਪੂਰਨ ਭਏ ਹੈ। **ਅਬ ਮੇਰੀ ਜਗ੍ਹਾ ਗੁਰੂ ਗ੍ਰੰਥ ਸਾਹਿਬ ਕੋ ਜਾਨਨਾ। ਜਿਸ ਨੇ ਮੇਰੇ ਸੇ ਬਾਤ ਕਰਨੀ ਹੋਇਗੀ, ਉਹ ਗੁਰੂ ਗਰੰਥ ਕਾ ਪਾਠ ਕਰੈ ।"** ਫਿਰ ਫ਼ਰਮਾਇਆ 'ਦਰਸ਼ਨ ਖਾਲਸੇ ਕਾ, ਪੂਜਾ ਅਕਾਲ ਕੀ ਅਤੇ ਪਰਚਾਰ ਸ਼ਬਦ ਕਾ ।' ਇਨ੍ਹਾਂ ਹੁਕਮਾਂ ਤੇ ਸਿੱਖਾਂ ਨੇ ਪੂਰਾ ਪਹਿਰਾ ਦਿੱਤਾ । ਅਠਾਰਵੀਂ ਸਦੀ ਵਿਚ ਜੋ ਅਸੀਂ ਅਰਦਾਸ ਕਰਦੇ ਸਾਂ ਉਸ ਦੇ ਸ਼ਬਦ ਵੀ ਸੁਣਨ ਵਾਲੇ ਹਨ। ਉਹ ਹੀ ਹੁਣ ਤਕ ਪ੍ਰਚਲਤ ਹਨ । ਕੋਈ ਹਨੇਰੀ ਇਸ ਨੂੰ ਮਿਟਾ ਨਹੀਂ ਸਕੀ । ਅਸੀਂ ਦਸ ਗੁਰੂ ਸਾਹਿਬਾਨ ਦਾ ਪਾਵਨ ਨਾਂ ਲੈਣ ਉਪ੍ਰੰਤ ਇਹ ਹੀ ਬੋਲਦੇ ਹਾਂ : ਦਸਾਂ ਪਾਤਸ਼ਾਹੀਆਂ ਦੀ ਜੋਤ ਸ੍ਰੀ ਗੁਰੂ ਸਾਹਿਬ ਜੀ ਦੇ ਪਾਠ, ਦਰਸ਼ਨ ਦੀਦਾਰ ਦਾ ਧਿਆਨ ਧਰ ਕੇ ਬੋਲੋ ਜੀ ਵਾਹਿਗੁਰੂ-ਵਾਹਿਗੁਰੂ-ਵਾਹਿਗੁਰੂ। ਸਤਿ ਸ੍ਰੀ ਅਕਾਲ ਪੁਰਖ ਜੀ ਕਾ ਖਾਲਸਾ ਜੀ ਸਾਹਿਬ ਬੋਲੋ ਜੀ ਵਾਹਿਗੁਰੂ ।"

ਭਾਈ ਕੇਸਰ ਸਿੰਘ ਜੀ ਛਿਬਰ ਨੇ ਵੀ ਬ੍ਰਿਤਾਂਤ ਗੁਰੂ ਗੋਬਿੰਦ ਸਿੰਘ ਜੀ ਵਿਚ ਦਸਮ ਪਿਤਾ ਦੇ ਆਖ਼ਰੀ ਬਚਨ ਲਿਖੇ ਹਨ; ਉਹ ਲਿਖਦੇ ਹਨ :

**ਗਰੀਬ ਨਿਵਾਜ ਸਿੱਖ ਸੰਗਤਿ ਹੈ ਤੇਰੀ ਇਸ ਦਾ ਕੀ ਹਵਾਲ ।
ਬਚਣ ਕੀਤਾ ਗਰੰਥ ਹੈ ਗੁਰੂ ਲੜ ਪਕੜੋ ਅਕਾਲ ।
ਆਪਸ ਵਿਚ ਕਰਨਾ ਪਿਆਰੁ ਪੰਥ ਦੇ ਵਾਧੇ ਨੂੰ ਲੋਚਨਾ ।
ਆਗਿਆ ਗਰੰਥ ਸਾਹਿਬ ਦੀ ਕਰਨੀ ਸ਼ਬਦ ਦੀ ਖੋਜਨਾ ।੬੮੦।**

1. ਨਦੇੜ ਸਾਹਿਬ ਸੱਚਖੰਡ ਦੀ ਅੰਦਰਲੀ ਪਰਕਰਮਾ ਵਿਚ ਇਸ ਸ਼ਬਦ ਦਾ ਲਟਕਿਆ ਹੋਣਾ ਇਕ ਪ੍ਰਤੱਖ ਪ੍ਰਮਾਣ ਹੈ ।

Sri Satguru Jagjit Singh Ji eLibrary NamdhariElibrary@gmail.com

ਬੇਦੀ ਖ਼ਾਨਦਾਨ ਸੰਬੰਧੀ ਲਿਖੀ ਪੁਸਤਕ ਖ਼ਾਨਦਾਨਿ ਕਰਾਮਾਤ ਨਿਸ਼ਾਨ ਬੇਦੀਆਂ (੧੯੬੫ ਈ:) ਵਿਚ ਮੁਨਸ਼ੀ ਸੰਤ ਸਿੰਘ ਦਾ ਬਿਆਨ ਹੈ ਜੋ ਪ੍ਰਗਟ ਕਰਦਾ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਹੁਕਮ ਕਰ ਗਏ ਸਨ ਕਿ ਸਿਵਾਇ ਗੁਰੂ ਗ੍ਰੰਥ ਸਾਹਿਬ ਤੋਂ ਕਿਸੇ ਨੂੰ ਗੁਰੂ ਨਹੀਂ ਜਾਣਨਾ। ਪੂਰੇ ਸ਼ਬਦ ਇਸ ਪ੍ਰਕਾਰ ਹਨ :

ਇਸ ਖ਼ਿਆਲ ਸੇ ਕਿ ਕਿਸੀ ਜਗ੍ਹਾ ਤਅਈਨ ਇਸ ਸਫ਼ ਸੇਵਕਾਨ ਕਾ ਕਾਇਮ ਹੋਣਾ ਚਾਹੀਏ। ਇਸ ਵਾਸਤੇ ਗੁਰੂ ਸਾਹਿਬ ਨੇ ਪਾਂਚ ਪੈਸੇ, ਏਕ ਨਾਰੀਅਲ, ਜੋ ਸ਼ਗਨ ਗੁਰਿਆਈ ਕਾ ਥਾ ਆਪਨੇ ਹਾਥ ਮੇਂ ਲੇਕਰ ਗੁਰੂ ਗ੍ਰੰਥ ਸਾਹਿਬ ਆਗੇ ਮਾਥਾ ਟੇਕ ਦੀਆ ਔਰ ਕਹਾ ਕਿ ਤੁਮ ਸਦਾ ਪੰਥ ਹਮਾਰੇ ਬਾਅਦ ਗੁਰੂ ਗਰੰਥ ਸਾਹਿਬ ਕੋ ਗੁਰੂ ਸਮੇਤ ਅਰ ਅਹਿਕਾਮਾਤ ਮੁੰਦਰਜਾ ਕੀ ਤਾਮੀਲ ਕਰੋ।

ਬਾਬਾ ਰਾਮ ਸਿੰਘ ਜੀ ਜਿਸ ਨੂੰ ਨਾਮਧਾਰੀ ਵੀਰ ੧੨ਵਾਂ ਗੁਰੂ ਕਹਿਣ ਤੋਂ ਸੰਕੋਚ ਨਹੀਂ ਕਰਦੇ ਉਨ੍ਹਾਂ ਦੀਆਂ ਆਪਣੀਆਂ ਚਿੱਠੀਆਂ ਜੋ ਸੰਤ ਟਹਿਲ ਸਿੰਘ ਨੇ ਸੰਪਾਦ ਕੀਤੀਆਂ ਹਨ, ਵਿਚ ਸਾਫ਼ ਤੇ ਨਿਖੇੜ ਕੇ ਲਿਖਿਆ ਹੈ ਕਿ ਗੁਰੂ ਗਰੰਥ ਸਾਹਿਬ ਹੀ ਗੁਰੂ ਹੈ, ਸੋ ਸ਼ਬਦ ਗੁਰੂ ਜਿੱਥੇ ਕੋਈ ਮੰਨੂੰ ਉਸਾ ਉਥੇ ਹੀ ਭਲਾ ਹੋ ਜਾਊਗਾ। ਸਤਿ ਮੰਨਣੀ ਇਹ ਬਾਤਾ।

ਫਿਰ ਉਸੇ ਪੁਸਤਕ ਦੇ ਪੰਨਾ ੫੨-੫੪ ਤੇ ਲਿਖਿਆ ਹੈ :

"ਤੁਸੀਂ ਗੁਰੂ ਜੀ ਦੇ ਬਚਨਾਂ ਵੱਲ ਧਿਆਨ ਕਰਨਾ। ਗ੍ਰੰਥ ਸਾਹਿਬ ਗੁਰੂ ਜੀ ਦੀ ਦੇਹ ਹੈ ਪ੍ਰਤੱਖ।"

"ਹੋਰ ਭਾਈ ਦਸਾਂ ਪਾਤਸ਼ਾਹੀਆਂ ਤੋਂ ਪਿੱਛੇ ਗੁਰੂ ਤਾਂ ਮਹਾਰਾਜ ਜੀ ਸ੍ਰੀ ਗੁਰੂ ਗਰੰਥ ਸਾਹਿਬ ਨੂੰ ਇਸਥਾਪਣ ਕਰ ਕੇ ਗਏ ਹਨ। ਸੋ ਸਦਾ ਹੀ ਇਸਥਤ ਹੈ। **ਹੋਰ ਗੁਰੂ ਕੋਈ ਨਹੀਂ।**" ਇਸ ਵਿਚ ਸਭਨਾਂ ਗੁਰੂ ਜੀ ਦੀ ਜੋਤ ਹੈ, ਇਹ ਕਦੇ ਜੋਤੀ ਜੋਤ ਨਹੀਂ ਸਮਾਂਦੇ।

ਫਿਰ ਗਵਾਹੀਆਂ ਮੁਸਲਮਾਨ ਇਤਿਹਾਸਕਾਰਾਂ ਦੀਆਂ ਹਨ। ਮੁਹੰਮਦ ਅਲੀ ਖ਼ਾਨ ਅਨਸਾਰੀ ਨੇ ਤਾਰੀਖ਼-ਇ-ਮੁਜ਼ਫਰੀ ਵਿਚ ਲਿਖਿਆ ਕਿ ਸਰੀਰਕ ਗੁਰੂ ਦੀ ਪ੍ਰਥਾ ਆਪੂੰ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਸਮਾਪਤ ਕਰ ਦਿੱਤੀ ਤੇ ਗੁਰੂ ਗਰੰਥ ਸਾਹਿਬ ਸਦਾ ਲਈ ਥਾਪ ਦਿੱਤਾ :

ਵਾ ਬਾਅਦ ਅਜ਼ ਊ ਬਇਤਕਾਦਿ ਈ
ਜਮਾਅ ਇਤਲਾਕਿ ਗੁਰੂ ਵਾ ਕਰਾਮਾਤਿ
ਬਾਤਨੀ ਬਰਖਾਸਤ ਵਾ ਗਿਰੰਥ ਮਜ਼ਕੂਰ
ਬਜਾਇ ਗੁਰੂ ਮੁਕੱਰਰ ਸ਼ੁਦਾਹ।

ਮੁਨਸ਼ੀ ਸੋਹਨ ਲਾਲ ਸੂਰੀ ਨੇ ਆਪਣੀ ਪੁਸਤਕ ਉਮਦਾਤ ਤਵਾਰੀਖ਼ ਦੇ ਦਫ਼ਤ੍ਰ ਅਵਲ ਵਿਚ ਲਿਖਿਆ : ਹੁਣ ਗੁਰੂ, ਗਰੰਥ ਸਾਹਿਬ ਹੀ ਹਨ। ਗੁਰੂ ਗਰੰਥ ਤੇ ਗੁਰੂ ਪਾਤਸ਼ਾਹ ਵਿਚ ਰਤਾ ਵੀ ਫ਼ਰਕ ਨਹੀਂ। ਗੁਰੂ ਗਰੰਥ ਦੇ ਦੀਦਾਰ ਤਾਂ ਉਹ ਹੀ ਸੁਖ ਸ਼ਾਂਤੀ ਮਿਲੇਗੀ :

"ਗੁਰੂ ਗਰੰਥ ਜੀ ਅਸਤ, ਦਰਮਿਆਨਿ ਗਰੰਥ ਵਾ
ਗੁਰੂ ਹੀਚ ਫਿਰਕੇ ਨੀਸਤ।

Sri Satguru Jagjit Singh Ji eLibrary NamdhariElibrary@gmail.com

ਅਜ਼ ਦੀਦਾਰਿ ਗਰੰਥ ਜੀ ਮੁਸ਼ਾਹਿਦਾ ਇ ਦੀਦਾਰ
ਫ਼ਰਹਤ ਆਸਾਰਿ ਗੁਰੂ ਸਾਹਿਬ ਬਾਇਦ ਨਮੂਦ।

ਗੁਲਾਮ ਮੁਹਈ-ਉਦ-ਦੀਨ ਨੇ ਤਵਾਰੀਖ਼ ਪੰਜਾਬ ਨੇ ਵੀ ਲਿਖਿਆ ਕਿ ਗੁਰੂ ਗਰੰਥ ਸਾਹਿਬ ਹੀ ਹੁਣ ਗੁਰੂ ਹੈ। ਗੁਰੂ ਦੇ ਦੀਦਾਰ ਗੁਰੂ ਗਰੰਥ ਵਿਚ ਹੋਣਗੇ। ਗੁਰੂ ਤੇ ਗੁਰੂ ਗਰੰਥ ਵਿਚ ਰਤਾ ਵੀ ਫ਼ਰਕ (ਤਫ਼ਾਵਤ) ਨਹੀਂ ਹੈ:

ਫਰਮੂਦੰਦ ਕਿ ਗੁਰੂ ਗਰੰਥ ਸਾਹਿਬ ਜੀ ਅਸਤ।
ਵ ਦਰ ਗਰੰਥ ਉ ਗੁਰੂ, ਗੁਰੂ ਤਫਾਵਤ ਨੀਸਤ।

ਲਤੀਫ਼ ਨੇ ਵੀ ਇਸੇ ਤਰ੍ਹਾਂ ਹੀ ਲਿਖਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਸੁਚੇਤ ਕੀਤਾ ਕਿ ਕਈ ਢੰਭੀ ਗੁਰੂ ਹੋਣ ਦਾ ਦਾਅਵਾ ਕਰਨਗੇ ਤੇ ਸਹੀ ਰਾਹ ਤੋਂ ਉਝੜੇ ਪਾਉਣ ਲਈ ਜਤਨ ਕਰਨਗੇ ਪਰ ਤੁਸੀਂ ਸਦਾ ਤਤਪਰ ਰਹਿਣਾ ਤੇ ਐਸੇ ਢੰਭੀਆਂ ਦੇ ਦਾਅਵਿਆਂ ਵੱਲ ਧਿਆਨ ਨਾ ਦੇਣਾ।

੧ਓ ਤੇ ਪੱਕਾ ਨਿਸ਼ਚਾ ਰੱਖਣਾ ਤੇ ਗੁਰੂ ਗਰੰਥ ਸਾਹਿਬ ਨੂੰ ਧੁਰ ਕੀ ਬਾਣੀ ਤੇ ਦਰਗਾਹੋਂ ਆਇਆ ਫ਼ਰਮਾਨ ਜਾਣਨਾ।[1]

ਗੁਰੂ ਗਰੰਥ ਸਾਹਿਬ ਦੀ ਤਾਬਿਆ ਰਹਿ ਕੇ ਅਸਾਂ ਗੁਰੂ ਦੇ ਪਰਤੱਖ ਦਰਸ਼ਨ ਕੀਤੇ। ਗੁਰੂ ਗਰੰਥ ਜੀ ਵੀ ਸਾਡੀ ਹਰ ਸਮੇਂ ਅਗਵਾਈ ਕਰਦੇ ਰਹੇ। ਕੋਈ ਭੀੜਾ ਆਈ ਗੁਰੂ ਨੇ ਗੁਰ ਵਾਕ ਬਖ਼ਸ਼ ਕੇ, ਗੁਰ ਮੱਤ ਦੇ ਕੇ ਪਾਰ ਲੰਘਾਇਆ।[2] ਹੁਣ ਵੀ ਸਿਵਾਇ ਇਸ ਦੇ ਲੜ ਪਕੜਨ ਤੋਂ ਕੋਈ ਚਾਰਾ ਨਹੀਂ ਤੇ ਇਹ ਹੀ ਸਭ ਤੋਂ ਵੱਡੀ ਲੋੜ ਹੈ।

□

1. 'They must have firm belief in ONE GOD and look on the GRANTH as HIS inspired Law'.

2. 'ਵਾਕ ਦੀ ਮਹੱਤਤਾ ਲਈ ਮੇਰੀ ਹੀ ਰਚਿਤ ਪੁਸਤਕ 'ਖ਼ਾਲਸੇ ਦੀ ਵਾਸੀ' ਵਿਚੋਂ 'ਵਾਕ-ਵਿਸ਼ਵਾਸ' ਦਾ ਲੇਖ ਤਕੋ।

Sri Satguru Jagjit Singh Ji eLibrary NamdhariElibrary@gmail.com

# "ਆਗਿਆ ਭਈ ਅਕਾਲ ਕੀ"

ਅਸੀਂ ਰੋਜ਼ ਅਰਦਾਸ ਕਰਨ ਉਪਰੰਤ ਇਸ ਵਿਚਾਰ ਨੂੰ ਉਚੀ ਆਵਾਜ਼ ਨਾਲ ਦੁਹਰਾਂਦੇ ਹਾਂ ਕਿ 'ਆਗਿਆ ਭਈ ਅਕਾਲ ਕੀ, ਤਬੈ ਚਲਾਓ ਪੰਥ।' ਸਾਡਾ ਵਿਸ਼ਵਾਸ ਹੈ ਕਿ ਪੰਥ ਕੋਈ ਮਨੁੱਖੀ ਕਿਰਤ ਨਹੀਂ, ਸਗੋਂ ਉਸ ਪ੍ਰਭੂ ਦਾ ਇਕ ਮੂਰਤੀਮਾਨ ਕੀਤਾ ਹੋਇਆ ਖ਼ਿਆਲ ਹੈ। ਇਹ ਹੀ ਕਾਰਨ ਹੈ ਕਿ ਜਦ ਵੀ ਦੋ ਸਿੱਖ ਮਿਲਦੇ ਹਨ "ਵਾਹਿਗੁਰੂ ਜੀ ਕਾ ਖਾਲਸਾ" ਕਹਿੰਦੇ ਹਨ। ਇਸੇ ਸੰਬੰਧ ਵਿਚ ਭਾਈ ਗੁਰਦਾਸ ਜੀ (ਦੂਜੇ) ਨੇ 'ਰਾਮਕਲੀ ਵਾਰ ਪਾਤਸ਼ਾਹੀ ਦਸਵੇਂ ਕੀ' ਪਉੜੀ ਸੋਲ੍ਹਵੀ ਵਿਚ ਲਿਖਿਆ ਹੈ ਕਿ ਅਕਾਲ ਪੁਰਖ ਦੇ ਹੁਕਮ ਨਾਲ ਆਤਮਕ ਗਿਆਨ ਪ੍ਰਗਟ ਹੋਇਆ ਅਤੇ ਸਹਿਜ ਅਵਸਥਾ ਵਿਚ ਖਾਲਸਾ ਰਚਿਆ ਗਿਆ। ਕਿਸੇ ਕਾਹਲ, 'ਬਦਲੇ', ਛੇਤੀ ਜਾਂ ਪ੍ਰਤੀਕਰਮ ਵਜੋਂ ਖਾਲਸਾ ਨਹੀਂ ਸਾਜਿਆ ਗਿਆ। ਸਗੋਂ ਸਹਿਜ ਵਿਚ ਤੇ ਉਸ ਦੇ ਹੁਕਮ ਦੀ ਪਾਲਣਾ ਵਜੋਂ ਗੁਰੂ ਸਾਹਿਬ ਨੇ ਇਹ ਬਖ਼ਸ਼ਸ਼ ਕੀਤੀ:

ਗੁਰਬਰ ਅਕਾਲ ਕੇ ਹੁਕਮ ਸੋ ਉਪਜਿਓ ਬਿਗਿਆਨਾ।
ਤਬ ਸਹਿਜੇ ਰਚਿਓ ਖਾਲਸਾ ਸਾਬਤ ਮਰਦਾਨਾ।

ਜਿਸ, ਦਾ ਭਾਵ ਹੈ ਖਾਲਸਾ ਪੂਰਨ ਗਿਆਨਵਾਨ ਹੈ ਅਤੇ 'ਬੇਨੁਕਸ ਮੁਕੰਮਲ ਸ਼ਖ਼ਸੀਅਤ ਹੈ, ਸਾਬਿਤ ਅਰਬੀ ਦਾ ਸ਼ਬਦ ਹੈ ਜਿਸ ਦਾ ਭਾਵ ਹੈ 'ਸੁਚਜੀ ਸਮੁੱਚੀ' ਸ਼ਖ਼ਸੀਅਤ। (ਇੰਟਗ੍ਰੇਟਿੱਡ ਪ੍ਰਸਨੈਲਟੀ)। ਮਰਦਾਨਾ ਦਾ ਅਰਥ ਹੈ: 'ਪੁਰਸ਼ੋਤਮ' ਭਾਵ ਅਕਾਲ ਪੁਰਖ ਦਾ ਸਿੱਧਾ ਸਾਇਆ।

ਇਥੇ ਇਕ ਹੋਰ ਗੱਲ ਵੱਲ ਵੀ ਇਸ਼ਾਰਾ ਹੈ ਕਿ ਖਾਲਸੇ ਨੂੰ ਸਾਜਦੇ ਕੁਝ ਸਾਲ ਨਹੀਂ ਸਦੀਆਂ ਲੱਗੀਆਂ।

ਭਾਈ ਨੰਦ ਲਾਲ ਜੀ ਨੇ ਜੋਤ ਬਿਗਾਸ ਵਿਚ ਦਸਾਂ ਗੁਰੂ ਸਾਹਿਬਾਨ ਨੂੰ ਇਕੋ ਰੂਪ ਦਰਸਾਉਂਦੇ ਇਹ ਚੇਤਾਵਨੀ ਵੀ ਦਿੱਤੀ ਹੈ ਕਿ:

ਸਭ ਏਕੋ ਏਕੋ ਏਕਨਾ,
ਨਹੀਂ ਭੇਦ ਨ ਕੁਛ ਭੀ ਪੇਖਣਾ।

ਸੋ ਇਸ ਵਿਚ ਦੋ ਰਾਵਾਂ ਨਹੀਂ ਰਹਿਣੀਆਂ ਚਾਹੀਦੀਆਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕੋਈ ਅੱਡ ਗੱਲ ਕਰ ਦਿੱਤੀ ਜਾਂ ਆਤਮਕ ਠੰਢ ਦਾ ਸੋਮਾ ਮਾਰੂਥਲਾਂ ਵਿਚ ਆ ਕੇ ਸੁੱਕ

Sri Satguru Jagjit Singh Ji eLibrary NamdhariElibrary@gmail.com

ਗਿਆ। ਗੁਰੂ ਗੋਬਿੰਦ ਸਿੰਘ ਜੀ ਸਮੇਂ ਤਾਂ ਪੰਥ ਨੂੰ ਪੂਰਨ ਤੇ ਨਿਰਣਾਜਨਕ ਸਰੂਪ ਮਿਲਿਆ। ਜੋ ਗੱਲਾਂ ਬੀਜ ਰੂਪ ਵਿਚ ਸਨ ਉਹ ਸਾਹਮਣੇ ਆਈਆਂ। ਨਿਰਾਲਾ ਪੰਥ, ਸੰਜਮ ਰੱਖਣੇ, ਜ਼ੁਲਮਾਂ ਵਿਰੁੱਧ ਡੱਟਣਾ, ਨਾਮ ਦਾਨ ਇਸ਼ਨਾਨ ਦ੍ਰਿੜ੍ਹਾਉਣਾ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮਾਂ ਵਿਚ ਹੈ, ਤਾਂ ਗੁਰੂ ਨਾਨਕ ਦੇਵ ਜੀ ਨਾਲ ਪ੍ਰਭੂ ਦੀ ਹੋਈ ਭੇਟ ਵਿਚ ਵੀ ਮਿਲ ਜਾਣਗੇ। ਗੱਲ ਅਸਲ ਵਿਚ ਉਹ ਹੀ ਹੈ ਕਿ ਪੰਥ ਦੀ ਸਾਜਨਾ ਅਕਾਲ ਪੁਰਖ ਦੇ ਹੁਕਮ ਨਾਲ ਹੋ ਰਹੀ ਸੀ।

ਗੁਰੂ ਨਾਨਕ ਪ੍ਰਤੀ ਅਕਾਲ ਪੁਰਖ ਦੇ ਬਚਨ ਆਦਿ ਤੇ ਪੁਰਾਤਨ ਜਨਮ ਸਾਖੀਆਂ ਵਿਚ ਸਾਂਭੇ ਹੋਏ ਮਿਲ ਜਾਂਦੇ ਹਨ। ਪੁਰਾਤਨ ਜਨਮ ਸਾਖੀ ਦੀ ਵੇਈਂ ਪ੍ਰਵੇਸ਼ ਵਾਲੀ ਸਾਖੀ ਵਿਚ ਲਿਖਿਆ ਹੈ ਕਿ ਪ੍ਰਮੇਸ਼ਰ ਦੇ ਸੇਵਕ ਗੁਰੂ ਨਾਨਕ ਜੀ ਨੂੰ ਪ੍ਰਮਾਤਮਾ ਪਾਸ ਲੈ ਗਏ ਤਾਂ ਅੰਮ੍ਰਿਤ ਦਾ ਕਟੋਰਾ ਭਰ ਭਰ ਆਗਿਆ ਨਾਲ ਮਿਲਿਆ। ਹੁਕਮ ਹੋਆ 'ਨਾਨਕਾ ਇਹ ਅੰਮ੍ਰਿਤ ਨਾਮ ਕਾ ਪਿਆਲਾ ਹੈ ਤੂੰ ਪੀਓ ਤੇ ਪਿਲਾਓ।' ਤਬ ਗੁਰੂ ਨਾਨਕ ਤਸਲੀਮ ਕੀਤੀ, ਪਿਆਲਾ ਪੀਤਾ, ਸਾਹਿਬ ਮਿਹਰਬਾਨ ਹੋਇਆ। ਬਚਨ ਕੀਤਾ, ਨਾਨਕ ਮੈਂ ਤੇਰੇ ਕੋਲ ਹਾਂ, ਮੈਂ ਤੇਰੇ ਤਾਈ ਨਿਹਾਲ ਕੀਤਾ ਹੈ ਤੂੰ ਜਾ ਇਕ ਨਾਮ ਜਪਿ ਤੇ ਲੋਕਾਂ ਸੇ ਭੀ ਜਪਾਇ। ਸਾਰੇ ਸੰਸਾਰ ਥੀ ਨਿਰਲੇਪ ਰਹੋ। ਨਾਮ, ਦਾਨ, ਇਸ਼ਨਾਨ, ਸੇਵਾ, ਸਿਮਰਨ ਵਿਚ ਰਹੁ। ਫਿਰ ਜਦ ਪ੍ਰਭੂ ਹਜ਼ੂਰੀ ਤੋਂ ਵਾਪਸ ਹੋਣ ਲਗੇ ਤਾਂ ਪ੍ਰਭੂ ਨੇ ਫਿਰ ਬਚਨ ਕੀਤਾ; "ਨਾਨਕ! ਤੂੰ ਮੇਰਾ ਹੁਕਮ ਪਛਾਤਾ ਹੈ, ਮੈਂ ਪਾਰਬ੍ਰਹਮ ਪ੍ਰਮੇਸ਼ਰ ਤੂੰ ਗੁਰ ਪ੍ਰਮੇਸ਼ਰ।" ਇਸ ਸਾਖੀ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਅੰਮ੍ਰਿਤ ਦੀ ਦਾਤ ਲੈ, ਗੁਰੂ ਨਾਨਕ ਨੇ ਉਹ ਅੰਮ੍ਰਿਤ ਜਗ ਨੂੰ ਵਰਤਾਇਆ ਤੇ ਫਿਰ ਉਨ੍ਹਾਂ ਦੇ ਦਸਵੇਂ ਰੂਪ ਨੇ ਇਕ ਵਾਰੀ ਫਿਰ ਸਾਖੀ ਦੀ ਸਾਖ ਭਰਦੇ ਪੰਚ ਪ੍ਰਮੇਸ਼ਰ ਦੇ ਹੱਥੀਂ ਸਾਨੂੰ ਗਿਆਨ ਦੇਣ ਲਈ ਆਪੂੰ ਅੰਮ੍ਰਿਤ ਪੀਤਾ। ਉਹ ਹੀ ਅੰਮ੍ਰਿਤ ਜੋ ਉਨ੍ਹਾਂ ਗੁਰੂ ਪ੍ਰਮੇਸ਼ਰ ਦੇ ਨਾਤੇ ਤਿਆਰ ਕੀਤਾ ਸੀ, ਉਸ ਨੂੰ ਗੁਰੂ ਚੇਲੇ ਦੇ ਰੂਪ ਵਿਚ ਪਾਨ ਕੀਤਾ।

ਜਨਮ ਸਾਖੀ ਵਿਚ ਤਿੰਨ ਸੰਕੇਤ ਬੜੇ ਭਾਵਪੂਰਤ ਦਿੱਤੇ ਹਨ ਕਿ 'ਸ੍ਰੀ ਸਤਿਗੁਰੂ ਜਗਤ ਨਿਸਤਾਰਣ ਕੋ ਆਇਆ, ਕਲਜੁਗ ਵਿਚ ਬਾਬਾ ਨਾਨਕ ਹੋਇਆ ਜਨਮਿਆ ਅਤੇ ਬਾਬਾ ਪਾਰ ਬ੍ਰਹਮ ਕਾ ਨਿਜ ਭਗਤ ਸੀ।' ਖਾਲਸਾ ਜੋ ਵਾਹਿਗੁਰੂ ਦਾ ਹੈ, ਵੀ ਇਸੇ ਲਈ ਸਾਜਿਆ ਕਿ ਜਗਤ ਦਾ ਨਿਸਤਾਰਾ ਹੋਏ। 'ਸਾਧ ਸਮੂਹ ਪ੍ਰਸੰਨ ਫਿਰੇ ਜਗ' ਅਤੇ 'ਸ਼ਤ੍ਰੂ ਸਭਹੂ ਅਵਲੋਕ ਚਪੈਂ।' ਪਾਰਬ੍ਰਹਮ ਦਾ ਨਿਜ ਭਗਤ ਹੀ ਹੈ ਖਾਲਸਾ ਜੋ ਸਿਵਾਇ ਵਾਹਿਗੁਰੂ ਤੋਂ ਕਿਸੇ ਦੀ ਕਾਣ ਨਹੀਂ ਰਖਦਾ। 'ਕਾਣ ਨਾਂਹ ਇਹ ਕਾਹੂ ਕੀ ਰਾਖਤ', ਜ਼ਕਰੀਆ ਖ਼ਾਨ ਨੇ ਇਕ ਪੁਛ ਦੇ ਉਤਰ ਵਿਚ ਨਾਦਰਸ਼ਾਹ ਨੂੰ ਕਿਹਾ ਸੀ।

ਆਦਿ ਸਾਖੀਆਂ, ਜਿਸ ਨੂੰ ਸ਼ੰਭੂ ਨਾਥ ਵਾਲੀ ਪਤਰੀ ਬਾਬੇ ਨਾਨਕ ਜੀ ਕੀ ਵੀ ਕਿਹਾ ਜਾਂਦਾ ਹੈ, ਉਸ ਵਿਚ ਪਹਿਲੀ ਸਾਖੀ ਹੀ ਪ੍ਰਭੂ ਨਾਲ ਵਾਰਤਾਲਾਪ ਦੀ ਹੈ। ਜਿਵੇਂ ਬਚਿਤ੍ਰ ਨਾਟਕ ਵਿਚ ਜਦ ਗੁਰੂ ਗੋਬਿੰਦ ਸਿੰਘ ਜੀ ਆਪਣੀ ਕਥਾ ਆਰੰਭ ਕਰਦੇ ਹਨ ਤਾਂ ਉਥੇ ਲਿਖਿਆ ਹੈ:

> ਜਿਉ ਤਿਉ ਪ੍ਰਭੂ ਹਮ ਕੋ ਸਮਝਾਯੋ।
> ਇਮ ਕਹਿ ਕੇ ਇਹ ਲੋਕ ਪਠਾਯੋ।
> ਅਕਾਲ ਪੁਰਖ ਵਾਚ।

Sri Satguru Jagjit Singh Ji eLibrary NamdhariElibrary@gmail.com

ਚੌਪਈ :

ਮੈਂ ਅਪਨਾ ਸੁਤ ਤੋਹਿ ਨਿਵਾਜਾ ।
ਪੰਥ ਪ੍ਰਚੁਰ ਕਰਬੇ ਕਹੁ ਸਾਜਾ ।
ਜਾਹਿ ਤਹਾਂ ਤੇ ਧਰਮ ਚਲਾਇ ।
ਕਬੁਧਿ ਕਰਨ ਤੇ ਲੋਕ ਹਟਾਇ । ੨੯ ।

ਤਾਂ ਪਾਤਸ਼ਾਹ ਨੇ ਕਵੀ ਰੂਪ ਵਿਚ ਵਾਕ ਲਿਖਿਆ ਹੈ ਕਿ :—

ਠਾਢ ਭਯੋ ਮੈਂ ਜੋਰਿ ਕਰਿ,
ਬਚਨ ਕਹਾ ਸਿਰ ਨਿਯਾਇ ।
ਪੰਥ ਚਲੈ ਤਬ ਜਗਤ ਮੈ,
ਜਬ ਤੁਮ ਕਰਹੁ ਸਹਾਇ ।

ਕੁਝ ਇਸੇ ਤਰ੍ਹਾਂ ਉਸ ਆਦਿ ਦੀਆਂ ਸਾਖੀਆਂ ਵਿਚ ਲਿਖਿਆ ਹੈ ਕਿ "ਬਾਬੇ ਨਾਨਕ ਨੂੰ ਬਾਣੀ ਆਈ, ਮੇਰੇ ਪਾਸ ਆਉ, ਬਾਬੇ ਨਾਨਕ ਨੇ ਕਿਹਾ, "ਸੱਚੇ ਪਾਤਸ਼ਾਹ ਮੈਂ ਜੇ ਆਵਾਂ ਤੇਰੇ ਪਾਸ ਇਤਨੀ ਕੁ ਮੈਨੂੰ ਪਹੁੰਚ ਨਾਹੀ ਜੋ ਤੇਰੀ ਦਰਗਾਹ ਆਵਾਂ, ਸੋ ਕਿਉਂ ਕਰ ਆਵਾਂ। ਤਾਂ ਫਿਰ ਬਾਣੀ ਆਈ ਤੂੰ ਅੱਖੀਂ ਮੀਟੁ ਤੇਰੇ ਤਾਈਂ ਮੈਂ ਆਪਣੇ ਪਾਸ ਲੈ ਜਾਵਾਂ ।" ਤਾਂ ਬਾਬੇ ਨਾਨਕ ਅੱਖੀਆਂ ਮੀਟੀਆਂ ਤਾਂ ਬਾਬਾ ਨਿਰੰਕਾਰ ਕੇ ਮਹਿਲ ਜਾਇ ਖੜਾ ਕੀਤਾ । ਜਾਂ ਬਾਬੇ ਦਰਸ਼ਨ ਪਾਇਆ ਤਾਂ ਬਾਬਾ ਬੋਲਿਆ, "ਵਾਹਿਗੁਰੂ, ਵਾਹਿਗੁਰੂ ਵਾਹਿਗੁਰੂ" ਤਾਂ ਪਾਰਬ੍ਰਹਮ ਆਗਿਆ ਕੀਤੀ, "ਜੋ ਮੇਰਾ ਨਾਉ ਸੋ ਤੇਰਾ ਨਾਉ । ਮੇਰਾ ਨਾਉ ਸਤਿਗੁਰੂ ਪੁਰਖ ਹੈ, ਤੇਰਾ ਨਾਉ ਜਗਤ ਗੁਰੂ ਕੀਤਾ । ਜਾਹਿ ਨਾਨਕ ਤੇਰਾ ਇਕ ਪੰਥ ਕੀਤਾ । ਗੁਰੂ ਨਾਨਕ ਨੇ ਕਿਹਾ : "ਮੈਨੂੰ ਸਿਰਫ਼ ਸੰਤਾਂ ਦੀ ਰੈਣ ਚਾਹੀਏ ।" ਤਾਂ ਫਿਰ ਬਚਨ ਹੋਆ : "ਤੇਰੀ ਸਭਾ ਘਾਲ ਥਾਇ ਪਾਈ ਅਤੇ ਮੈਂ ਤੇਰਾ ਇਕ ਪੰਥ ਨਿਰਾਲਾ ਕੀਤਾ ।" ਫਿਰ ਪੰਥ ਦੇ ਕਰਤਵ ਦ੍ਰਸਾਉਂਦੇ ਪ੍ਰਭੂ ਨੇ ਕਿਹਾ : "**ਭਗਤ ਦ੍ਰਿੜਾਉਣੀ, ਧਰਮ ਦ੍ਰਿੜਾਉਣਾ, ਗ੍ਰਿਹਸਤ ਵਿਚ ਬੈਰਾਗੀ ਕਰਣੇ । ਉਦਾਸ ਕਰਣੇ ਨਾਹੀ । ਮੇਰੇ ਮਾਰਗ ਕੀ ਇਹ ਨਿਸ਼ਾਨੀ ਹੈ । ਪਰਮੇਸਰ ਦਾ ਨਾਮ ਜਪਾਵਣਾ । ਸੰਜਮ ਰਖਣੇ । ਘਾਲਿ ਕਮਾਈ ਖਾਣਾ । ਮੇਰੇ ਅਰਥ ਕੁਝ ਬੀਜਣਾ । ਨਿਰਲੋਭ ਰਹਿਣਾ, ਸਤਵਾਦੀ ਹੋਵਣਾ । ਝੂਠ ਨਹੀਂ ਬੋਲਣਾ । ਝੂਠ ਕੀ ਭਗਤਿ ਥਾਈ ਨਾਹੀ ਪਾਉਦੀ** । ਸਚ ਦੀ ਭਗਤ ਥਾਇ ਪਉਦੀ । ਬਿਖਿਆ ਨਹੀਂ ਸੰਚਾਵਣੀ । ਆਇਆ ਚਲਾਇਆ । ਏਕ ਟੇਕ ਮੇਰੇ ਨਾਊ ਕੀ ਕਰਨੀ । ਦੂਜੀ ਟੇਕ ਨਾਹੀ ਕਰਨੀ । ਤੁਧ ਉਪਰ ਮੇਰਾ ਕਰਮ ਹੈ । ਤੂੰ ਸੋ ਹਉ, ਹਉ ਸੋ ਤੂੰ । ਮੇਰੇ ਨਾਵੇ ਬਿਨ ਕਛ ਹੋਰ ਵਿਚਾਰ ਕਰਣਾ ਨਾਹੀ ।"

ਗੁਰੂ ਨਾਨਕ ਜੀ ਅਤੇ ਬਾਕੀ ਨੌਂ ਗੁਰੂ ਸਾਹਿਬਾਨ ਇਹ ਦ੍ਰਿੜਉਂਦੇ ਰਹੇ, ਜੋ ਆਗਿਆ ਅਕਾਲ ਵਲੋਂ ਹੋਈ ਸੀ । "**ਧਰਮ ਦ੍ਰਿੜਾਉਣਾ,**" ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਨੂੰ ਦ੍ਰਿੜਾਉਣ ਲਈ ਖਾਲਸਾ ਸਾਜਿਆ । ਦੇਹੁਰਾ ਮਸੀਤ ਸੋਈ, ਪੂਜਾ ਨਿਵਾਜ ਉਹੀ, ਉਹਨਾਂ ਦਾ ਹੀ ਫੁਰਮਾਨ ਹੈ । ਬਹਾਦੁਰ ਸ਼ਾਹ ਨੂੰ ਆਗਰੇ ਵਿਖੇ ਇਹ ਹੀ ਗੱਲ ਉਦਾਹਰਣ ਦੇ ਕੇ ਗੁਰੂ ਜੀ ਸਮਝਾਈ ਸੀ ਕਿ ਸਿੱਕੇ ਤੇ ਮੋਹਰ ਕਿਸੇ ਨਹੀਂ ਵੇਖਣੀ, ਸਭ ਨੇ ਧਾਤ ਵੇਖਣੀ ਹੈ, ਜੇ ਧਾਤ ਖੋਟੀ ਹੈ ਤਾਂ ਮੋਹਰ ਬੇਸ਼ਕ ਕਿਸੇ ਦੀ ਹੋਵੇ ਉਸ ਦਾ ਕੋਈ ਮੁੱਲ ਨਹੀਂ । "ਰਹਿਤ ਪਿਆਰੀ ਮੋਹਿ ਕੋ, ਸਿੱਖ ਪਿਆਰਾ ਨਾਹਿ" ਉਹਨਾਂ ਦਾ ਇਕ ਹੋਰ ਕਰੜਾ ਹੁਕਮ ਸੀ ।

Sri Satguru Jagjit Singh Ji eLibrary NamdhariElibrary@gmail.com

ਸਿੱਖ ਧਰਮ ਵਿਚ ਮੁਹੰਮਦ ਅਲੀ ਵਰਗੀ ਗੱਲ ਨਹੀਂ ਜਿਸ ਨੇ ਕਾਂਗਰਸ ਦੀ ਪ੍ਰਧਾਨਗੀ ਭਾਸ਼ਨ ਵੇਲੇ ਲਖਨਊ ਵਿਚ ਆਖ ਦਿੱਤਾ ਸੀ ਕਿ ਉਸ ਦੀ ਨਜ਼ਰ ਵਿਚ ਇਕ ਹਿੰਦੂ ਗਾਂਧੀ ਨਾਲੋਂ ਇਕ ਲੁਚਾ ਮੁਸਲਮਾਨ ਕਿਤੇ ਚੰਗਾ ਹੈ।

ਅਗਲੀ ਆਗਿਆ ਸੀ, '**ਗ੍ਰਹਿਸਤ ਵਿਚ ਬੈਰਾਗੀ ਕਰਨੇ, ਉਦਾਸੀ ਕਰਨੇ ਨਾਹੀ**'। ਸਿੱਖ ਸੰਸਾਰੀ ਜੀਵ ਹੈ। ਉਹ ਸਿਮਰਨ ਨਾਲ ਸੇਵਾ ਵੀ ਕਰਦਾ ਹੈ। ਇਸ ਲਈ ਗੁਰੂ ਅਮਰਦਾਸ ਜੀ ਨੇ ਕਿਹਾ ਸੀ, ਜੋ ਕੋਈ ਉਦਾਸੀ ਹੋਵੇਗਾ, ਉਸ ਦਾ ਬੁਰਾ ਹੋਵੇਗਾ। ਕੇਸ ਜਿਥੇ ਖੂਬਸੂਰਤੀ ਦਾ ਪਰਮ ਚਿੰਨ੍ਹ ਹਨ ਉਥੇ ਇਹ ਗਿਆਨ ਕਰਾਉਂਦੇ ਹਨ ਕਿ ਸਿੱਖ ਸੰਸਾਰ ਤੋਂ ਭਜੇਗਾ ਨਹੀਂ। ਬੁੱਧ ਜੀ ਬਾਰੇ ਇਹ ਪ੍ਰਸਿੱਧ ਹੈ ਕਿ ਜਦ ਉਨ੍ਹਾਂ ਘਰ, ਇਸਤ੍ਰੀ ਬੱਚੇ ਤੇ ਰਾਜ ਦਾ ਤਿਆਗ ਕੀਤਾ ਤਾਂ ਆਪਣੀ ਹੱਥੀਂ ਆਪਣਾ ਜੂੜਾ ਕੱਟ ਦਿਤਾ। ਸੰਸਾਰ ਤੋਂ ਭਜਣ ਵਾਲੇ ਕੇਸਾਂ ਦੀ ਬੇਅਦਬੀ ਕਰ ਦਿੰਦੇ ਸਨ। ਕੈਸਾ ਸੁੰਦਰ ਲਿਖਿਆ ਹੈ ਕਲਗੀਧਰ ਦਾ ਬਚਨ ਕਵੀ ਸੰਤੋਖ ਜੀ ਨੇ ਕਿ '**ਮੁੰਡਨ ਕਰਾਇ ਫਿਰ ਭਾਖਤੇ ਧਰਮ ਹੈਂ**।' ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ, ਕੇਸ ਸਾਡੀ ਮੋਹਰ ਹੈ। ਸਿੱਖ ਕਦੇ ਉਦਾਸੀ ਜਾਂ ਸੰਨਿਆਸੀ ਨਹੀਂ ਹੋਵੇਗਾ। ਇਹ ਹੀ ਕਾਰਨ ਹੈ ਕਿ ਗੁਰੂ ਨਾਨਕ ਜੀ ਜਦ ਗੁਰਮੁੱਖ ਖੋਜ ਤੇ ਸੰਗਤਾਂ ਸਾਜ ਵਾਪਸ ਮੁੜੇ ਅਤੇ ਕਰਤਾਰ ਪੁਰ ਵਸੇਬਾ ਕੀਤਾ ਤਾਂ "ਪਹਿਰਿ ਸੰਸਾਰੀ ਕਪੜੇ" ਮਤੇ ਕੋਈ ਭੁਲੇਖੇ ਨਾਲ ਵੀ ਉਨ੍ਹਾਂ ਦੀਆਂ ਉਦਾਸੀਆਂ ਨੂੰ ਉਦਾਸੀ ਪ੍ਰਥਾ ਨਾਲ ਨਾ ਜੋੜ ਦੇਵੇ। ਵਰਣ ਆਸ਼ਰਮ ਵਾਲਿਆਂ ਨੂੰ ਬਾਨ ਪ੍ਰਸਤੀ ਤੋਂ ਬਾਅਦ ਸੰਨਿਆਸੀ ਬਣਨਾ ਪੈਂਦਾ ਹੈ। ਉਹ ਮੁੜ ਗ੍ਰਹਿਸਤੀ ਨਹੀਂ ਬਣ ਸਕਦੇ। ਗੁਰੂ ਨੇ "ਸੰਸਾਰੀ ਕਪੜੇ ਪਹਿਰਹਿ"। ਉਹ ਹੀ ਸੰਗਤ ਖਾਲਸਾ ਬਣੀ ਜੋ ਗੁਰੂ ਨਾਨਕ ਜੀ ਥਾਪ ਆਏ ਸਨ। ਨਾਮ ਦਾਨ ਇਸ਼ਨਾਨ ਦਾ ਜਦ ਸੰਗਮ ਬਣਦਾ ਹੈ ਤਾਂ ਸ਼ਖਸੀਅਤ ਸਮਤੋਲ ਤੇ ਸਹਿਜ ਵਾਲੀ ਹੋ ਜਾਂਦੀ ਹੈ। ਉਲਾਰ ਨਹੀਂ ਰਹਿੰਦਾ। ਨਾਮ ਦੇ ਅਰਥ ਹਨ ਪ੍ਰਭੂ ਵੱਲ ਮੂੰਹ, ਦਾਨ ਦਾ ਭਾਵ ਹੈ ਲੋਕਾਂ ਵਲ ਮੁੱਖ ਅਤੇ ਇਸ਼ਨਾਨ ਚਿੰਨ੍ਹ ਹੈ, ਆਪਾ ਪਛਾਣਨ ਦਾ। ਜਦ ਪ੍ਰਭੂ, ਲੋਕ ਤੇ ਆਪਾ ਮਿਲ ਜਾਂਦੇ ਹਨ ਤਾਂ ਦਇਆ ਧਰਮ ਉਪਜਦਾ ਤੇ ਦ੍ਰਿੜ੍ਹ ਹੁੰਦਾ ਹੈ। ਪ੍ਰਸ਼ਨ ਭਾਈ ਨੰਦ ਲਾਲ ਜੀ "ਵਾਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ" ਵਿਚ ਇਸ ਤਰ੍ਹਾਂ ਦਾ ਇਕ ਵਾਕ ਹੈ। ਜੋ ਗੁਰੂ ਸਾਹਿਬ ਨੇ ਨੰਦ ਲਾਲ ਪ੍ਰਤੀ ਕਿਹਾ ਹੈ। ਗੁਰੂ ਜੀ ਫਰਮਾਉਂਦੇ ਹਨ :—

ਨੰਦ ਲਾਲ ਤੁਮ ਬਚਨ ਸੁਣਹੋ ਸਿੱਖ ਕਰਮ ਹੈ ਇਹ।
ਨਾਮ ਦਾਨ ਇਸ਼ਨਾਨ ਬਿਨ ਕਰੇ ਨਾ ਅੰਨ ਸਿਉ ਨੇਹ।

ਫਿਰ ਪ੍ਰਭੂ ਦੀ ਆਗਿਆ ਹੋਈ ਸੀ, '**ਸੰਜਮ ਰਖਣੇ**'। ਕਰਮ ਕਾਂਡ ਦੇ ਉਲਟਾ "ਸੰਜਮ ਰਖਣੇ" ਦਾ ਹੁਕਮ ਕਿਤਨਾ ਨਰੋਆ ਲਗਦਾ ਹੈ। ਉਹੀ ਕਾਮ ਜੋ ਹਰ ਕਿਸੇ ਨੂੰ ਰੋੜ੍ਹ ਕੇ ਲੈ ਜਾਂਦਾ ਰਿਹਾ, ਇਥੇ ਗ੍ਰਹਿਸਥ ਬਣ ਕੇ ਕਾਜ ਸੰਵਾਰਦਾ ਰਿਹਾ ਹੈ। ਉਹ ਹੀ ਕਰੋਧ ਜਿਸ ਨੇ ਕੁਲਾਂ ਦਾ ਨਾਸ ਕਰ ਦਿੱਤਾ, ਗੁਰੂ ਛੁਹ ਨਾਲ ਅਣਖ ਬਣ ਕੇ ਕਈਆਂ ਦੀਆਂ ਇੱਜ਼ਤਾਂ ਬਚਾਉਂਦਾ ਹੈ। ਗੁਰੂ ਨਾਨਕ ਜੀ ਨੇ ਇਸ ਲਈ ਕਿਹਾ ਸੀ :—

ਕਾਮ ਕਰੋਧ ਦੁਇ ਕਰਹੁ ਬਸੋਲੇ।
ਗੋਡਹੁ ਧਰਤੀ ਭਾਈ। (ਬਸੰਤ ਮ: ੧)

Sri Satguru Jagjit Singh Ji eLibrary NamdhariElibrary@gmail.com

ਕਾਮ ਕਰੋਧ ਨੂੰ ਖੁਰਪਾ ਬਣਾ ਕੇ ਵਰਤੋ ਅਤੇ ਫਿਰ ਦੁਨੀਆਂ ਦੇ ਸਾਰੇ ਸੁੱਖ ਤੁਹਾਡੇ ਪਿਛੇ ਫਿਰਨਗੇ। "ਜਿਉਂ ਗੋਡਹੁ ਤਉ ਤੁਮ ਸੁਖ ਪਾਵਹੁ ਕਿਰਤ ਨਾ ਮੇਟਿਆ ਜਾਈ।" ਪਰ ਤ੍ਰਨ ਗਾਮੀ ਨਾਹੀਂ ਹੋਣਾ, ਤੁਰਕਣੀ ਨਾਲ ਸੰਗ ਨਹੀਂ ਕਰਨਾ।

ਨਿਜ ਨਾਰੀ ਕੇ ਸੰਗ ਨੇਹੁ ਤੁਮ ਨਿਤ ਬਢਿਈਓ

ਅਤੇ

"ਏਕਾ ਨਾਰੀ ਜਤੀ ਹੋਇ", ਇਸ ਪਾਸੇ ਦੇ ਕੁਝ ਫ਼ਰਮਾਨ ਸਨ। ਜਗਤ ਜੂਠ ਤਮਾਕੂ ਨਾ ਸੇਵ, ਆਦਿ ਸੰਜਮ ਸੀ। ਤੰਮਾਕੂ ਜਿਥੇ ਸਰੀਰ ਨੂੰ ਨਸ਼ਟ ਕਰਦਾ ਹੈ, ਉਥੇ ਆਤਮਾ ਦਾ ਵੈਰੀ ਹੈ। ਸੋਦਰ ਵਿਚ ਇਹ ਤਮਾਕੂ ਹੀ ਹੈ ਜੋ ਟਿਕਣ ਨਹੀਂ ਦਿੰਦਾ। ਅੱਲਡੂਅਸ ਹੱਕਸਲੇ ਨੇ ਨਿੱਜੀ ਤਜਰਬੇ ਤੋਂ ਇਹ ਲਿਖਿਆ ਸੀ ਕਿ ਉਸ ਦੇ ਦਰ ਤੋਂ ਜੋ ਕੋਈ ਤੋੜਦਾ ਹੈ ਤਾਂ ਇਹ ਜਗਤ ਜੂਠ ਤਮਾਕੂ। ਸਿੱਖ ਨੇ ਅਮਲ ਸਿਰਫ਼ ਪਰਸ਼ਾਦੇ ਦਾ ਰਖਣਾ ਹੈ। ਸਿੱਖ ਦਾ ਆਹਾਰ ਅਲਪ ਹੈ ਤੇ ਨੀਂਦ ਵੀ ਉਤਨੀ ਜਿਤਨੀ ਆਲਸ ਨਾ ਰਹਿਣ ਦੇਵੇ। ਗੁਰੂ ਨਾਨਕ ਦੇਵ ਜੀ ਨੇ ਜੋ ਰਹਿਤ ਮਰਯਾਦਾ ਗੁਰੂ ਅੰਗਦ ਦੇਵ ਜੀ ਨੂੰ ਦ੍ਰਿੜ੍ਹਾਈ ਸੀ ਤੇ ਫਿਰ ਗੁਰੂ ਅਮਰਦਾਸ ਜੀ ਨੂੰ ਦੱਸੀ ਉਹ ਸਾਖੀ ਗੁਰੂ ਅਮਰਦਾਸ ਜੀ ਮਹੱਲਾ ਤੀਜਾ ਦੇ ਨਾਂ ਹੇਠ ਸਾਖੀਆਂ ਵਿਚ ਦਰਜ ਹੈ। ਉਸ ਦੇ ਸ਼ਬਦ ਹਨ, "ਅੰਨ ਬਹੁਤੀ ਭੁੱਖੇ ਲੱਗੀ ਜੇਵਣਾ, ਭਰੇ ਤੇ ਭੰਰਨਾ ਨਾਹੀਂ। ਅੰਨ ਛੱਡਣਾ ਭੀ ਨਾਹੀ। ਸਵਣਾ ਤਾਂ ਜੋ ਬਹੁਤੀ ਨੀਂਦ ਆਵੇ। ਨੀਂਦ ਬਿਨਾ ਸਵਣਾ ਨਾਹੀਂ। ਗਫਲਾਈ ਹੈ।" ਉਨ੍ਹਾਂ ਦਾ ਕਹਿਣਾ ਸੀ, ਖਾਈ ਹੀ ਨਾ ਟੁਰੇ ਜਾਣਾ, "ਭੁੱਖ ਨਾਲ ਖਾਣਾ" ਭੁੱਖ ਨੂੰ ਹੀ ਸਲੂਣਾ (ਲਾਵਣ) ਬਣਾਉਣਾ ਅਤੇ ਲੋੜ ਮੁਤਾਬਿਕ ਨੀਂਦ ਕਰਨ ਨਾਲ ਸਰੀਰ ਨੂੰ ਰੋਗ ਨਹੀਂ ਗ੍ਰਸਦਾ।

"ਸਦਾ ਰਹੈ ਕੰਚਨ ਸੀ ਕਾਇਆ, ਕਾਲ ਨ ਕਬਹੂੰ ਬਿਆਪੈ।

ਭਾਈ ਚੋਪਾ ਸਿੰਘ ਜੀ, ਜੋ ਗੁਰੂ ਗੋਬਿੰਦ ਸਿੰਘ ਜੀ ਦੇ ਖਿਡਾਵੇ ਸਨ, ਦੇ ਰਚੇ ਰਹਿਤਨਾਮੇ ਵਿਚ ਸੰਜਮ ਰਖਣ ਦੀ ਵਿਧੀ ਹੈ। ਉਸ ਰਹਿਤਨਾਮੇ ਵਿਚ ੪੨੧ ਬਚਨ ਹਨ, ਜੋ ਸਿੱਖ ਲਈ ਰਹਤ ਦ੍ਰਿੜ੍ਹਾਂਦੇ ਹਨ। ਉਨ੍ਹਾ ਵਿਚੋਂ ਕੁਝ ਕੁ ਧਿਆਨ ਨਾਲ ਪੜ੍ਹਨ ਨਾਲ ਸੰਜਮ ਦੀ ਮਹੱਤਤਾ ਸਮਝ ਆ ਜਾਏਗੀ। ਮੇਰੀ ਰਾਇ ਵਿਚ ਉਨ੍ਹਾਂ ਬਚਨਾਂ ਨੂੰ ਸਿੱਖ ਸਦਾਚਾਰਕ ਨਿਯਮਾਂਵਲੀ (ਸਿੱਖ ਮਾਰਲ ਕੋਡ) ਦੇ ਤੌਰ ਤੇ ਵਰਤਣਾ ਚਾਹੀਦਾ ਹੈ[1]। ਕੁਝ ਕੁ ਬਚਨ ਹਨ "ਗੁਰੂ ਕਾ ਸਿੱਖ ਬਿਖਿਆ ਦਾ ਬਨਜ ਨਾ ਕਰੇ। ਗੁਰੂ ਕਾ ਸਹਿਜਧਾਰੀ ਸਿੱਖ ਵੀ ਬਿਖਿਆ ਦਾ ਬਨਜ ਨਾ ਪੀਵੇ। ਨਾ ਨਾਸ ਲਏ।

ਗਰੀਬ ਸਿੱਖ ਦੀ ਰਸਨਾ ਗੋਲਕ ਜਾਨਣੀ।
ਸਿੱਖ ਸਿੱਖ ਕੋ ਕਲਪਾਇ ਨਹੀਂ।

ਗੁਰੂ ਕਾ ਸਿੱਖ ਬਨਜ ਵਿਵਹਾਰ ਜਾਂ ਹੋਰ ਕਿਸੇ ਸਬੱਬ ਵਿਚ ਸਿੱਖਾਂ ਨਾਲ ਬੋਲ ਬਹੇ ਤਾਂ ਉਹ ਬਖਸ਼ ਬਖਸ਼ਾ ਲਏ। ਰਾਤ ਵਿਚ ਨਾ ਪਾਏ। ਗੁਰੂ ਕਾ ਸਿੱਖ ਪੜਦਾ ਕਿਸੀ ਕਾ

---

1. ਇਕ ਵਖਰੇ ਕਾਂਡ ਵਿਚ ਉਨ੍ਹਾਂ ਦਾ ਸਾਰ ਵੀ ਇਸੇ ਪੁਸਤਕ ਵਿਚ ਦੇ ਦਿਤਾ ਹੈ।

Sri Satguru Jagjit Singh Ji eLibrary NamdhariElibrary@gmail.com

ਨਾ ਉਘਾੜੇ । ਗੁਰੂ ਕਾ ਸਿੱਖ ਧਰਮੀ ਹੋਂਵੇ ਸੋ ਕੈਸਾ ਹੋਵੇ ? ਨਿਰਲੋਭੀ, ਉਦਾਰ, ਨਿਰਮਾਨੀ, ਜਤੀ, ਸੀਲੀਆ, ਪ੍ਰਸਵਾਰਥੀ, ਧੀਰਜੀ, ਦਇਆਵਾਨ, ਪ੍ਰੀਤਵਾਨ, ਤਪੀਆ, ਅਨਦ, ਰਹਿਤਵਾਨ, ਮਤਸਰ ਬਿਨਾ, ਪੜਦੇ ਕੱਜ, ਸੁਚੇਤ, ਦੇਹ ਪਵਿਤਰ, ਘਾਲ ਕਰੇ, ਵੰਡ ਖਾਏ । ਪ੍ਰਦੇਸੀ ਸਿੱਖ ਦੀ ਚੀਜ਼ ਵਸਤੂ ਦੀ ਸੁਚੇਤੀ ਰਖੇ, ਦਰਦਵੰਦ ਹੋਵੇ । ਜਿਸ ਵਿਚ ਇਹ ਗੁਣ ਸੋ ਧਰਮਸਾਲੀਆ । ਗੁਰੂ ਕੇ ਸਿੱਖ ਵਾਸੀ ਵਾਲੇ ਐਸੇ ਸਿੱਖ ਦੀ ਗੋਰ ਕਰਨਾ । ਗੁਰੂ ਕਾ ਸਿੱਖ ਦਾਨ ਦੇਂਦਾ, ਪ੍ਰਸ਼ਾਦ ਖਾਂਦਾ ਭਜਨ ਕਰੇ, ਕਰੋਧ ਨਾ ਕਰੇ । ਕਰੋਧ ਚੰਡਾਲ ਹੈ, ਚੰਡਾਲ ਦੀ ਸੰਗਤ ਨਹੀਂ ਕਰਨੀ ।

**'ਚਰਚਾ ਸ਼ਬਦ ਕੀ, ਪਰਚਾ ਬਾਨੀ ਕਾ, ਫਲ ਸੱਗਤ ਕਾ, ਬੀਜ ਕਰਮਾਂ ਕਾ, ਬਿਚਾਰ ਗੁਰਮਤਿ ਕਾ, ਕਿਰਤ ਧਰਮ ਕੀ, ਹਥਿਆਰ ਜੱਤ ਕਾ, ਵਾਕ ਸਤਿ ਕਾ, ਜਸ ਦੇਗ ਕਾ, ਰਾਜ ਤੇਗ਼ ਕਾ, ਪੂਜਾ ਗੁਰੂ ਕੀ, ਸੁਨਣਾ ਸ਼ਬਦ ਕਾ, ਸਾਖ ਪੁੰਨ ਕੀ, ਖੁਸ਼ਬੋਈ ਸਿਖੀ ਕੀ, ਸੋਭਾ ਟਹਿਲ ਕੀ, ਸ਼ੀਰੀਂ ਬਚਨ ਕੀ, ਲਾਜ ਲੋਕ ਕੀ, ਹਿਆਉ ਅਖੀ ਕਾ, ਗ੍ਰਹਿਸਤ ਭਲੀ ਨਾਰਿ ਕਾ, ਨਾਰ ਕੁਲ ਕੀ, ਰਹਿਣਾ ਹਜ਼ੂਰ ਕਾ, ਮੰਨਣਾ ਹੁਕਮ ਕਾ, ਸੇਵਕੀ ਸਿਖੀ ਕੀ, ਆਗਿਆ ਸ੍ਰੀ ਗੁਰੂ ਗਰੰਥ ਸਾਹਿਬ ਜੀ ਕੀ, ਦੀਦਾਰ ਖਾਲਸੇ ਕਾ, ਜਾਗਣਾ ਹਰ ਜਸ ਕਾ, ਤਿਆਗਣਾ ਬਿਕਾਰਾਂ ਕਾ, ਵਰਤਣਾ ਸੁਚੇਤੀ ਕਾ, ਬੋਲਣਾ ਮਰਯਾਦਾ ਕਾ, ਬਿਬੇਕ ਮੰਨਣ ਕਾ, ਟਹਿਲ ਮਾਤਾ ਪਿਤਾ ਕੀ, ਸਰਦਾਰੀ ਟਹਿਲ ਕੀ, ਭਾਉ ਅੰਦਰ ਕਾ, ਵੰਡ ਖਾਣਾ ਹੁੰਦੇ ਕਾ, ਚਿਤਵਨਾ ਭਲਿਆਈ ਕਾ, ਮਾਰਨਾ ਪਾਪ ਕਾ, ਪੜ੍ਹਨਾ ਸ਼ੌਕ ਕਾ, ਜੀਤਨਾ ਮਨ ਕਾ, ਵਰਤਨ ਜਗਤ ਕੀ, ਅਮਲ ਪ੍ਰਸ਼ਾਦੀ ਕਾ, ਜੁੱਧ ਜੱਥੇ ਕਾ, ਬਲ ਬਾਂਹ ਕਾ, ਵਾਧਾ ਧਰਮ ਕਾ, ਨਾਤਾ ਸਿਖੀ ਕਾ ਅਤੇ ਰਸਨਾ ਭਜਨ ਕੀ ।'**

ਤਨਖਾਹੀਆਂ ਦੇ ਵੇਰਵੇ ਵਿਚ ਵੀ ਸੰਜਮ ਦ੍ਰਿੜਾਏ ਹਨ । ਜਿਵੇਂ ਜੋ ਸਿੱਖ ਸਿੱਖਾਂ ਨਾਲ ਮਸ਼ਕਰੀ ਠੱਠਾ ਕਰ ਪਾਏ, ਸੋ ਤਨਖਾਹੀਆ । **ਸਿੱਖ ਹੋਇ ਕੇ ਨੱਚੇ,** ਸੋ ਤਨਖਾਹੀਆ । **ਜੋ ਸਿੱਖ ਮਨਸੂਬਾ ਕਰ ਸਿੱਖਾਂ ਵਿਚ ਦੁਬਿਧਾ ਪਾਏ ਸੋ ਤਨਖਾਹੀਆ ।** ਗ਼ਰੀਬ ਸਿੱਖ ਦਾ ਨਿਰਾਦਰ ਕਰੇ ਸੋ ਹੰਕਾਰੀ ਤਨਖਾਹੀਆ । **ਜੋ ਸਿੱਖ ਹੋ ਕੇ ਕਤਰੂ ਬੱਟੇ ਰਖੇ ਸੋ ਤਨਖਾਹੀਆ ।** ਖਾਲਸਾ ਸੰਜਮ ਦੀ ਮੂਰਤ ਹੀ ਬਣਾਇਆ ਸੀ ।

ਬਸ ਭਾਈ ਨੰਦ ਲਾਲ ਜੀ ਦੀ ਗੱਲ ਹੀ ਇਥੇ ਦੋਹਰਾ ਦੇਣੀ ਠੀਕ ਬਣਦੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਲਜੁਗ ਵਿਚ ਫਿਰ ਸਤਿਜੁਗ ਲੈ ਆਂਦਾ ਹੈ । ਉਸ ਦਾ ਸਦਕਾ ਸੰਸਾਰ ਦੀ ਰਾਤ ਰੋਸ਼ਨ ਹੋ ਗਈ ਤੇ ਉਸ ਦੇ ਕਾਰਨ ਸੰਸਾਰ ਵਿਚ ਜ਼ੁਲਮ ਨਹੀਂ ਰਿਹਾ ।

ਬ-ਕਲਜੁਗ ਚਨਾਂ ਸਤਿਜੁਗ ਆਵਰਦ ਬਾਜ਼ ।
ਕਿ ਖ਼ੁਰਦੋ ਬਜ਼ੁਰਗ ਅਮਦਾ ਰਾਸਤ-ਬਾਜ਼ । ੭੯ ।
(ਕਲਿਜੁਗ ਵਿਚ ਸਤਜੁਗ ਇਸ ਤਰ੍ਹਾਂ ਲੈ ਆਂਦਾ ਹੈ ਕਿ
ਛੋਟੇ ਵੱਡੇ ਸਭ ਸੱਚ ਦੇ ਉਪਾਸ਼ਕ ਬਣ ਗਏ ਹਨ)

ਅਜ਼ੋ ਰੋਸ਼ਨ ਆਮਦ ਸ਼ਬਿ ਆਲਮੇ ।
ਨਮਾਂਦਾ ਬ-ਗੀਤੀ ਅਜ਼ੋ ਜ਼ਾਲਿਮੇ । ੯੨ ।
(ਉਸ ਸਦਕਾ ਸੰਸਾਰ ਦੀ ਰਾਤ ਰੌਸ਼ਨ ਹੋ ਗਈ ਹੈ,
ਉਸ ਦੇ ਕਾਰਨ ਸੰਸਾਰ ਵਿਚ ਕੋਈ ਜ਼ਾਲਮ ਨਹੀਂ ਰਹਿਆ ।)

Sri Satguru Jagjit Singh Ji eLibrary NamdhariElibrary@gmail.com

ਬਿਨਾਇ ਸਿਤਮ ਰਾਬਰ-ਅੰਦਾਖਤਾ ।
ਸਰਿ ਮਾਅਦਲਤ ਰਾਬਰ ਅਫਰਾਖਤਾ । ੯੪ । (ਜੋਤਿ ਬਿਗਾਸ)
ਜ਼ੁਲਮਾਂ ਦੀ ਬੁਨਿਆਦ ਪੁੱਟ ਦਿੱਤੀ ਗਈ ।
ਇਨਸਾਫ ਦਾ ਸਿਰ ਉਚੇਰਾ ਹੋਇਆ ਹੈ ।

ਸੋ ਸਾਖੀ ਵਿਚ ਖਾਲਸੇ ਦੀ ਚੜ੍ਹਤ ਸੰਬੰਧੀ ਜੋ ਭਵਿਖ ਵਾਕ ਕਹੇ, ਉਹ ਦਰਸਾ ਰਹੇ ਹਨ ਕਿ ਖਾਲਸੇ ਨੂੰ ਕੋਈ ਸੰਸਾਰੀ ਸ਼ਕਤੀ ਜ਼ੇਰ ਨਹੀਂ ਕਰ ਸਕਦੀ । ਆਪ ਨੇ ਫੁਰਮਾਯਾ : ਗੁਰੂ ਨਾਨਕ ਦੇਵ ਜੀ ਨੇ ਐਸੀ ਬਖਸ਼ਿਸ਼ ਕਰ ਦਿੱਤੀ ਹੈ ਕਿ ਸਿੱਖ ਰਾਜ ਸਾਹਮਣੇ ਦਿੱਲੀ ਨਹੀਂ ਟਿਕ ਸਕੇਗੀ ।

'ਦਿੱਲੀ ਟਿਕੈ ਨ ਰਾਜ ਸਿਖ
ਗੁਰੂ ਨਾਨਕ ਬਖਸ਼ੀ ਸਾਂਝ ।'

ਇਸ ਸੰਬੰਧ ਵਿਚ ਗੋਕਲ ਚੰਦ ਨਾਰੰਗ ਨੇ ਢੁਕਵੀਂ ਟਿੱਪਣੀ ਦਿੱਤੀ ਸੀ ਕਿ ਜਿਸ ਤੇਗ ਨੇ ਖਾਲਸੇ ਦੀ ਸ਼ਾਨ ਫੈਲਾਈ ਉਸ ਨੂੰ ਤਿਆਰ ਜ਼ਰੂਰ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਸੀ ਪਰ ਫੌਲਾਦ ਗੁਰੂ ਨਾਨਕ ਦੇਵ ਜੀ ਕਮਾ ਕੇ ਦੇ ਗਏ ਸਨ । ਜਿਸ ਬੂਟੇ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਫਲ ਦਿੱਤਾ, ਉਸ ਦੀ ਬਿਜਾਈ ਗੁਰੂ ਨਾਨਕ ਨੇ ਕੀਤੀ ਸੀ ਤੇ ਅੱਠਾਂ ਗੁਰੂ ਸਾਹਿਬਾਨ ਨੇ ਉਸ ਨੂੰ ਸਿੰਜਿਆ ਸੀ ।

Sri Satguru Jagjit Singh Ji eLibrary NamdhariElibrary@gmail.com

www.archive.org/details/namdhari

# ਐਸੀ ਲਾਲ ਤੁਝ ਬਿਨ ਕਉਨੁ ਕਰੈ

ਕੁਝ ਚਿਰ ਹੋਇਆ ਇਸ ਪ੍ਰਕਾਰ ਦੀ ਇਕ ਖ਼ਬਰ ਆਈ ਸੀ ਕਿ ਸਾਇੰਸਦਾਨ ਐਸੇ ਜੰਤਰ ਦੀ ਖੋਜ ਵਿਚ ਜੁੱਟੇ ਹੋਏ ਹਨ, ਜਿਸ ਦੇ ਪ੍ਰਯੋਗ ਨਾਲ ਯੁੱਧ ਆਰੰਭ ਹੋਣ ਵੇਲੇ ਹੀ ਇਕ ਪਾਸੇ ਦੇ ਪੱਖੀਆਂ ਵਿਚ ਇਕ ਦਮ ਭੈ ਤੇ ਡਰ ਫੈਲ ਜਾਏਗਾ ਤੇ ਬੰਬ ਸੁਟਣ ਵਾਲੇ ਚਾਲਕ ਆਪਣੇ ਜਹਾਜ਼ਾਂ ਸਮੇਤ ਧਰਤੀ ਤੇ ਉਤਰ ਆਉਣਗੇ। ਬਿਨਾਂ ਲੜੇ ਵਿਰੋਧੀ ਪੱਖ ਵਾਲੇ ਹਥਿਆਰ ਸੁੱਟ ਦੇਣਗੇ ਤੇ ਇਸ ਦੇ ਉਲਟ ਦੂਜੇ ਪਾਸੇ ਦੇ ਸੈਨਿਕ ਖ਼ੂਨ ਦੇ ਪਿਆਸੇ, ਲੜਾਕੇ ਤੇ ਜੰਗ ਵਿਚ ਜੂਝਣ ਲਈ ਸ਼ੇਰਾਂ ਵਾਂਗ ਲੜਨ ਲਈ ਤੱਤਪਰ ਹੋ ਜਾਣਗੇ, ਇਸ ਹਥਿਆਰ ਦਾ ਨਾਂ ਸਾਇੰਸਦਾਨਾਂ 'ਮਾਨਵ ਮਨ' ਰੱਖਿਆ ਹੈ। ਸਾਇੰਸਦਾਨ ਯਕੀਨ ਨਾਲ ਆਖ ਰਹੇ ਹਨ ਕਿ ਇਸ ਦੀ ਵਰਤੋਂ ਨਾਲ ਮਨ ਦਾ ਸੁਭਾਅ, ਕਰਮ ਅਤੇ ਆਚਰਨ ਹੀ ਬਦਲ ਜਾਏਗਾ। ਇਸੇ ਨਵੇਂ ਅਸਤਰ ਨਾਲ ਇਹ ਸੰਭਵ ਹੈ ਕਿ ਇਕ ਧਿਰ ਬਗੈਰ ਲੜੇ ਹੀ ਭੱਜ ਜਾਏ। ਇਸ ਪਾਸੇ ਦੀ ਖੋਜ ਸਭ ਤੋਂ ਪਹਿਲਾਂ ਅਮਰੀਕਾ ਦੇ ਡ਼ਬਲੀਊ. ਆਰ. ਹੈਸ ਤੇ ਫਿਰ ਜੈਮਜ਼ ਐਲ਼ੂਡਯੂਸ ਨੇ ਕੀਤੀ। ਜੇਮਜ਼ ਨੇ ਭੁੱਖ, ਲਾਲਸਾ, ਭੈ, ਕਾਮ, ਪੀੜ ਦੇ ਕੇਂਦਰ ਦਾ ਪਤਾ ਲਗਾ ਕੇ ਕਈ ਸਫ਼ਲ ਤਜਰਬੇ ਕੀਤੇ ਹਨ। ਉਨ੍ਹਾਂ ਤਜਰਬਿਆਂ ਦਾ ਨਿਰਨਾ ਦੇਖ ਕੇ ਉਹ ਖੁੱਦ ਬਹੁਤ ਹੈਰਾਨ ਹੋਇਆ ਹੈ। ਜੇਮਜ਼ ਨੇ ਡਿੱਠਾ ਕਿ ਜੋ ਮਨੁੱਖ ਭੁੱਖ ਤੇ ਤਰੇਹ ਬਗੈਰ ਰਹਿ ਨਹੀਂ ਸੀ ਸਕਦਾ ਉਹ ਕਈ ਦਿਨ ਭੁੱਖ ਤੇ ਪਿਆਸ ਨੂੰ ਸਹਾਰ ਰਿਹਾ ਹੈ।

ਪਤਾ ਨਹੀਂ ਇਸ ਜੰਤਰ ਨੂੰ ਪੂਰਨ ਸਰੂਪ ਕਦ ਮਿਲੇ। ਪਰ ਇਕ ਸਫਲ ਯਤਨ ਗੁਰੂ ਗੋਬਿੰਦ ਸਿੰਘ ਜੀ ਨੇ ਕਰ ਦਿਖਾਇਆ ਸੀ। ਉਨ੍ਹਾਂ ਨੇ ਬੜੇ ਯਕੀਨ ਨਾਲ ਹੀ ਇਸ ਭਾਵ ਦੇ ਵਾਕ ਉਚਰੇ ਸਨ ਕਿ "ਜਿਨ ਕੀ ਜਾਤ ਬਰਨ ਕੁਲ ਮਾਹੀ। ਸਰਦਾਰੀ ਨਾ ਭਹੀ ਕਦਾਹੀ, ਤਿਨ ਹੀ ਕੋ ਸਰਦਾਰ ਬਨਾਊ। ਤਬੈ ਗੋਬਿਦ ਸਿੰਘ ਨਾਮ ਕਹਾਊ।' ਥੋੜ੍ਹੇ ਸਮੇਂ ਵਿਚ ਹੀ ਐਸਾ ਕਰ ਵੀ ਦਿਖਾਇਆ। ਭਾਈ ਰਤਨ ਸਿੰਘ ਜੀ ਭੰਗੂ ਨੇ ਅਖਨੂਰ ਵਿਖੇ (ਉਹ ਹੀ ਅਖਨੂਰ ਜੋ ਪਾਕ ਹਿੰਦ ਝਗੜੇ ਵੇਲੇ ਕਈ ਵਾਰੀ ਲੋਕਾਂ ਸਾਹਮਣੇ ਆਇਆ ਹੈ) ਨਾਦਰ ਸ਼ਾਹ ਤੇ ਜ਼ਕਰੀਆ ਖ਼ਾਨ ਦੀ ਮਿਲਣੀ ਦਾ ਜ਼ਿਕਰ ਕੀਤਾ ਹੈ। ਜਦ ਨਾਦਰ ਸ਼ਾਹ ਨੂੰ ਖ਼ਬਰ ਪੁੱਜੀ ਕਿ ਉਸ ਦੀ ਕਾਬਲ ਵੱਲ ਜਾਂਦੀ ਵਹੀਰ ਨੂੰ ਸਿੱਖਾਂ ਦੇ ਇਕ ਦਸਤੇ ਨੇ ਲੁੱਟ ਲਿਆ ਹੈ ਤਾਂ ਉਸ ਨੇ ਲਾਹੌਰ ਦੇ

Sri Satguru Jagjit Singh Ji eLibrary NamdhariElibrary@gmail.com

ਗਵਰਨਰ ਜ਼ਕਰੀਆਂ ਖ਼ਾਂ ਨੂੰ ਸੱਦ ਘਲਿਆ ਤੇ ਪੁੱਛਿਆ ਕਿ 'ਇਹ ਕੌਣ ਹਨ, ਤੇ ਇਨ੍ਹਾਂ ਦੇ ਘਰਾਂ ਤੇ ਅਬਾਦੀਆਂ ਨੂੰ ਸਾੜ ਫੂਕ ਦਿਉ' ਤਾਂ ਜ਼ਕਰੀਆਂ ਖ਼ਾਨ ਨੇ ਕਿਹਾ ਕਿ ਇਹ ਦਰਵੇਸ਼ਾਂ ਦਾ ਟੋਲਾ ਹੈ, ਮੁਰਸ਼ਦ ਇਹਨਾਂ ਦਾ 'ਵਲੀ' ਹੋਇਆ ਹੈ ਤੇ ਇਹਨਾਂ ਦੇ ਘਰ ਘੋੜਿਆਂ ਦੀਆਂ ਕਾਠੀਆਂ ਉਤੇ ਹਨ। ਮਾਰ-ਮਾਰ ਇਹਨਾਂ ਨੂੰ ਥੱਕ ਗਏ ਹਾਂ ਪਰ ਇਹ ਮੁੱਕਦੇ ਹੀ ਨਹੀਂ। ਇਹ ਸੁਣ ਕੇ ਨਾਦਰਸ਼ਾਹ ਨੇ ਹੋਰ ਸਿਫਤਾਂ ਸੁਨਾਉਣ ਲਈ ਕਿਹਾ। ਜ਼ਕਰੀਆਂ ਖ਼ਾਨ ਨੇ ਸਵਿਸਥਾਰ ਜ਼ਿਕਰ ਕੀਤਾ ਅਤੇ ਭਾਈ ਰਤਨ ਸਿੰਘ ਨੇ ਉਸ ਦਾ ਸਾਰ ਲਿਖਿਆ। ਜ਼ਕਰੀਆਂ ਨੇ ਕਿਹਾ :—

"ਹੈ ਇਨ ਮੋ ਇਤਫਾਕ ਮਹਾਨ।
ਸਿੱਖ ਸਿੱਖ ਪੈ ਵਾਰਤ ਪਰਾਣ।
ਜਥੇਦਾਰ ਜੋ ਕਹਿ ਦੇਤਾ।
ਸੋਊ ਪੰਥ ਮਾਨ ਸਭ ਲੇਤਾ।

ਇਨ੍ਹਾਂ ਵਿਚ ਇਤਨੀ ਸ਼ਕਤੀ ਹੈ "ਕਿ ਸੌ ਸੌ ਕੋਸ ਭਗੇ ਹੀ ਜੇ ਹੈ" ਅਤੇ ਆਚਰਨ ਇਤਨਾ ਉਚਾ ਹੈ ਕਿ ਜੇ ਦੋ ਦਿਨਾਂ ਦੇ ਭੁੱਖੇ ਹੋਣ ਤੇ ਫਿਰ ਇਨ੍ਹਾਂ ਨੂੰ ਦੋ ਪਰਸ਼ਾਦੇ ਮਿਲ ਜਾਣ ਤਾਂ ਪਰਸ਼ਾਦੇ ਜ਼ਮੀਨ ਉਤੇਂ ਰੱਖ ਹੱਥ ਜੋੜਦੇ ਹਨ ਤੇ ਫਿਰ :—

ਦੇਤ ਅਵਾਜ਼ ਭੁੱਖਾ ਕੋਈ।
ਆਓ ਦੇਗ ਤਿਆਰ ਗੁਰ ਹੋਈ।

ਨਾਦਰ ਸ਼ਾਹ ਨੇ ਟੋਕ ਕੇ ਕਿਹਾ ਜੋ ਉਹ ਅਵਾਜ਼ ਸੁਣਕੇ ਕੋਈ ਦੁਸ਼ਮਨ ਆ ਜਾਏ ਤਾਂ ਕੀ ਕਰਦੇ ਹਨ : ਜ਼ਕਰੀਆਂ ਨੇ ਕਿਹਾ : 'ਉਸ ਸਮੇਂ ਬੈਰੀ ਕਿਮ ਆਵੇ। ਪਰਮ ਮੀਤ ਸਮ ਤੋਹਿ ਛਕਾਵੈ।' ਨਾਦਰ ਨੇ ਉਤਸਕਤਾ ਨਾਲ ਪੁੱਛਿਆ : 'ਫਿਰ ਆਪ ਕੀ ਖਾਂਦੇ ਹਨ ?'

"ਬਚੇ ਤਉ ਆਪ ਖਲੇ ਹੈਂ,
ਨਹੀਂ ਤਉ ਲੰਗਰ ਮਸਤ ਬਤੇ ਹੈਂ।"

ਜ਼ਕਰੀਆ ਦਾ ਉੱਤਰ ਸੀ।

ਜ਼ਕਰੀਆ ਖ਼ਾਨ ਨੇ ਫਿਰ ਆਹ ਭਰਦੇ ਹੋਏ ਕਿਹਾ ਕਿ ਇਨ੍ਹਾਂ ਕੋਲ ਇਕ ਅੰਮ੍ਰਿਤ-ਸਰੋਵਰ ਹੈ, ਜਿਸ ਵਿਚ ਇਕ ਹਰਮਿੰਦਰ ਹੈ। ਹਰਮਿੰਦਰ ਵਿਚ ਇਕ ਪੋਥੀ ਹੈ। ਉਸ ਪੋਥੀ ਅਗੇ ਇਹ ਬਾਟਾ ਰੱਖਦੇ ਹਨ। ਉਸ ਗਿਰਦ ਪੰਜ ਬੀਰ ਆਸਣ ਲੱਗਾ ਬੈਠ ਜਾਂਦੇ ਹਨ ਤੇ ਉਸ ਬਾਟੇ ਵਿਚ ਪਤਾਸੇ, ਪਾਣੀ ਪਾ ਕੇ, ਖੰਡਾ ਫੇਰਦੇ ਹਨ ਤੇ ਮੁਖੋਂ ਕੁਝ ਮੰਤਰ (ਬਾਣੀ) ਉਚਾਰਦੇ ਹਨ। ਜਿਸ ਵਕਤ ਉਹ ਵਸਤੂ ਤਿਆਰ ਹੋ ਜਾਂਦੀ ਹੈ, ਜਿਸ ਨੂੰ ਵੀ ਪਿਲਾਉਂਦੇ ਹਨ :

"ਅਸਰ ਤਿਸ ਕਾ ਹਮ ਨੇ ਯਹਿ ਦੇਖਾ।
ਬੁਜ਼ਦਿਲ ਹੋਵਤ ਸ਼ੇਰ ਬਿਸੇਖਾ।"

ਦੂਰ ਦ੍ਰਿਸ਼ਟੀ ਵਾਲੇ ਨਾਦਰ ਨੇ ਕਿਹਾ ਜਿਨ੍ਹਾਂ ਕੋਲ ਐਸਾ ਨੁਸਖਾ ਹੈ, ਯਾਦ ਰੱਖੀਂ ਉਹ ਇਸ ਧਰਤੀ ਉਤੇ ਰਾਜ ਕਰਨਗੇ।

ਇਹ ਸੀ "ਮਾਨਵ ਮਨ" ਦਾ ਜੰਤਰ ਜੋ ਗੁਰ ਗੋਬਿੰਦ ਸਿੰਘ ਜੀ ਨੇ ਜਗਤ ਨੂੰ ਤਿਆਰ ਕਰਕੇ ਦਿੱਤਾ। ਜਿਸ ਨੇ ਸਦੀਆਂ ਦਾ ਬਣਿਆਂ ਕਾਇਰਤਾ ਵਾਲਾ ਸੁਭਾਅ ਹੀ ਨ

Sri Satguru Jagjit Singh Ji eLibrary NamdhariElibrary@gmail.com

ਬਦਲਾਇਆ ਸਗੋਂ ਆਦਰਸ਼ ਤੇ ਨਿਸ਼ਾਨਾ ਵੀ। ਸਾਰੇ ਚਿੰਤਕ, ਦਾਰਸ਼ਨਕ ਵੇਤਾ, ਵਿਦਵਾਨ ਇਤਿਹਾਸਕਾਰ ਤੇ ਸਾਖੀਕਾਰ ਇਸ ਗੱਲ ਨਾਲ ਸਹਿਮਤ ਹਨ ਕਿ ਨੀਚਹੁ ਊਚ ਕਰਨ ਦਾ ਕੰਮ ਗੁਰੂ ਗੋਬਿੰਦ ਸਿੰਘ ਜੀ ਨੇ ਕੀਤਾ ਹੈ ਉਹ ਕਰਾਮਾਤ ਹੀ ਹੈ। ਕੰਨਿਘਮ ਲਿਖਦਾ ਹੈ, "ਸਿੱਖਾਂ ਵਿਚ ਅਥਾਹ ਜ਼ਜ਼ਬਾ (ਪਹਿਲੇ ਗੁਰੂ ਸਾਹਿਬਾਨ ਦੀ ਕ੍ਰਿਪਾ ਦਾ ਸਦਕਾ) ਭਰਿਆ ਜਾ ਚੁੱਕਾ ਸੀ। (ਗੁਰੂ) ਗੋਬਿੰਦ ਸਿੰਘ (ਜੀ) ਨੇ ਐਸੀ ਰੂਹ ਫੂਕੀ ਕਿ ਨ ਸਿਰਫ਼ ਸਿੱਖਾਂ ਦੇ ਮਨਾਂ ਨੂੰ ਹੀ ਬਦਲ ਦਿੱਤਾ ਸਗੋਂ ਹਰ ਪਖੋਂ ਬਲਵਾਨ ਤੇ ਤਕੜਾ ਕਰ ਦਿੱਤਾ। ਅਕਲ ਤੇ ਸ਼ਕਲ ਦੋਵੇਂ ਹੀ ਬਦਲਾ ਦਿੱਤੀਆਂ। ਸਿੱਖ ਦੀ ਨੁਹਾਰ ਸੰਸਾਰ ਭਰ ਤੋਂ ਵੱਖਰੀ ਹੋ ਗਈ ਤੇ ਉਸ ਨੇ ਉਹ ਕਾਰਨਾਮੇ ਕਰ ਦਿਖਾਏ ਜੋ ਕਿਸੇ ਵਿਅਕਤੀ ਕੋਲੋਂ ਨਾ ਹੋ ਸਕੇ।" ਲਤੀਫ ਦਾ ਕਹਿਣਾ ਹੈ ਕਿ "ਉਨ੍ਹਾਂ ਦੀ ਇਕ ਅਲੌਕਿਕ ਤੇ ਨਿਰਾਲੀ ਕੌਮ ਬਣਾ ਦੇਣੀ ਜੋ ਸਦਾ ਨਿਮੋਝੂਣੇ ਰਹਿੰਦੇ ਸਨ ਤੇ ਜਿਨ੍ਹਾਂ ਦੇ ਚੇਹਰਿਆਂ ਤੇ ਸਦਾ ਮਯੂਸੀ ਖੇਡਦੀ ਸੀ, ਇਕ ਵੱਡੀ ਕਰਾਮਾਤ ਹੈ। ਉਸੇ ਕੌਮ ਨੂੰ ਆਜ਼ਾਦੀ ਤੇ ਤਾਕਤ ਹਾਸਲ ਕਰਨ ਦੀ ਜਾਚ ਸਿਖਾਈ। ਮੈਕਲਾਫ ਨੇ ਪੁਸ਼ਟੀ ਕਰਦੇ ਹੋਏ ਕਿਹਾ ਹੈ, "ਸਿੱਖ ਗੁਰੂਆਂ ਤੋਂ ਪਹਿਲਾਂ ਦੁਨੀਆਂ ਦੇ ਕਿਸੇ ਵੀ ਜਰਨੈਲ ਨੇ ਉਨ੍ਹਾਂ ਆਦਮੀਆਂ ਨੂੰ ਜਥੇਬੰਦ ਕਰਨ ਦਾ ਖ਼ਿਆਲ ਤਕ ਨਹੀਂ ਸੀ ਕੀਤਾ, ਜਿਨ੍ਹਾਂ ਨੂੰ ਗਵਾਂਢੀ ਜਨਮ ਤੋਂ ਦੂਰੇ ਦੂਰੇ ਕਰ ਦਰਕਾਰ ਰਹੇ ਸਨ। ਪਰ ਇਸ ਗੁਰੂ (ਗੋਬਿੰਦ ਸਿੰਘ) ਨੇ ਉਹਨਾਂ ਅਖੌਤੀ ਨਾਪਾਕਾਂ ਵਿਚ, ਜਿਨ੍ਹਾਂ ਨੂੰ ਸੰਸਾਰ ਦੀ ਰਹਿੰਦ ਖੂੰਹਦ ਕਿਹਾ ਜਾਂਦਾ ਸੀ, ਐਸੀ ਸ਼ਕਤੀ ਭਰੀ ਕਿ ਉਹ ਯੋਧੇ ਵੀ ਐਸੇ ਹੋ ਨਿਬੜੇ ਜਿਨ੍ਹਾਂ ਦੀ ਦ੍ਰਿੜਤਾ, ਦਲੇਰੀ ਤੇ ਵਫ਼ਾਦਾਰੀ ਨੇ ਆਗੂ ਨੂੰ ਕਦੇ ਮਾਯੂਸ ਨਾ ਕੀਤਾ।" ਗੋਕਲ ਚੰਦ ਨਾਰੰਗ ਨੇ ਉਹਨਾਂ ਸ਼ਬਦਾਂ ਨੂੰ ਦੁਹਰਾਇਆ ਹੈ, ਕਿ ਗੁਰੂ ਗੋਬਿੰਦ ਸਿੰਘ ਜੀ ਨੇ ਚਿੜੀਆਂ ਨੂੰ ਸ਼ਾਹੀ ਬਾਜ਼ਾਂ ਦਾ ਸ਼ਿਕਾਰ ਕਰਨ ਦੀ ਜਾਚ ਸਿਖਾਈ ਹੈ। ਲਾਲਾ ਦੌਲਤ ਰਾਇ ਨੇ ਵਿਸਥਾਰ ਸਹਿਤ ਇਸ ਕਰਣੀ ਦਾ ਜ਼ਿਕਰ ਕੀਤਾ ਹੈ। ਉਹ ਲਿਖਦਾ ਹੈ।

ਜਿਨ੍ਹਾਂ ਸ਼ੂਦਰਾਂ ਦੀ ਕੋਈ ਵਾਤ ਵੀ ਨਹੀਂ ਸੀ ਪੁਛਦਾ, ਜਿਨ੍ਹਾ ਨੂੰ ਦੁਰਕਾਰਿਆਂ ਤੇ ਫਿਟਕਾਰਿਆਂ ਵਾਰ ਵੀ ਨਹੀਂ ਸੀ ਆਉਂਦੀ, ਜੋ ਜ਼ਿਲਤ ਤੇ ਗ਼ੁਲਾਮੀ ਵਿਚ ਜੀਵਨ ਗੁਜ਼ਾਰ ਰਹੇ ਸਨ, ਉਨ੍ਹਾਂ ਨੂੰ ਸੰਸਾਰ ਦੇ ਯੋਧਿਆਂ ਦੇ ਟਾਕਰੇ ਉਤੇ ਖੜਾ ਕਰਨਾ, ਨਿਰੋਲ ਤੇ ਇਕ ਮਾਤਰ ਗੁਰੂ ਗੋਬਿੰਦ ਸਿੰਘ ਜੀ ਦਾ ਹੀ ਕੰਮ ਸੀ। ਜੋ ਰਾਮ ਚੰਦਰ ਜੀ ਨਾ ਕਰ ਸਕੇ, ਜਿਸ ਪਾਸੇ ਸੋਚਣ ਦਾ ਕ੍ਰਿਸ਼ਨ ਜੀ ਨੂੰ ਖ਼ਿਆਲ ਤਕ ਨਾ ਆਇਆ, ਜਿਹੜਾ ਸ਼ੰਕਰ ਦੀ ਨਜ਼ਰ ਵਿਚ ਨੀਵਾਂ ਸੀ, ਜਿਹੜਾ ਕੰਮ ਸੂਰਜ ਤੇ ਚੰਦਰ ਬੰਸੀ ਰਾਜਿਆਂ ਤੇ ਬਹਾਦਰਾਂ ਨੂੰ ਨਾ ਸੁਝਿਆ, ਉਸ ਨੂੰ ਕਰਨ ਲਈ ਗੁਰੂ ਗੋਬਿੰਦ ਸਿੰਘ ਜੀ ਨੇ ਕਮਰ ਕੱਸ ਲਈ ਤੇ ਪੂਰਾ ਕਰ ਦਿਖਾਇਆ। ਹਜ਼ਰਤ ਮੁਹੰਮਦ ਸਾਹਿਬ ਨੇ ਕੁਝ ਉਪਰਾਲੇ ਕੀਤੇ, ਪਰ ਉਹ ਵੀ ਮੁਸਲਮਾਨਾ ਵਿਚੋਂ ਗ਼ੁਲਾਮੀ ਦੀ "ਬਦਆਦਤਾ" ਨੂੰ ਕੱਢ ਨਾ ਸਕੇ। ਇਕ ਮੁਸਲਮਾਨ ਉਸੇ ਤਰ੍ਹਾਂ ਹੀ ਗ਼ੁਲਾਮ ਹੁੰਦਾ ਸੀ ਜਿਵੇਂ ਕਿਸੇ ਹੋਰ ਕੌਮ ਦਾ ਕਾਫ਼ਰ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲਾਂ ਭਾਈ ਤੇ ਫਿਰ ਸਰਦਾਰ ਬਣਾ ਕੇ ਆਖ਼ਰੀ ਇੱਟ ਰੱਖ ਦਿੱਤੀ।"

ਟੀ. ਐਲ. ਵਾਸਵਾਨੀ ਲਿਖਦੇ ਹਨ ਕਿ ਜੋ ਕੰਮ ਹਜ਼ਾਰਾਂ ਰਲ ਕੇ ਵੀ ਨਾ ਕਰ ਸਕੇ ਉਹ ਇਕ ਨੇ ਹੀ ਕਰ ਦਿਖਾਇਆ। ਜੋ ਪੀਸ ਕੇ ਮਿੱਟੀ ਵਿਚ ਰਲਾਏ ਜਾ ਰਹੇ ਸਨ ਤੇ ਹੀਣਿਆਂ ਵਾਂਗ ਰਹਿਣ ਉਤੇ ਮਜਬੂਰ ਕੀਤੇ ਜਾਂਦੇ ਸਨ, ਉਨ੍ਹਾਂ

Sri Satguru Jagjit Singh Ji eLibrary NamdhariElibrary@gmail.com

ਨੂੰ ਖੜਾ ਕੀਤਾ। ਗਲ ਨਾਲ ਲਗਾਇਆ ਤੇ ਗੁਰੂ ਕਾ ਬੇਟਾ ਆਖਿਆ, ਉਨ੍ਹਾਂ ਨੂੰ ਅੰਮ੍ਰਿਤ ਨਾਲ ਨਿਵਾਜਿਆ, ਸਰਦਾਰ ਬਣਾਇਆ ਤੇ ਮੱਥੇ ਉੱਤੇ ਛੱਤਰ ਝੁਲਾਏ। ਸੱਚੀ ਗੱਲ ਵੀ ਇਹ ਹੈ ਕਿ ਜਿਨ੍ਹਾਂ ਦੇ ਨੇੜੇ ਕੋਈ ਨਹੀਂ ਸੀ ਢੁੱਕਦਾ; ਜਿਨ੍ਹਾਂ ਦੇ ਛੂਹ ਜਾਣ ਨਾਲ ਜਗਤ ਭਿਟਿਆ ਹੋਇਆ ਸਮਝਦਾ ਸੀ, ਜਿਨ੍ਹਾਂ ਨੂੰ, ਸੂਦਰ ਕਹਿ ਕਹਿ ਮਾਰ ਭਗਾਇਆ ਜਾਂਦਾ ਸੀ। ਉਨ੍ਹਾਂ ਉਤੇ ਰੀਝ ਕੇ ਸਰਦਾਰੀ ਬਖਸ਼ੀ। ਜੋ ਨਾਚੀਜ਼ ਸਨ ਉਨ੍ਹਾਂ ਨੂੰ ਚੀਜ਼ਾਂ ਵਾਲਾਂ ਬਣਾਇਆ। ਇਹ ਸਭ ਕੰਮ ਨਿੱਝਕ ਅਤੇ ਨਿਸੰਗ ਹੋ ਕੇ ਕੀਤਾ। ਨ ਮਰਯਾਦਾ ਨ ਪਰੰਪਰਾ ਤੇ ਨ ਕਿਸੇ ਵਰਣਆਸ਼ਰਮ ਦੀ ਪਰਵਾਹ ਕੀਤੀ। ਭਗਤ ਰਵਿਦਾਸ ਜੀ ਨੇ ਭਾਵੇਂ ਕਿਸੇ ਹੋਰ ਪਰਥਾਇ ਵਾਹਿਗੁਰੂ ਦੀ ਉਪਮਾ ਵਿਚ ਸ਼ਬਦ ਉਚਾਰਿਆ ਹੈ, ਪਰ ਉਹ ਇਨ ਬਿਨ ਗੁਰੂ ਗੋਬਿੰਦ ਸਿੰਘ ਜੀ ਉਤੇ ਢੁੱਕਦਾ ਹੈ। ਸਾਡਾ ਵੀ ਇਹ ਹੀ ਕਹਿਣਾ ਬਣਦਾ ਹੈ:

"ਐਸੀ ਲਾਲ ਤੁਝ ਬਿਨ ਕਉਨੁ ਕਰੈ।
ਗਰੀਬ ਨਿਵਾਜ ਗੁਸਈਆ ਮੇਰਾ ਮਾਥੈ ਛਤਰ ਧਰੈ। ੧। ਰਹਾਉ।
ਜਾ ਕੀ ਛੋਤਿ ਜਗਤ ਕਉ ਲਾਗੈ, ਤਾ ਪਰ ਤੁਹੀ ਢਰੈ।
ਨੀਚਹੁ ਊਚ ਕਰੈ ਮੇਰਾ ਗੋਬਿੰਦ ਕਾਹੂ ਤੇ ਨ ਡਰੈ। ੧।'

(ਮਾਰੂ ਰਵਿਦਾਸ, ਪੰਨਾ ੧੧੦੬)

ਗੁਰੂ ਗੋਬਿੰਦ (ਸਿੰਘ) ਨੇ ਗੁਰੂ ਪਿਤਾ ਤੇਗ ਬਹਾਦਰ ਜੀ ਦੀ ਸ਼ਹਾਦਤ ਸਮੇਂ ਹੀ ਮਹਿਸੂਸ ਕਰ ਲਿਆ ਸੀ ਕਿ ਉਜਲ ਤੇ ਪਵਿੱਤਰ ਹੋ ਚੁੱਕੀ ਸ਼ਖਸੀਅਤ ਨੂੰ ਕੋਈ ਨਵਾਂ ਆਦਰਸ਼ ਤੇ ਉਚੇਰਾ ਪ੍ਰੋਗਰਾਮ ਦੇਣ ਦੀ ਲੋੜ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਮੁੱਖ ਵਿਚੋਂ ਨਿਕਲੇ ਸੁਭਾਵਕ ਬਚਨਾਂ "ਇਸ ਬਿਧਿ ਕੋ ਅਬ ਪੰਥ ਬਨਾਊ। ਸਗਲ ਜਗਤ ਮਹਿ ਬਿਧ ਕਾਊ।" ਆਉਣ ਵਾਲੇ ਪ੍ਰੋਗਰਾਮ ਦਾ ਐਲਾਨ ਹੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਐਸਾ ਖਾਲਸਾ ਬਣਾਇਆ ਜੋ ਆਚਰਨ ਦੀ ਮੂਰਤ ਵੀ ਹੈ ਤੇ ਦ੍ਰਿੜ੍ਹਤਾ ਦੀ ਤਸਵੀਰ ਵੀ। ਜੋ ਰਣ ਤੱਤੇ ਵਿਚ ਧਰਮ ਦੀ 'ਮੁਖ ਮਹਿ ਹਰਿ ਉਚਾਰਦਾ' ਹੋਇਆ ਡੱਟ ਕੇ ਪਹਿਰਾ ਦਿੰਦਾ ਹੈ।

ਕਲਗੀਧਰ ਦਾ ਹੀ ਬਚਨ ਹੈ:

ਜੀਵਨ ਜਾ ਕਾ ਧਰਮ ਹਿਤ,
ਚਾਲਣ ਗੁਰ ਕੀ ਰੀਤਿ।
ਭੋਜਨ ਜਾ ਕਾ ਦੇਹ ਹਿਤ, ਰਹੈ ਵੈਰਾਗੀ ਮੀਤ।

ਉਸ ਘੋਰ ਨਿਰਾਸਤਾ ਤੇ ਅਤਿ ਹੀ ਬਿਖੜੇ ਸਮੇਂ ਵਿਚ, ਜਿਸਨੂੰ ਔਰੰਗਜ਼ੇਬ ਦਾ ਸਮਾਂ ਆਖਦੇ ਸਨ, ਜਦ ਮਰਹੱਟੇ ਤਾਕਤ ਗਵਾ ਚੁਕੇ ਸਨ, ਨਿੱਕੀ ਨਿੱਕੀ ਗੱਲੋਂ ਸਿਰ ਧੜਾਂ ਨਾਲੋਂ ਉਤਾਰੇ ਜਾਂਦੇ ਸਨ, ਸਰਮਦ ਵਰਗੇ ਨਹੱਕੇ ਹੀ ਕਤਲ ਕੀਤੇ ਗਏ ਸਨ, ਆਸ਼ਾ ਭਰਪੂਰ ਸਨੇਹੇ ਦਿੱਤੇ। ਨਿਜਾਤ ਦਾ ਪੈਗਾਮ ਦਿੱਤਾ ਤੇ ਸਿੱਖਾਂ ਨੂੰ ਕਰੋ ਜਾਂ ਮਰੋ ਦੀ ਦ੍ਰਿੜ੍ਹਤਾ ਬਖਸ਼ੀ। ਇਖਲਾਕ ਸਿਖਰ ਦਾ, ਦਲੇਰੀ ਆਖਰਾਂ ਦੀ ਭਰ ਦਿੱਤੀ। ਗੁਰੂ ਮਾਲਕ ਨੇ ਇਹ ਚੰਗੀ ਤਰ੍ਹਾਂ ਪਰਖ ਲਿਆ ਕਿ ਸਿੱਖੀ ਮਹਲ ਦੀ ਉਸਾਰੀ ਵਿਚ ਅਜੇ ਆਖਰੀ ਇੱਟਾਂ ਚਿਨਣ ਦੀ ਅਵੱਸ਼ਕਤਾ ਹੈ। ਜੇ ਕਿਸੇ ਨੇ ੧੧ ਨਵੰਬਰ, ੧੬੭੫ ਨੂੰ ਆਪਣੇ ਇਸ਼ਟ ਗੁਰੂ ਤੇਗ ਬਹਾਦਰ ਜੀ ਦਾ ਸਿਰ ਤੇ ਧੜ ਸਿਵਾਇ ਕੁਝ ਤੋਂ ਦਲੇਰੀ ਨਾਲ ਨਹੀਂ ਉਠਾਇਆ ਤਾਂ ਹੁਣ ਐਸਾ ਸਾਹਸ ਭਰਨ ਦੀ ਲੋੜ ਹੈ ਜੋ ਸ਼ਾਹ ਔਰੰਗਜ਼ੇਬ ਨੂੰ ਸਿਧਾ ਤੇ ਸਾਹਮਣੇ ਲਲਕਾਰ

Sri Satguru Jagjit Singh Ji eLibrary NamdhariElibrary@gmail.com

ਸਕੇ। ਇਤਿਹਾਸ ਦੀ ਗਵਾਹੀ ਹੈ ਕਿ ੩੦ ਅਕਤੂਬਰ, ੧੬੭੬ ਨੂੰ ਅਗਲੇ ਸਾਲ ਐਸਾ ਹੀ ਹੋਇਆ। ਜਮਨਾ ਨਦੀ ਵਿਚ, ਬੇੜੀ ਸਵਾਰ ਹੁੰਦੇ ਔਰੰਗਜ਼ੇਬ ਨੂੰ ਇਕ ਸਿੱਖ ਨੇ ਜਾਮਾ ਮਸਜਦ ਦੇ ਸਾਹਮਣੇ ਪੱਥਰ ਮਾਰੇ। ਉਨ੍ਹਾਂ ਸੋਚਾਂ ਵਿਚ ਹੀ ਸਿੰਘ ਨੇ ਜਨਮ ਲਿਆ ਤੇ ਖਾਲਸਾ ਪ੍ਰਗਟਾਇਆ, 'ਸਿੰਘ' ਸ਼ੇਰ ਨਿਆਈ ਹੀ ਕਿਸੇ ਦੀ ਗੁਲਾਮੀ ਨਹੀਂ ਸਹਾਰੇਗਾ ਤੇ ਨਾ ਹੀ ਕਿਸੇ ਦੇ ਆਸਰੇ ਜੀਵੇਗਾ ਅਤੇ ਖਾਲਸਾ ਹੋ "ਵਾਹਿਗੁਰੂ ਦੇ ਗੁਣਾ, ਨਿਰਭਉ ਤੇ ਨਿਰਵੈਰ" ਦਾ ਪ੍ਰਤੀਕ ਹੋਵੇਗਾ। ਜੋ ਜੀਵਨ ਤੋਂ ਮਰਨ ਤਕ ਸੱਚ ਲਈ ਜੂਝੇਗਾ ਤੇ ਜਿਸ ਦਾ ਨਾਅਰਾ "ਆਦਿ ਜੁਗਾਦਿ, ਹੈਭੀ ਤੇ ਹੋਸੀ ਸਚੁ" ਹੀ ਹੋਵੇਗਾ। ਗੁਰੂ ਮਹਾਰਾਜ ਨੇ ਇਸ ਖਾਲਸੇ ਨੂੰ ਨਾ ਬ੍ਰਾਹਮਣਾਂ ਦਾ ਮਹੁਤਾਜ ਰਹਿਣ ਦਿੱਤਾ ਤੇ ਨਾ ਕਿਸੇ ਕਸ਼ਤਰੀ ਤੋਂ ਨੀਵਾਂ। ਗੁਰੂ ਨੇ ਸਿੱਖਾਂ ਨੂੰ ਗਾਜ਼ੀ ਤੇ ਸ਼ਹੀਦ ਬਣਾ ਦਿੱਤਾ। ਸਬਰ ਤੇ ਸਿਦਕ ਦੀ ਮੂਰਤ। ਸਿੱਖ ਨੂੰ ਹਰ ਪਖੋਂ ਸੁਤੰਤਰ ਕਰ ਦਿੱਤਾ। 'ਰਣਜੀਤ ਨਗਾਰਾ' ਇਸ ਗੱਲ ਦਾ ਨਿਸ਼ਾਨ ਸੀ। ਘੋੜੇ ਦੀ ਸਵਾਰੀ ਦਾ ਹੁਕਮ ਇਸੇ ਪਾਸੇ ਦਾ ਇਕ ਕਦਮ ਸੀ। ਨਵਾਬਾਂ ਨੂੰ ਨਾ ਸਿਰ ਝੁਕਾਉਣ ਵਾਲੇ ਨੂੰ ਇਨਾਮ ਤੇ ਸ਼ਾਬਾਸ਼ ਦੇਣਾ, ਆਉਣ ਵਾਲੇ ਪ੍ਰੋਗਰਾਮ ਦੀ ਹੀ ਇਕ ਤੰਦ ਸੀ। ਪਹਾੜੀ ਰਾਜਿਆਂ ਆਪਣੀ ਅਖੌਤੀ ਉਚਾਈ ਦਾ ਭਰਮ ਟੁੱਟਦਾ ਆਪਣੀਆਂ ਅੱਖਾਂ ਦੇ ਸਾਹਮਣੇ ਦੇਖ ਲਿਆ ਸੀ ਅਤੇ ਔਰੰਗਜ਼ੇਬ ਨੇ ਇਕ ਨਵੀਂ ਸ਼ਕਤੀ ਦੀ ਹੋਂਦ ਦਾ ਅਨੁਭਵ ਕੀਤਾ ਸੀ। ਪਹਾੜੀ ਰਾਜਿਆਂ ਨੇ ਨਵਾਬ ਸਰਹੰਦ ਤੇ ਔਰੰਗਜ਼ੇਬ ਨੂੰ ਲਿਖਿਆ : "ਗੁਰੂ ਗੋਬਿੰਦ ਸਿੰਘ ਖ਼ੁਦ ਨਾਨਕ ਬਣ ਬੈਠਾ ਹੈ। ਫੌਜਾਂ ਭਰਤੀ ਕਰ ਰਿਹਾ ਹੈ। ਸੱਚਾ ਪਾਤਸ਼ਾਹ ਕਹਿਲਾਂਦਾ ਹੈ ਅਤੇ ਬਾਦਸ਼ਾਹ ਵਾਂਗ ਹੀ ਝਰੋਖੇ ਵਿਚ ਬੈਠ ਕੇ ਆਪਣੇ ਸਿੱਖਾਂ ਨੂੰ ਦਰਸ਼ਨ ਦਿੰਦਾ ਹੈ। ਨਿਆਜ਼ਾਂ ਲੈਂਦਾ ਹੈ। ਬਖਸ਼ਸ਼ਾਂ ਵੰਡਦਾ ਹੈ ਤੇ ਸਲਾਮਾਂ ਲੈਂਦਾ ਹੈ। ਝੰਡੇ ਝੁਲਾਉਂਦਾ ਹੈ।" ਔਰੰਗਜ਼ੇਬ ਨੇ ਸ਼ਕਾਇਤਾਂ ਸੁਣ ਫ਼ਰਮਾਨ ਜਾਰੀ ਕੀਤਾ, 'ਜੇ ਗੁਰੂ ਗੋਬਿੰਦ ਸਿੰਘ ਫ਼ਕੀਰ ਬਣ ਕੇ ਆਪਣੇ ਵਡੇਰਿਆਂ ਵਾਂਗ ਰਹੇ, ਤ ਸਿੱਖਾਂ ਪਾਸੋਂ ਸੱਚਾ ਪਾਤਸ਼ਾਹ ਨਾ ਅਖਵਾਏ, ਜਮੀਅਤ ਜਮਾਂ ਕਰਨ ਤੋਂ ਬਾਜ਼ ਆ ਜਾਏ। ਝਰੋਖੇ ਬੈਠ ਕੇ ਦਰਸ਼ਨ ਦੇਣ ਤੇ ਨਮਸਕਾਰਾਂ ਕਰਾਉਣ ਦੇ ਬਾਦਸ਼ਾਹੀ ਤੌਰ ਤਰੀਕੇ ਛੱਡ ਦੇਵੇ ਤਾਂ ਠੀਕ ਨਹੀਂ ਤਾਂ ਉਸ ਦਾ ਘਰ ਘਾਟ ਬਰਬਾਦ ਕਰ ਕੇ ਉਸ ਨੂੰ ਵਤਨੋਂ (ਅਨੰਦਪੁਰ ਸਾਹਿਬ) ਕੱਢਣ ਦੀ ਪੂਰੀ ਕੋਸ਼ਿਸ਼ ਕੀਤੀ ਜਾਏ' (ਤਵਾਰੀਖ-ਇ-ਸਿੱਖਾਂ)। ਇਹ ਸਭ ਦਰਸਾਉਣ ਲਈ ਕਾਫੀ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਐਸੀ ਸ਼ਕਤੀ ਨੂੰ ਤੋਰ ਦਿੱਤਾ ਸੀ ਜੋ ਨਿੱਤ ਨਵਾਂ ਤੂਫ਼ਾਨ ਪੈਦਾ ਕਰ ਰਹੀ ਸੀ। ਨੇੜੇ ਬੈਠੇ ਪਹਾੜੀ ਰਾਜੇ ਤੇ ਨਵਾਬ ਘਬਰਾ ਹੀ ਗਏ ਤੇ ਛਿਥੇ ਪੈ ਕੇ ਝੜਪਾਂ ਲੈਣ ਲੱਗ ਪਏ। ਦੂਰ ਦੱਖਣ ਬੈਠਾ ਔਰੰਗਜ਼ੇਬ ਵੀ ਤਿਲਮਲਾਉਣ ਲੱਗ ਪਿਆ। ਉਸ ਦੀ ਰਾਜਨੀਤਕ ਸ਼ੱਕੀ ਅੱਖ ਇਕ ਨਵਾਂ ਉਠਦਾ ਖਤਰਾ ਦੇਖ ਰਹੀ ਸੀ। ਉਸ ਪੂਰੇ ਤਾਨ ਨਾਲ ਅਨੰਦ ਪੁਰ ਨੂੰ ਮਿਟਾਉਣ ਦੇ ਜਤਨਾਂ ਦੀ ਸਹਾਇਤਾ ਕੀਤੀ ਪਰ ਗੁਰੂ ਮਹਾਰਾਜ ਨੇ ਆਪਣੇ ਹੀ ਸ਼ਬਦਾਂ ਵਿਚ "ਔਰੰਗਜ਼ੇਬ ਨਹੀਂ ਸੀ ਜਾਣਦਾ ਕਿ ਚਿੰਗਾਰੀਆਂ, ਜਵਾਲਾ ਬਣ ਭੜਕ ਰਹੀਆਂ ਹਨ। ਉਸ ਦੀ ਇਹ ਖ਼ਾਮ ਖ਼ਿਆਲੀ ਸੀ ਕਿ ਦੋ ਚਾਰ ਚਿੰਗਾਰੀਆਂ ਬੁਝਾਉਣ ਨਾਲ ਇਹ ਅੱਗ ਠੰਢੀ ਪੈ ਜਾਏਗੀ :

"ਚਿ ਮਰਦੀ ਕਿ,

ਅਖ਼ਗਰ ਖ਼ਾਮੋਸ਼ਾਂ ਕੁਨੀ।

Sri Satguru Jagjit Singh Ji eLibrary NamdhariElibrary@gmail.com

ਕਿ ਆਤਸ਼ ਦਮਾਂ,
ਹਾਂ ਬਦਾਊਰਾਂ ਕੁਨੀ।" (ਜ਼ਫਰਨਾਮਾ)

ਇਤਿਹਾਸ ਵਿਚ ਇਸ ਗੱਲ ਦਾ ਵੀ ਜ਼ਿਕਰ ਹੈ ਕਿ ਜਦ ਸਰਹਦ ਦੇ ਨਵਾਬ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਚਮਕੌਰ ਦੀ ਗੜ੍ਹੀ ਵਿਚੋਂ ਸਫਲਤਾ ਨਾਲ ਨਿਕਲ ਜਾਣ ਦਾ ਪਤਾ ਲੱਗਾ ਤੇ ਇਹ ਸੂਹ ਮਿਲੀ ਕਿ ਗੁਰੂ ਜੀ ਦੀਨਾ ਪਿੰਡ ਵਿਖੇ ਤਿੰਨ ਭਰਾਵਾਂ, ਸ਼ਮੀਰਾ, ਲਖਮੀਰਾ ਅਤੇ ਤਖਤ ਮਲ ਕੋਲ ਟਿਕੇ ਹੋਏ ਹਨ ਤਾਂ ਵਜ਼ੀਰ ਖ਼ਾਨ ਨੇ ਤਾੜਨਾ ਕਰਦੇ ਹੋਏ ਤਿੰਨੇ ਭਰਾਵਾਂ ਨੂੰ ਲਿਖਿਆ, "ਤੁਸੀਂ ਪਰਜਾ ਹੋ ਤੇ ਗੁਰੂ (ਗੋਬਿੰਦ ਸਿੰਘ) ਬਾਦਸ਼ਾਹ (ਔਰੰਗਜ਼ੇਬ ਹਜ਼ਰਤ) ਦਾ ਵੈਰੀ ਹੈ। ਉਸ ਨੂੰ ਬੰਨ੍ਹ ਕੇ ਸਰਹੰਦ ਪਹੁੰਚਾ ਦਿਉ ਨਹੀਂ ਤਾਂ ਤੁਹਾਡੇ ਉਤੇ ਵੀ ਫੌਜ ਚੜ੍ਹ ਆਏਗੀ ਅਤੇ ਗੁਰੂ ਸਮੇਤ ਤੁਹਾਡਾ ਖਾਤਮਾ ਕੀਤਾ ਜਾਏਗਾ।" ਪਰ ਕੈਸੀ ਸ਼ਕਤੀ ਭਰੀ ਜਾ ਚੁੱਕੀ ਸੀ ਪਰਜਾ ਵਿਚ ਕਿ ਤਿੰਨਾਂ ਨੇ ਲਿਖਿਆ, "ਜਿਵੇਂ ਤੁਸੀਂ ਆਪਣੇ ਪੀਰਾਂ ਮੁਰਸ਼ਦਾਂ ਨੂੰ ਮੰਨਦੇ ਸੇਵਦੇ ਹੋ ਤਿਵੇਂ ਅਸੀਂ ਵੀ ਸਤਿਗੁਰੂ ਦੀ ਸੇਵਾ ਪੂਜਾ, ਇਸ਼ਟ ਜਾਣ ਹੀ ਕਰਦੇ ਹਾਂ। ਅਸੀਂ ਬਾਬਾ ਨਾਨਕ ਦੇ ਮਰੀਦ ਤੇ ਆਪਣੇ ਪੀਰ ਗੁਰੂ ਗੋਬਿੰਦ ਸਿੰਘ ਜੀ ਨੂੰ ਕਿਸ ਤਰ੍ਹਾਂ ਤੁਹਾਡੇ ਹਵਾਲੇ ਕਰ ਸਕਦੇ ਹਾਂ? ਸਾਥੋਂ ਇਹ ਗੱਲ ਤਿੰਨ ਕਾਲ ਵੀ ਨਹੀਂ ਹੋ ਸਕਦੀ।" ਹਰ ਕੋਈ ਜਾਣਦਾ ਸੀ ਕਿ ਉੱਤਰ ਦੇਣਾ ਮੌਤ ਨੂੰ ਸਦਾ ਦੇਣਾ ਸੀ ਤੇ ਜਾਨ ਤੇ ਖੇਡਣ ਦੀ ਤਿਆਰੀ। ਪਰ ਸਿਰ ਧਰ ਤਲੀ ਹੀ ਪ੍ਰੇਮ ਦੀ ਖੇਡ ਖੇਡੀ ਜਾਂਦੀ ਹੈ, ਇਹ ਗੁਰੂ ਨਾਨਕ ਆਖ ਗਏ ਸਨ ਤੇ ਗੁਰੂ ਗੋਬਿੰਦ ਸਿੰਘ ਜੀ ਦ੍ਰਿੜ੍ਹ ਕਰਾ ਰਹੇ ਸਨ।

ਯੂ: ਐਨ: ਓ: ਵਿਚ ਤਕਰੀਰ ਕਰਦੇ ਭੁਟੋ ਨੇ ੮੦੦ ਸਾਲ ਹਿੰਦੂਆਂ ਉਤੇ ਰਾਜ ਕਰਨ ਦੀ ਗੱਲ ਆਖੀ ਸੀ। ਇਹ ਹਜ਼ਾਰਾਂ ਸਾਲ ਹੀ ਬਣ ਜਾਂਦੇ ਜੇ ਗੁਰੂ ਗੋਬਿੰਦ ਸਿੰਘ ਜੀ ਖਾਲਸਾ ਪ੍ਰਗਟ ਨਾ ਕਰਦੇ ਤੇ ਫਿਰ ਖਾਲਸੇ ਦੇ ਹੱਥ ਖੜਗ ਨਾ ਪਕੜਾ ਜਾਂਦੇ। ਇਕ ਐਸੀ ਸ਼ਕਤੀ ਨੇ ਜਨਮ ਲਿਆ ਜਿਸ ਨੇ ਜਬਰ ਦੇ ਰਾਜ ਨੂੰ ਜੜ੍ਹੋਂ ਹੀ ਮੁਕਾ ਦਿੱਤਾ। ਹਲੇਮੀ ਰਾਜ ਹੋ ਗਿਆ। ਇਹ ਆਦਿ ਅੰਤ ਏਕੈ ਸੁ ਪੰਥ ਰਚ ਦੀਉ, ਜਗਤ ਕੋ ਦੇਣ ਸੰਤ।

ਭਾਈ ਗੁਰਦਾਸ ਜੀ ਲਿਖਦੇ ਹਨ :—

"ਇਉਂ ਤੀਸਰ ਮਜ਼ਹਬ ਖਾਲਸਾ,
ਉਪਜਿਓ ਪਰਧਾਨਾ।
ਜਿਨ ਗੁਰੂ ਗੋਬਿੰਦ (ਸਿੰਘ) ਕੇ ਹੁਕਮ ਸਿਉਂ,
ਗਹਿ ਖੜਗ ਦਿਖਾਨਾ।
ਤਿਹ ਸਭ ਦੁਸ਼ਟਨ ਕਉ ਛੇਦ ਕਰ,
ਅਕਾਲ ਜਪਾਨਾ।
ਫਿਰ ਐਸਾ ਹੁਕਮ ਅਕਾਲ ਕਾ,
ਜਗ ਮੈ ਪਰਗਟਾਨਾ।
ਤਬ ਸੁੰਨਤ ਕੋਇ ਨ ਕਰ ਸਕੈ,
ਕਾਂਪਤ ਤੁਰਕਾਨਾ।

Sri Satguru Jagjit Singh Ji eLibrary NamdhariElibrary@gmail.com

ਇਉ ਉਮਤ ਸਭ ਮਹੁੰਮਦੀ,
ਖਪ ਗਈ ਨਿਦਾਨਾ ।
ਤਬ ਫਤੇ ਡੰਕ ਜਗ ਮੋ ਘਰੇ,
ਦੁੱਖ ਦੂੰਦ ਮਿਟਾਨਾ ।
ਤੀਸਰ ਪੰਚ ਚਲਾਇਅਨ,
ਵਡ ਸੂਰ ਗਹੇਲਾ ।
ਵਾਹ ਵਾਹ ਗੋਬਿੰਦ ਸਿੰਘ,
ਆਪੇ ਗੁਰ ਚੇਲਾ ।"

ਫਿਰ ਭਾਈ ਸਾਹਿਬ ਲਿਖਦੇ ਹਨ ਕਿ ਇਹ ਸਭ ਰਹਮਤ ਕਲਗੀਆਂ ਵਾਲੇ ਦੀ ਹੈ, ਜਿਸ ਧਰਮ ਦਾ ਜੈਕਾਰ ਕਰਾਇਆ ਉਨ੍ਹਾਂ ਨੂੰ ਪਾਤਸ਼ਾਹੀਆਂ ਬਖਸ਼ੀਆਂ ਜਿਨ੍ਹਾਂ ਕਦੀ ਜੀਵਨ ਰਸ ਵੀ ਨਹੀਂ ਸੀ ਮਾਣਿਆ । ਸਾਰੇ ਸੰਸਾਰ ਵਿਚ ਵਾਹਿਗੁਰੂ ਦੀ ਵਡਿਆਈ ਦਾ ਢੰਡੋਰਾ ਦਿੱਤਾ ਤੇ ਮਨੁੱਖ ਨੂੰ ਗੁਲਾਮੀ ਤੋਂ ਕਢਿਆ । ਖਾਲਸੇ ਨੂੰ ਰਾਜਿਆਂ ਸਾਹਮਣੇ ਹੋਣ ਤੇ ਟਕਰਾਉਣ ਯੋਗ ਕਰ ਦਿੱਤਾ। ਸਦੀਆਂ ਤੋਂ ਗੁਲਾਮ ਚਲ ਆ ਰਹੀ ਮਨੁੱਖਤਾ ਨੂੰ ਆਜ਼ਾਦ ਕਰਾਇਆ । ਜ਼ਕਰੀਆ ਖ਼ਾਨ ਨੇ ਸਿੱਖਾਂ ਦੇ ਕਰਤੱਵ ਦੇਖ ਹੀ ਹਉਕਾ ਭਰ ਆਖਿਆ ਸੀ : "ਯਾ ਅਲਾਹ ! ਖਾਣਾ ਘਾਹ ਅਤੇ ਦਾਈਏ ਬੰਨ੍ਹਣੇ ਰਾਜ ਕਰਨ ਦੇ । (ਯਾ ਅਲਾਹ, ਕਾਹ ਖੁਰਦਨ ਦਾਈਆਂ ਸਲੱਤਨਤ ਕਰਦਨ) ਗੁਰੂ ਜੀ ਨੇ ਕੋਈ ਵੀ ਯੁੱਧ ਗਰਜ਼, ਪ੍ਰਭਤਾ ਜਾਂ ਮਾਨ ਲਈ ਨਹੀਂ ਕੀਤਾ । ਨਿਰੋਲ ਧਰਮ ਦੀ ਰਾਖੀ ਲਈ ਕੀਤਾ। ਉਸ ਦੇ ਆਉਣ ਨਾਲ ਸਭ ਨੂੰ ਆਸਰਾ ਤੇ ਦ੍ਰਿੜ੍ਹਤਾ ਮਿਲੀ । ਸਾਰਾ ਜਗਤ ਸੁੱਖੀ ਵਸਣ ਲੱਗਾ ਤੇ ਕਲੇਸ਼ ਦਾ ਨਾਸ਼ ਹੋਇਆ । ਲੋਕਾਂ ਦੇ ਸਹਮ ਮੁਕੇ ਤੇ ਘਬਰਾਹਟ ਨੱਸ ਗਈ । ਭਾਈ ਗੁਰਦਾਸ ਜੀ ਦੇ ਆਪਣੇ ਹੀ ਸ਼ਬਦਾਂ ਵਿਚ :

"ਵਹਿ ਉਪਜਿਓ ਚੇਲਾ ਮਰਦ ਕਾ,
ਮਰਦਾਨ ਸਦਾਇ ।
ਜਿਨ ਸਭ ਪ੍ਰਿਥਵੀ ਕਉ ਜੀਤ ਕਰ,
ਨੀਸਾਨੁ ਝੁਲਾਏ ।
ਤਬ ਸਿੰਘਨ ਕਉ ਬਖਸ਼ ਕਰ,
ਬਹੁ ਸੁਖ ਦਿਖਲਾਏ ।
ਫਿਰ ਸਭ ਪ੍ਰਿਥਵੀ ਕੇ ਉਪਰ,
ਹਾਕਮ, ਠਹਿਰਾਏ ।
ਤਿੰਨਹੁ ਜਗਤ ਸੰਭਾਲ ਕਰ,
ਅਨੰਦ ਰਚਾਏ ।
ਵਾਹ ਗੁਰੂ ਗੋਬਿੰਦ ਗਾਜ਼ੀ, ਸਬਲ
ਜਿੰਨ ਸਿੰਘ ਸਜਾਏ ।
ਤਬ ਭਯੋ ਜਗਤ ਸਭ ਖਾਲਸਾ,
ਮਨਮੁਖ ਭਰਮਾਏ ।

Sri Satguru Jagjit Singh Ji eLibrary NamdhariElibrary@gmail.com

ਇਉਂ ਉਠੇ ਭਬਕ ਬਲਬੀਰ ਸਿੰਘ,
ਸ਼ਸਤਰ ਚਮਕਾਏ ।
ਤਬ ਸਭ ਤੁਰਕਨ ਕਉ ਛੇਦ ਕਰ,
ਅਕਾਲ ਜਪਾਏ ।'
ਸਭ ਛਤ੍ਰ ਪਤੀ ਚੁਣ ਚੁਣ ਹਨੇ,
ਕਹੂੰ ਟਿਕਨ ਨਾ ਪਾਏ ।
ਤਬ ਜਗ ਮੈ ਧਰਮ ਪ੍ਰਗਾਸਿਓ,
ਸੱਚ ਹੁਕਮ ਚਲਾਏ ।
**ਸਹ ਬਾਰਾਂ ਸਦੀ ਨਿਬੇੜ ਕਰ,**
**ਗੁਰ ਫਤੇ ਬਲਾਏ ।**
ਤਬ ਸਭ ਦੁਸ਼ਟਾ ਸਹਿਜੇ ਖਪੇ,
ਛਲ ਕਪਟ ਉਡਾਏ ।
ਇਉ ਹਰਿ ਅਕਾਲ ਕੇ ਹੁਕਮ ਸੇ,
ਹੁਣ ਯੁੱਧ ਮਚਾਏ ।
ਬਹੁ ਦੀਯੋ ਦਿਲਾਸਾ ਜਾਗਤ ਕਉ,
ਹਰਿ ਭਗਤ ਦ੍ਰਿੜ੍ਹਾਏ ।
ਤਬ ਪ੍ਰਿਥਵੀ ਸੁਖੀਆ ਭਈ,
ਦੁੱਖ ਦਰਦ ਗਵਾਏ ।
ਫਿਰ ਹੋਇ ਨਿਹਚਲ ਬਖਸਿਉ,
ਜਗਤ ਭੈ ਤਰਾਸ ਚੁਕਾਏ ।

ਇਸੇ ਪਾਸੇ ਦੀ ਇਕ ਸੁੰਦਰ ਗਵਾਹੀ ਜਾਰਜ ਫ਼ਾਰਸਟਰ ਨੇ ਭਰੀ ਹੈ । ਸਿੱਖ ਦਾ ਜੱਬਾ ਤੇ ਪ੍ਰਤਿਭਾ ਕਿਸ ਜੋਬਨ ਤੇ ਪੁਜ ਗਿਆ ਸੀ, ਉਸ ਦੀ ਉਦਾਹਰਣ ਅੰਗਰੇਜ਼ ਸੈਲਾਨੀ ਨੇ ਦਿੱਤੀ ਹੈ, ਉਹ ਮੁਸਲਮਾਨ ਫ਼ਕੀਰ ਦਾ ਭੇਸ ਧਾਰ ਕੇ ਪੰਜਾਬ ਦੇ ਉਤਰੀ ਰਾਹਾਂ ਤੋਂ ਹੁੰਦਾ ਹਿਮਾਲਾ ਦੀ ਹੇਠਲੀ ਧਾਰ ਦੇ ਕੰਢੇ ਕੰਢੇ ਹੋ ਪੰਜਾਬ ਪੁੱਜਾ । ਸਿੱਖਾਂ ਦੀ ਇਤਨੀ ਧਾਂਕ ਬੈਠ ਗਈ ਸੀ ਕਿ ਕੇਵਲ ਦੋ ਸਿੱਖ ਹੀ ਕਿਸੇ ਸ਼ਕਤੀਸ਼ਾਲੀ ਰਾਜ ਕੋਲੋਂ ਹਾਲਾ ਉਗ੍ਰਾਹਣ ਲਈ ਕਾਫ਼ੀ ਸਨ । ੨੯ ਫਰਵਰੀ ੧੭੮੩ ਦੀ ਵਾਰਤਾ ਲਿਖਦੇ ਹੋਏ ਫਾਰਸਟਰ ਲਿਖਦਾ ਹੈ ਕਿ ਕੇਵਲ ਦੋ ਸਿੱਖਾਂ ਨੇ ਹੀ ਗੜ੍ਹਵਾਲ ਦੇ ਰਾਜੇ ਕੋਲੋਂ ਆਰਾਮ ਨਾਲ ਖਿਰਾਜ ਵਸੂਲ ਕਰ ਲਿਆ ਅਤੇ ਰਾਜੇ ਨੇ ਬੜੇ ਆਦਰ ਨਾਲ ਪੇਸ਼ ਕੀਤਾ । ਉਹ ਲਿਖਦਾ ਹੈ, "ਮੈਂ ਦੋ ਸਿੱਖ ਘੋੜ ਸਵਾਰ ਦੇਖੇ ਜੋ ਆਪਣੇ ਇਲਾਕਿਆਂ ਵਿਚੋਂ ਗੜ੍ਹਵਾਲ ਦੀ ਰਿਆਸਤ ਦੇ ਰਾਜੇ ਕੋਲੋਂ ਸ੍ਰੀ ਨਗਰ ਵਿਚ ਖਿਰਾਜ ਉਗ੍ਰਾਹਣ ਲਈ ਆਏ ਸਨ । ਜਿਤਨਾ ਉਨ੍ਹਾਂ ਦਾ ਸਤਿਕਾਰ ਅਤੇ ਆਓ ਭਗਤ ਹੋਦੀ ਅਤੇ ਜਿਸ ਸ਼ਾਨਦਾਰ ਢੰਗ ਨਾਲ ਉਨ੍ਹਾਂ ਵਰਤਾਉ ਕੀਤਾ, ਉਸ ਨੂੰ ਦੇਖ ਕੇ ਮੈਂ ਵਾਰ ਵਾਰ ਇਹ ਹੀ ਸੋਚਦਾ ਸਾਂ ਕਿ ਕੁਝ ਹਫ਼ਤਿਆਂ ਲਈ ਮੇਰੀ ਰੂਹ ਕਿਸੇ ਸਿੱਖ ਦੇ ਸਰੀਰ ਵਿਚ ਚਲੀ ਜਾਵੇ ਕਿਉਂਕਿ ਇਤਨਾ ਸੁੰਦਰ ਤੇ ਸੋਹਣਾ

Sri Satguru Jagjit Singh Ji eLibrary NamdhariElibrary@gmail.com

ਉਹ ਬਹਾਦਰ ਸਿੱਖ ਵਰਤਾਓ ਕਰਦੇ ਸਨ।'

ਬਸ, ਇਹ ਹੀ ਕਹਿਣਾ ਬਣਦਾ ਹੈ ਕਿ :

ਐਸੀ ਲਾਲ ਤੁਝ ਬਿਨੁ ਕਉਨੁ ਕਰੈ ।

tguru Jagjit Singh Ji eLibrary NamdhariElibrary@gm

# ਬਲਿਹਾਰੀ ਗੁਰ ਆਪਣੇ

ਗੁਰੂ ਨਾਨਕ ਦੇਵ ਜੀ ਆਸਾ ਦੀ ਵਾਰ ਦੇ ਆਰੰਭ ਵਿਚ ਹੀ, ਉਸ ਗੁਰੂ ਤੋਂ ਸਦਕੇ ਤੇ ਵਾਰੀ ਹੋਣ ਲਈ ਕਹਿੰਦੇ ਹਨ ਜਿਸ ਦੀ ਛੋਹ ਤੇ ਰਹਿਮਤ ਨਾਲ ਮਾਣਸ ਤੋਂ ਦੇਵਤਾ ਹੁੰਦਿਆਂ ਕੋਈ ਢਿਲ ਨਹੀਂ ਲਗਦੀ। ਸੱਚੀ ਗੱਲ ਤਾਂ ਇਹ ਹੈ ਕਿ ਪਹਿਲਾਂ 'ਪਸ਼ੂ ਲਪੇਟੇ ਚੰਮ' ਮਨੁੱਖਾਂ ਨੂੰ ਮਨੁੱਖ ਬਣਾਂਦਿਆਂ ਹੀ ਸਮਾਂ ਲਗਦਾ ਹੈ। ਦੋ ਸਦੀਆਂ ਲੱਗ ਗਈਆਂ, ਇਸ ਸ਼ੂਦਰ ਬਿਰਤੀ ਵਾਲੇ ਇਨਸਾਨ ਦੀ ਸ਼ਖਸੀਅਤ ਨੂੰ ਉੱਜਲ ਕਰਦਿਆਂ। ਜਦ ਇਹ ਸ਼ਖਸੀਅਤ ਨਿਖਰ ਆਈ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਵਾਲੇ ਦਿਹਾੜੇ ਦੇਵਤੇ ਨਹੀਂ, 'ਅਕਾਲ ਮੂਰਤ' ਬਣਾਂਦਿਆਂ ਢਿੱਲ ਨਾ ਲਗਾਈ। ਦਸਵੇਂ ਪਾਤਸ਼ਾਹ ਨੇ ਸੱਚ-ਮੁੱਚ ਹੱਥ ਖੜਗ ਫੜ ਕੇ 'ਵਿਚਹੁ ਮਾਰ ਕੱਢੀਆਂ' ਬੁਰਾਈਆਂ।

ਗੁਰੂ ਨਾਨਕ ਜੀ ਨੇ ਦੇਖ ਲਿਆ ਸੀ ਕਿ ਦਿੱਸਣ ਨੂੰ ਤਾਂ ਇਹ ਜ਼ਰੂਰ ਮਨੁੱਖ ਹੈ ਪਰ ਕਰਣੀ ਇਸ ਦੀ ਪਸ਼ੂਆਂ ਵਾਲੀ ਹੈ। ਗੁਰੂ ਜੀ ਦਾ ਮੁੱਖ ਜਤਨ ਇਸ ਨੂੰ ਮਨੁੱਖੀ ਜਾਮੇ ਵਿਚ ਵਾਪਸ ਲਿਆਉਣਾ ਸੀ। ਗੁਰੂ ਅਰਜਨ ਦੇਵ ਜੀ ਨੇ ਵੀ ਸੁਖਮਨੀ ਸਾਹਿਬ ਵਿਚ 'ਕਰਤੂਤ ਪਸ਼ੂ ਕੀ ਮਾਨਸ ਜਾਤ' ਵੱਲ ਇਸ਼ਾਰਾ ਕੀਤਾ ਹੈ।

ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਟਿਕ ਕੇ ਇਸ ਪਸ਼ੂ ਮਨੁੱਖ ਨੂੰ ਜਿਸ ਥਾਂ ਤੇ ਪਹੁੰਚਾ ਦਿੱਤਾ ਸੀ, ਉਸ ਦੀ ਇਕ ਸਾਖੀ ਸਾਖੀਕਾਰਾਂ ਸਾਂਭੀ ਹੋਈ ਹੈ। ਨਾਂ ਦੇ ਪੰਡਿਤਾਂ ਦੀ ਇਕ ਢਾਣੀ ਕਰਤਾਰਪੁਰ ਆਈ। ਦੁਪਹਿਰ ਦਾ ਪ੍ਰਸ਼ਾਦਾ ਲੰਗਰ ਵਿਚੋਂ ਛੱਕ ਕੇ ਜਦ ਸਾਰੇ ਇਕ ਥਾਂ ਬੈਠੇ ਤਾਂ ਇਕ ਨੇ ਦੂਜੇ ਨੂੰ ਕਹਿਆ: "ਚਲੋ ਇਥੋਂ, ਇਸ ਨੇ ਤਾਂ ਇਥੇ ਸਾਨ੍ਹ ਪਾਲੇ ਹੋਏ ਹਨ।" ਗੁਰੂ ਨਾਨਕ ਜੀ ਨੇ ਉਨ੍ਹਾਂ ਦੇ ਕੌੜੇ ਬਚਨ ਸੁਣ ਕੇ ਕਿਹਾ: "ਭਲੇ ਪੁਰਸ਼ੋ, ਦੋ ਦਿਨ ਹੋਰ ਠਹਿਰ ਜਾਓ।" ਦੋ ਦਿਨਾਂ ਪਿਛੋਂ ਜਦ ਜਾਣ ਲਗੇ ਤਾਂ ਫਿਰ ਇਕ ਨੇ ਕਹਿਆ, "ਬਾਬਾ ਤੂੰ ਪਸ਼ੂ ਨਹੀਂ ਮਨੁੱਖ ਪਾਲੇ ਹੋਏ ਹਨ।" ਮਹਾਰਾਜ ਨੇ ਫਿਰ ਉਸੇ ਠਰੰਮੇ ਵਿਚ ਕਿਹਾ, "ਦੋ ਦਿਨ ਹੋਰ ਟਿਕ ਜਾਓ।" ਦੋ ਦਿਨਾਂ ਬਾਅਦ ਜਦ ਟੁਰਨ ਲਗੇ ਤਾਂ ਉਨ੍ਹਾਂ ਦੇ ਆਗੂ ਨੇ ਹੱਥ ਜੋੜ ਕਹਿਆ, "ਸਾਨੂੰ ਖਿਮਾ ਕਰਨਾ, ਜੋ ਅਸਾਂ ਪਹਿਲੇ ਦਿਨ ਕੌੜੇ ਬਚਨ ਬੋਲੇ, ਤੁਸਾਂ ਤਾਂ ਦੇਵਤੇ ਪਾਲੇ ਹੋਏ ਹਨ।" ਗੁਰੂ ਨਾਨਕ ਦੇਵ ਜੀ ਨੇ ਉਸੇ ਸਹਜ ਵਿਚ ਫੁਰਮਾਇਆ: "ਸਾਧੂ ਪੁਰਸ਼ੋ, ਦੋ ਦਿਨ ਹੋਰ ਟਿਕ ਜਾਓ।" ਜਦ ਉਹ ਅੰਤਿਮ ਵਿਦਾਇਗੀ ਲੈਣ ਲਗੇ ਤਾਂ ਸਾਰੇ ਇਕ ਜ਼ਬਾਨ ਬੋਲ ਉਠੇ, "ਗੁਰੂ ਜੀ, ਤੁਸਾਂ ਤਾਂ ਕਈ ਪ੍ਰਮਾਤਮਾ ਆਪਣੇ

Sri Satguru Jagjit Singh Ji eLibrary NamdhariElibrary@gmail.com

ਪਾਸ ਰੱਖੇ ਹੋਏ ਹਨ।" ਗੱਲ ਇਹੋ ਹੀ ਸੀ, ਜੋ ਉਨ੍ਹਾਂ ਕਈ ਦਿਨ ਬਾਅਦ ਅਨੁਭਵ ਕੀਤੀ। ਕਰਤਾਰਪੁਰ 'ਕਰਤਾਰੀ' ਹੀ ਤਿਆਰ ਕੀਤੇ ਜਾ ਰਹੇ ਸਨ। ਓਪਰੀ ਨਜ਼ਰ ਵਾਲ ਨੇ ਕਿਰਤ ਕਰਦੇ, ਦਿਨ ਰਾਤ ਭੱਜਦੇ, ਲੱਕੜਾਂ ਪਾੜਦੇ, ਖੇਤਾਂ ਵਲੋਂ ਆਉਂਦੇ ਤੇ ਜਾਂਦੇ, ਭਾਂਡੇ ਮਾਂਜਦੇ ਹੀ ਦੇਖੇ ਤਾਂ ਉਨ੍ਹਾਂ ਨੂੰ ਪਸ਼ੂਆਂ ਵਾਂਗ, ਪਸ਼ੂਆਂ ਵਾਲਾ ਕੰਮ ਕਰਦੇ ਦੇਖ ਪਸ਼ੂ ਹੀ ਕਹਿ ਦਿੱਤਾ। ਜਦ ਦੋ ਦਿਨ ਥੋੜ੍ਹੀ ਜਿਹੀ ਨੀਝ ਲਗਾ ਕੇ ਦੇਖਿਆ ਤਾਂ ਕਰਤਾਰ ਪੁਰ ਦੇ ਸਾਰੇ ਵਾਸੀਆਂ ਨੂੰ ਇਕ ਦੂਜੇ ਦੇ ਪਰਸਪਰ ਪਿਆਰ ਵਿਚ ਖੀਵਾ ਡਿੱਠਾ ਤਾਂ ਮਨੁੱਖ ਕਰਮ ਜਾਣ, ਮਨੁੱਖ ਹੀ ਕਹਿ ਦਿੱਤਾ। ਜਦ ਅੰਮ੍ਰਿਤ ਵੇਲੇ ਗੁਰੂ ਦੀ ਹਜ਼ੂਰੀ ਵਿਚ ਹਾਜ਼ਰੀ ਭਰਦੇ ਸਰੀਰ ਦੀ ਸੁੱਧ-ਬੁੱਧ ਭੁੱਲੀ ਹੋਈ ਡਿੱਠੀ ਤਾਂ ਉਨ੍ਹਾਂ ਦੇਵਤਾ ਕਹਿ ਕੇ ਨਮਸਕਾਰ ਕੀਤਾ, ਪਰ ਜਦ ਹਰ ਭਰਮ, ਹਰ ਬੋਲ ਅਤੇ ਉਠਦਿਆਂ, ਬਹਿੰਦਿਆਂ ਤੇ ਸੌਂਦਿਆਂ ਵਾਹਿਗੁਰੂ ਦੀ ਰਜ਼ਾ, ਗੁਰੂ ਦਾ ਹੁਕਮ, ਹੁਕਮ ਦੀ ਖੇਡ, ਤੇਰਾ ਤੇਰਾ, ਧੰਨ ਨਿਰੰਕਾਰ ਕਰਤਾਰ ਕਹਿੰਦੇ ਡਿੱਠਾ ਤਾਂ, ਵਾਹਿਗੁਰੂ ਦਾ ਰੂਪ ਕਹਿ ਕੇ ਨਾ ਸਿਰਫ ਖਿਮਾ ਮੰਗੀ ਸਗੋਂ ਹਰ ਇਕ ਸਿੱਖ ਨੂੰ ਨਮਸਕਾਰ ਵੀ ਕੀਤਾ। ਇਸੇ ਲਈ ਮਹੁਸਨ ਫ਼ਾਨੀ ਨੇ ਆਪਣੀ ਪੁਸਤਕ 'ਦਬਿਸਤਾਨ ਮਜ਼ਹਬ' ਵਿਚ ਲਿਖਿਆ ਹੈ ਕਿ ਲੋਕੀਂ ਗੁਰੂ ਨਾਨਕ ਦੇ ਨਾਮ ਲੇਵਿਆਂ ਨੂੰ "ਕਰਤਾਰੀ" ਕਰਕੇ ਹੀ ਪੁਕਾਰਦੇ ਸਨ। ਇਨ੍ਹਾਂ ਕਰਤਾਰੀਆਂ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਅਨੰਦਪੁਰ ਵਿਚ ਖਾਲਸਾ (ਵਾਹਿਗੁਰੂ ਦੀ ਆਪਣੀ ਪਰਜਾ) ਬਣਾਇਆ।

ਖਾਲਸਾ ਸਾਜਨ ਸਮੇਂ ਜਦ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਕਿਰਪਾਨ ਮਿਆਨ ਵਿਚੋਂ ਸੰਗਤਾਂ ਸਾਹਮਣੇ ਕੱਢੀ ਤਾਂ ਇਹ ਹੀ ਬਚਨ ਆਖੇ: "ਹੈ ਕੋਈ ਜੋ ਗੁਰੂ ਨਾਨਕ ਦੇ ਆਸ਼ੇ ਤੇ ਨਿਸ਼ਾਨਿਆਂ ਅਨੁਸਾਰ ਆਪਣਾ ਸੀਸ ਭੇਟ ਦੇਵੇ।" ਵਾਰੋ ਵਾਰੀ ਪੰਜ ਉਠੇ। ਉਹ ਪੰਜੇ ਨਾ ਤਾਂ ਇਕ ਜਾਤ ਦੇ ਸਨ ਤੇ ਨਾ ਹੀ ਇਕ ਪਾਤ ਦੇ। ਦੁਨੀਆਂ ਦੀ ਨਜ਼ਰ ਵਿਚ ਇਕ ਖਤ੍ਰੀ, ਦੂਜਾ ਜੱਟ, ਤੀਜਾ ਛੀਂਬਾ, ਚੌਥਾ ਨਾਈ ਤੇ ਪੰਜਵਾਂ ਝੀਊਰ ਸੀ। ਫਿਰ ਇਕ ਪੰਜਾਬ ਦਾ, ਦੂਜਾ ਦਿੱਲੀ ਦਾ, ਤੀਜਾ ਉੜੀਸਾ ਦਾ, ਚੌਥਾ ਗੁਜਰਾਤ (ਸੌਰਾਸ਼ਟਰ) ਦਾ ਤੇ ਪੰਜਵਾਂ ਕਰਨਾਟਕ ਦਾ। ਜਦ ਪੰਜਾਂ ਨੂੰ ਖਾਲਸਾ ਰੂਪ ਵਿਚ ਦਸ਼ਮੇਸ਼ ਪਿਤਾ ਨੇ ਪੇਸ਼ ਕੀਤਾ ਤਾਂ ਆਪ ਜੀ ਨੇ ਹਾਜ਼ਰ ਸੰਗਤਾਂ ਨੂੰ ਹੋਰ ਉਪਦੇਸ਼ਾਂ ਦੇ ਨਾਲ ਇਹ ਵੀ ਆਗਿਆ ਕੀਤੀ ਕਿ ਅੱਜ ਤੋਂ ਕਿਰਤ ਨਾਸ਼, ਕਰਮ ਨਾਸ਼, ਕੁਲ ਨਾਸ਼ ਤੇ (ਵਰਣ) ਧਰਮ (ਵਰਣ ਦੇ ਵਿਤਕਰੇ ਅਥਵਾ ਪਖਸ਼ ਪਾਤ ਤੋਂ ਭਾਵ ਹੈ) ਨਾਸ਼ ਹੋਇਆ ਹੈ। ਤੁਸੀਂ ਖਾਲਸਾ ਹੋ, ਸਾਹਿਬ ਹੋ, ਉਨ੍ਹਾਂ ਪੰਜਾਂ ਨੂੰ ਦਇਆ ਸਿੰਘ, ਧਰਮ ਸਿੰਘ, ਹਿੰਮਤ ਸਿੰਘ, ਮੁਹਕਮ ਸਿੰਘ, ਸਾਹਿਬ ਸਿੰਘ ਦੇ ਪਾਵਨ ਨਾਮ ਬਖਸ਼ੇ। ਦੂਜੇ ਸ਼ਬਦਾਂ ਵਿਚ ਚਾਰ ਨਾਸ਼ ਕੀਤੇ ਤੇ ਚਾਰ ਹੀ ਉਸ ਦੀ ਥਾਂ ਭਰ ਕੇ ਸਾਹਿਬੀ ਬਖਸ਼ ਦਿੱਤੀ। "ਜਿਨ ਕੀ ਜਾਤ ਬਰਨ ਕੁਲ ਮਾਹੀ। ਸਰਦਾਰੀ ਨੇ ਭਈ ਕਦਾਂਹੀ", ਤਿੰਨਾਂ ਨੂੰ ਸਰਦਾਰ ਬਣਾ ਕੇ ਸਾਹਿਬ ਬਣਾ ਦਿੱਤਾ ਤੇ ਫਿਰ ਕਿਹਾ ਵੀ "ਉਹ ਸਾਹਿਬ ਮੈਂ ਉਸ ਕਾ ਚੇਰਾ।"

ਅੱਜ ਫਿਰ ਇਹ ਚਾਰ, ਕਿਰਤ, ਕੁਲ, ਕਰਮ ਤੇ ਵਰਣ ਆਪਣਾ ਸਿਰ ਉਠਾ ਰਹੇ ਹਨ। ਜਦ ਤੱਕ ਇਨ੍ਹਾਂ ਚਾਰਾਂ ਨੂੰ ਦਬਾ ਕੇ ਨਹੀਂ ਰਖਿਆ ਜਾਏਗਾ ਤਦ ਤੱਕ ਖਾਲਸਾ 'ਦਇਆ, ਧਰਮ, ਹਿੰਮਤ, ਮੁਹਕਮ' ਦਾ ਰੂਪ ਬਣ ਕੇ 'ਸਾਹਿਬੀ' ਪ੍ਰਾਪਤ ਨਹੀਂ ਕਰ ਸਕੇਗਾ।

Sri Satguru Jagjit Singh Ji eLibrary NamdhariElibrary@gmail.com

## ਕਿਰਤ ਨਾਸ਼

ਸਦੀਆਂ ਤੋਂ ਸੰਸਾਰ ਇਹ ਹੀ ਸੁਣਦਾ ਆਇਆ ਹੈ ਕਿ ਉੱਤਮ ਖੇਤੀ, ਮੱਧਮ ਵਪਾਰ ਤੇ ਨਖਿਧ ਚਾਕਰੀ। ਪਰ ਗੁਰੂ ਨਾਨਕ ਦੇਵ ਜੀ ਨੇ ਆਪੂੰ ਚਾਰੇ ਕਿੱਤੇ ਵਪਾਰ, ਹੱਟੀ, ਨੌਕਰੀ, ਖੇਤੀ ਅਪਣਾ ਕੇ, ਉੱਤਮ, ਨੀਚ ਤੇ ਬੀਚ ਦਾ ਝਗੜਾ ਮੁਕਾ ਦਿੱਤਾ ਸੀ। ਹਰ ਕਿਰਤ ਉੱਤਮ ਹੈ ਜਿਸ ਵਿਚ ਉਹ ਨਾ ਵਿਸਰੇ। ਕਨਿੰਘਮ ਨੇ ਇਕ ਥਾਂ ਲਿਖਿਆ ਹੈ ਕਿ 'ਸਿੱਖ ਕਿਰਤ ਦਾ ਸਤਿਕਾਰ ਕਰਦਾ ਹੈ, ਪੇਸ਼ੇ ਦਾ ਨਹੀਂ। ਹਰ ਇਕ ਸਿੱਖ ਕਿਸੇ ਨਾ ਕਿਸੇ ਕੰਮ ਵਿਚ ਲਗਾ ਰਹਿੰਦਾ ਹੈ, ਜਾਂ ਤਾਂ ਉਹ ਵਪਾਰ ਕਰਦਾ ਹੈ ਜਾਂ ਖੇਤੀ। ਜਿਹੜੇ ਲੋਕੀਂ ਸਿੱਖਾਂ ਵਿਚ ਬਿਰਧ ਹ ਜਾਂਦੇ ਹਨ, ਉਹ ਲੋਕਾਂ ਦੀ ਭਲਿਆਈ ਲਈ ਕਿਸੇ ਨਾ ਕਿਸੇ ਕੰਮ ਵਿਚ ਜੁਟੇ ਰਹਿੰਦੇ ਹਨ।' ਨਵਾਬ ਕਪੂਰ ਸਿੰਘ ਜੀ ਬੇਸ਼ਕ ਨਵਾਬ ਬਣ ਗਏ ਪਰ ਘੋੜਿਆਂ ਦੀ ਲਿੱਦ ਚੁਕਣ ਦੀ ਕਿਰਤ ਬਰਾਬਰ ਕਰਦੇ ਰਹੇ। ਜਦ ਬਿਰਧ ਹੋ ਗਏ ਤਾਂ ਸਿੰਘਾਂ ਦੇ ਕਛਹਿਰੇ ਸੀਊਣ ਦੀ ਸੇਵਾ ਨਿਭਾਉਂਦੇ ਰਹੇ। ਕਨਿੰਘਮ ਨੇ ਆਪੂੰ ਡਿੱਠਾ ਸੀ ਕਿ ਕਿਵੇਂ ਇਕ ਬਿਰਧ ਇਕੱਲਾ ਹੀ ਸਤਲੁਜ ਦਰਿਆ ਦੇ ਕਿਨਾਰੇ ਕੀਰਤਪੁਰ ਦੀਆਂ ਤ੍ਰਿਛੀਆਂ ਤੇ ਤਿੱਖੀਆਂ ਪਹਾੜੀਆਂ ਵਿਚੋਂ ਅਨੰਦਪੁਰ ਦਾ ਰਾਹ ਬਣਾ ਰਿਹਾ ਸੀ। ਇਸ 'ਕਿਰਤ ਨਾਸ਼' ਨੇ ਹੀ ਹਿੰਦੁਸਤਾਨ ਦੀ ਵੰਡ ਸਮੇਂ ਸਿੱਖ ਨੂੰ ਕਿਸੇ ਦਾ ਮੁਹਤਾਜ ਨਾ ਹੋਣ ਦਿੱਤਾ। ਦਸਾਂ ਨਹੁੰਆਂ ਦੀ ਕਿਰਤ ਹੀ ਖਾਲਸੇ ਦਾ ਮੁੱਖ ਉਦੇਸ਼ ਹੈ। ਇਸ ਕਿਰਤ ਨਾਸ਼ ਨੇ ਹੀ ਖਾਲਸੇ ਨੂੰ ਦੁਨੀਆਂ ਦਾ ਸਭ ਤੋਂ ਜਿਰੜੀ ਮਨੁੱਖ ਬਣਾਇਆ ਹੈ। ਉਹ ਖੇਤਾਂ ਵਿਚ ਚੰਗਾ ਵਾਹਕ, ਵਪਾਰ ਵਿਚ ਇਕ ਉੱਚ ਵਪਾਰੀ, ਚਾਕਰੀ ਵਿਚ ਉਸ ਜਿਹਾ ਵਫ਼ਾਦਾਰ ਮਿਲਣਾ ਕਠਿਨ ਹੈ। ਇੰਗਲੈਂਡ ਦੀ ਪਿਛੇ ਜਹੀ (ਜਨਵਰੀ ੧੯੭੪) ਖ਼ਬਰ ਛਪੀ ਕਿ ਡਾਕਖਾਨੇ ਦੇ ਇਕ ਸਿੱਖ ਕਰਮਚਾਰੀ ਤੇ ਉਸ ਦੀ ਘਰ ਵਾਲੀ ਨੇ ਲੁੱਟਣ ਵਾਲਿਆਂ ਨੂੰ ਕਿਹਾ ਕਿ ਉਨ੍ਹਾਂ ਨੂੰ ਮਾਰ ਕੇ ਹੀ ਤੁਸੀਂ ਡਾਕਖਾਨੇ ਵਿਚ ਦਾਖਲ ਹੋ ਸਕਦੇ ਹੋ, ਸੰਸਾਰ ਭਰ ਵਿਚ ਇਸ ਕਰਮ ਦੀ ਸ਼ਲਾਘਾ ਭਰੀ ਚਰਚਾ ਹੋਈ। ਮੈਲਕਮ ਨੇ "ਸਕੈਚ ਔਫ ਦੀ ਸਿੱਖਸ" ਵਿਚ ਠੀਕ ਲਿਖਿਆ ਹੈ ਕਿ ਸਿੱਖ ਹਲਾਲ ਦੀ ਕਮਾਈ ਕਰਕੇ ਰੋਟੀ ਖਾਣਾ ਹੀ ਉਚਿਤ ਸਮਝਦਾ ਹੈ। ਵਿਹਲੜ ਟੁਕੜੇ ਮੰਗ ਕੇ ਉਹ ਨਹੀਂ ਚੱਬਦੇ। ਇਸੇ ਲਈ ਉਹ ਸਿੱਖਾਂ ਨੂੰ ਇਕ ਅਦੁੱਤੀ ਕੌਮ ਤੇ ਇਕ ਅਸਾਧਾਰਨ ਨਸਲ ਕਹਿੰਦਾ ਹੈ (Singular Nation—Extra Ordinary Race)।

## ਕੁਲ ਨਾਸ਼

ਹਿੰਦੁਸਤਾਨ ਨੂੰ ਸਦੀਆਂ ਤੱਕ ਜੋ ਮਾਰ ਪਈ ਹੈ, ਇਸ 'ਕੁਲ ਨਾਸ਼' ਦੇ ਸਿਧਾਂਤ ਨੂੰ ਨਾ ਸਮਝਕੇ ਹੀ ਪਈ ਹੈ। ਹਿੰਦੁਸਤਾਨ ਦਾ ਸਾਰਾ ਇਤਿਹਾਸ, ਹਿੰਦ ਦਾ ਇਤਿਹਾਸ ਨਾ ਹੋ ਕੇ 'ਕੁਲਾਂ ਦੀ ਈਰਖਾ' ਦੀ ਹੀ ਵਾਰਤਾ ਹੈ। ਕਿਸੇ ਇਕ ਮਨੁੱਖ ਦੇ ਆਗਿਆ ਪਾਲਣ ਨੂੰ ਵੀ 'ਰਘੂਕੁਲ ਰੀਤ' ਨਾਲ ਜੋੜ ਦੇਣ ਨਾਲ ਹੀ ਕਈ ਹਾਣ ਹੋਏ ਹਨ। ਜੋ ਮਨੁੱਖ ਦੇ ਆਚਰਨਕ ਗੁਣ ਚਾਹੀਦੇ ਹਨ, ਉਨ੍ਹਾਂ ਨੂੰ ਕਿਸੇ ਕੁਲ ਵਿਸ਼ੇਸ਼ ਨਾਲ ਜੋੜ ਦੇਣ ਨਾਲ ਹੀ ਪਰਜਾ ਵਿਚ ਸਦਾਚਾਰੀ ਗੁਣਾਂ ਦੀ ਅਨਹੋਂਦ ਆਈ ਹੈ। ਪਾਂਡੂ-ਕੌਰਵਾਂ ਤੇ ਧ੍ਰਿਤਰਾਸ਼ਟ੍ਰ-ਕੌਰਵਾਂ ਦੇ ਝਗੜਿਆਂ ਨੇ ਹੀ ਹਿੰਦੁਸਤਾਨ ਨੂੰ ਗੁਲਾਮ ਬਣਾਈ ਰਖਿਆ। ਰਾਜਪੂਤਾਂ ਦੇ ਕਈ ਰਾਜ ਕੁਲ-ਅਭਿਮਾਨ ਵਿਚ ਹੀ ਨਸ਼ਟ ਹੋ ਗਏ। ਕੁਲ-ਅਭਿਮਾਨ ਦਾ ਜ਼ਹਿਰ ਇਥੋਂ ਤੱਕ ਕੰਮ

Sri Satguru Jagjit Singh Ji eLibrary NamdhariElibrary@gmail.com

ਕਰ ਗਿਆ ਹੈ ਕਿ ਪੰਡਿਤ ਜਵਾਹਰ ਲਾਲ ਦੀ ਭੈਣ ਕ੍ਰਿਸ਼ਨ—ਹਥੀ ਸਿੰਘ ਨੇ ਜਦ ਆਪਣੀ ਜੀਵਨੀ ਲਿਖੀ ਤਾਂ ਉਸ ਨੇ ਪੁਸਤਕ ਦਾ ਨਾਂ, 'ਵ੍ਹੀ ਨਹਿਰੂਜ਼' (We-Nehrus) ਹੀ ਰਖਿਆ। ਹੁਣੇ ਹੀ ਇੰਦਰਾ ਗਾਂਧੀ ਨੇ ਆਪਣੀ ਨੂੰਹ ਮੈਨਕਾ ਨੂੰ 'ਦੂਜੀ ਤੇ ਓਪਰੀ ਕੁਲ' ਦਾ ਕਿਹਾ।

ਗੁਰੂ ਗੋਬਿੰਦ ਸਿੰਘ ਜੀ ਨੇ ਕੁਲ ਨਾਸ਼ ਦੀ ਗੱਲ ਕਹਿ ਕੇ ਖਾਲਸੇ ਵਿਚੋਂ ਇਹ ਅਭਿਮਾਨ ਮੂਲੋਂ ਹੀ ਮੁਕਾ ਦਿੱਤਾ। ਸਾਰੇ ਇਕ ਕੁੱਲ ਦੇ ਬੱਚੇ ਬਣ ਗਏ। ਪਿਤਾ ਗੁਰੂ ਗੋਬਿੰਦ ਸਿੰਘ, ਮਾਤਾ ਸਾਹਿਬ ਦੇਵਾਂ ਤੇ ਵਾਸੀ ਅਨੰਦਪੁਰ ਦੇ ਹੋ ਗਏ।

## ਕਰਮ-ਨਾਸ਼

ਬ੍ਰਾਹਮਣ ਨੇ ਕਰਮਾਂ ਦਾਂ ਜਾਲ ਇਤਨਾ ਕਰੜਾ ਤੇ ਸੰਘਣਾ ਉਣਿਆ ਹੋਇਆ ਸੀ ਕਿ ਕੋਈ ਵੀ ਉਸ ਜਾਲ ਵਿਚ ਫਸਣ ਤੋਂ ਬਚ ਨਾ ਸਕਿਆ। ਕਬੀਰ ਜੀ ਨੇ ਲਿਖਿਆ ਸੀ ਕਿ ਕਾਗ਼ਜ਼ ਦੀ ਐਸੀ ਜੇਲ੍ਹ (ਕਾਗ਼ਜ਼ ਕੀ ਓਬਰੀ) ਬ੍ਰਾਹਮਣ ਨੇ ਬਣਾ ਲਈ ਸੀ ਕਿ ਉਸ ਬੰਦੀਖ਼ਾਨੇ ਵਿਚ ਹਰ ਕਿਸੇ ਨੂੰ ਪਾ ਲੈਂਦਾ ਸੀ। ਬ੍ਰਾਹਮਣ ਨੇ ਮਨੁੱਖ ਨੂੰ ਪਹਿਲਾਂ ਸੰਧਿਆ, ਪੂਜਾ ਤੇ ਪੰਜਾਂ ਮਹਾਂ ਯੱਗਾਂ ਦੇ ਚੱਕਰ ਵਿਚ ਪਾ ਦਿੱਤਾ ਸੀ। ਬ੍ਰਹਮ ਯੱਗ, ਪਿਤਰੀ ਯੱਗ, ਦੇਵ ਯੱਗ, ਭੂਤ ਯੱਗ ਤੇ ਅਤਿਥੀ ਯੱਗ ਤੋਂ ਬਗ਼ੈਰ ਜੀਵਨ ਅਧੂਰਾ ਤੇ ਵਿਅਰਥ ਦੱਸਿਆ। ਨਿੱਤ ਕਰਮਾਂ ਦੇ ਨਾਲ ਉਸ ਨੂੰ ਨੈਮਿਤਕ ਕਰਮ ਕਰਨ ਦਾ ਹੁਕਮ ਸੀ। ਇਹ ਕਰਮ ਇਸ ਕੋਲੋਂ ਸੰਸਕਾਰ, ਸ਼ਾਂਤੀ ਵਰਤ ਤੇ ਪ੍ਰਾਸਚਿਤ ਦੀ ਮੰਗ ਕਰਦੇ ਸਨ। ਤਕਰੀਬਨ ਛਤਾਲੀ ਕਿਸਮ ਦੇ ਸੰਸਕਾਰਕ ਕਰਮ ਸਨ ਜੋ ਇਸ ਭੋਲੇ ਭਾਲੇ ਜੀਵ ਨੂੰ ਕਰਨੇ ਪੈਂਦੇ ਸਨ। ਗਰਭਦਾਨ, ਜ਼ਾਤ ਨਾਮਧੇਯ, ਅਨਪਰਸਨ, ਕਰਨ ਛੇਦ, ਉਪਨੈਨ, ਵਿਵਾਹ, ਸ਼ਰਾਧ, ਉਨ੍ਹਾਂ ਛਤਾਲੀਆਂ ਵਿਚੋਂ ਕੁਝ ਕੁ ਬਹੁਤ ਜ਼ਰੂਰੀ ਸਨ। ਸ਼ਾਂਤੀ ਕਰਮ ਲਈ ਜੀਵ ਨੂੰ ਗ੍ਰਹਾਂ ਤੇ ਗਣੇਸ਼ ਦੀ ਪੂਜਾ ਲਾਜ਼ਮੀ ਸੀ। ਇਸ ਉਪਰੰਤ ੧੫ ਵਰਤਾਂ ਦਾ ਭਾਰ ਇਸ ਗ਼ਰੀਬ ਜੀਵ ਨੂੰ ਚੁਕਾਇਆ ਹੋਇਆ ਸੀ। ਰਾਮਾਇਣ, ਮਹਾਂ-ਭਾਰਤ ਤੇ ਪੁਰਾਨ ਦੀ ਕਥਾ ਜ਼ਰੂਰੀ ਮਿਥੀ ਜਾਂਦੀ ਸੀ ਤਾਂ ਕਿ ਪ੍ਰਾਸਚਿਤ ਹੋ ਸਕੇ।

ਇਨ੍ਹਾਂ ਸੰਘਣੇ ਜਾਲਾਂ ਵਿਚੋਂ ਕੱਢਣ ਲਈ ਹੀ ਕਲ-ਕੀ-ਧਿਤ ਨੇ ਕਰਮ ਨਾਸ਼ ਦੀ ਗੱਲ ਕਹੀ। 'ਸ਼ੁਭ ਕਰਮਨ ਤੇ ਕਬਹੂੰ ਨ ਟਰੋਂ' ਆਖ ਕੇ ਸਭ ਕਰਮਾਂ ਦੀ ਕੈਦ ਤੋਂ ਛੁਡਵਾ ਦਿੱਤਾ।

ਸ਼ਰੱਈਆਂ ਨੇ ਵੀ ਸ਼ਰਹ ਦੀ ਪਾਬੰਦੀ ਤੇ ਹੀ ਜ਼ੋਰ ਦਿੱਤਾ ਸੀ। ਮੁਸਲਮਾਨ ਨਿਰੋਲ ਸ਼ਰੀਅਤ ਦੀ ਸਿਫ਼ਤ ਦੀ ਹੀ ਕਹਾਣੀ ਪਾਉਂਦਾ ਸੀ। ਉਹ ਤਾਂ ਬੰਦਾ ਹੀ ਉਸ ਨੂੰ ਗਿਣਦਾ ਸੀ ਜੋ ਆਪਣੇ ਆਪ ਨੂੰ ਬੰਦੀ ਵਿਚ ਪਾਏ। ਗੁਰੂ ਗੋਬਿੰਦ ਸਿੰਘ ਜੀ ਨੇ 'ਕਰਮ ਨਾਸ਼' ਆਖ ਕੇ ਮਨੁੱਖ ਦੀ ਸਿੱਧੀ ਪਹੁੰਚ ਖ਼ੁਦਾ ਤਕ ਕਰ ਦਿੱਤੀ।

## ਧਰਮ ਨਾਸ਼

ਭਾਈ ਗੁਰਦਾਸ ਜੀ ਨੇ ਉਸ ਸਮੇਂ ਧਰਮਾਂ ਵਰਣਾਂ ਵਿਚ ਪਈ ਖਹਿ-ਖਹਿ ਦਾ ਜ਼ਿਕਰ ਬੜੇ ਦੁਖੀ ਹਿਰਦੇ ਨਾਲ ਕੀਤਾ ਹੈ:

ਚਾਰ ਵਰਨ ਚਾਰ ਮਜ਼ਹਬਾਂ,
ਜੱਗ ਵਿਚ ਹਿੰਦੂ ਮੁਸਲਮਾਣੇ।

Sri Satguru Jagjit Singh Ji eLibrary NamdhariElibrary@gmail.com

ਖੁੱਦੀ ਬਖੀਲੀ ਤਕੱਬਰੀ,
ਖਿਚੋਂਤਾਣ ਕਰੇਨਿ ਧਿਙਾਣੇ ।

ਦੀ ਪਉੜੀ ਲਿਖੀ ਹੈ। ਧਰਮਾਂ ਤੇ ਵਰਣਾਂ ਵਿਚ ਪਏ ਵਿਖੇਵੇਂ ਗੁਰੂ ਨਾਨਕ ਦੇਵ ਜੀ ਨੇ ਤੋੜੇ। ਗੁਰੂ ਗਰੰਥ ਸਾਹਿਬ ਇਸੇ ਦਾ ਚਮਤਕਾਰ ਹੈ। ਇਥੇ ਫ਼ਰੀਦ ਜੀ ਨੂੰ ਆਗਿਆ ਹੈ ਕਿ ਉਹ ਆਪਣੀ ਵਿਚਾਰ 'ਗੋਰਾਂ ਸੇ ਨਿਮਾਣੀਆਂ ਬੈਸਣ ਰੂਹਾਂ ਮਲ' ਨਿਸ਼ੰਗ ਹੋ ਕੇ ਆਖੇ, ਭਾਵੇਂ ਗੁਰੂ ਨਾਨਕ ਦੇਵ ਜੀ ਦਾ ਆਪਣਾ ਸਿਧਾਂਤ ਐਨ ਉਸ ਦੇ ਉਲਟ ਹੈ ਤੇ ਉਨ੍ਹਾਂ ਆਸਾ ਦੀ ਵਾਰ ਵਿਚ 'ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮਿਆਰ। ਘੜਿ ਭਾਂਡੇ ਇਟਾ ਕੀਆ ਜਲਦੀ ਕਰੇ ਪੁਕਾਰ'; ਦੀ ਧੁਨੀ ਲਗਾ ਕੇ ਦਰਸਾਇਆ ਹੈ। ਗੁਰੂ ਸਾਹਿਬਾਨ ਨੇ ਹਰ ਇਕ ਨੂੰ ਹੱਕ ਦਿੱਤਾ ਕਿ ਉਹ ਆਪਣੀ ਸੁਰ ਕੱਢੇ ਪਰ ਇਹ ਹੱਕ ਕਿਸੇ ਪਾਸ ਨਾ ਰਹਿਣ ਦਿੱਤਾ ਕਿ ਉਹ ਦੂਜੇ ਦੀ ਸੁਰ ਨੂੰ ਬੇਸੁਰਾ ਕਰੇ। 'ਹਿੰਦੂ ਤੁਰਕ ਕੋਉ, ਰਾਫਜੀ ਅਮਾਮ ਸਾਫੀ ਮਾਣਸ ਕੀ ਜਾਤ ਸਭੈ ਏਕੈ ਪਹਿਚਾਨਬੋ' ਆਖ ਕੇ ਧਰਮਾਂ ਦਾ ਵਿਖੇਵਾਂ ਮਿਟਾ ਹੀ ਦਿੱਤਾ। ਇਸੇ ਨੂੰ ਖਾਲਸਾ ਸਾਜਣ ਵੇਲੇ 'ਧਰਮ ਨਾਸ਼' ਕਹਿਆ। 'ਏਕੋ ਧਰਮ ਦ੍ਰਿੜੈ ਸਚਿ ਕੋਇ', ਗੁਰੂ ਨਾਨਕ ਜੀ ਆਖ ਗਏ ਸਨ: "ਏਕੋ ਤਖ਼ਤ ਏਕੋ ਪਾਤਸ਼ਾਹ, ਸਰਬੀ ਥਾਈ ਬੇਪ੍ਰਵਾਹ," ਵੀ ਗੁਰੂ ਨਾਨਕ ਜੀ ਦਾ ਹੀ ਹੁਕਮ ਹੈ ਅਤੇ 'ਹਮ ਇਹ ਕਾਜ ਜਗਤ ਮੋ ਆਏ, ਧਰਮ ਹੇਤ ਗੁਰਦੇਵ ਪਠਾਏ' ਲਿਖ ਕੇ ਗੁਰੂ ਗੋਬਿੰਦ ਸਿੰਘ ਜੀ ਨੇ ਪੂਰਤੀ ਕਰ ਦਿੱਤੀ। 'ਹਮਾ ਮਜ਼ਹਬ ਅਜ਼ ਮਨ ਹਸਤੰਦ' ਗੁਰੂ ਨਾਨਕ ਦੇਵ ਜੀ ਦੇ ਬਚਨ ਸਨ ਤੇ 'ਅਉਰ ਕਿਸੂ ਤੇ ਬੈਰ ਨ ਗਹਿ ਹੋ' ਕਲਗੀਆਂ ਵਾਲੇ ਦਾ ਫ਼ਰਮਾਨ ਸੀ।

ਬਸ, ਕਨਿੰਘਮ ਦੇ ਕਹਿਣ ਅਨੁਸਾਰ, ਸਿੰਘਾਂ ਲਈ ਜ਼ਰੂਰੀ ਹੈ ਕਿ ਉਹ ਧਰਮ, ਏਕਤਾ ਤੇ ਅਸਲੀ ਸਚਿਆਈ ਨੂੰ (ਪਾਖੰਡ, ਦਿਖਾਵਾ, ਡਿੰਭ, ਵਹਿਮ, ਫ਼ੁਟ ਤੇ ਊਚ-ਨੀਚ ਦੇ ਫ਼ਰਕ ਅਤੇ ਝੂਠ, ਧਰੋਹ, ਮਕਰ, ਮਿਲਾਉਟੀ ਸੱਖ ਛੱਡ ਕੇ) ਸਦਾ ਮੁੱਖ ਰੱਖਣ ਤੇ ਇਨ੍ਹਾਂ ਤਿੰਨਾਂ ਨੂੰ ਅਖੌਤੀ ਸਮਾਜਿਕ ਏਕਤਾ ਤੇ ਮਹਜ਼ ਰਾਜਨੀਤਕ ਬਰਾਬਰੀ ਤੋਂ ਉਤਾਂਹ ਰੱਖਣ।

□

Sri Satguru Jagjit Singh Ji eLibrary NamdhariElibrary@gmail.com

www.archive.org/details/namdhari



'ਸਵਈਏ ਮਹਲੇ ਚਉਥੇ ਕੇ" ਵਿਚ ਭੱਟ ਨੱਲ ਨੇ ਕਹਿਆ ਹੈ ਕਿ ਜਿਸ ਮਨੁੱਖ ਨੇ ਗੁਰੂ ਦਾ ਸ਼ਬਦ ਕੰਨਾਂ ਨਾਲ ਸੁਣਿਆ, ਉਹ ਕੱਚ ਤੋਂ ਸੋਨਾ ਹੋ ਗਿਆ; ਜਿਸ ਨੇ ਸਤਿਗੁਰੂ ਦਾ ਨਾਮ ਮੁੱਖੋਂ ਉਚਾਰਿਆ, ਉਸ ਦੀ ਸ਼ਖ਼ਸੀਅਤ ਜ਼ਾਹਿਰ ਤੌਂ ਅੰਮ੍ਰਿਤਮਈ ਹੋ ਗਈ; ਜਿਸ ਤੇ ਸਤਿਗੁਰੂ ਦੀ ਮੇਹਰ ਦੀ ਨਜ਼ਰ ਪਈ ਉਹ ਲੋਹੇ ਤੋਂ ਲਾਲ ਬਣ ਗਿਆ; ਜਿਨ੍ਹਾਂ ਮਨੁੱਖਾਂ ਨੇ ਗੁਰੂ ਦੇ ਦੱਸੇ ਗਿਆਨ ਨੂੰ ਵਿਚਾਰ ਕੇ ਜਪਿਆ, ਉਨ੍ਹਾਂ ਨੂੰ ਗੁਰੂ ਨੇ ਪੱਥਰਾਂ ਤੋਂ ਮਾਣਕ ਕਰ ਦਿੱਤਾ ਅਤੇ ਜਿਨ੍ਹਾਂ ਮਨੁੱਖਾਂ ਨੇ ਸਤਿਗੁਰ ਦੇ ਚਰਨ ਪਰਸੇ ਉਹ ਪਸ਼ੂ ਤੇ ਪ੍ਰੇਤਾਂ ਤੋਂ ਦੇਵਤੇ ਤੇ ਮਨੁੱਖ ਬਣ ਸੰਸਾਰ ਵਿਚ ਵਿਚਰੇ ਅਤੇ ਉਨ੍ਹਾਂ ਦੇ ਦੁੱਖ ਦਰਿਦ੍ਰ ਮਿਟ ਗਏ ਅਤੇ ਉਹ ਕਾਠ ਤੋਂ ਚੰਦਨ ਹੋ ਨਿੱਬੜੇ :

ਕਚਹੁ ਕੰਚਨੁ ਭਇਅਉ, ਸਬਦ ਗੁਰ ਸ੍ਰਵਣਹਿ ਸੁਣਿਓ ।  
ਬਿਖ ਤੇ ਅੰਮ੍ਰਿਤੁ ਹੁਯਉ, ਨਾਮ ਸਤਿਗੁਰ ਮੁਖਿ ਭਣਿਅਉ ।  
ਲੋਹਉ ਹੋਯਉ ਲਾਲੁ, ਨਦਰਿ ਸਤਿਗੁਰੂ ਜਦਿ ਧਾਰੈ ।  
ਪਾਹਣ ਮਾਣਕ ਕਰੈ, ਗਿਆਨੁ ਗੁਰ ਕਹਿਅਉ ਬੀਚਾਰੈ ।  
ਕਾਠਹੁ ਸ੍ਰੀ ਖੰਡ ਸਤਿਗੁਰ ਕੀਅਉ, ਦੁਖ ਦਰਿਦ੍ਰ ਤਿਨ ਕੇ ਗਇਅ ।  
ਸਤਿਗੁਰੂ ਚਰਨ ਜਿਨ ਪਰਸਿਆ, ਸੋ ਪਸੁ ਪਰੇਤ ਸੁਰਿ ਨਰ ਭਇਅ ॥੨॥੬॥

(ਪੰਨਾ ੧੩੯੯)

ਗੁਰੂ ਦਾ ਕਰਤਵ ਹੀ ਹੈ, ਮਾਣਸ ਤੋਂ ਦੇਵਤਾ ਬਣਾਉਣਾ । ਅਸੰਭਵ ਨੂੰ ਸੰਭਵ ਬਣਾ ਕੇ, ਮੁਸ਼ਕਲਾਂ ਹੱਲ ਕਰ ਦੇਣੀਆਂ । ਸੱਤਾ ਤੇ ਬਲਵੰਡ ਜੀ ਨੇ ਇਸੇ ਨੂੰ 'ਹੋਰਿਓ ਗੰਗੁ ਵਹਾਈਐ' ਆਖਿਆ ਹੈ ਅਤੇ ਲਾਲਾ ਦੌਲਤ ਰਾਇ ਨੇ ਉਲਟੀ ਗੰਗਾ ਵਗਾ ਦੇਣਾ । ਗੁਰੂ ਤੇਗ਼ ਬਹਾਦਰ ਜੀ ਬਾਰੇ ਲਾਲਾ ਜੀ ਨੇ ਲਿਖਿਆ ਸੀ ਕਿ ਆਜ ਤਕ ਯਿਹ ਤੋ ਹੂਆ ਹੈ ਕਿ ਕਾਤਿਲ ਮਕਤੂਲ ਕੇ ਪਾਸ ਜਾਏ, ਯਿਹ ਨਹੀਂ ਕਿ ਮਕਤੂਲ ਕਾਤਿਲ ਕੇ ਪਾਸ ਆਏ । ਐਸਾ ਕਰ ਕੇ ਗੁਰੁ ਤੇਗ਼ ਬਹਾਦਰ ਨੇ ਉਲਟੀ ਗੰਗਾ ਬਹਾ ਦੀ । ਕੁਝ ਐਸੀ ਹੀ ਕਰਾਮਾਤ ਉਲਟੀ ਗੰਗਾ, ਹੋਰਿਓ ਗੰਗ ਵਾਲੀ ਗੱਲ ਵਿਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਸਾਹਿਬ ਹੋਈ ।

ਉਹ ਅਸਲ ਕਰਾਮਾਤ ਅੰਮ੍ਰਿਤ ਦੀ ਮਹਾਨ ਘਟਨਾ ਪਿੱਛੇ ਹੀ ਛੁਪੀ ਰਹੀ । ਅੰਮ੍ਰਿਤ ਛਕਾਉਣ ਦੀ ਘਟਨਾ ਇਤਨੀ ਮਹਾਨ ਸੀ ਕਿ ਬਾਕੀ ਗੱਲਾਂ ਵੱਲ ਸਾਡਾ ਧਿਆਨ ਹੀ ਨਾ

ਗਿਆ। ਉਹ ਉਲਟੀ ਗੰਗਾ ਵਹਾਉਣਾ ਤੇ ਕਰਾਮਾਤ ਹੈ ਭਾਈ ਦਇਆ ਰਾਮ ਦਾ ਲਾਹੌਰ ਤੋਂ ਆ ਕੇ ਸੀਸ ਭੇਟਾ ਕਰਨਾ, ਭਾਈ ਧਰਮ ਦਾਸ ਦਾ ਦਿੱਲੀ ਤੋਂ ਉੱਠਣਾ, ਭਾਈ ਹਿੰਮਤ ਰਾਇ ਦਾ ਜਗਨ ਨਾਥ ਤੋਂ ਅਨੰਦਪੁਰ ਪੁੱਜ ਸੀਸ ਵਾਰਨਾ, ਭਾਈ ਮੁਹਕਮ ਚੰਦ ਦਾ ਦੁਆਰਕਾ ਤੋਂ ਆ ਕੇ ਕੁਰਬਾਨੀ ਦੇਣਾ ਅਤੇ ਭਾਈ ਸਾਹਿਬ ਚੰਦ ਜੀ ਦਾ ਬਿਦੂਰ ਤੋਂ ਆ ਕੇ ਗੁਰੂ ਤੋਂ ਸਦਕੇ ਜਾਣਾ। ਇਸ ਤੋਂ ਜਿੱਥੇ ਇਹ ਦ੍ਰਿੜ੍ਹ ਹੁੰਦਾ ਹੈ ਕਿ ਸਿੱਖੀ ਦੀ ਖ਼ੁਸ਼ਬੂ ਪੰਜਾਬ ਦੀਆਂ ਹੱਦਾਂ ਟੱਪ ਕੇ ਉੜੀਸਾ. ਕਰਨਾਟਕ ਅਤੇ ਸੌਰਾਸ਼ਟਰ-ਗੁਜਰਾਤ ਤਕ ਜਾ ਪੁੱਜੀ ਸੀ ਉਥੇ ਇਕ ਹੋਰ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਦਇਆ ਲਾਹੌਰ ਤੋਂ ਉਪਜੀ, ਧਰਮ ਦਿੱਲੀ ਵਿਚੋਂ ਆਇਆ, ਹਿੰਮਤ ਜਗਨ ਨਾਥ ਪੁਰੀ ਤੋਂ ਉੱਠੀ, ਮੁਹਕਮ ਦੀ ਸੂਰਤ ਦੁਆਰਕਾ ਨੇ ਦੇਖੀ ਅਤੇ ਸਾਹਿਬ ਬਿਦਰ ਨੂੰ ਪ੍ਰਾਪਤ ਹੋਇਆ। ਨਿਰੋਲ ਇਸੇ ਨੂੰ ਦੇਖਣ ਨਾਲ ਕਿ ਲਾਹੌਰ ਤੋਂ ਦਇਆ, ਦਿੱਲੀ ਤੋਂ ਧਰਮ, ਜਗਨ ਨਾਥ ਪੁਰੀ ਤੋਂ ਹਿੰਮਤ, ਦੁਆਰਕਾ ਤੋਂ ਮੁਹਕਮ ਤੇ ਬਿਦਰ ਤੋਂ ਸਾਹਿਬ ਆਏ, ਅਸਲ ਕਰਾਮਾਤ ਦਾ ਪਤਾ ਲੱਗ ਜਾਏਗਾ।

ਸੂਰਜ ਪ੍ਰਕਾਸ਼ ਦੇ ਕਰਤਾ ਭਾਈ ਸੰਤੋਖ ਸਿੰਘ ਨੇ ਰੁੱਤ ਤੀਜੀ ਦੇ ਅੰਸ਼ ੧੯ਵੀਂ; ਵਿਚ ਲਿਖਿਆ ਹੈ ਕਿ ਜਦ ਕਲਗੀਧਰ ਅੰਮ੍ਰਿਤ ਪਿਆਲ ਕੇ, ਅੰਮ੍ਰਿਤ ਦੇ ਛੱਟੇ ਨੈਨਾਂ ਅਤੇ ਕੇਸਾਂ ਵਿਚ ਮਾਰ ਅਤੇ ਫਿਰ ਪਿਆਲ ਚੁੱਕੇ ਤਾਂ ਮਹਾਰਾਜ ਨੇ ਪਹਿਲੇ ਪੰਜਾਂ ਕੋਲੋਂ ਨਾਂ ਪੁੱਛਿਆ ਤਾਂ ਉਨ੍ਹਾਂ ਨੇ ਕਹਿਆ :

ਲਵ ਪੁਰ ਜਨਮ ਬਸਨ ਕੇ ਧਾਮੂ<br>
ਦਜਾ (ਸਿੰਘ) ਗੁਰ ਬਖ਼ਸ਼ਯੋ ਨਾਮੂ ॥੩੦॥<br>
ਦੂਸਰ ਕਹੋ ਹਸਤਨਾ ਪੁਰ ਕੋ।<br>
ਨਾਮ ਧਰਮ (ਸਿੰਘ) ਮੈਂ ਜਿਖ ਗੁਰ ਕੋ।<br>
ਤ੍ਰਿਤੀਯੋ ਭਨਤਿ ਭਯੋ ਪ੍ਰਭੂ ਪਾਸੀ।<br>
ਪੁਰੀ ਦਵਾਰਕਾ ਹੈ ਮਮ ਵਾਸੀ ॥੩੧॥<br>
ਮੁਹਕਮ (ਸਿੰਘ) ਨਾਮ ਹੈ ਮੇਰਾ।<br>
ਚਤੁਰਥ ਸਿਖ ਬੋਲਯੋ ਕਰ ਜੇਰਾ।<br>
ਬਿਦਰਪੁਰੀ ਵਾਸੀ ਪਹਿਚਾਨੋ।<br>
ਸਾਹਿਬ (ਸਿੰਘ) ਨਾਮ ਮਮ ਜਾਨੋ ॥੩੨॥<br>
ਪੰਚਮ ਕਹਿ 'ਵਾਸੀ ਜਗੁ ਨਾਥ'<br>
ਹਿੰਮਤ (ਸਿੰਘ) ਨਾਮ, ਹੈ ਨਾਥ।

ਇਹ ਸੁਣ ਕੇ ਗੁਰੂ ਪਾਤਸ਼ਾਹ ਨੇ ਫ਼ਰਮਾਇਆ ਕਿ ਹੁਣ ਤੁਹਾਡੀ ਕੋਈ ਜਾਤ ਵਰਨ ਨਹੀਂ ਰਹੀ ਅਤੇ "**ਅਬ ਤੇ ਕਰਹੁ ਅਨੰਦ ਪੁਰ ਵਾਸੀ। ਪੰਚਹੁ ਨਾਮ ਧਰੇ ਗੁਨ ਰਾਸੀ।'** ਫਿਰ ਪਾਤਸ਼ਾਹ ਨੇ ਰਹਿਤ ਦੱਸੀ। ਦੋ ਸੌ ਤ੍ਰੀਹ ਸਾਲਾਂ ਦੀ ਘਾਲ ਦਾ ਸਿੱਟਾ ਇਹ ਸੀ ਕਿ ਉਨ੍ਹਾਂ ਥਾਵਾਂ ਤੋਂ ਉਹ ਬੁਕਿਆ ਜੋ ਉਥੇ ਕਦੇ ਹੋਇਆ ਨਹੀਂ ਸੀ ਅਤੇ ਨਾ ਹੀ ਕਦੇ ਹੋਣ ਦੀ ਸੰਭਾਵਨਾ ਸੀ।

## ਲਾਹੌਰ ਤੋਂ ਦਇਆ

ਲਾਹੌਰ ਸ਼ਹਿਰ ਬਾਰੇ ਸਲੋਕ ਵਾਰਾਂ ਤੋਂ ਵਧੀਕ ਵਿਚ ਗੁਰੂ ਨਾਨਕ ਜੀ ਦੀ ਇਕ

Sri Satguru Jagjit Singh Ji eLibrary NamdhariElibrary@gmail.com

ਤੁਕ ਹੈ : 'ਲਾਹੌਰ ਸਹਰੁ ਜਹਰੁ ਕਹਰੁ ਸਵਾ ਪਹਰੁ'। ਗੁਰੂ ਨਾਨਕ ਜੀ ਨੇ ਲਾਹੌਰ ਬਾਰੇ ਆਪਣਾ ਅਨੁਭਵ ਦੱਸਦੇ ਹੋਇਆਂ ਕਹਿਆ ਕਿ ਲਾਹੌਰ ਸ਼ਹਿਰ ਜ਼ਹਿਰ ਬਣਿਆ ਪਿਆ ਹੈ ਕਿਉਂਕਿ ਉਥੇ ਨਿੱਤ ਸਵੇਰੇ ਰੱਬੀ ਸਿਫ਼ਤ ਸਾਲਾਹ ਦੀ ਥਾਂ ਦਿਨ ਚੜ੍ਹੇ ਤਕ (ਸਵਾ ਪਹਿਰ) ਜੀਵਾਂ ਤੇ ਕਹਿਰ ਹੁੰਦਾ ਰਹਿੰਦਾ ਹੈ। ਦਇਆ ਨਾਂ ਦੀ ਕੋਈ ਵਸਤੂ ਉਥੇ ਲਾਹੌਰ ਵਿਚ ਨਹੀਂ। ਦੂਨੀ ਨੇ ਇਤਨਾ ਪ੍ਰਭਾਵ ਪਾ ਲਿਆ ਹੈ ਕਿ ਚਾਰੇ ਪਾਸੇ ਮਾਇਆ ਦਾ ਪਸਾਰਾ ਹੈ। ਵਿਸ਼ੇ ਭੋਗਣਾ ਹੀ ਜੀਵਨ ਮਨੋਰਥ ਬਣ ਗਿਆ ਹੈ। ਉਥੋਂ ਦੇ ਵਸਨੀਕਾਂ ਵਾਸਤੇ ਲਾਹੌਰ ਆਤਮਕ ਮੌਤ ਦਾ ਕਾਰਨ ਬਣ ਗਿਆ ਹੈ। ਪਰ ਗੁਰੂ ਅਮਰ ਦਾਸ ਜੀ ਅਗਲੇ ਸਲੋਕ ਵਿਚ ਰਹਿੰਦੇ ਹਨ ਕਿ ਉਸੇ ਲਾਹੌਰ ਦੀ ਸ਼ਕਲ ਹੁਣ ਬਦਲਣੀ ਸ਼ੁਰੂ ਹੋ ਗਈ ਹੈ। ਹੁਣ ਲਾਹੌਰ ਸ਼ਹਿਰ ਅੰਮ੍ਰਿਤ ਦਾ ਚਸ਼ਮਾ ਬਣ ਗਿਆ ਹੈ। ਪ੍ਰਮਾਤਮਾ ਦੀ ਸਿਫ਼ਤ ਸਾਲਾਹ ਹੋਣ ਲੱਗ ਪਈ ਹੈ ਕਿਉਂਕਿ ਗੁਰੂ ਰਾਮ ਦਾਸ ਜੀ ਦਾ ਜਨਮ ਲਾਹੌਰ ਵਿਖੇ ਹੋ ਗਿਆ ਹੈ। ਤੀਜੇ ਪਾਤਸ਼ਾਹ ਦਾ ਸਲੋਕ ਹੈ : 'ਲਾਹੌਰ ਸਹਰੁ ਅੰਮ੍ਰਿਤਸਰੁ ਸਿਫਤੀ ਦਾ ਘਰੁ' ॥੨੮॥ ਉਸੇ ਲਾਹੌਰ ਵਿਚ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਜੀ ਨੇ 'ਬੁਧੂ ਦਾ ਆਵਾ ਕੱਚਾ' ਕਹਿ ਕੇ ਦਇਆ ਦੇ ਅਰਥ ਬੁਧੂ ਜੀ ਨੂੰ ਸਮਝਾਏ ਜਿਸ ਨੇ ਕਮਲੀਆਂ ਦੇ ਪਾਟੇ ਕੱਪੜਿਆਂ ਨੂੰ ਦੇਖ ਕੇ ਘਰ ਦੇ ਦਰਵਾਜ਼ੇ ਬੰਦ ਕਰ ਦਿੱਤੇ ਸਨ। ਦਸਵੇਂ ਪਾਤਸ਼ਾਹ ਵੇਲੇ ਉਸੇ ਹੀ ਲਾਹੌਰ ਤੋਂ ਦਇਆ ਉੱਠੀ ਤੇ ਖਾਲਸੇ ਦਾ ਇਕ ਅੰਗ ਬਣ ਕੇ ਵਿਸ਼ਵ ਕਲਿਆਨ ਲਈ ਜੂਝੀ।

## ਦਿੱਲੀ ਤੋਂ ਧਰਮ

ਦਿੱਲੀ ਸਿਆਸਤ ਦੀ ਕਿੱਲੀ ਹੋਣ ਕਾਰਨ ਧਰਮ ਤੋਂ ਪਰ੍ਹਾਂ-ਪਰ੍ਹਾਂ ਹੀ ਰਹੀ। ਦਿੱਲੀ ਅਰੰਭ ਤੋਂ ਹੀ ਸਿਆਸੀ ਚਾਲਾਂ ਦਾ ਹੀ ਅਖਾੜਾ ਰਿਹਾ। ਧਰਮ ਵਾਲੀ ਗੱਲ ਉਥੇ ਨਾ ਚਲ ਸਕੀ। ਇਥੋਂ ਤਕ ਕਿ ਇਹ ਹੀ ਅਖਾਣ ਪ੍ਰਸਿੱਧ ਹੋ ਗਿਆ– ਦਿਲੀਸਰੋ, ਈਸ਼ਵਰੋ। ਜੋ ਦਿੱਲੀ ਦਾ ਰਾਜਾ ਹੈ, ਉਹ ਹੀ ਈਸ਼ਵਰ ਹੈ। ਦਿੱਲੀ ਨੇ ਨਿਰੇ ਰਾਜ ਬਦਲਣੇ ਹੀ ਨਹੀਂ ਦੇਖੇ ਧਰਮੀ ਪੁਰਸ਼ਾਂ ਤੇ ਨਿੱਤ ਨਵੇਂ ਹਮਲੇ ਵੀ ਹੁੰਦੇ ਦੇਖੇ। ਸਿਰਫ਼ ਔਰੰਗਜ਼ੇਬ ਦੀ ਹੀ ਵਾਰਤਾ ਕਾਫ਼ੀ ਹੈ ਜਿਸ ਨੇ ਤਖ਼ਤਿ-ਇ-ਤਾਊਸ ਤੇ ਬੈਠਣ ਵੇਲੇ ਪਹਿਲਾਂ ਪੈਰ ਆਪਣੇ ਪਿਤਾ (ਸ਼ਾਹਜਹਾਨ) ਦੀ ਛਾਤੀ ਤੇ ਰੱਖਿਆ ਤੇ ਦੂਜਾ ਪੈਰ ਆਪਣੇ ਵੱਡੇ ਭਰਾ (ਦਾਰਾ) ਦੇ ਖੋਪਰ ਤੇ। ਅਨੇਕਾਂ ਨਜ਼ਦੀਕੀ ਰਿਸ਼ਤੇਦਾਰਾਂ ਦੀਆਂ ਹੱਡੀਆਂ ਵਿਛਾ ਕੇ ਉਸ ਪਹਿਲੀ ਸੈਰ ਕੀਤੀ। ਇਥੋਂ ਤਕ ਕਿ ਸਰਮਦ ਵਰਗੇ ਧਰਮੀ ਨੂੰ ਕਤਲ ਕੀਤਾ। ਮੌਲਾਨਾ ਅਬੁਲਕਲਾਮ ਆਜ਼ਾਦ ਨੇ ਠੀਕ ਹੀ ਲਿਖਿਆ ਹੈ ਕਿ ਔਰੰਗਜ਼ੇਬ ਦੇ ਹਰ ਕਰਮ ਦਾ ਖ਼ੁਦਾ ਦੇ ਦਰਬਾਰ ਜੁਆਬ ਦਿੱਤਾ ਜਾ ਸਕਦਾ ਹੈ ਪਰ ਇਸ ਦਾ ਉੱਤਰ ਕਿਸੇ ਪਾਸ ਨਹੀਂ ਹੋਣ ਲੱਗਾ ਕਿ ਉਸ ਨੇ ਸਰਮਦ ਨੂੰ ਕਿਉਂ ਸ਼ਹੀਦ ਕੀਤਾ ? ਉਨ੍ਹਾਂ ਦਾ ਨਿਰੋਲ ਕਸੂਰ ਇਹ ਸੀ ਕਿ ਜਦ ਇਮਾਮ ਨਿਮਾਜ਼ ਪੜ੍ਹ ਰਿਹਾ ਸੀ ਤਾਂ ਉਹ ਵਿਚੋਂ ਹੀ ਛੱਡ ਕੇ ਤੁਰ ਪਏ। ਜਦ ਪਕੜ ਪੇਸ਼ ਕੀਤੇ ਗਏ ਕਿ ਉਨ੍ਹਾਂ ਨਿਮਾਜ਼ ਕਿਉਂ ਨਹੀਂ ਪੜ੍ਹੀ ਤਾਂ ਉਨ੍ਹਾਂ ਬੇਬਾਕੀ ਨਾਲ ਕਿਹਾ, "ਇਮਾਮ ਸਾਹਿਬ ! ਤੁਹਾਡਾ ਖ਼ਿਆਲ ਸੀ ਕਿ ਜੁੰਮੇ ਦੀ ਨਿਮਾਜ਼ ਵੇਲੇ ਬਾਦਸ਼ਾਹ ਆਇਆ ਹੈ, ਉਹ ਇਨਾਮ ਦੇਵੇਗਾ। ਜਿੱਥੇ ਇਮਾਮ ਦਾ ਮਨ ਡੋਲ ਰਿਹਾ ਹੋਵੇ, ਉਥੇ ਨਿਮਾਜ਼ ਪੜ੍ਹਨ ਦਾ ਕੀ ਫ਼ਾਇਦਾ।" ਫਿਰ ਜਦ ਇਮਾਮ ਪੁੱਛਿਆ ਕਿ 'ਰਸੂਲ ਲਿੱਲਾ' ਕਿਉਂ ਨਹੀਂ ਕਹਿੰਦਾ

Sri Satguru Jagjit Singh Ji eLibrary NamdhariElibrary@gmail.com

ਤਾਂ ਸਰਮਦ ਨੇ ਕਿਹਾ, "ਕੰਮਬਖ਼ਤਾ ! ਮੈਂ ਮੁਹੰਮਦ ਨਾਲੋਂ ਅੱਗੇ ਲੰਘ ਗਿਆ ਹਾਂ, ਮੈਨੂੰ ਫਿਰ ਕਿਉਂ ਉਸ ਦਵਾਲੇ ਚੱਕਰ ਲਵਾਂਦਾ ਹੈਂ।" ਧਰਮੀ ਵੀ ਭਲਾ ਕਦੀ ਝੁਕੇ ਹਨ ਸ਼ਾਹਾਂ ਅੱਗੇ। ਗੁਰੂ ਤੇਗ਼ ਬਹਾਦਰ ਜੀ ਵੀ ਧਰਮ ਹੇਤ ਦਿੱਲੀ ਪਠਾਏ, ਧਰਮ ਹੇਤ ਹੀ ਸਾਕਾ ਕੀਤਾ ਅਤੇ ਸੀਸ ਦੀਆ ਪਰ ਸਿਰਰ ਨ ਦੀਆ। ਕਲਗੀ ਵਾਲੇ ਦੀ ਆਵਾਜ਼ ਤੇ ਦਿੱਲੀ ਤੋਂ ਧਰਮ ਆਇਆ ਜੋ ਖ਼ਾਲਸੇ ਦਾ ਅਟੁੱਟ ਅੰਗ ਬਣਿਆ ਤੇ ਗੁਰੂ ਦਾ ਪਿਆਰਾ।

## ਜਗਨ ਨਾਥ ਤੋਂ ਹਿੰਮਤ

ਸਕੰਦ ਪੁਰਾਣ ਵਿਚ ਜਗਨ ਨਾਥ ਸੰਬੰਧੀ ਇਕ ਕਥਾ ਪ੍ਰਚਲਤ ਹੈ ਕਿ ਕ੍ਰਿਸ਼ਨ ਜੀ ਨੂੰ ਸ਼ਿਕਾਰੀ 'ਜਰ' ਨੇ ਮਾਰ ਦਿੱਤਾ ਅਤੇ ਉਨ੍ਹਾਂ ਦਾ ਮਿਰਤਕ ਸਰੀਰ ਬ੍ਰਿਛ ਹੇਠਾਂ ਹੀ ਪਿਆ-ਪਿਆ ਸੜ ਗਿਆ। ਕੁਝ ਸਮੇਂ ਬਾਅਦ ਕਿਸੇ ਕ੍ਰਿਸ਼ਨ ਭਗਤ ਨੇ ਅਸਥੀਆਂ ਨੂੰ ਸੰਦੂਕ ਵਿਚ ਪਾ ਕੇ ਉਥੇ ਹੀ ਦਬਾ ਦਿੱਤਾ। ਉੜੀਸਾ ਦੇ ਰਾਜੇ ਇੰਦਰ ਦਮਨ ਨੂੰ ਸੁਪਨੇ ਵਿਚ ਵਿਸ਼ਨੂੰ ਵਲੋਂ ਆਗਿਆ ਹੋਈ ਕਿ ਉਨ੍ਹਾਂ ਅਸਥੀਆਂ ਨੂੰ ਜਗਨ ਨਾਥ ਦਾ ਬੁੱਤ ਬਣਾ ਕੇ, ਉਸ ਵਿਚ ਅਸਥਾਪਣ ਕਰ ਦੇਵੋ। ਇੰਦਰਦਮਨ ਦੀ ਪ੍ਰਾਰਥਨਾ ਮੰਨ ਕੇ ਵਿਸ਼ਵਕਰਮਾ ਨੇ ਬੁੱਤ ਬਣਾਉਣਾ ਸ਼ੁਰੂ ਕੀਤਾ ਪਰ ਇਹ ਸ਼ਰਤ ਕਰ ਲਈ ਕਿ ਜੇ ਕੋਈ ਜਗਨ ਨਾਥ ਦੀ ਮੂਰਤੀ ਨੂੰ ਮੁਕੰਮਲ ਹੋਣ ਤੋਂ ਪਹਿਲਾਂ ਦੇਖ ਲਵੇਗਾ ਤਾਂ ਉਹ ਕੰਮ ਉਥੇ ਦਾ ਉਥੇ ਹੀ ਛੱਡ ਦੇਵੇਗਾ। ਪੰਦਰਾਂ ਦਿਨਾਂ ਮਗਰੋਂ ਰਾਜਾ ਬੇਸਬਰਾ ਹੋ ਗਿਆ ਤੇ ਵਿਸ਼ਵਕਰਮਾ ਪਾਸ ਪੁੱਜਾ। ਵਿਸ਼ਵਕਰਮਾ ਨੇ ਗ਼ੁੱਸੇ ਵਿਚ ਕੰਮ ਛੱਡ ਦਿੱਤਾ ਤੇ ਜਗਨ ਨਾਥ ਦਾ ਬੁੱਤ ਬਿਨਾਂ ਹੱਥਾ ਪੈਰਾਂ ਦੇ ਰਹਿ ਗਿਆ। ਉਹ ਬੁੱਤ ਹੁਣ ਉਸੇ ਤਰ੍ਹਾਂ ਉਥੇ ਪੁਰੀ ਵਿਚ ਅਸਥਾਪਣ ਹੈ। ਜਗਨ ਨਾਥ ਤਾਂ ਹੈ ਪਰ ਉਸ ਦੇ ਹੱਥ ਪੈਰ ਕੋਈ ਨਹੀਂ। **ਜਦ ਹਿੰਮਤ ਨਹੀਂ ਹੈ ਉਸ ਰਖਿਆ ਕੀ ਕਰਨੀ ਹੈ ?** ਜਗਤ ਦੀ ਰਖਿਆ ਲਈ ਵੱਡੀ ਲੋੜ ਹਿੰਮਤ ਦੀ ਹੈ ਜਿਸ ਦੀ ਘਾਟ ਨੇ ਹਿੰਦੁਸਤਾਨ ਨੂੰ ਸਦੀਆਂ ਤਕ ਗ਼ੁਲਾਮ ਬਣਾਈ ਰੱਖਿਆ। ਉਸੇ ਅਸਥਾਨ ਤੋਂ ਕਲਗੀਆਂ ਵਾਲੇ ਹਿੰਮਤ ਪੈਦਾ ਕੀਤੀ ਜਿੱਥੇ ਇਸ ਨੂੰ ਕੋਈ ਜਾਣਦਾ ਨਹੀਂ ਸੀ। ਉਹ ਹੀ ਹਿੰਮਤ ਖ਼ਾਲਸੇ ਦੀਆਂ ਰਗਾਂ ਵਿਚ ਸਮਾ ਗਈ। ਹਿੰਮਤ ਬਗ਼ੈਰ ਖ਼ਾਲਸਾ ਅਧੂਰਾ ਹੈ। ਇਹ ਵੀ ਯਾਦ ਰਹੇ ਕਿ ਹਿੰਮਤ ਰਾਇ ਜੀ ਦਾ ਜਨਮ ਉਸ ਝੀਊਰ ਭਾਈ ਛਜੂ ਦੇ ਘਰ ਹੋਇਆ ਸੀ ਜਿਸ ਤੇ ਗੁਰੂ ਹਰਿ ਕ੍ਰਿਸ਼ਨ ਜੀ ਨੇ ਛੜੀ ਰੱਖ, ਦ੍ਰਿਸ਼ਟੀ ਕਰ, ਗੀਤਾਂ ਦਾ ਅਰਥਾਂ ਸਮੇਤ ਪਾਠ ਕਰਾਇਆ ਸੀ। ਗੁਰੂ ਦੀ ਦ੍ਰਿਸ਼ਟੀ ਹੀ ਹਿੰਮਤ ਪੈਦਾ ਕਰਦੀ ਹੈ।

## ਦਵਾਰਕਾ ਤੋਂ ਮੁਹਕਮ

ਦਵਾਰਕਾ ਕਾਠੀਆਵਾੜ (ਗੁਜਰਾਤ) ਸਮੁੰਦਰ ਦੇ ਕਿਨਾਰੇ ਇਕ ਪੁਰੀ ਹੈ, ਜਿਸ ਦੀ ਗਿਣਤੀ ਹਿੰਦੂਆਂ ਦੀਆਂ ਸੱਤ ਪੁਰੀਆਂ ਵਿਚ ਹੈ। ਇਹ ਚਿਰਾਂ ਤਕ ਯਾਦਵਾਂ ਦੀ ਰਾਜਧਾਨੀ ਰਹੀ ਹੈ। ਉਥੇ ਇਕ ਮੰਦਰ ਹੈ ਜਿਸ ਵਿਚ 'ਰਣਛੋੜ' ਨਾਮ ਦੀ ਕ੍ਰਿਸ਼ਨ ਜੀ ਦੀ ਮੂਰਤੀ ਹੈ। ਜਿਸ ਸ੍ਰੀ ਕ੍ਰਿਸ਼ਨ ਨੇ ਗੀਤਾ ਦਾ ਉਪਦੇਸ਼ ਦੇ ਕੇ ਅਰਜਨ ਨੂੰ ਜੰਗ ਵਿਚ ਜੂਝਣ ਦਾ ਉਪਦੇਸ਼ ਦਿੱਤਾ, ਉਹ ਹੀ ਕ੍ਰਿਸ਼ਨ ਆਪੂੰ ਰਣ ਨੂੰ ਤਿਆਗ ਸਮੁੰਦਰ ਕਿਨਾਰੇ ਜਾ ਬੈਠੇ। ਕਰਮ ਯੋਗੀ ਕ੍ਰਿਸ਼ਨ 'ਰਣਛੋੜ' ਕ੍ਰਿਸ਼ਨ ਹੋ ਗਏ। ਇਸ ਦਾ ਸਿੱਟਾ ਕਈ ਰਾਜੇ, ਯੋਧੇ ਰਾਜਪੂਤ ਔਕੜ ਵੇਲੇ ਰਣ ਛੱਡ ਭੱਜ ਉਠਦੇ। ਉਸ ਨੂੰ ਉਹ ਕਾਇਰਤਾ ਨਹੀਂ, ਨੀਤੀ ਕਹਿੰਦੇ।

ਹਿੰਦੁਸਤਾਨ ਦੀ ਪੱਤ ਸਾਹਮਣੇ ਲੁਟੀਂਦੀ ਦੇਖਦੇ ਪਰ ਉਨ੍ਹਾਂ ਦੇ ਕੰਨਾਂ ਤੇ ਜੂੰ ਨਾ ਸਰਕਦੀ। ਕਲਗੀ ਵਾਲੇ ਨੇ 'ਅਤਿ ਹੀ ਰਣ ਮੈ ਤਬ ਜੂਝ ਮਰਹੂੰ' ਦਾ ਆਦੇਸ਼ ਦਿੱਤਾ ਤੇ ਉਸੇ ਰਣਛੋੜ ਵਾਲੀ ਥਾਂ ਤੋਂ ਮੁਹਕਮ ਪੈਦਾ ਕੀਤਾ। ਦ੍ਰਿੜ੍ਹ ਤੇ ਸਿਰੜ ਤੋਂ ਬਿਨਾਂ ਖਾਲਸਾ ਸੰਪੂਰਨ ਨਹੀਂ ਹੈ। ਮੁਹਕਮ ਦੀ ਦਾਤ ਬਖਸ਼ ਇਕ ਕਰਾਮਾਤ ਕਰ ਦਿਖਾਈ।

## ਬਿਦਰ ਤੋਂ ਸਹਿਬ

ਬਿਦਰ ਬਾਰੇ ਇਹ ਲਿਖਿਆ ਮਿਲਦਾ ਹੈ ਕਿ ਰਾਜਾ ਵਿਚਤ੍ਰ ਵੀਰ ਦੀ ਦਾਸੀ ਸੁਦੇਸ਼ਨਾਂ ਦੇ ਉਦਰ ਤੋਂ ਉਹ ਵਿਆਸ ਦਾ ਪੁੱਤਰ ਸੀ। ਦਾਸੀ ਪੁੱਤਰ ਹੋਣ ਕਾਰਨ ਕੌਰਵ ਇਸ ਦੀ ਸ਼ੁੱਭ ਸਿਖਿਆ ਨਹੀਂ ਮੰਨਦੇ ਸਨ। ਕ੍ਰਿਸ਼ਨ ਜੀ ਨੇ ਇਸ ਦੇ ਸਦਾਚਾਰੀ ਸੁਭਾਅ, ਨਿਮ੍ਰਤਾ ਨੂੰ ਵੇਖ ਟਿਕਾਣਾ ਇਸੇ ਪਾਸ ਕੀਤਾ ਸੀ ਤੇ ਦੁਰਯੋਧਨ ਦੇ ਮਹੱਲਾਂ ਵਿਚ ਨਹੀਂ ਸਨ ਗਏ। ਇਹ ਇਕ ਬਹੁਤ ਭਾਰੀ ਕਰਮ ਸੀ। ਬਿਦਰ ਨੂੰ ਸਤਿਕਾਰ ਤਾਂ ਜ਼ਰੂਰ ਮਿਲਿਆ ਪਰ ਰਾਜ (ਸਾਹਿਬੀ) ਉਹ ਨਾ ਦਿਵਾਲ ਸਕੇ। ਇਹ ਗੁਰੂ ਗੋਬਿੰਦ ਸਿੰਘ ਜੀ ਦੇ ਹੀ ਹਿੱਸੇ ਆਇਆ ਹੈ ਕਿ 'ਜਿਨ੍ਹ ਕੀ ਜਾਤ ਬਰਨ ਕੁਲ ਮਾਹੀ। ਸਰਦਾਰੀ ਨ ਭਈ ਕਦਾਂਹੀ' ਉਨ੍ਹਾਂ ਨੂੰ ਸਰਦਾਰ ਬਣਾਇਆ। ਉਸੇ ਬਿਦਰ ਤੋਂ ਸਾਹਿਬ ਪੈਦਾ ਕਰ ਕੇ ਸਦਾ ਲਈ 'ਸਾਹਿਬੀ' ਸਰਦਾਰੀ ਖਾਲਸੇ ਨੂੰ ਬਖ਼ਸ਼ ਦਿੱਤੀ। ਹੁਣ ਖਾਲਸਾ 'ਦਇਆ, ਧਰਮ, ਹਿੰਮਤ, ਮੁਹਕਮ ਤੇ ਸਾਹਿਬ' ਦਾ ਸਮੂਹ ਹੈ।

ਇਕ ਰਵਾਇਤ ਹਦੀਸਾਂ ਵਿਚ ਆਉਂਦੀ ਹੈ ਕਿ ਆਦਮੀ ਨੂੰ ਬਣਾਂਦਿਆਂ ੨੩੦ ਸਾਲ ਲੱਗੇ ਅਤੇ ਜਦ ਆਦਮ ਤਿਆਰ ਹੋ ਗਿਆ ਤਾਂ ਖ਼ੁਦਾ ਨੇ ਸਾਰੇ ਦੇਵਤਿਆਂ ਨੂੰ ਕਿਹਾ ਕਿ ਉਹ ਇਸ ਆਦਮ ਅੱਗੇ ਸਿਰ ਝੁਕਾਉਣ। ਕਹਿੰਦੇ ਹਨ ਕਿ ਸਭ ਦੇਵਤਿਆਂ ਨੇ ਸਿਰ ਨਿਵਾਇਆ ਪਰ ਸ਼ੈਤਾਨ ਨੇ ਇਨਕਾਰ ਕਰ ਦਿੱਤਾ। ਸ਼ੈਤਾਨ ਤੇ ਆਦਮ ਦੀ ਲੜਾਈ ਹੁੰਦੀ ਰਹੀ। ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਦੀ ਮੇਹਰ ਹੋਈ। ਪੂਰੇ ੨੩੦ ਸਾਲ ਬਾਅਦ (੧੪੬੯—੧੬੯੯ ਈ:) ਇਕ ਐਸਾ ਖਾਲਸਾ ਤਿਆਰ ਕਰ ਦਿੱਤਾ ਜਿਸ ਅੱਗੇ ਸਭ ਸ਼ੈਤਾਨੀ ਤਾਕਤਾਂ ਝੁਕੀਆਂ। ਸ਼ਾਇਦ ਇਸ ਲਈ ਖਾਲਸੇ ਦੇ ਸਾਜਨ ਦੀ ਸਾਰੀ ਘਟਨਾ ਉਪ੍ਰੰਤ ਸੂਰਜ ਪ੍ਰਕਾਸ਼ ਦੇ ਲਿਖਾਰੀ ਨੇ ਲਿਖਿਆ :

ਵਾਹਿਗੁਰੂ ਜੀ ਕੀ ਭਯੋ ਖਾਲਸਾ ਸੁਨੀਕਾ ਅਤਿ,
ਵਾਹਿਗੁਰੂ ਜੀ ਕੀ ਮਿਲ ਫਤੇ ਸੋ ਬੁਲਾਈ ਹੈ।
ਪੀਰ ਪਾਤਸ਼ਾਹ ਕਰਾਮਾਤੀ ਜੋ ਅਪਰ ਪੰਥ, ਹਿੰਦੂ ਕਿ
ਤੁਰਕ ਹੂੰ ਕੀ ਕਾਨ ਕੋ ਮਿਟਾਈ ਹੈ।

ਅਤੇ

ਧਰਮ ਸਥਾਪਬੇ ਕੋ,
ਪਾਪਨ ਕੇ ਖਾਪਬੇ ਕੋ,
ਗੁਰੂ ਜਾਪਬੇ ਕੋ,
ਨਈ ਰੀਤ ਯੌਂ ਚਲਾਈ ਹੈ।

Sri Satguru Jagjit Singh Ji eLibrary NamdhariElibrary@gmail.com

# ਅਨੰਦ ਕਾਰਜ
## (ਕੁਝ ਵਿਚਾਰ ਤੇ ਦੀਖਿਆ)

ਸਾਡੇ ਘਰ ਵਿਆਹ ਦੀ ਰਸਮ ਨੂੰ ਅਨੰਦ ਕਾਰਜ ਦੀ ਮਰਯਾਦਾ ਆਖ ਕੇ ਯਾਦ ਕੀਤਾ ਜਾਂਦਾ ਹੈ। ਅਨੰਦ ਦੇ ਅਰਥ ਹਨ, ਉਹ ਖ਼ੁਸ਼ੀ ਜੋ ਸਦਾ ਲਈ ਹੋਵੇ, ਜੋ ਕਦੇ ਨਾ ਟੁੱਟੇ, ਕਦੇ ਨਾ ਭੱਜੇ। ਸੰਸਾਰ ਦੀਆਂ ਸਾਰੀਆਂ ਖ਼ੁਸ਼ੀਆਂ ਜਿਨ੍ਹਾਂ ਦਾ ਸੰਬੰਧ ਸਰੀਰਾਂ ਨਾਲ ਹੈ, ਛਿਨ ਭਰ ਲਈ ਹਨ। ਸ਼ਾਦੀ ਤੇ ਵਿਆਹ ਦੀ ਖ਼ੁਸ਼ੀ ਵੀ ਥੋੜ੍ਹੇ ਜੇਹੇ ਸਮੇਂ ਹੀ ਰਹਿੰਦੀ ਹੈ। ਪਹਿਲਾਂ ਚਾਓ ਤੇ ਫਿਰ ਮਾਮਲੇ ਤਾਂ ਬਾਬਾ ਫਰੀਦ ਜੀ ਵੀ ਆਖਦੇ ਹਨ। ਪਰ ਅਨੰਦ ਸਦਾ ਲਈ ਹੈ। ਅਬਿਨਾਸ਼ੀ ਖੇਮ ਹੈ। ਇਹ ਸਰੀਰਾਂ ਵੱਧ ਨਾਲੋਂ ਆਤਮਾਵਾਂ ਦਾ ਮਿਲਾਪ ਹੈ। ਸਰੀਰ ਬੇਸ਼ਕ ਦੇਖਣ ਨੂੰ ਦੋ ਲੱਗਦੇ ਹਨ, ਪਰ ਜੋਤਿ ਇਕ ਹੈ।

ਗਵਾਂਢੀ ਹਿੰਦੂ ਭਰਾ ਗ੍ਰਿਹਸਤ ਨੂੰ ਆਸ਼ਰਮ ਕਹਿੰਦਾ ਹੈ। ਪਹਿਲਾਂ ਬ੍ਰਹਮਚਾਰੀਆ, ਫਿਰ ਗ੍ਰਿਹਸਤ, ਪਿਛੋਂ ਬਾਨਪ੍ਰਸਤੀ ਅਤੇ ਅੰਤ ਨੂੰ ਸੰਨਿਆਸੀ ਪਰ ਸਿੱਖ ਘਰ ਗ੍ਰਿਹਸਤ ਧਰਮ ਹੈ। ਮੁਸਲਮਾਨ ਵੀਰ ਇਸ ਨੂੰ ਸੌਦਾ ਕਹਿੰਦੇ ਹਨ। ਨਿਕਾਹ ਵੇਲੇ ਮਹਰ ਦੀ ਰਕਮ ਤਹਿ ਕੀਤੀ ਜਾਂਦੀ ਹੈ। ਪਛਮੀ ਇਸ ਨੂੰ ਸਾਥ। ਪਰ ਇਥੇ ਨਾ ਆਸ਼ਰਮ ਹੈ, ਨਾ ਸੌਦਾ ਅਤੇ ਨਾ ਹੀ ਸਾਥ। ਇਹ ਧਰਮ ਹੈ। ਇਹ ਹਠੀ ਲੋਕਾਂ ਦੀ ਵਾਰਤਾ ਹੈ ਕਿ ਸੰਸਾਰ ਤੋਂ ਤਿਆਗੇ ਬਗ਼ੈਰ ਅਨੰਦ ਨਹੀਂ ਤੇ ਦੂਜੀ ਧਿਰ ਕਹਿੰਦੀ ਹੈ ਸੰਸਾਰ ਵਿਚ ਹੀ ਸਭ ਮੌਜ ਹੈ। ਗੁਰੂ ਜੀ ਦਾ ਫ਼ਰਮਾਨ ਹੈ : ਧਰਮ ਹੀ ਰਹਬਰੀ, ਅਗਵਾਈ ਕਰ ਦੱਸੇਗਾ ਕਿ ਕਿਤਨਾ ਦੁਨੀਆਂ ਵਿਚ ਰਹਿਣਾ ਹੈ ਤੇ ਕਿਤਨਾ ਉੱਚਾ :

ਪਰਵਿਰਤੀ ਨਿਰਵਿਰਤੀ ਦੋਇ ਹਾਠਾਂ,
ਵਿਚਿ ਧਰਮ ਫਿਰੈ ਰੈਬਾਰਿਆ।

ਗੁਰੂ ਪਾਤਸ਼ਾਹਾਂ ਨੇ ਗ੍ਰਿਹਸਤ ਨੂੰ ਮਹੱਤਤਾ ਤੇ ਉੱਚਤਾ ਇਸ ਲਈ ਦਿੱਤੀ ਕਿਉਂਕਿ ਇਹ ਵਾਹਿਗੁਰੂ ਦਾ ਮਿਲਾਪ ਦਾ ਇਕ ਸਾਧਨ ਹੈ। ਇਕ ਸਿੱਖ, ਸਿੱਖ ਹੈ ਤੇ ਜਦ ਦੋ ਹੋ ਜਾਂਦੇ ਹਨ ਤਾਂ ਉਹ ਸਾਧ ਸੰਗਤ ਹੋ ਜਾਂਦੀ ਹੈ। ਗੁਰਮੁਖ ਦਾ ਮੇਲ, ਅਸੀਂ ਰੋਜ਼ ਇਸੇ ਲਈ ਮੰਗਦੇ ਹਾਂ ਅਤੇ ਵਰ ਢੂੰਢਣ ਵੇਲੇ ਗੁਰਮੁਖ ਪ੍ਰਵਾਰ ਦੀ ਭਾਲ ਇਸੇ ਲਈ ਕਰਦੇ ਹਾਂ,

Sri Satguru Jagjit Singh Ji eLibrary NamdhariElibrary@gmail.com

ਕਿਉਂਕਿ ਸਾਧ ਸੰਗਤ ਪੱਕਿਆਂ ਤੌਰ ਉੱਤੇ ਬਣਾਉਣੀ ਹੈ। 'ਘਰ ਘਰ ਅੰਦਰ ਧਰਮਸਾਲ' ਦਾ ਭਾਵ ਇਹ ਹੀ ਸੀ।

ਫਿਰ ਪੰਜਾਂ ਮਹਾਂਬਲੀਆਂ ਵਿਚੋਂ ਸਭ ਤੋਂ ਖ਼ਤਰਨਾਕ ਉਪਦਰਵੀ ਕਾਮ ਹੀ ਹੈ। 'ਕਾਮ ਨੂੰ ਨਰਕ ਬਿਸ੍ਰਾਮੰ' ਕਿਹਾ ਗਿਆ ਹੈ। ਇਸ ਨੂੰ ਕਿਸੇ ਸੰਜਮ, ਮਰਯਾਦਾ ਵਿਚ ਬੰਨ੍ਹਣਾ, ਬਹੁਤ ਜ਼ਰੂਰੀ ਸੀ। ਕਾਮ ਨੂੰ ਬੰਨ੍ਹਣ ਦਾ ਸਭ ਤੋਂ ਸਹਿਲ ਢੰਗ ਇਹੀ ਸੀ ਕਿ ਇਸ ਨੂੰ ਸੰਜਮ ਵਿਚ ਲਿਆ ਕੇ—'ਗ੍ਰਹਿਸਤ' ਬਣਾ ਦਿੱਤਾ ਜਾਏ। ਜੋ ਦਰਿਆ ਕਿਸੇ ਵੇਲੇ ਕਾਬੂ ਨਹੀਂ ਆਉਂਦੇ, ਉਨ੍ਹਾਂ ਉੱਤੇ ਸਿਆਣੇ ਇੰਜੀਨੀਅਰ ਬੰਧ ਬਣਾ ਦਿੰਦੇ ਹਨ, ਫਿਰ ਉਹ ਹੀ ਜਲ ਜੋ ਹੜ੍ਹ ਵਿਚ ਆ ਕੇ ਤਬਾਹੀ ਮਚਾਂਦੇ ਹਨ, ਕਿਸੇ ਸੰਜਮ ਵਿਚ ਆ ਕੇ ਖੇਤੀਆਂ ਹਰੀਆਂ ਕਰਦਾ ਹੈ ਤੇ ਬਿਜਲੀਆਂ ਦੀ ਰੌਸ਼ਨੀ ਦਿੰਦੇ ਹਨ ਤੇ ਨਜ਼ਾਰੇ ਬਣਾਂਦਾ ਹੈ। 'ਕਾਮ ਕਰੋਧ ਦੁਇ ਕਰਹੁ ਬਸੋਲੇ ਗੋਡਹੁ ਧਰਤੀ ਭਾਈ' ਗੁਰੂ ਨਾਨਕ ਜੀ ਦਾ ਹੀ ਫ਼ਰਮਾਨ ਹੈ।

ਹੋਰ, ਗੁਰੂ ਗਰੰਥ ਸਾਹਿਬ ਵਿਚ ਵਾਹਿਗੁਰੂ ਨੂੰ ਪ੍ਰਾਪਤ ਕਰਨ ਲਈ ਹਰ ਇਕ ਨੂੰ ਹੀ ਇਸਤਰੀ ਬਣਨਾ ਪੈਂਦਾ ਹੈ ਤੇ ਇਸਤਰੀ ਨੂੰ ਉਹ ਉੱਚ ਅਸਥਾਨ ਦੇ ਕੇ ਮਨੁੱਖ ਨੂੰ ਇਸਤਰੀ ਨਾਲ ਰਹਿਣ ਦਾ ਸਾਧਨ ਬਣਾਉਣਾ ਹੀ ਗ੍ਰਹਿਸਤ ਹੈ। ਗੁਰੂ ਅਮਰ ਦਾਸ ਜੀ ਨੇ ਵਡਹੰਸ ਦੀ ਵਾਰ ਵਿਚ ਫ਼ਰਮਾਇਆ ਹੈ, 'ਇਸ ਜਗ ਮਹਿ ਪੁਰਖ ਏਕੁ ਹੈ ਹੋਰ ਸਗਲੀ ਨਾਰਿ ਸਬਾਈ'।

ਸੋ ਗ੍ਰਹਿਸਤ ਜ਼ਰੂਰੀ ਸੀ ਤੇ ਭਾਈ ਗੁਰਦਾਸ ਜੀ ਨੇ ਇਸ ਨੂੰ ਸਾਰਿਆਂ ਤੋਂ ਪ੍ਰਧਾਨ ਦੱਸਿਆ। ਗ੍ਰਹਿਸਤੀ ਦਾਨ ਕਰ ਕੇ ਸਾਧੂ ਦੀ ਕਮਾਈ ਵੀ ਖਿੱਚ ਲੈਂਦਾ ਹੈ ਤੇ ਕਿਰਤ ਕਰ ਕੇ ਆਪਣੀ ਵੀ ਇਕੱਠੀ ਕਰੀ ਚਲੀ ਜਾਂਦਾ ਹੈ। ਇਸ ਲਈ ਕਿਸੇ ਸਮੇਂ ਵੀ ਗ੍ਰਹਿਸਤ ਧਰਮ ਦੀ ਮਹੱਤਤਾ ਨੂੰ ਘੱਟ ਨਹੀਂ ਕਹਿਣਾ ਤੇ ਨਾ ਹੀ ਘੱਟ ਮੰਨਣਾ ਹੈ।

ਲਾਵਾਂ ਲੈਣ ਉਪ੍ਰੰਤ ਲਾੜੇ ਨੇ ਕੰਤ ਬਣ ਜਾਣਾ ਹੈ ਤੇ ਬੱਚੀ ਨੇ ਸੁਹਾਗਣ। ਇਹ ਦੋ ਅੱਖਰ ਸਮਝਣ ਨਾਲ ਹੀ ਅਨੰਦ ਮਰਯਾਦਾ ਤੇ ਗ੍ਰਹਿਸਤ ਜੀਵਨ ਦੇ ਮੁੱਖ ਲੱਛਣ ਸਮਝ ਆ ਜਾਣਗੇ। ਸੰਸਾਰ ਦੇ ਖਿੜੇ ਹੋਏ ਬਾਗ਼ ਵਿਚੋਂ ਪੁਰਸ਼ ਫੁੱਲ ਦੀ ਮਹਿਕ ਦੇਖ ਫੁੱਲ ਨੂੰ ਹੀ ਤੋੜਨ ਦੀ ਕੋਸ਼ਿਸ਼ ਕਰਦਾ ਹੈ, ਪਰ ਮਾਲੀ ਨੂੰ ਵੇਖ ਰੁਕ ਜਾਂਦਾ ਹੈ, ਪਰ ਸਿਆਣਾ ਮਾਲੀ ਕਹਿੰਦਾ ਹੈ ਕਿ ਤੈਨੂੰ ਇਕ ਨਹੀਂ ਮੈਂ ਇਕ ਪੂਰੀ ਵੇਲ ਦੇਣ ਨੂੰ ਤਿਆਰ ਹਾਂ ਪਰ ਸ਼ਰਤ ਸਿਰਫ਼ ਇਤਨੀ ਹੈ ਕਿ ਕਿਸੇ ਇਕ ਵੇਲ ਉੱਤੇ ਹੱਥ ਰੱਖਣ ਤੋਂ ਪਹਿਲਾਂ ਪੂਰੀ ਤਰ੍ਹਾਂ ਸੋਚ ਵਿਚਾਰ ਕਰ ਲੈ। ਇਕ ਵੇਲ ਨੂੰ ਅਪਨਾ ਕੇ ਫਿਰ ਤੂੰ ਹੋਰ ਕਿਸੇ ਪਰ-ਵੇਲ ਵੱਲ ਦੇਖਿਆ, ਛੋਹਿਆ ਜਾਂ ਲਪਕਿਆ ਤਾਂ ਇਨਸਾਨ ਦੀ ਪਦਵੀ ਤੋਂ ਗਿਰ ਜਾਏਂਗਾ। ਜੇ ਸਾਰੀ ਜ਼ਿੰਦਗੀ ਇਸੇ ਵੇਲ ਨੂੰ ਅਪਣਾਈ ਰੱਖਿਆ ਤੇ ਇਸੇ ਦੇ ਪਿਆਰ ਵਿਚ ਜ਼ਿੰਦਗੀ ਗੁਜ਼ਾਰ ਦਿੱਤੀ ਤਾਂ ਤੇ ਧਰਮ ਦੀ ਨਜ਼ਰ ਵਿਚ ਤੂੰ ਕੰਤ ਹੈਂ। 'ਪਰ ਵੇਲਿ ਨਾ ਜੋਹੇ, ਕੰਤ ਤੂੰ'। ਪੂਰੀ ਤੁਕ ਹੈ :

ਕਿਆ ਗਾਲਾਇਓ ਭੂਛ ਪਰ ਵੇਲਿ ਨ ਜੋਹੇ ਕੰਤ ਤੂ।
ਨਾਨਕ ਫੁਲਾ ਸੰਦੀ ਵਾੜਿ ਖਿੜਿਆ ਹਭੁ ਸੰਸਾਰ ਜਿਉ।

(ਡਖਣੇ ਮਾਰੂ ਵਾਰ ਮ: ੫)

ਸਾਹਿਬ ਗੁਰੂ ਤੇਗ ਬਹਾਦਰ ਜੀ ਦਾ ਫ਼ਰਮਾਨ ਹੈ, "ਨਿਜ ਨਾਰੀ ਕੇ ਸੰਗ ਨੇਹੁ, ਤੁਮ ਨਿਤ ਬਢੀਅਹੁ, ਪਰ ਨਾਰੀ ਕੀ ਸੇਜ ਭੂਲ ਸੁਪਨੇ ਹੂੰ ਨ ਜਾਈਅਹੁ'। ਕੈਸੀ ਕਸਵੱਟੀ

Sri Satguru Jagjit Singh Ji eLibrary NamdhariElibrary@gmail.com

ਗੁਰੂ ਜੀ ਸਾਨੂੰ ਦੇ ਗਏ। ਜੇ ਘਰਵਾਲੀ ਨਾਲ ਪਿਆਰ ਵਧ ਰਿਹਾ ਹੈ ਤਾਂ ਗ੍ਰਹਿਸਤੀ ਅਤੇ ਜੇ ਘਟ ਗਿਆ ਹੈ ਤਾਂ ਕਾਮੀ।'

ਬੱਚੀ ਸੁਹਾਗਣ ਬਣਨ ਲੱਗੀ ਹੈ। ਸੁਹਾਗਣ ਦੇ ਲੱਛਣ ਬਾਬਾ ਫ਼ਰੀਦ ਜੀ ਦੀ ਨਜ਼ਰ ਵਿਚ ਇਹ ਹਨ, 'ਜਿਨ੍ਹਾਂ ਨਾਉ ਸੁਹਾਗਣੀ ਤਿਨਾ ਝਾਕ ਨਾ ਹੋਰ'। ਉਹ ਆਪਣੇ ਪਾਸ ਤਿੰਨੇ ਭੱਭੇ ਸਾਂਭ ਰੱਖਦੀ ਹੈ। ਪਹਿਲਾ ਹੈ, '**ਭੈ ਕੀਆ ਦੇਹਿ ਸਲਾਈਆਂ ਨੈਣੀ**' ਜੀਵਨ ਨੂੰ ਕਿਸੇ ਸੰਜਮ ਵਿਚ ਗੁਜ਼ਾਰਣਾ। ਦੂਜਾ ਹੈ, '**ਭਾਵ ਕਾ ਕਰਿ ਸੀਗਾਰੋ**' ਸਦਾ ਪਿਆਰ ਮੂਰਤ ਹੋ ਕੇ ਰਹਿਣਾ ਅਤੇ ਤੀਜਾ ਭੱਭਾ ਰਤਾ ਕੁ ਕਠਨ ਹੈ। ਗੁਰੂ ਨਾਨਕ ਜੀ ਤਿਲੰਗ ਰਾਗ ਵਿਚ ਫ਼ਰਮਾਂਦੇ ਹਨ, 'ਜਾਇ ਪੁਛਹੁ ਸੁਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ' ਤਾਂ ਆਪ ਜੀ ਲਿਖਦੇ ਹਨ. '**ਜੋ ਕਿਛ ਕਰੈ ਸੋ ਭਲਾ ਕਰ ਮਾਨੀਐ, ਹਿਕਮਤ ਹੁਕਮ ਚੁਕਾਈਐ**।' ਹਿਕਮਤ ਤੇ ਹੁਕਮ ਹੀ ਤਾਂ ਸ਼ਹੁ ਦਾ ਬਣਨ ਨਹੀਂ ਦਿੰਦੇ। ਮੈਂ ਪਤੀ ਹਾਂ ਤੇ ਮੇਰਾ ਹੁਕਮ ਟੁਰਨਾ ਚਾਹੀਦਾ ਹੈ ਅਤੇ ਮੈਂ ਸਿਆਣੀ ਹਾਂ ਮੇਰੀ ਤੁਸੀਂ ਸੁਣਦੇ ਨਹੀਂ, ਮੰਨਦੇ ਨਹੀਂ, ਇਨ੍ਹਾਂ ਦੋਹਾਂ ਹੁਕਮ ਤੇ ਹਿਕਮਤ ਨੂੰ ਖ਼ਤਮ ਕਰਨਾ ਪਵੇਗਾ ਫਿਰ 'ਭਲਾ' ਆਪ-ਮੁਹਾਰੇ ਜ਼ਬਾਨ ਉੱਤੇ ਆ ਜਾਵੇਗਾ।

ਕੰਤ ਤੇ ਸੁਹਾਗ ਬਣਨ ਲਈ ਚਾਰ ਲਾਵਾਂ ਗੁਰੂ ਰਾਮਦਾਸ ਜੀ ਨੇ ਲਿਖੀਆਂ ਹਨ।ਸਭ ਤੋਂ ਪਹਿਲਾਂ ਇਹ ਦੇਖਣ ਯੋਗ ਹੈ ਕਿ ਇਹ ਲਾਵਾ ਗੁਰੂ ਗਰੰਥ ਸਾਹਿਬ ਵਿਚ ਕਿਹੜੇ ਰਾਗ ਅਤੇ ਕਿਸ ਥਾਂ ਤੇ ਅੰਕਤ ਹਨ। ਸੂਹੀ ਰਾਗ ਵਿਚ ਇਨ੍ਹਾਂ ਦਾ ਅੰਕਤ ਕਰਨਾ ਪ੍ਰਗਟਾਉਂਦਾ ਹੈ ਕਿ ਇਹ ਮਿਲਾਪ ਦਾ ਰਾਹ ਦਰਸਾਉਣ ਲਈ ਲਿਖੀਆਂ ਹਨ। ਸੂਹੀ ਮਿਲਾਪ ਦਾ ਰਾਗ ਹੈ। ਫਿਰ ਇਸ ਤੋਂ ਪਹਿਲਾਂ ਕਾਫ਼ੀ, ਕੁਚੱਜੀ, ਸੁਚੱਜੀ, ਗੁਣਵੰਤੀ ਅਤੇ ਕੁੜਮਾਈ ਦੇ ਸ਼ਬਦ ਹਨ। ਪਹਿਲਾਂ ਤੜਪ ਪੈਦਾ ਕਰਨੀ, ਫਿਰ ਕੁਚੱਜਪੁਣਾ ਦੂਰ ਕਰ ਕੇ, ਸੁਚੱਜਾ ਹੋ ਗੁਣਾਂ ਦਾ ਮਾਲਕ ਬਣ, ਹਉਮੈ ਰੋਗ ਗਵਾ, ਸਤ, ਸੰਤੋਖ, ਭਾਉ ਦਾ ਰੂਪ ਬਣ ਕੇ ਲਾਵਾਂ ਲੈਣ ਲਈ ਸੰਗਤਿ ਵਿਚ ਆਉਣਾ ਹੈ। ਇਹ ਲਾਵਾਂ ਬੜੇ ਗਹੁ ਨਾਲ ਸੁਣਨ ਵਾਲੀਆਂ ਹਨ। ਹਰ ਇਕ ਸ਼ਬਦ ਸੁਣ ਕੇ ਮੱਥਾ ਟੇਕਣਾ ਹੈ, ਫਿਰ ਪਰਕਰਮਾ ਕਰਨੀਆਂ ਹਨ ਜਾਂ ਲਾਵਾਂ ਲੈਣੀਆਂ ਹਨ। ਜਿਸ ਦਾ ਅਰਥ ਹੈ ਕਿ ਮੈਂ ਗੁਰੂ ਗਰੰਥ ਦੇ ਹਰ ਹੁਕਮ ਤੋਂ ਕੁਰਬਾਨ ਹਾਂ ਤੇ ਹੋਰ ਕਿਸੇ ਵੱਲ ਨਹੀਂ ਝਾਕਦਾ।

ਪਹਿਲੀ ਲਾਵ ਹੈ, 'ਪਰਵਿਰਤੀ ਕਰਮ ਦ੍ਰਿੜਾਇਆ ਬਲਿਰਾਮ ਜੀਉ', ਪਹਿਲਾ ਪ੍ਰਣ ਇਹ ਕਰਨਾ ਹੈ ਕਿ ਕਦੇ ਵੀ ਗ੍ਰਹਿਸਤ ਨਹੀਂ ਛੱਡਾਂਗਾ। ਨਾਲ ਦੇ ਗਵਾਂਢੀ ਭਰਾ ਵਾਂਗ ਨਹੀਂ ਕਿ ਪੰਝੀ ਸਾਲ ਬ੍ਰਹਮਚਰੀਆ, ਪੰਝੀ ਸਾਲ ਗ੍ਰਹਿਸਤ, ਫਿਰ ਪੰਝੀ ਸਾਲ ਬਾਨਪ੍ਰਸਤ ਤੇ ਸੰਨਿਆਸੀ। ਅਨੰਦ ਕਾਰਜ ਹੇਠਾਂ ਇਕ ਵਾਰੀ ਗ੍ਰਹਿਸਤੀ ਤੇ ਸਦਾ ਗ੍ਰਹਿਸਤੀ। ਅਨੰਦ ਵਿਚ ਤਲਾਕ ਨਹੀਂ ਹੈ ਅਨੰਦ ਅਟੁਟ ਹੈ, ਜਦ ਸੋਚ ਸਮਝ ਕੇ ਕਦਮ ਉਠਾਇਆ ਹੈ ਫਿਰ ਛੱਡਣ ਦਾ ਕੋਈ ਕਾਰਨ ਨਹੀਂ, ਦੂਜੇ ਸ਼ਬਦਾਂ ਵਿਚ ਜੋ ਕਦੇ ਮੂੰਹ ਮੁਟਾਪੇ ਹੋ ਜਾਣ ਵੀ ਤਾਂ ਇਹ ਪਹਿਲੀ ਲਾਂ ਸਦਾ ਯਾਦ ਰਹੇ। ਸ਼ਿਕਵੇ ਸ਼ਿਕਾਇਤ ਨਹੀਂ ਕਰਨੀ। "Do not protest but adjust."

ਅਗਲੀ ਤੁਕ ਹੈ, 'ਬਾਣੀ, ਬ੍ਰਹਮਾ ਵੇਦ ਧਰਮ ਦ੍ਰਿੜਹੁ ਪਾਪ ਤਜਾਇਆ ਬਲਿਰਾਮ

Sri Satguru Jagjit Singh Ji eLibrary NamdhariElibrary@gmail.com

ਜੀਉ'। ਬਾਣੀ ਹੀ ਬ੍ਰਹਮਾ ਦਾ ਵੇਦ ਹੈ, ਇਸ ਨੂੰ ਦ੍ਰਿੜ੍ਹ ਕਰਨਾ ਹੈ। ਹੋਰ ਕਿਸੇ ਕੋਲੋਂ ਅਗਵਾਈ ਨਹੀਂ ਲੈਣੀ। ਇਸੇ ਦੀ ਓਟ ਰੱਖਣੀ ਹੈ, ਓਟ ਅਕਾਲ ਦੀ, ਪਰਚਾ ਸ਼ਬਦ ਦਾ ਤੇ ਦੀਦਾਰ ਖਾਲਸੇ ਦਾ। ਅੰਮ੍ਰਿਤ ਛਕਣਾ ਇਸੇ ਲਈ ਜ਼ਰੂਰੀ ਹੈ। ਸਿੱਖ ਜ਼ਿੰਦਗੀ ਵਿਚ ਦੋ ਪ੍ਰਣ ਕਰਦਾ ਹੈ। ਇਕ ਅੰਮ੍ਰਿਤ ਛਕਣ ਵੇਲੇ ਗੁਰੂ ਨਾਲ ਕਿ ਸਿੱਖੀ ਕੇਸਾਂ ਸੁਆਸਾਂ ਨਾਲ ਨਿਭਾਏਗਾ ਤੇ ਦੂਜਾ ਅਨੰਦ ਕਾਰਜ ਵੇਲੇ ਕਿ ਜਿਸ ਦੀ ਬਾਂਹ ਪਕੜੀ ਹੈ, ਕਦੇ ਛਡੇਗਾ ਨਹੀਂ :

"ਬਾਂਹਿ ਜਿਨ੍ਹਾਂ ਦੀ ਪਕੜੀਐ, ਸਿਰ ਦੀਜੈ ਬਾਂਹਿ ਨ ਛਡੀਐ।"

ਦੂਜੀ ਲਾਵ ਹੈ, 'ਨਿਰਮਲ ਭਉ ਪਾਇਆ, ਹਰਿ ਗੁਣ ਗਾਇਆ, ਹਰਿ ਵੇਖੈ ਰਾਮ ਹਦੂਰੇ' ਸਤਿਕਾਰ ਦੀ ਦੀਵਾਰ ਕਦੇ ਵੀ ਨਾ ਤੋੜਣੀ। ਘਰ ਤਦ ਹੀ ਟੁੱਟਦੇ ਹਨ ਜਦ ਸਤਿਕਾਰ ਦੀ ਦੀਵਾਰ ਟੁੱਟ ਜਾਂਦੀ ਹੈ। "ਨਿਰਮਲ ਭਉ" ਰੱਖਣਾ ਹੈ। ਡੰਡੇ ਤੇ ਕਾਨੂੰਨ ਦਾ ਡਰ ਨਹੀਂ, ਸਗੋਂ 'ਨਿਰਮਲ ਭਉ'। ਇਹ ਜੋ ਹਰ ਪਾਸੇ ਉਥੱਲ ਪੁਥੱਲ ਹੋ ਰਹੀ ਹੈ, ਸਿਰਫ਼ ਇਸ ਕਰ ਕੇ ਹੈ ਕਿ ਨਿਰਮਲ ਭਉ ਨਹੀਂ ਰਿਹਾ, ਸਤਿਕਾਰ ਨਹੀਂ ਰਿਹਾ। ਪਤੀ ਦੇ ਪਿਆਰ ਦਾ ਸਦਕਾ ਪਤੀ ਦੇ ਹਰ ਸੰਬੰਧੀ ਨਾਲ ਪਿਆਰ ਰੱਖਣਾ ਤੇ ਕਰਨਾ। ਪਤੀ ਦੇ ਪਿਆਰਿਆਂ ਵਿਚ ਉਸ ਨੂੰ ਦੇਖਣਾ।

ਤੀਜੀ ਲਾਵ ਹੈ, 'ਮਨਿ ਚਾਉ ਭਇਆ ਬੈਰਾਗੀਆ ਬਲਰਾਮ ਜੀਉ। ਇਕ ਪੁਰਾਤਨ ਅਖਾਣ ਹੈ ਕਿ ਗ੍ਰਿਹਿਸਤੀ ਦੀ ਸਦਾ ਇਕ ਅੱਖ ਹੱਸਦੀ ਰਹਿੰਦੀ ਹੈ ਤੇ ਦੂਜੀ ਰੋਂਦੀ ਰਹਿੰਦੀ ਹੈ। ਗ੍ਰਹਿਸਤੀ ਸਾਮ੍ਹਣੇ ਦੋਵੇਂ ਰਹਿਣਗੇ। ਜੀਵਨ ਵਿਚ ਸੁਖ ਤੇ ਦੁਖ ਬਣਿਆ ਹੀ ਰਹਿਣਾ ਹੈ। ਜਦ ਜੰਞ ਆਉਂਦੀ ਹੈ, ਉਸ ਵਕਤ ਸਾਰੇ ਚਾਅ ਵਿਚ ਹਨ। ਕਿਧਰੇ ਵਾਜੇ ਹਨ ਤੇ ਕਿਧਰੇ ਸ਼ਹਿਨਾਈ, ਪਰ ਜਦ ਡੋਲੀ ਟੁਰਦੀ ਹੈ, ਉਸ ਸਮੇਂ ਲੜਕੀ ਦੀਆਂ ਅੱਖਾਂ ਵਿਚ ਅੱਥਰੂ ਹਨ। ਇਸੇ ਦਾ ਨਾਉਂ 'ਚਾਉ ਬੈਰਾਗੀਆਂ' ਹੈ, ਜਿਸ ਨੇ ਇਹ ਜਾਣ ਲਿਆ, ਉਹ ਸਫ਼ਲ ਗ੍ਰਿਹਿਸਤੀ ਬਣ ਗਿਆ। ਭਾਈ ਭਿਖਾਰੀ, ਬੀਬੀ ਭਾਨੀ ਦੀ ਉਦਾਹਰਣ ਸਦਾ ਸਾਹਮਣੇ ਰੱਖਣੀ ਹੈ। ਡੋਲਣਾ ਨਹੀਂ।

ਚੌਥੀ ਲਾਵ ਹੈ ਸਹਿਜ ਦੀ। ਕਿਸੇ ਸਮੇਂ ਵੀ ਪਾਸਕੂ ਨਹੀਂ ਪੈਣ ਦੇਣਾ। ਨਾ ਹੀ ਅਤਿ ਕਰੋਧੀ ਹੋਣਾ ਤੇ ਨਾ ਹੀ ਅਤਿ ਖੀਵਾ। ਗੁਰੂ ਗਰੰਥ ਸਾਹਿਬ ਵਿਚ ਨਾ ਹੀ ਦੀਪਕ ਰਾਗ ਨੂੰ ਥਾਂ ਹੈ ਤੇ ਨਾ ਹੀ ਮੇਘ ਦਰਜ ਕੀਤਾ ਗਿਆ ਹੈ। ਗਾਉੜੀ ਦੀਪਕੀ ਹੈ ਜਾਂ ਮਲ੍ਹਾਰ। ਖ਼ੁਸ਼ੀ ਗ਼ਮੀ ਕਿਸੇ ਹੱਦ ਵਿਚ ਰੱਖਣੇ ਸਨ। ਸਦਾ ਲੈਵਲ ਹੈਡਿਡ ਰਹਿਣਾ ਹੈ।

ਇਹ ਚਾਰ ਲਾਵਾਂ ਹਨ ਜੋ ਅਨੰਦ ਕਾਰਜ ਵੇਲੇ ਲੈਣੀਆਂ ਹਨ। ਪਹਿਲੀ ਕਦੇ ਗ੍ਰਹਿਸਤ ਨਹੀਂ ਛਡਣਾ, ਕਿਸੇ ਹਾਲਤ ਵਿਚ ਵੀ ਨਹੀਂ। ਦੂਜੇ ਨਿਰਮਲ ਭਉ ਰੱਖਣਾ ਹੈ। ਤੀਜੇ ਦੁਖ ਸੁਖ ਸਮ ਕਰ ਜਾਣਨਾ ਹੈ ਤੇ ਜ਼ਿੰਦਗੀ ਸਹਿਜ ਵਿਚ ਗੁਜ਼ਾਰਨੀ।

ਅੰਤ ਵਿਚ ਸਿਰਫ਼ ਇਹ ਹੀ ਕਹਿਣਾ ਹੈ ਕਿ ਸਾਹਿਬ ਗੁਰੂ ਅਮਰ ਦਾਸ ਜੀ ਨੇ ਭਾਈ ਸਚਨ ਸਚ ਦੇ ਅਨੰਦ ਕਾਰਜ ਸਮੇਂ ਰਾਜਾ ਹਰੀ ਚੰਦ ਦੀ ਰਾਣੀ ਨੂੰ ਇਕ ਜੁੱਤੀਆਂ ਦਾ ਜੋੜਾ ਦਿੱਤਾ, ਇਸ ਦਾ ਭਾਵ ਸੀ ਕਿ ਜੇ ਜੁੱਤੀ ਦਾ ਇਕ ਪੈਰ ਗੁੰਮ ਹੋ ਗਿਆ ਤਾਂ ਦੂਜੀ ਜੁੱਤੀ ਕਿਸੇ ਕੰਮ ਦੀ ਨਹੀਂ। ਦੋਵੇਂ ਇਕੱਠੀਆਂ ਹੋਣਗੀਆਂ ਤਾਂ ਰਾਹ ਦੇ ਕੰਡਿਆਂ ਤੋਂ ਬਚਾਉਣਗੀਆਂ। ਇਕੇਲਾ ਕਿਸੇ ਵੀ ਸਮੇਂ ਨਹੀਂ ਹੋਣਾ ਤੇ ਨਾ ਹੀ ਰਹਿਣ ਦੀ

Sri Satguru Jagjit Singh Ji eLibrary NamdhariElibrary@gmail.com

ਇੱਛਾ ਕਰਨੀ ।

ਜੋ ਉਪਦੇਸ਼ ਮਾਤਾ ਦਮੋਦਰੀ ਜੀ ਨੇ ਆਪਣੀ ਬੱਚੀ ਬੀਬੀ ਵੀਰੋ ਨੂੰ ਅਨੰਦ ਕਾਰਜ ਸਮੇਂ ਦਿੱਤਾ, ਉਹ ਹੀ ਜ਼ਿੰਦਗੀ ਭਰ ਕੰਮ ਆਉਂਦਾ ਹੈ । ਉਪਦੇਸ਼ਾਂ ਦਾ ਸਾਰ ਸੀ : ਅੰਮ੍ਰਿਤ ਵੇਲੇ ਉੱਠ ਇਸ਼ਨਾਨ ਜ਼ਰੂਰ ਕਰਨਾ ਅਤੇ ਫਿਰ ਕਿਸੇ ਗੱਲ ਨੂੰ ਨਹੀਂ, ਬਾਣੀ ਨੂੰ ਰਿੜਕਣਾ । ਜੋ ਵੀ ਘਰ ਦਾ ਕਾਰ-ਵਿਵਹਾਰ ਹੋਵੇ, ਉਹ ਆਖੇ ਬਗ਼ੈਰ ਕਰਨਾ :

"ਕੁਲ ਕੀ ਬਾਤ ਸੁਚਿਤ ਮਹਿ ਧਰਨੀ ।
ਖੋਟੀ ਸੰਗਤਿ ਕਾਹੂ ਨ ਕਰਣੀ ।
ਪ੍ਰਾਤੇ ਉੱਠ ਕਰ ਮਜਨ ਕਰੀਓ ।
ਗੁਰਬਾਣੀ ਕੋ ਮੁਖ ਤੇ ਰਰੀਯੋ ।
ਪੁਨਾ ਔਰ ਵਿਵਹਾਰ ਜੋ ਹੋਈ ।
ਭਲ ਸੰਭਾਲਹੁ ਕੀਨੋ ਸੋਈ ।

ਮਦਰਾਸ ਦੇ ਇਕ ਮਹਾਤਮਾ ਤ੍ਰਿਲੁਵਰ ਨੇ ਅੱਛੀ ਬੀਬੀ ਦੀ ਉਪਮਾ ਵਿਚ ਕਿਹਾ ਸੀ :

"Last to bed and first to rise
This is recipe of best wife"
ਸੁੱਘੜ ਪਤਨੀ ਦਾ ਇਹ ਹੀ ਹੈ ਨੁਸਖ਼ਾ
ਪਿਛੋਂ ਸੌਂਦੀ ਅਤੇ ਪਹਿਲਾਂ ਹੈ ਉੱਠਦੀ ।

Sri Satguru Jagjit Singh Ji eLibrary NamdhariElibrary@gmail.com

ਸ੍ਰੀ ਭੈਣੀ * ਗਿਆਨੀ ਸਰੂਪ ਸਿੰਘ ਕਤਿਆਲਾ * ਕਤਿਆਲਾ ਤਹਿ: ਫਿਲੌਰ (ਜਲੰਧਰ)
ਮੋਬਾਇਲ
98150-03075

# ਸਿੱਖ ਸਦਾਚਾਰਕ ਨਿਯਮਾਵਲੀ
## (ਰਹਿਤਨਾਮਿਆਂ ਦਾ ਸਾਰ)

ਪੰਡਿਤ ਤਾਰਾ ਸਿੰਘ ਜੀ 'ਨਰੋਤਮ' ਨੇ ਗੁਰੂ ਤੀਰਥ ਸੰਗ੍ਰਹਿ ਵਿਚ ੧੮ ਰਹਿਤ-ਨਾਮਿਆਂ ਦਾ ਜ਼ਿਕਰ ਕੀਤਾ ਹੈ। ਬਾਬਾ ਸੁਮੇਰ ਸਿੰਘ ਜੀ ਦੇ ਇਕ ਚੇਲੇ ਪੰਡਿਤ ਭਗਵਾਨ ਸਿੰਘ ਨੇ 'ਬਿਬੇਕ ਵਾਰਿਧ' ਗਰੰਥ ਨੂੰ ੩੧ ਰਹਿਤਨਾਮਿਆਂ ਦਾ ਸੰਗ੍ਰਹਿ ਦੱਸਿਆ ਹੈ। ਭਾਈ ਕਾਹਨ ਸਿੰਘ ਜੀ ਦਾ ਵਿਚਾਰ ਹੈ ਕਿ ਰਹਿਤਨਾਮੇ ਅਨੇਕ ਹਨ ਜੋ ਪ੍ਰੇਮੀ ਸਿੱਖਾਂ ਨੇ ਆਪਣੀ-ਆਪਣੀ ਬੁੱਧੀ ਅਤੇ ਨਿਸ਼ਚੇ ਅਨੁਸਾਰ ਲਿਖੇ ਹਨ ਪਰ ਉਨ੍ਹਾਂ ਦੇ ਵਾਕ ਉਹ ਹੀ ਮੰਨਣ ਯੋਗ ਹਨ ਜੋ ਗੁਰਬਾਣੀ ਅਤੇ ਭਾਈ ਗੁਰਦਾਸ ਜੀ ਦੀ ਰਚਨਾ ਨਾਲ ਵਿਰੋਧ ਨਾ ਰੱਖਦੇ ਹੋਣ। ਜੇ ਸੂਚੀ ਬਣਾਉਣੀ ਹੀ ਹੈ ਤਾਂ ਪ੍ਰਸਿੱਧ ਰਹਿਤਨਾਮੇ ਇਸ ਪ੍ਰਕਾਰ ਕਹੇ ਜਾ ਸਕਦੇ ਹਨ :— ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ, ਸਰਬ ਲੋਹ ਪ੍ਰਕਾਸ਼, ਭਾਈ ਚੌਪਾ ਸਿੰਘ ਜੀ ਦਾ ਰਹਿਤਨਾਮਾ, ਭਾਈ ਪਹਿਲਾਦ ਸਿੰਘ ਜੀ ਦਾ ਰਹਿਤਨਾਮਾ, ਭਾਈ ਦੇਸਾ ਸਿੰਘ ਜੀ ਦਾ ਰਹਿਤਨਾਮਾ, ਭਾਈ ਦਯਾ ਸਿੰਘ ਜੀ ਦਾ ਰਹਿਤਨਾਮਾ, ਗੁਰਸੋਭਾ, ਰਤਨ ਮਾਲ, ਸ਼ੋਸਾਖੀ, ਵਾਜਬੁਲਅਰਜ਼, ਮਹਿਮਾ ਪ੍ਰਕਾਸ਼, ਗੁਰਬਿਲਾਸ, ਭਾਈ ਸੁੱਖਾ ਸਿੰਘ, ਗੁਰਪ੍ਰਤਾਪ ਸੂਰਯ, ਬਾਬਾ ਸੁਮੇਰ ਸਿੰਘ ਅਤੇ ਸਿੱਖ ਰਹਿਤ ਮਰਯਾਦਾ (ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ)।

ਇਨ੍ਹਾਂ ਸਾਰਿਆਂ ਦੀ ਪੁਨ ਛਾਣ ਕਰ ਕੇ ਕੁਝ ਕੁ ਹੁਕਮ ਇਕੱਠੇ ਕੀਤੇ ਹਨ ਤਾਂਕਿ ਇਹ ਪਤਾ ਲੱਗ ਜਾਏ ਕਿ ਰਹਿਤ ਦੀ ਰੱਛਿਆ ਲਈ ਕਿਤਨਾ ਕੁ ਸਾਨੂੰ ਸੁਚੇਤ ਹੋਣ ਦੀ ਲੋੜ ਹੈ। ਜਾਂ ਗੁਰ ਸਿੱਖਾਂ ਨੇ ਸਰੀਰ ਨੂੰ ਨਰੋਆ, ਆਤਮਾ ਨੂੰ ਬਲਵਾਨ, ਬਿਬੇਕ ਨੂੰ ਕਾਇਮ, ਸੁਰਤਿ ਨੂੰ ਚੜ੍ਹਦੀ ਕਲਾ ਅਤੇ ਧਰਮ ਦਾ ਪਹਿਰਾ ਦੇਣ ਲਈ ਕਿਹੜੇ-ਕਿਹੜੇ ਰਾਹ ਅਪਣਾਉਣ। ਕੋਸ਼ਿਸ਼ ਇਹ ਹੀ ਕੀਤੀ ਹੈ ਕਿ ਹਰ ਚੁਣੇ ਬਚਨ ਅੱਗੇ ਉਸ ਮਹਾਨ ਪੁਰਸ਼ ਦਾ ਨਾਮ ਲਿਖ ਦਿੱਤਾ ਜਾਏ ਤਾਂ ਕਿ ਉਸ ਦੇ ਵਿਚਾਰ ਸਮਝਣ ਵਿਚ ਕੋਈ ਉਲਝਣ ਪੈਦਾ ਨਾ ਹੋਵੇ। ਉਦਾਹਰਨ ਵਜੋਂ ਭਾਈ ਚੌਪਾ ਸਿੰਘ ਜੀ ਨੇ ਲਿਖਿਆ ਹੈ ਕਿ 'ਗਰਮ ਪਾਣੀ ਨਾਲ ਅਸ਼ਨਾਨ ਨਾ ਕਰ' ਪਰ ਪਿਛੋਂ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਕਿ ਕੋਸ਼ਿਸ਼ ਕਰੇ ਕਿ ਠੰਢੇ ਪਾਣੀ ਨਾਲ ਅਸ਼ਨਾਨ ਹੋਵੇ ਪਰ ਲੋੜ ਪੈਣ ਤੇ ਪਾਣੀ ਨੂੰ ਬੇਸ਼ਕ ਕੋਸਾ ਕਰ ਲਵੇ ਪਰ ਅਸ਼ਨਾਨ ਤੋਂ ਬਗੈਰ ਨਾ ਰਹੇ। ਇਸ ਤਰ੍ਹਾਂ ਦੇਖਣ ਨੂੰ ਹੁਕਮਾਂ ਵਿਚ ਕਈ ਵਿਰੋਧ ਲੱਗਣਗੇ ਪਰ ਮੇਰੀ ਕੋਸ਼ਿਸ਼ ਇਹ ਹੀ ਹੈ ਕਿ ਜਿਨ੍ਹਾਂ ਬਾਰੇ ਸਭ ਦੀ ਇਕ ਰਾਇ ਹੈ, ਉਨ੍ਹਾਂ

Sri Satguru Jagjit Singh Ji eLibrary NamdhariElibrary@gmail.com

ਦਾ ਹੀ ਜ਼ਿਕਰ ਕੀਤਾ ਜਾਏ। ਇਹ ਵੀ ਯਾਦ ਰਹੇ ਕਿ ਮੂਲ ਹੁਕਮ ਕਕਾਰ ਅਤੇ ਕੁਰਹਿਤ ਨੂੰ ਕਿਸੇ ਰੂਪ ਵਿਚ ਨਹੀਂ ਬਦਲਾਇਆ ਜਾ ਸਕਦਾ। ਹੋਰਾਂ ਵਿਚ ਤਬਦੀਲੀ ਹੁੰਦੀ ਰਹੀ ਹੈ ਅਤੇ ਹੁਣ ਵੀ ਪੰਥ ਦੇ ਸਾਂਝੇ ਫੈਸਲੇ ਨਾਲ ਹੋ ਸਕਦੀ ਹੈ। ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਛਪੀ ਰਹਿਤ ਮਰਯਾਦਾ ਇਸੇ ਪਾਸੇ ਦਾ ਇਕ ਕਦਮ ਸੀ। ਪੰਥ ਨੂੰ ਸਦਾ ਨਿਆਰਾ, ਬਿਪਰਨ ਕੀ ਰੀਤ ਤੋਂ ਉੱਚਾ ਅਤੇ ਦੂਜੇ ਕੁਹਝੇ ਪ੍ਰਭਾਵਾਂ ਤੋਂ ਬਚਾਉਣ ਲਈ ਹੁਕਮ ਨਿਖੇੜ ਕੇ ਦੇਣ ਦੀ ਲੋੜ ਹੈ। ਅੱਜ ਫਿਰ ਜੋ ਦੰਭੀ ਸਿਰ ਉਠਾ ਰਹੇ ਹਨ ਤਾਂ ਉਨ੍ਹਾਂ ਨੂੰ ਕਰੜੇ ਹੱਥਾਂ ਨਾਲ ਕੁਚਲਣ ਦੀ ਜ਼ਰੂਰਤ ਹੈ।

## ਕੁਝ ਹੁਕਮ ਤੇ ਸੰਜਮ

੧. ਜਾਗਤ ਜੋਤ ਜਪੈ ਨਿਸ ਬਾਸਰ,
ਏਕ ਬਿਨਾ ਮਨ ਨੈਕ ਨ ਆਨੈ।
ਪੂਰਨ ਪ੍ਰੇਮ ਪ੍ਰਤੀਤ ਸਜੈ,
ਬ੍ਰਤ, ਗੋਰ, ਮੜ੍ਹੀ, ਮਟ ਭੂਲ ਨ ਮਾਨੈ।
ਤੀਰਥ, ਦਾਨ, ਦਯਾ, ਤਪ, ਸੰਜਮ,
ਏਕ ਬਿਨਾ ਨਹਿ ਏਕ ਪਛਾਨੈ।
ਪੂਰਨ ਜੋਤਿ ਜਗੈ ਘਟ ਮੈ,
ਤਬ ਖਾਲਸਾ ਤਾਹਿ ਨਖਾਲਸ ਜਾਨੈ। ੧। (ਗੁਰੂ ਗੋਬਿੰਦ ਸਿੰਘ ਜੀ)

੨. ਕਾਹੇ ਕੋ ਪੂਜਤ ਪਾਂਹਨ ਕੋ,
ਕਛ ਪਾਂਹਨ ਮੈ ਪਰਮੇਸੁਰ ਨਾਹੀ। ੨੦। (ਤੇਤੀ ਸਵੈਯੇ)

੩. ਤੁਮਹਿ ਛਾਡ, ਕੋਈ ਅਵਰ ਨ ਧਯਾਊ। (ਬੇਨਤੀ, ਚੌਪਈ)

੪. ਹਮੂ ਮਰਦ ਬਾਯਦ ਸ਼ਵਦ ਸੁਖਨਵਰ,
ਨ ਸ਼ਿਕਮੇ ਦਿਗਰ ਦਰ ਦਹਾਨੇ ਦਿਗਰ। (ਜ਼ਫਰਨਾਮਾ)
[ਮਰਦ ਨੂੰ ਬਚਨ ਦਾ ਬਲੀ ਹੋਣਾ ਚਾਹੀਦਾ ਹੈ
ਐਸਾ ਨ ਹੋਵੇ ਕਿ ਮਨ ਵਿਚ ਹੋਰ ਅਤੇ ਮੁੱਖ ਵਿਚ ਹੋਰ]

੫. ਹਰਾਂਕਸ ਕਿ ਓ ਰਾਸਤਬਾਜ਼ੀ ਕੁਨਦ।
ਰਹੀਮੇ ਬਰੋ ਰਹਿਮਸਾਜ਼ੀ ਕੁਨਦ, (ਜ਼ਫਰਨਾਮਾ)
[ਜੋ ਵੀ ਪੁਰਸ਼ ਸਚਿਆਈ ਨੂੰ ਸਾਹਮਣੇ ਰੱਖਦਾ ਹੈ
ਕ੍ਰਿਪਾਲੂ ਵਾਹਿਗੁਰੂ ਉਸ ਤੇ ਆਪਣੀ ਦਯਾ ਦਾ ਹੱਥ ਰੱਖਦਾ ਹੈ]

੬. ਭਾਇ ਭਗਤਿ ਗੁਰਪੁਰਬ ਕਰ,
ਨਾਮ, ਦਾਨ, ਇਸ਼ਨਾਨ ਦ੍ਰਿੜ੍ਹਾਇਆ। ਪਉੜੀ ੧। ਵਾਰ ੧ (ਭਾ: ਗੁਰਦਾਸ ਜੀ)

੭. ਗੁਰਮੁਖ ਜਨਮ ਸਕਾਰਥਾ,
ਗੁਰਬਾਣੀ ਪੜ੍ਹ ਸਮਝ ਸੁਣੇਹੀ ॥ ੩ ॥ ਵਾਰ ਪਹਲੀ।

੮. ਸ਼ਬਦ ਸੁਨਹੁ, ਸਚ ਮੁਖਹੁ, ਅਲਾਈ ॥ ੪੩ ॥ ੧ ॥

੯. ਗੁਰਮੁਖ ਪੰਥ ਨਿਰੋਲ, ਨ ਰਲੈ ਰਲਾਈਐ ॥ ੫ ॥ ੩ ॥

Sri Satguru Jagjit Singh Ji eLibrary NamdhariElibrary@gmail.com

੧੦. ਪਾਤਸ਼ਾਹੀ ਇਕ ਛੱਤ ਖਰੀ ਸੁਖਾਲੀਐ ॥ ੮ ॥ ੩ ॥
[ਗੁਰੂ ਗ੍ਰੰਥ ਸਾਹਿਬ ਨੂੰ ਛੱਡ ਕੇ ਹੋਰ ਕਿਧਰੇ ਜਾਣ ਨਾਲ ਸੁੱਖ ਨਹੀਂ]
੧੧. ਨ੍ਹਾਵਣ ਅੰਮ੍ਰਿਤਵੇਲ, ਸਵਣ ਸੁਦੇਸਿਆ ॥ ੯ ॥ ੩ ॥
੧੨. ਸਬਰ ਸਿਦਕ ਸ਼ਹੀਦ, ਭਰਮ ਭਉ ਖੋਵਣਾ ॥ ੧੮ ॥ ੩ ॥
੧੩. ਸੇਵਕ ਹੋਇ ਸੰਜੀਦ ਨ ਹੱਸਣ ਰੋਵਣਾ ॥ ੧੮ ॥ ੩ ॥
੧੪. ਸਾਵਧਾਨ ਗੁਰਵਾਕ, ਨ ਮਨ ਭਰਮੀਵਣਾ ॥ ੧੯ ॥ ੩ ॥
[ਗੁਰੂ ਦੇ ਹੀ ਹੁਕਮ ਤੇ ਟੁਰਨਾ ਹੈ ਅਤੇ ਹੋਰਾਂ ਦੀ ਗੱਲ ਸੁਣ ਕੇ ਭਰਮ, ਵਹਿਮ ਵਿਚ ਨਹੀਂ ਪੈਣਾ]
੧੫. ਪੰਜੇ ਦੂਤ ਬੁਰੀ ਤਰਤੀਬੀ ॥ ੩ ॥ ੪ ॥
[ਕਾਮਾਦਿਕ ਦੇ ਪੰਜ ਦੂਤ, ਆਵਾਜ਼, ਸਪਰਸ਼, ਰੂਪ, ਰਸ ਅਤੇ ਗੰਧਿ, ਜੀਵਨ ਵਿਚ ਸੰਜਮ ਤੇ ਰਹਤ ਨਹੀਂ ਰਹਿਣ ਦੇਂਦੇ, ਉਲਟ ਪਲਟ ਕਰ ਦੇਂਦੇ ਹਨ]
੧੬. ਨਿਵ ਚਲੈ ਸੋ ਗੁਰੂ ਪਿਆਰਾ ॥ ੫ ॥ ੪ ॥
੧੭. ਅੰਦਰ ਸਿਆਣਾ, ਬਾਹਰ ਭੋਲਾ ॥ ੧੭ ॥ ੪ ॥
੧੮. ਕਾਲੀ ਹੂੰ ਧਉਲੇ ਕਰੈ, ਚਲਣ ਜਾਣ ਨੀਸਾਣ ਸਮ੍ਹਾਲੈ ॥ ੧੮ ॥ ੪ ॥
[ਜਵਾਨੀ ਵਿਚ ਵੀ ਬੁਢੇ ਵਾਲੀ ਸੰਜੀਦਗੀ ਰਖੇ, ਪਰ ਕਈ ਤਾਂ ਬੁਢੇਪਾ ਆਵਣ ਹੀ ਨਹੀਂ ਦਿੰਦੇ]
੧੯. ਏਕਾ ਨਾਰੀ ਜਤੀ ਹੋਇ, ਪਰ ਨਾਰੀ ਧੀ ਭੈਣ ਵਖਾਣੈ ॥ ੯ ॥ ੬ ॥
੨੦. ਘਰਬਾਰੀ ਗੁਰ ਸਿਖ ਹੋਇ ॥ ੮ ॥ ੬ ॥
੨੧. ਕਿਰਤ ਵਿਰਤ ਕਰ ਧਰਮ ਦੀ,
ਹਥਹੁ ਦੇ ਕੈ ਭਲਾ ਮਨਾਵੈ ॥ ੧੨ ॥ ੬ ॥
੨੨. ਆਪ ਗਵਾਇ, ਨ ਆਪ ਗਣਾਵੈ । ੨੨ ॥ ੬ ॥
੨੩. ਗੁਰਦੁਆਰੇ ਜਾਨ ਚਲ,
ਸਾਧ ਸੰਗਤਿ ਚਲ ਜਾਇ ਬਹੰਦੇ । ੧੯ ॥ ੯ ॥
੨੪. ਧਾਵਨ ਪਰਉਪਕਾਰ ਨੂੰ,
ਗੁਰ ਸਿੱਖਾਂ ਨੂੰ ਖੋਜ ਲਹੰਦੇ ॥ ੧੩ ॥ ੬ ॥
੨੫. ਗੁਰਮੁਖ ਮਿਠਾ ਬੋਲਣਾ,
ਜੋ ਬੋਲੈ ਸੋਈ ਜਪ ਜਾਪੈ ॥ ੧੮ ॥ ੬ ॥
੨੬. ਪਾਰ ਪਏ ਲੰਘ ਵਰੈ ਸਰਾਪੈ ॥ ੧੮ ॥ ੬ ॥
[ਕਿਸੇ ਦੇ ਵਰ ਸਰਾਪ ਦੀ ਪਰਵਾਹ ਨਹੀਂ ਰਹੀ ਕਿਉਂਕਿ ਵਾਹਿਗੁਰੂ ਦੇ ਜੋ ਹੋ ਗਏ ।]
੨੭. "ਸਤਿਨਾਮ ਕਰਤਾ ਪੁਰਖ"
ਮੂਲ ਮੰਤਰ ਸਿਮਰਣ ਪਰਵਾਣੇ ॥ ੧੯ ॥ ੬ ॥

Sri Satguru Jagjit Singh Ji eLibrary NamdhariElibrary@gmail.com

੨੮. ਦਸ ਪੁਰਬੀਂ, ਗੁਰਪੁਰਬ ਨ ਪਾਯਾ ॥ ੧੦ ॥ ੭ ॥
[ਸਿੱਖ ਕਿਸੇ ਹੋਰ ਤੀਰਥ ਜਾਂ ਪੁਰਬ ਜੋ ਦਸ ਹਨ ; ਅਸ਼ਟਮੀ, ਚੌਦੇਂ, ਮਸਿਆ, ਪੂਰਨਮਾਸ਼ੀ, ਸੰਗਰਾਂਦ, ਗ੍ਰਹਿਣ ਆਦਿ ਨੂੰ ਨਹੀਂ ਮੰਨਦਾ, ਸਿਰਫ਼ ਗੁਰਪੁਰਬ ਮਨਾ ਕੇ ਖੁਸ਼ ਹੁੰਦਾ ਹੈ]

੨੯. ਧਰਮਸਾਲ ਹੈ ਮਾਨਸਰ, ਹੰਸ ਗੁਰਸਿੱਖ ਵਾਹ,
ਰਤਨ ਪਦਾਰਥ ਗੁਰਸ਼ਬਦ, ਕਰ ਕੀਰਤਨ ਖਾਹ ॥ ੧੪ ॥ ੯ ॥

੩੦. ਹਉ ਤਿਸ ਵਿਟਹੁ ਵਾਰਿਆ.
ਖਸਮੈ ਦਾ ਭਾਵੈ ਜਿਸ ਭਾਣਾ ॥ ੩ ॥ ੧੨ ॥

੩੧. ਹਉਂ ਸਦਕੇ ਤਿਨਾਂ ਗੁਰ ਸਿੱਖਾਂ
ਕਰਨ ਉਦਾਸੀ ਅੰਦਰ ਮਾਯਾ ॥ ੬ ॥ ੧੨ ॥

੩੨. ਵਾਹਿਗੁਰੂ ਗੁਰ ਮੰਤਰ ਹੈ,
ਜਪ ਹਉਮੈ ਖੋਈ ॥ ੨ ॥ ੧੩ ॥

੩੩. ਇਕ ਸਿਖ, ਦੁਇ ਸਾਧ ਸੰਗ, ਪੰਜੀ ਪਰਮੇਸਰ ॥ ੧੭ ॥ ੧੩ ॥

੩੪. ਹੋਮ ਜਗ ਲਖ ਭੋਗ, ਚਣੇ ਚਬਾਵਣੀ ॥ ੧੯ ॥ ੧੪ ॥
[ਲੋੜਵੰਦ ਨੂੰ ਖਵਾਣਾ ਲੱਖਾਂ ਹੋਮ ਜਗਾਂ ਦੇ ਤੁੱਲ ਹੈ]

੩੫. ਮਨਮੁਖ ਹੋਇ ਬੰਦੇ ਦਾ ਬੰਦਾ । ੧੯ ॥ ੧੪ ॥

੩੬ ਗੁਰਮੁਖ ਸੁਖ ਫਲ ਅੰਮ੍ਰਿਤ ਵੇਲੇ । ੨੦ ॥ ੧੬ ॥

੩੭. ਭਰਮ ਕਰਮ ਦਾ ਲੇਖ ਮਿਟਾਏ ॥ ੧੪ ॥ ੧੬ ॥

੩੮. ਸਿਦਕ ਸਬੂਰੀ ਪਾਇ,
ਕਰ ਸ਼ੁਕਰਾਣਿਆ । ੧੬ ॥ ੨੨ ॥

੩੯. ਮਾਸ ਪਵਿਤਰ ਗ੍ਰਿਸਹਤ ਨੋਂ ॥ ੧੨ ॥ ੨ ॥

੪੦. ਗੁਰ ਮੂਰਤਿ ਗੁਰਸ਼ਬਦ ਹੈ,
ਸਾਧ ਸੰਗਤਿ ਵਿਚ ਪ੍ਰਗਟੀ ਆਇਆ ॥ ੨੫ ॥ ੨੪ ॥

੪੧. ਰਾਤ ਆਰਤੀ ਸੋਹਿਲਾ ॥ ੪ ॥ ੨੬ ॥

੪੨. ਵਰਤਮਾਨ ਵਿਚ ਵਰਤਦਾ,
ਭੂਤ ਭਵਿਖ ਨ ਇਹ ਜਾਣੈ ॥ ੩ ॥ ੨੭ ॥

੪੩. ਹੋਇ ਮਿਠ ਬੋਲਾ, ਲਿਖੈ ਨ ਲੇਖੈ ॥ ੬ ॥ ੨੭ ॥

੪੪. ਦੇਖ ਪਰਾਈਐ ਚੰਗੀਆਂ,
ਮਾਵਾਂ ਭੈਣਾਂ ਧੀਆ ਜਾਣੈ । ੧੭ ॥ ੨੯ ॥

੪੫. ਗੁਰ ਸਿੱਖ ਦੂਜੈ ਭਾਵਹੁ ਸੰਗੈ ॥ ੨ ॥ ੨੮ ॥

੪੬. ਦਾਵਾ ਛੱਡ ਰਹੈ ਲਾਦਾਵੈ ॥ ੧੩ ॥ ੨੯ ॥

੪੭. ਸਚ ਰਖਵਾਲਾ ਸਿਲਹ ਸੰਜੋਆ ॥ ੧੦ ॥ ੩੦ ॥
[ਸਿੱਖ ਨੇ ਸੱਚ ਦਾ ਸੰਜੋਅ ਪਹਿਣਿਆ ਹੋਆ ਹੈ]

Sri Satguru Jagjit Singh Ji eLibrary NamdhariElibrary@gmail.com

੪੮. ਪਰਤਨ ਪਰਧਨ ਪਰਹਰੈ,
ਪਰ ਨਿੰਦਾ ਸੁਣ ਮੰਨ ਸ਼ਰਮਾਣਾ ॥ ੨ ॥ ੩੨ ॥

੪੯. ਨਾਲ ਸਿਆਣੇ ਭਲੀ ਭਿਖ,
ਮੂਰਖ ਰਾਜਹੁ ਕਾਜ ਨ ਸਰਿਆ ॥ ੮ ॥ ੩੨ ॥

੫੦. ਦੂਖੀ ਦੁਬਾਜਰਿਆ ਹੈਰਾਣਾ ॥ ੬ ॥ ੩੩ ॥

੫੧. ਧਰਮਸਾਲ ਦੀ ਝਾਕ ਹੈ ਵਿਹੁ ਖੰਡੂ ਪਾਜ ॥ ੧੨ ॥ ੩੫ ॥

੫੨. ਗੁਰਸਿੱਖਾਂ ਨੂੰ ਦੇਇ ਕਰ ਪਿਛੋਂ ਬਚਿਆ ਆਪ ਖਵੰਦਾ ॥ ੧੧ ॥ ੪੦ ॥

੫੩. ਗੁਰ ਉਪਦੇਸ਼ ਗੁਰਸਿਖ ਗ੍ਰਿਹਿ ਮੈਂ ਬੈਰਾਗੀ
ਗ੍ਰਿਹ ਤਜ ਬਨਖੰਡ ਹੋਤ ਨ ਉਧਾਰ ਜੀ ॥ ੨॥ (ਕਬਿਤ ਭਾਈ ਗੁਰਦਾਸ ਜੀ)

੫੪. ਗੁਰ ਸਿੱਖ ਰਾਜ ਕੁੰਵਰ ਜੋਗੀਸਰ ਹੈ ॥ (ਕਬਿਤ ਭਾ: ਗੁਰਦਾਸ)

੫੫. ਗੁਰਬਾਣੀ ਬਿਖੈ ਸਕਲ ਪਦਾਰਥ ਹੈਂ,
ਜੋਈ ਜੋਈ ਖੋਜੈ ਸੋਈ ਨਿਪਜਾਵਈ ॥ ੫੪੬ ॥ (ਕਬਿਤ)

੫੬. ਪਰਤ੍ਰਿਯ ਦੀਰਘ ਸਮਾਨ ਲਘੁ ਯਾਵਦੇਕ,
ਜਨਨਿ ਭਗਨਿ ਸੁਤਾ ਰੂਪ ਕੈ ਨਿਹਾਰੀਐ ॥ ੫੪੭ ॥ (ਕਬਿਤ)
[ਵੱਡੀ ਨੂੰ ਮਾਂ, ਹਾਣ ਦੀ ਨੂੰ ਭੈਣ ਤੇ ਛੋਟੀ ਉਮਰ ਨੂੰ ਬੇਟੀ ਦੇਖਣਾ ਹੈ]

੫੭. "ਸੁਣ ਮਰਦਾਨਾ, ਨਜ਼ਰ ਕਰਤਾਰ ਉਪਰ ਰਖੀਦੀ ਹੈ,
ਬੰਦੇ ਦੀ ਆਸ ਵਿਚ ਔਗਣ ਵੱਡਾ ਹੋਂਦਾ ਹੈ।
ਅਤੇ ਪਰਮੇਸਰ ਦੀ ਆਸ ਵਿਚ ਸੰਤੋਖ ਹੋਂਦਾ ਹੈ।"
(ਜਨਮ ਸਾਖੀ ਬਾਲਾ, ਗੁਰੂ ਨਾਨਕ ਜੀ ਦਾ ਕਥਨ)

੫੮. "ਮਰਦਾਨਿਆ ! ਏਹ ਪਦਾਰਥ ਪੂਜਾ ਦਾ ਖਾਣਾ ਐਸਾ ਹੈ, ਜੈਸੇ ਵਿਹੁ ਖਾਧੀ ਪਚਦੀ ਨਹੀਂ, ਤੈਸੇ ਹੀ ਪੂਜਾ ਦਾ ਧਾਨ ਖਾਧਾ ਪਚਦਾ ਨਾਹੀਂ।"
(ਜਨਮ ਸਾਖੀ ਬਾਲਾ, ਗੁਰੂ ਨਾਨਕ ਦਾ ਬਚਨ)

੫੯. ਬਾਬੇ ਨਾਨਕ ਨੇ ਮੁਲਤਾਨ ਦੇ ਪੀਰਾਂ ਨੂੰ ਕਿਹਾ :
"ਖ਼ੁਦਾ ਨੂੰ ਯਾਦ ਕਰਨਾ, ਬਜ਼ੁਰਗਾਂ ਦੀ ਸੁਹਬਤ ਕਰਨਾ, ਖ਼ੁਦਾ ਦਾ ਖ਼ੌਫ ਦਿਲ ਅੰਦਰ ਕਰਨਾ, ਇਨ੍ਹਾਂ ਕਰਮਾਂ ਤੋਂ ਮੁਕਤਿ ਪਦਵੀ ਮਿਲੇਗੀ।"
(ਬਾਲੇ ਦੀ ਜਨਮ ਸਾਖੀ)

੬੦. ਮੇਲ ਕੀਏ ਹੋਤ ਸੁਖ, ਫੂਟਨ ਤੇ ਮਹਾਂ ਦੁਖ। (ਗੁਰ ਬਿਲਾਸ ਪਾਤਸ਼ਾਹੀ ਛੇਵੀਂ)

੬੧. ਗੁਰ ਦਰਸ ਜਿਹ ਦੇਖਨਾ ਸ੍ਰੀ ਗ੍ਰੰਥ ਦਰਸਾਇ,
ਬਾਤ ਕਰਨ ਗੁਰੂ ਸੌਂ ਚਹੈ ਪੜ੍ਹੈ ਗ੍ਰੰਥ ਮਨ ਲਾਇ।
(ਗੁਰ ਬਿਲਾਸ ਪਾਤਸ਼ਾਹੀ ਛੇਵੀਂ)
[ਗੁਰੂ ਅਰਜਨ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਹਰਿਮੰਦਰ ਵਿਚ ਅਸਥਾਪਣ ਕਰਨ ਵੇਲੇ ਇਹ ਉਪਦੇਸ਼ ਦਿੱਤਾ।)

Sri Satguru Jagjit Singh Ji eLibrary NamdhariElibrary@gmail.com

੬੨. ਮ੍ਰਿਤ ਪਾਛੈ ਇਹ ਰੀਤਿ ਸੁ ਕਰੋ,
ਗੁਰੂ ਗਰੰਥ ਕਾ ਪਾਠ ਸੁ ਧਰੋ । (ਗੁਰ ਬਿਲਾਸ ਪਾ: ਛੇਵੀਂ)
[ਗੁਰੂ ਹਰਿਗੋਬਿੰਦ ਜੀ ਦਾ ਹੁਕਮ]

੬੩. ਸਿੱਖ ਅਨੰਨ, ਪੰਡਿਤ, ਦਿਖ ਐਸੇ,
ਗ੍ਰਹਿ, ਤਿਥਿ, ਵਾਰ, ਜਾਨ, ਨਹਿ ਕੈਸੇ ।
ਏਕ ਭਰੋਸਾ ਪ੍ਰਭ ਕਾ ਪਾਏ,
ਤਯਾਗ ਲਗਨ ਅਰਦਾਸ ਕਰਾਏ । (ਗੁਰ ਬਿਲਾਸ ਪਾਤਸ਼ਾਹੀ ਛੇਵੀਂ)
[ਗੁਰੂ ਹਰਿਗੋਬਿੰਦ ਜੀ ਕਾਸ਼ੀ ਦੇ ਪੰਡਿਤ ਨੂੰ ਸਿੱਖ ਦੀ ਰਹਤ ਦਰਸਾ ਰਹੇ ਹਨ]

੬੪. "ਕੁਲ ਕੀ ਬਾਤ ਚਿਤ ਮੈ ਧਰਨੀ.
ਖੋਟੀ ਸੰਗਤਿ ਨਹੀਂ ਸੁ ਕਰਨੀ ।
ਪ੍ਰਾਤੈ ਉਠ ਕਰ ਮੱਜਨ ਕਰੀਯੇ,
ਗੁਰਬਾਣੀ ਕੋ ਮੁਖ ਤੇ ਰਰੀਯੇ,
ਪੁਨਾ ਔਰ ਵਿਵਹਾਰ ਜੋ ਹੋਈ,
ਭਲੇ ਸੰਭਾਲਹੁ ਨੀਕੇ ਸੋਈ । (ਗੁਰ ਬਿਲਾਸ ਪਾਤਸ਼ਾਹੀ ਛੇਵੀਂ)
[ਗੁਰੂ ਹਰਿਗੋਬਿੰਦ ਜੀ ਦੀ ਪੁੱਤਰੀ ਵੀਰੋ ਨੂੰ ਮਾਂ ਦਾ ਉਪਦੇਸ਼]

੬੫. "ਸਿਖ ਸਮਾਨ ਔਰ ਨਹਿ ਨਾਤਾ"
(ਗੁਰਬਿਲਾਸ ਪਾਤਸ਼ਾਹੀ ਛੇਵੀਂ ਵਿਚ ਗੁਰੂ ਹਰਿਗੋਬਿੰਦ ਜੀ ਦਾ ਬਚਨ)

੬੬. "ਮਮ ਆਇਸ ਤੁਮ ਰੁਦਨ ਨ ਕੀਜੈ
ਕੀਰਤਨ ਨਾਮ ਵਿਖੈ ਮਨ ਦੀਜੈ ।"
—ਮਰੇ ਸਿਖ ਤੇ ਕਰੇ ਕੜਾਹ ।
—ਨਹਿ ਪੀਟਹਿੰ ਤਿਯ ਮਿਲ ਸਮੁਦਾਇ ।
ਪਢੈ ਸ਼ਬਦ ਕੀਰਤਨ ਕੋ ਕਰੈ
ਸੁਨੈ ਬੈਠ ਵੈਰਾਗ ਸੁ ਧਰੈ ।
(ਗੁਰ ਬਿਲਾਸ ਪਾ: ਛੇਵੀਂ ਗੁਰੂ ਹਰਿਗੋਬਿੰਦ ਦੇ ਜੋਤੀ ਜੋਤ ਸਮਾਨ ਸਮੇਂ ਬਚਨ)

੬੭. "ਜੋ ਕੋਈ ਸਿਖਾਂ ਨੂੰ ਅੱਗੇ ਵਾਹਿਗੁਰੂ ਜੀ ਕੀ ਫ਼ਤੇ ਬੁਲਾਂਵਦਾ,
ਹੈ, ਉਸ ਵੱਲ ਮੇਰਾ ਮੁਖ ਹੁੰਦਾ ਹੈ ।"
(ਦਸਮ ਪਿਤਾ ਦਾ ਹੁਕਮ-ਗਿਆਨ ਰਤਨਾਵਲੀ ਭਾਈ ਮਨੀ ਸਿੰਘ)

੬੮. ਜੋ ਸਿਖ ਸਤਿਗੁਰਾਂ ਦਾ ਸ਼ਬਦ ਸੁਣੇ ਅਤੇ ਸਿਖੀ ਦੀ
ਰਹਿਤਾਂ ਭੀ ਰੱਖੇ; ਤਿਸ ਨੂੰ ਗਯਾਨ ਪ੍ਰਾਪਤ ਹੁੰਦਾ ਹੈ ।
(ਭਾਈ ਮਨੀ ਸਿੰਘ ਜੀ)

੬੯. "ਮਨ ਨੂੰ ਗੁਰਾਂ ਦੇ ਸ਼ਬਦ ਵਿਚ ਜੋੜਨਾ ਹੈ, ਸੋ ਏਹੋ ਜਗ ਹੈ ।"
(ਭਾਈ ਮਨੀ ਸਿੰਘ ਜੀ)

੭੦. ਗੁਰੂ ਨਾਨਕ ਦੇਵ ਜੀ ਦਾ ਮਰਦਾਨੇ ਨੂੰ ਹੁਕਮ :
"ਸਿਰ ਤੇ ਕੇਸ ਰੱਖਣੇ

Sri Satguru Jagjit Singh Ji eLibrary NamdhariElibrary@gmail.com

ਦੂਜੇ, ਪਿਛਲੀ ਰਾਤ ਸਤਿਨਾਮ ਦਾ ਜਾਪ ਜਪਣਾ
ਅਰ ਤੀਸਰਾ ਇਹ ਕਿ ਸਾਧ ਸੰਤ ਆਂਵਦੇ ਜਾਂਦੇ ਦੀ ਸੇਵਾ ਟਹਲ ਕਰਨੀ ।"

(ਭਾਈ ਮਨੀ ਸਿੰਘ, ਗਿਆਨ ਰਤਨਾਵਲੀ)

੭੧. "ਮਨ ਨੀਵੇਂ ਕਰ ਸਿਖੀ ਪ੍ਰਾਪਤ ਹੁੰਦੀ ਹੈ ।

(ਭਗਤ ਰਤਨਾਵਲੀ, ਭਾਈ ਮਨੀ ਸਿੰਘ ਜੀ)

੭੨. "ਸਿਖੀ ਦਾ ਮੂਲ ਨਿਮ੍ਰਤਾ,
ਟਹਿਣੀਆ ਸੇਵਾ ਟਹਿਲ,
ਪਤ੍ਰ ਸਾਧ ਸੰਗਤਿ,
ਫ਼ੁਲ ਸ਼ਬਦ ਦਾ ਅਭਿਆਸ ਸਮਝ;
ਫ਼ਲ ਬਿਦੇਹੀ ਹੋਣਾ, ਸਰੀਰ ਦਾ ਖ਼ਿਆਲ ਹਟ ਜਾਣਾ ।"

(ਗੁਰੂ ਹਰਿਗੋਬਿੰਦ ਜੀ ਦੇ ਬਚਨ, ਭਗਤ ਰਤਨਾਵਲੀ)

੭੩. ਮਿਹਰੋ ਮਹ ਮਸ਼ਅਲਕਸ਼ੇ ਮਜ਼ਦੂਰੇ ਓਸਤ । (ਜ਼ਿੰਦਗੀ ਨਾਮਾ ਭਾਈ ਨੰਦ ਲਾਲ]
[ਚੰਦ ਸੂਰਜ ਉਸ ਦੇ ਮਿਸ਼ਾਲਚੀ ਮਜ਼ਦੂਰ ਹਨ
ਸਿਖ ਮਜ਼ਦੂਰ ਦੀ ਮਜ਼ਦੂਰੀ ਨਹੀਂ ਕਰਦਾ]

੭੪. ਯਾਦੇ ਓ ਸਰਮਾਯਹਏ ਈਮਾਂ ਬਵਦ (ਭਾਈ ਨੰਦ ਲਾਲ ਜੀ)
[ਸਿਮਰਨ ਹੀ ਧਰਮ ਦੀ ਪੂੰਜੀ ਹੈ]

੭੫. ਯਾਦੇ ਹਕ ਈਂ ਅਸਤ, ਦੀਗਰ ਯਾਦ ਨੇਸਤ (ਭਾਈ ਨੰਦ ਲਾਲ ਜੀ)
[ਸਚੇ ਦਾ ਧਿਆਨ ਇਹ ਹੀ ਹੈ ਕਿ ਦੂਜਾ ਚਿਤ ਨ ਆਵੇ]

੭੬. ਆਂ ਹਜੂਮੇ ਖ਼ੁਸ਼ ਕਿ ਬਹਿਰੇ ਯਾਦਿ ਊਸਤ :
ਆਂ ਹਜੂਮੇ ਖ਼ੁਸ਼ ਕਿ ਹੱਕ ਬੁਨਿਆਦਿ ਊ-ਸਤ : (ਭਾਈ ਨੰਦ ਲਾਲ ਜੀ)
[ਓਹ ਇਕੱਠ ਸੁਭਾਗਾ ਹੈ ਜੋ ਰਬ ਦੀ ਯਾਦ ਲਈ ਹੈ
ਓਹ ਮਿਲਣ ਕਰਮਾਂ ਵਾਲਾ ਹੈ ਜਿਸ ਦੀ ਨੀਂਹ ਸਤਿ ਉਤੇ ਹੈ ।]

੭੭. ਆ ਹਜੂਮਿ ਬਦ ਕਿ ਸ਼ੈਤਾਨੀ ਬਵਦ । (ਭਾਈ ਨੰਦ ਲਾਲ ਜੀ)
[ਓਹ ਇਕੱਠ ਭੈੜਾ ਹੈ, ਜਿੱਥੇ ਸ਼ੈਤਾਨੀ ਦੇ ਕੰਮ ਹੋਣ ।

੭੮. ਆਂ ਜ਼ਹੇ ਸਰ ਕੋ ਬਰਾਹਸ਼ ਦਰ ਸਜੂਦ । (ਭਾਈ ਨੰਦ ਲਾਲ ਜੀ)
[ਓਹ ਸਿਰ ਧੰਨ ਹੈ, ਜੋ ਉਸ ਦੇ ਰਾਹ ਵੱਲ ਨਿਉਂਦਾ ਹੈ]

੭੯. ਹਕ ਪਰਸਤਾਂ ਖ਼ੁਦਪਰਸਤੀ ਚੂੰ ਕੁਨੰਦ । (ਭਾਈ ਨੰਦ ਲਾਲ ਜੀ)
[ਵਾਹਿਗੁਰੂ ਪੂਜਕ (ਖਾਲਸੇ) ਕਦੇ
ਆਪਣੀ ਪੂਜਾ ਕਰਾ ਕੇ ਰਾਜ਼ੀ ਨਹੀਂ ਹਨ]

੮੦. ਓ ਦਰੂਨੇ ਦਿਲ ਤੋ ਬੇਰੂੰ ਮੇਰਵੀ,
ਓ ਬਖ਼ਾਨਹ ਤੋ, ਬਹਜ ਚੂੰ ਮੇਰਵੀ । (ਭਾਈ ਨੰਦ ਲਾਲ ਜੀ)
[ਓਹ ਦਿਲ ਦੇ ਅੰਦਰ ਹੈ, ਤੂੰ ਬਾਹਰ ਭਾਲਦਾ ਹੈਂ. ਓਹ ਤੇਰੇ ਘਰ ਹੈ
ਤੂੰ ਕਿਉਂ ਤੀਰਥਾਂ ਤੇ ਜਾਣਾ ਹੈ]

Sri Satguru Jagjit Singh Ji eLibrary NamdhariElibrary@gmail.com

੮੧. ਮਰਦਮਾਨਸ਼ ਅਜ਼ ਹਮਹ ਪਾਕੀਜ਼ਹ ਤਰ
ਖ਼ੂਬਰੂਓ ਖ਼ੂਬਖ਼ੂਓ ਖ਼ੁਸ਼ ਸਿਯਰ । (ਭਾਈ ਨੰਦ ਲਾਲ ਜੀ)
[ਵਾਹਿਗੁਰੂ ਦਾ ਖਾਲਸਾ ਸਭ ਤੋਂ ਪਵਿੱਤ੍ਰ ਖ਼ੂਬਸੂਰਤ, ਸ਼ੀਲ ਅਤੇ ਮਿੱਠੇ ਸੁਭਾਉ ਵਾਲਾ ਹੈ]

੮੨. ਮੁਰਦਹਏ ਰਾ ਆਬੇ ਹੈਵਾਂ ਮੇਦਿਹੰਦ,
ਹਰ ਦਿਲੇ ਪਜ਼ਮੁਰਦਹਰਾ ਜ਼ਾਂ ਮੇਦਿਹੰਦ ।
[ਖ਼ਾਲਸਾ, ਮੁਰਦਿਆਂ ਵਿਚ ਵੀ ਜਾਨ ਪਾ ਦਿੰਦਾ ਹੈ ਅਤੇ ਮੁਰਝਾਏ ਮਨ ਟਹਿਕਾ ਦੇਂਦਾ ਹੈ]

੮੩. ਖ਼ੂਯੇ ਸ਼ਾਂ ਇਲਮੋ ਅਦਬ ਰਾ ਮਜ਼ਹਰਸਤ ।
ਰੂਯੇ ਸ਼ਾਂ ਰੌਸ਼ਨ ਜ਼ ਮਿਹਰੇ ਅਨਵਰਸਤ । (ਭਾਈ ਨੰਦ ਲਾਲ ਜੀ)

੮੪. ਜ਼ਾਹਰੇ ਓ ਕੈਦੇ ਮੁਸ਼ਤੇ ਖਾਕਹਸਤ,
ਬਾਤਨੇ ਓ ਬਾਖ਼ੁਦਾਯੇ ਪਾਕ ਅਸਤ । (ਭਾਈ ਨੰਦ ਲਾਲ ਜੀ)
[ਜ਼ਾਹਰਦਾਰੀ ਤਾਂ ਸੰਤਜਨ ਸੰਸਾਰਕ ਬੰਧਨਾਂ ਵਿਚ ਬੱਧੇ ਹੋਏ ਦਿਸਦੇ ਹਨ, ਪਰ ਵਾਸਤਵ ਵਿਚ ਉਨ੍ਹਾਂ ਦਾ ਮਨ ਪਵਿਤ੍ਰਾਤਮਾ ਨਾਲ ਜੁੜਿਆ ਹੋਇਆ ਹੈ]

੮੫. ਮਸਤੀਯੇ ਹਕ ਮਅਨੀਏ ਹੁਸ਼ਿਆਰੀ ਅਸਤ ।
ਆਰਫ਼ਾਂ ਰਾ ਖ਼੍ਵਾਬ ਹਮ ਬੇਦਾਰੀ ਅਸਤ । (ਭਾਈ ਨੰਦ ਲਾਲ ਜੀ)
[ਵਾਹਿਗੁਰੂ ਦੇ ਪ੍ਰੇਮ ਦੀ ਮਸਤੀ ਦਾ ਅਰਥ ਸਾਵਧਾਨੀ ਹੈ ।
ਗਯਾਨੀਆਂ ਦਾ ਸੌਣਾ ਵੀ ਜਾਗਣ ਤੁਲ ਹੈ]

੮੬. ਆਂ ਜ਼ਹੇ ਦਸਤੇ ਕਿ ਵਸਫ਼ੇ ਓ ਨਵਿਸਤ ।
ਆ ਜ਼ਹੇ ਪਾਯੇ ਕਿ ਦਰ ਕੂਯਸ਼ ਗੁਜ਼ਸ਼ । (ਭਾਈ ਨੰਦ ਲਾਲ ਜੀ)
[ਓਹ ਹੱਥ ਧਨ ਹੈ, ਜਿਸ ਨੇ ਉਸ ਦੀ ਮਹਿਮਾ ਲਿਖੀ ਹੈ
ਓਹ ਪੈਰ ਧਨ ਹਨ, ਜੋ ਉਸ ਦੇ ਰਾਹ ਚਲਦਾ ਹੈ]

੮੭. ਮਾ ਨਮੀ ਲਾਫ਼ੇਮ ਅਜ਼ ਜ਼ੁਹਦੋ ਰਿਆ । (ਭਾਈ ਨੰਦ ਲਾਲ ਜੀ)
[ਖਾਲਸਾ ਕਦੇ ਆਪਣੀ ਭਗਤੀ ਅਤੇ ਭੇਖ ਦੀ ਡੀਂਗ ਨਹੀਂ ਮਾਰਦਾ]

੮੮. ਗੋਯਾ ਜ਼ਿ ਚਸ਼ਮੇ ਯਾਰ ਕਿ ਮਖ਼ਮੂਰ ਗਸ਼ਤਾਇਮ ।
ਕੈ ਖ਼ਾਹਿਸ਼ ਸ਼ਰਾਬਿ ਪੁਰਅਸਰਾਰ ਮੀ ਕੁਨੇਮ । (ਭਾਈ ਨੰਦ ਲਾਲ ਜੀ)
[ਅਸੀਂ ਤਾਂ ਪਿਆਰੇ ਦੀ ਦ੍ਰਿਸ਼ਟੀ ਨਾਲ ਹੀ ਮਸਤ ਹੋ ਗਏ ਹਾਂ ਫਿਰ ਭਲਾ ਹੋਰ ਕਿਸੇ ਸ਼ਰਾਬ ਦੀ ਚਾਹ ਕਿਉਂ ਕਰੀਏ]

੮੯. ਨੰਦ ਲਾਲ ਤੁਮ ਬਚਨ ਸੁਨਹੁ ਸਿਖ ਕਰਮ ਹੈ ਏਹੁ ।
ਨਾਮ ਦਾਨ ਇਸ਼ਨਾਨ ਬਿਨ ਕਰੈ ਨ ਅਨ ਸਿਉ ਨੇਹ ।।੨।।
(ਤਨਖ਼ਾਹ ਨਾਮਾ—ਭਾਈ ਨੰਦ ਲਾਲ)

੯੦. ਨਿਰਧਨ ਦੇਖ ਨਾ ਪਾਸ ਬਹਾਵੈ ।
ਸੋ ਤਨਖਾਹੀ ਮੂਲ ਕਹਾਵੈ ।।੬।। (ਤਨਖ਼ਾਹ ਨਾਮਾ)

Sri Satguru Jagjit Singh Ji eLibrary NamdhariElibrary@gmail.com

੯੧. ਕੰਘਾ ਦੋਵੇਂ ਵਕਤ ਕਰ, ਪੱਗ ਚੁਣੈ ਕਰ ਬਾਂਧਈ ।
ਦਾਤਨ ਕਰੇ ਨਿਤ, ਨ ਦੁੱਖ ਪਾਵੈ ਲਾਲ ਜੀ । (ਤਨਖਾਹ ਨਾਮਾ)

੯੨. ਲੈ ਤੁਰਕਨ ਤੇ ਮਾਸ ਜੋ ਪਾਵੈ ।
ਬਿਨ ਗੁਰ ਸ਼ਬਦ ਬਚਨ ਜੋ ਗਾਵੈ ।
ਤ੍ਰਿਯ ਰਾਗ ਸੁਣਿ ਚਿਤ ਲਾਏ ।
ਸੁਣਹੁ ਲਾਲ ਸੋ ਜਮ ਪੁਰ ਜਾਏ ॥੩੦॥

੯੨ (ੳ) ਮਾਇ ਭੈਣ ਜੋ ਆਵੈ ਸੰਗਤਿ ।
ਦ੍ਰਿਸ਼ਟਿ ਬੁਰੀ ਦੇਖੈ ਤਿਸ ਪੰਗਤਿ ।
ਸਿਖ ਹੋਇ ਜੋ ਕਰਤ ਕਰੋਧ ।
ਕੰਨਿਆ ਮੂਲ ਨ ਦੇਵੈ ਸੋਧ ।
(ਭਾਵ ਪੂਰੀ ਤਰ੍ਹਾਂ ਵਰ ਦਾ ਗੁਣ, ਕਰਮ ਸੁਭਾਉ)
ਧੀ ਭੈਣ ਕਾ ਪੈਸਾ ਖਾਇ ।
ਕਹੈ ਗੋਬਿੰਦ ਸਿੰਘ ਧਕੇ ਜਮ ਖਾਇ । (ਤਨਖ਼ਾਹ ਨਾਮਾ)

੯੩. ਪਰ ਇਸਤ੍ਰੀ ਸਿਉ ਨੇਹੁ ਲਗਾਵੈ ।
ਕਹੇ ਗੋਬਿੰਦ ਸਿੰਘ ਵੁਹ ਸਿੱਖ ਨ ਭਾਵੈ ॥੨੯॥ (ਤਨਖਾਹ ਨਾਮਾ)

੯੪. ਖਾਲਸਾ ਸੋਇ ਕਰਮ ਕੋ ਸਾੜੇ ॥੪੫॥ (ਤਨਖਾਹ ਨਾਮਾ)

੯੫. ਖਾਲਸਾ ਸੋਇ ਨਾਮ ਜਪ ਕਰੇ ।
ਖਾਲਸਾ ਸੋਇ ਮਲੇਛ ਪਰ ਚੜ੍ਹੇ ॥੫੧॥ (ਤਨਖਾਹ ਨਾਮਾ)

੯੬. ਰਾਜ ਕਰੇਗਾ ਖਾਲਸਾ ਆਕੀ ਰਹੇ ਨ ਕੋਇ ।
ਖ੍ਵਾਰ ਹੋਇ ਸਭ ਮਿਲੇਂਗੇ ਬਚੇ ਸ਼ਰਨ ਜੋ ਹੋਇ ॥੬੨॥
(ਭਾਈ ਨੰਦ ਲਾਲ, ਤਨਖ਼ਾਹ ਨਾਮਾ)

੯੭. ਬਚਨ ਹੈ ਸ੍ਰੀ ਗੁਰੂ (ਗੋਬਿੰਦ ਸਿੰਘ ਜੀ) ਕਾ ਕਿ ਜੋ ਕੋਈ ਸਿੱਖ ਦਾ
ਬੇਟਾ ਹੋਏ ਔਰ ਮੋਨਾ ਹੋਇ ਜਾਵੈ ਤਿਸ ਕੀ ਜੜ੍ਹ ਸੁੱਕੀ
ਅਰ ਜੋ ਮੋਨਾ ਸਿਖ ਹੋਇ ਜਾਵੇ ਤਿਸ ਕੀ ਜੜ੍ਹ ਹਰੀ । (ਭਾਈ ਨੰਦ ਲਾਲ)

੯੮. ਜੋ ਸਿੱਖ ਗੁਰ ਦਰਸ਼ਨ ਕੀ ਚਾਹਿ ।
ਦਰਸਨ ਕਰੇ ਗਰੰਥ ਜੀ ਆਹਿ ॥੧੪॥
ਪ੍ਰਭਾਤ ਸਮੇਂ ਕਰ ਕੇ ਇਸਨਾਨ ।
ਤੀਨ ਪਰਦਛਨਾ ਕਰੇ ਸੁਜਾਨ ॥੧੫॥ (ਰਹਿਤਨਾਮਾ—ਭਾਈ ਨੰਦ ਲਾਲ)

੯੯. ਜੋ ਮਮ ਸਾਥ ਚਾਹੇ ਕਰੇ ਬਾਤ ।
ਗਰੰਥ ਜੀ ਪੜ੍ਹੇ ਸੁਣੇ ਬਿਚਾਰੇ ਸਾਥ ॥੧੮॥
ਜੋ ਮੁਝ ਬਚਨ ਸੁਣਨ ਕੀ ਚਾਇ ।
ਗਰੰਥ ਜੀ ਪੜ੍ਹੇ ਸੁਣੇ ਚਿਤ ਲਾਇ ॥੧੯॥
ਮੇਰਾ ਰੂਪ ਗਰੰਥ ਜੀ ਜਾਣ ।
ਇਸ ਮੇਂ ਭੇਦ ਨਹੀਂ ਕੁਝ ਮਾਨ ॥੨੦॥ (ਰਹਿਤਨਾਮਾ—ਭਾਈ ਨੰਦ ਲਾਲ)

Sri Satguru Jagjit Singh Ji eLibrary NamdhariElibrary@gmail.com

੧੦੦. ਵਾਹਿਗੁਰੂ ਗੁਰ ਜਾਪਏ, ਵਾਹਿਗੁਰੂ ਕਰ ਧਿਆਨ ।
ਮੁਕਤ ਲਾਭ ਸੋ ਹੋਇ ਹੈਂ ਗੁਰ ਸਿਖ ਰਿਦ ਮਹਿ ਮਾਨ ।।੪੦।।
(ਰਹਿਤਨਾਮਾ—ਭਾਈ ਨੰਦ ਲਾਲ)

੧੦੧. "ਤੁਸੀਂ ਸਿਰੀ ਅਕਾਲ ਪੁਰਖ ਜੀ ਕਾ ਖਾਲਸਾ ਹੋ
ਪੰਜ ਹਥਿਆਰ ਬਨਿ, ਕੈ ਹੁਕਮੁ ਦੇਖਦਿਆ
ਦਰਸਨਿ ਆਵਣਾ । **ਖਾਲਸੇ ਦੀ ਰਹਣੀ ਰਹਣਾ ।**
ਭੰਗ ਤਮਾਕੂ ਹਫ਼ੀਮ ਪੋਸਤ ਦਾਰੂ ਅਮਲ ਕੋਈ
ਨਾਹੀ ਖਾਣਾ............"
ਚੋਰੀ ਜਾਰੀ ਨਾਹੀ ਕਰਣੀ । ਅਸਾਂ ਸਤਜੁਗ
ਵਰਤਾਇਆ ਹੈ । ਆਪ ਵਿਚ ਪਿਆਰ ਕਰਣਾ
ਮੇਰਾ ਹੁਕਮੁ ਹੈ ਜੋ ਖਾਲਸੇ ਦੀ ਰਹਤ ਰਹੇਗਾ
ਤਿਸ ਦੀ ਗੁਰੂ ਬਹੁੜੀ ਕਰੇਗਾ ।
ਮਿਤੀ ਪੋਹ ੧੨ ਸੰਮਤੁ ਪਹਲਾ (ਦਸੰਬਰ ੧੨, ੧੭੨੦ ਈ:)
[ਹੁਕਮ ਨਾਮਾ ਬਾਬਾ ਬੰਦਾ ਸਿੰਘ, ਜਉਨਪੁਰ ਦੀ ਸੰਗਤ ਦੇ ਨਾਂ]

੧੦੨. ਲੱਚ ਕੇ ਸੇਵਾ ਕਰਹੁਗੇ ਤੁਸਾਡੇ ਸਭੇ ਕਾਰਜ
ਗੁਰੂ ਪੂਰਾ ਰਾਸ ਕਰੇਗਾ ਅਰ ਤੁਸਾਡੀ ਸੇਵਾ
ਦਰਗਾਹ ਥਾਇ ਪਵੈਗੀ । (ਹੁਕਮ ਨਾਮਾ—ਮਾਤਾ ਸੁੰਦਰੀ ਜੀ)
(ਕਤਕ ੧੧, ਸੰਮਤ ੧੭੭੪ ਬਿ: ੧੨ ਅਕਤੂਬਰ, ੧੭੧੭ ਈ:]

੧੦੩. "ਸਿਖ ਦਾ ਖਸਮਾਨਾ ਕਰਣਾ......।" (ਹੁਕਮਨਾਮਾ – ਮਾਤਾ ਸੁੰਦਰੀ ਜੀ)

੧੦੪. ਭਾਈ ਲਾਲ ਪਾਲਾ ਤੁਮਾਰੇ ਪਾਸ ਆਏ ਹੈਨਿ
ਭਾਈ ਸੰਗੋ ਨਾਲ ਉਨ ਕਾ ਲੇਖਾ ਹੈ
ਸੋ ਸੰਗੋ ਭੀ ਤੁਮਾਰੇ ਪਾਸ ਆਵਤਾ ਹੈ
ਸਰਬਤਿ ਖਾਲਸਾ ਵਾਹਿਗੁਰੂ ਜੀ ਕਾ ਹੈ
ਜੋ ਕੁਛ ਵਾਜਬੀ ਗੱਲ ਹੋਵੈ ਸੋ ਕਰ ਦੇਵਣੀ ।
ਰਿਆਇਤ ਕਿਸੀ ਕੀ ਨਾਹੀ ਕਰਣੀ
ਤੁਮਾਰੇ ਸਭ ਮਨੋਰਥ ਪੂਰੇ ਹੋਣਗੇ । ਧਰਮ
ਨਿਆਉ ਕਰਕੇ ਫੈਸਲਾ ਕਰ ਦੇਵਣਾ
ਨਿਹਾਲ ਹੋਵਹੁਗੇ । ਮੇਰੀ ਖ਼ੁਸ਼ੀ ਹੈ । ਨਿਹਾਲ ਹੋਏ
ਬਹੁੜੀ ਹੋਵੈਗੀ । (ਹੁਕਮਨਾਮਾ—ਮਾਤਾ ਸੁੰਦਰੀ ਜੀ)

੧੦੫. "ਹੋਰ ਗੁਰੂ ਕਾ ਦਸਵੰਧ ਜੋ ਕੁਛ ਗੁਰੂ ਕੇ ਨਿਮਤਿ
ਕਾ ਹੋਵੈ ਸੋ ਦੀਪ ਮਾਲਾ ਉਤੇ ਲੈ ਆਵਣਾ । ਕਉਡੀ
ਸ੍ਰੀ ਹਰਿਮੰਦਰ ਸਾਹਿਬ ਜੀ ਉਪਰਿ ਲਗੂਗੁ
ਤੁਸਾਨੂੰ ਖ਼ੁਸ਼ੀ ਹੋਗੁ । (ਖਾਲਸੇ ਵਲੋਂ ਹੁਕਮਨਾਮਾ)
[ਵੈਸਾਖ ੩, ਸੰਮਤ ੧੮੧੦ ਬਿ: ੧੨ ਅਪ੍ਰੈਲ, ੧੭੫੯ ਈ:]

Sri Satguru Jagjit Singh Ji eLibrary NamdhariElibrary@gmail.com

१०६. ਪ੍ਰਥਮ ਰਹਿਤ ਯਹਿ ਜਾਨ, ਖੰਡੇ ਕੀ ਪਾਹੁਲ ਛਕੇ ।
ਸੋਈ ਸਿੰਘ ਪ੍ਰਧਾਨ ਅਵਰ ਨ ਪਾਹੁਲ ਜੋ ਲਏ ।
(ਭਾਈ ਦੇਸਾ ਸਿੰਘ ਜੀ ਦਾ ਰਾਹਤਨਾਮਾ)

१०७. ਦਸਨਖ ਕਰ ਜੋ ਕਾਰ ਕਮਾਵੈ,
ਤਾਂਕਰ ਜੋ ਧਨ ਘਰ ਮੈ ਆਵੈ ।
ਤਿਸ ਤੇ ਗੁਰ ਦਸੌਂਧ ਜੋ ਦੇਈ,
ਸਿੰਘ ਸੁਜਸ ਬਹੁ ਜਗ ਮਹਿ ਲੇਈ । (ਭਾਈ ਦੇਸਾ ਸਿੰਘ ਜੀ)

१०८. ਪਰ ਬੇਟੀ ਕੋ ਬੇਟੀ ਜਾਨੈ ।
ਪਰ ਇਸਤਰੀ ਕੋ ਮਾਤ ਬਖਾਨੈ ।
ਅਪਨੀ ਇਸਤਰੀ ਸੋ ਰਤ ਹੋਈ ।
ਰਹਿਤ ਵਾਨ ਗੁਰ ਕਾ ਸਿੰਘ ਸੋਈ । (ਭਾਈ ਦੇਸਾ ਸਿੰਘ)

१०९. ਕਛ ਕ੍ਰਿਪਾਨ ਨ ਕਬਹੂੰ ਤਿਆਗੈ ।
ਸਨਮੁਖ ਲਰੈ, ਨ ਰਣ ਤੇ ਭਾਗੈ । (ਭਾਈ ਦੇਸਾ ਸਿੰਘ)

११०. ਖੇਤੀ ਵਣਿਜ ਵ ਸਿਲਪ ਬਨਾਵੈ ।
ਔਰ ਟਹਲ ਜੋ ਮਨ ਭਾਵੈ ।
ਦ੍ਰਿੜ ਹਵੈ ਸੋਈ ਕਾਰ ਕਮਾਵੈ ।
ਚੋਰੀ ਡਾਕੇ ਕਬੂ ਨ ਜਾਵੈ । (ਭਾਈ ਦੇਸਾ ਸਿੰਘ)

१११. ਕੁਠਾ ਹੁੱਕਾ ਚਰਸ ਤਮਾਕੂ,
ਗਾਂਜਾ ਟੋਪੀ ਤਾੜੀ ਖਾਕੂ ।
ਇਨ ਕੀ ਓਰ ਨਾ ਕਬਹੂੰ ਦੇਖੈ,
ਰਹਿਤਵੰਤ ਸੋ ਸਿੰਘ ਵਿਸੇਖੈ । (ਭਾਈ ਦੇਸਾ ਸਿੰਘ)

११२. ਗੁਰਮੁਖਿ ਅਖਰ ਜੋ ਹੈਂ ਭਾਈ,
ਸਿੰਘ ਸਿੰਘ ਤੇ ਸੀਖੈ ਜਾਈ ।
ਔਰ ਜੁ ਵਿਦਯਾ ਜਹਿ ਤਹਿ ਹੋਇ,
ਅਵਰਨ ਤੇ ਭੀ ਲੇਵੈ ਸੋਈ । (ਭਾਈ ਦੇਸਾ ਸਿੰਘ)

११३. ਪਰ ਨਾਰੀ, ਜੂਆ, ਅਸਤ ਚੋਰੀ ਮਦਿਰਾ ਜਾਨ ।
ਪਾਂਚ ਐਬ ਯੇ ਜਗਤ ਮੋ ਤਜੈ ਸੁ ਸਿੰਘ ਸੁਜਾਨ । (ਭਾਈ ਦੇਸਾ ਸਿੰਘ)

११४. ਵਢੀ ਲੇਕਰ ਨਯਾਯ ਨ ਕਰੀਏ ।
ਝੂਠੀ ਸਾਖ ਕਬੂੰ ਨ ਭਰੀਏ । (ਭਾਈ ਦੇਸਾ ਸਿੰਘ)

११५. ਜੋ ਕੋਈ ਸਿੰਘ ਪੁਜਾਰੀ ਅਹੈ,
ਸੋ ਭੀ ਪੂਜਾ ਬਹੁਤ ਨ ਗਹੈ । (ਭਾਈ ਦੇਸਾ ਸਿੰਘ)

११६. ਰਹਿਣੀ ਰਹੈ ਸੋਈ ਸਿਖ ਮੇਰਾ,
ਓਹ ਠਾਕੁਰ ਮੈ ਉਸ ਕਾ ਚੇਰਾ,
ਰਹਿਤ ਬਿਨਾ ਨ ਸਿੱਖ ਕਹਾਵੈ ।
ਰਹਿਤ ਬਿਨਾ ਦਰ ਚੋਟਾਂ ਖਾਵੈ । (ਭਾਈ ਦੇਸਾ ਸਿੰਘ)

Sri Satguru Jagjit Singh Ji eLibrary NamdhariElibrary@gmail.com

੧੧੭. ਜੋ ਸਿੱਖ ਖਾਲਸੇ ਸ੍ਰੀ ਅਕਾਲ ਪੁਰਖ ਕੇ ਹੋਵੈਂਗੇ,
ਸੋ ਸਿਵਾਯ ਸ੍ਰੀ ਅਕਾਲ ਪੁਰਖ, ਦੂਸਰੇ ਮਾਨੁਖ ਕੇ
ਜਾਮੇਂ ਕੋ ਨਾ ਜਾਨੇਗੇ, ਕਈ ਗੁਰੂ ਝੂਠੇ ਸਦਾਵਹਿੰਗੇ
ਪਰ ਓਹ ਨਾ ਮੰਨਹਿਗੇ। (ਪ੍ਰੇਮ ਸੁਮਾਰਗ)

੧੧੮. ਸਭ ਤੋਂ ਵੱਡੀ ਰਹਿਤ ਏਹ ਹੈ ਜੋ ਮਰਦ ਪਰਨਾਰੀ
ਕਾ ਸੰਗ ਨ ਕਰੇ, ਇਸਤਰੀ ਬਿਗਾਨੇ ਮਰਦ ਨੂੰ ਨ ਦੇਖੇ। (ਪ੍ਰੇਮ ਸੁਮਾਰਗ)

੧੧੯. ਸ਼ਬਦ ਨਾਲ ਪਿਆਰ ਰਖਣਾ, ਜੈਸੇ ਚਕੋਰ ਦਾ ਚੰਦ
ਨਾਲ ਪਯਾਰ ਹੈ। (ਪ੍ਰੇਮ ਸੁਮਾਰਗ)

੧੨੦. ਅਖੀਆ ਕਾ ਬਰਤ ਹੈ ਪਰ ਤ੍ਰਿਯਾ ਪਰਦਰਬ ਨ ਦੇਖੈ।
ਜਿਹਬਾ ਕਾ ਹੈ, ਮਿਥਯਾ ਨ ਬੋਲੈ, ਨਿੰਦਿਆ ਨ ਕਰੇ ਅਰ
ਬਹੁਤ ਸਵਾਦ ਨ ਚਖੇ। (ਪ੍ਰੇਮ ਸੁਮਾਰਗ)

੧੨੧. ਲੜਕੀ ਦਾ ਸੰਜੋਗ ਐਸੀ ਕੁਲ ਵਿਖੈ ਕਰੈ,
ਜਿਥੈ ਸਿੱਖੀ ਅਕਾਲ ਪੁਰਖ ਦੀ ਹੋਵੈ। ਅਨੰਦ (ਕਾਰਜ) ਕਰੈ। (ਪ੍ਰੇਮ ਸੁਮਾਰਗ)

੧੨੨ ਲੜਕੀ ਦੇ ਮਾਪੇ ਕਦਾਂਚ ਸਬਬ ਪਾਇਕੈ
ਬਾਲਕ ਦੇ ਗ੍ਰਿਹ ਬਿਖੇ ਜਾਣ ਅਤੇ ਉਥੇ ਪ੍ਰਸਾਦ
ਤਿਯਾਰ ਹੋਵੈ ਤਾਂ ਖਾਣ, ਸਕੁਚਨ ਨਾਹੀ।
ਅੰਨ ਨ ਖ਼ਾਣਾ ਸਭ ਭਰਮ ਹੈ। ਬੇਟੀ ਬੇਟੇ
ਵਾਲੇ ਖਾਂਦੇ ਪੀਂਦੇ ਰਹਿਣ, ਕਿਸ
ਵਾਸਤੇ ਜੋ ਗੁਰੂ ਨੇ ਦੋਵੈਂ ਸਾਕ ਇਕ ਕੀਤੇ ਹੈਂਨ।
(ਪ੍ਰੇਮ ਸੁਮਾਰਗ ਧਿਆਉ ਚਤੁਰਥ—ਇਕਾਦਸ ਬਚਨ)

੧੨੩. ਜਿਸ ਇਸਤਰੀ ਕਾ ਭਰਤਾ ਕਾਲ ਬਸਿ ਹੋਯਾ ਹੋਇ ਆਪਣੀ
ਲਾਇਕ ਦੇਖ ਕੇ (ਉਮਰ ਆਦਿ) ਅਪਰ ਸੰਜੋਗ ਕਰੇ। (ਪ੍ਰੇਮ ਸੁਮਾਰਗ)

੧੨੪. ਜੁ ਸ਼ਿਕਾਰ ਕਰ ਨ ਸਕੈ ਤਾ ਝਟਕੇ ਕਾ ਖਾਏ। (ਪ੍ਰੇਮ ਸੁਮਾਰਗ)

੧੨੫. ਅਮਲ ਕੋਈ ਖਾਏ ਨਹੀਂ। ਅਮਲ ਖਾਣਾ ਇਸ ਵਾਸਤੇ ਮਨਹਿ ਹੈ ਜੋ
ਦੇਹ ਨੂੰ ਸੁਸਤੀ ਕਰਦਾ ਹੈ, ਸਿਮਰਣ ਤੇ ਦੁਨੀਆਂ ਦੀ ਕਿਰਤ ਸੇ ਫੇਰ
ਰੱਖਦਾ ਹੈ। (ਪ੍ਰੇਮ ਸੁਮਾਰਗ)

੧੨੬. ਖ਼ਰਚ ਆਮਦਨੀ ਤੇ ਕੰਮ ਕਰਨਾ, ਜੋ ਵਧੀਕ ਕਰੇਗਾ ਅੰਤ ਨੂੰ ਹੈਰਾਨ
ਹੋਵੇਗਾ। (ਪ੍ਰੇਮ ਸੁਮਾਰਗ)

੧੨੭. ਸੁਲਹਿਕੁਲ ਰਹੈ (ਪ੍ਰੇਮ ਸੁਮਾਰਗ)

੧੨੮. ਜਿਸ ਦਿਨ ਪ੍ਰਾਣੀ ਚਲਾਣਾ ਕਰੇ ਉਸ ਦਿਨ ਮੰਜਿਆਂ ਉਪਰ ਸੌਂਣਾ
ਅੱਛਾ (ਜੋ ਰੋਜ਼ ਬਣਦਾ ਹੈ) ਪ੍ਰਸਾਦ ਖਾਣਾ, ਧਾਹ ਨਹੀਂ ਮਾਰਣੀ, ਕਿਛ
ਸੋਗ ਨਾਹੀਂ ਕਰਣਾ, ਹੁਕਮ ਸਤ ਕਰ ਜਾਨਣਾ। (ਪ੍ਰੇਮ ਸੁਮਾਰਗ)

੧੨੯. ਜਾਮੇ ਦੀ ਮਿੱਟੀ (ਰਾਖ, ਭਸਮ) ਇਕੱਠੀ ਕਰ ਦਰੀਆਉ ਵਿਚ ਪਾਏ।
ਜੋ ਕਦਾਂਚ ਦਰੀਆਉ ਦੀ ਜੁਗਤ ਬਣ ਨ ਆਵੇ ਤਾਂ ਉਸ ਜਗਹਿ ਜਿਥੈ

Sri Satguru Jagjit Singh Ji eLibrary NamdhariElibrary@gmail.com

ਸੰਸਕਾਰ ਹੋਆ ਹੋਵੈ ਇਕ ਟੋਆ ਕਰੈ, ਉਹ ਮਿੱਟੀ ਉਸ ਟੋਏ ਵਿਚ ਪਾਇਕੈ ਹੋਰ ਮਿੱਟੀ ਨਾਲ ਜ਼ਮੀਨ ਬਰਾਬਰ ਕਰ ਛੋਡੈ। (ਪ੍ਰੇਮ ਸੁਮਾਰਗ)

੧੩੦. ਰਾਜੇ ਕੋ ਚਾਹੀਐ ਜੋ ਅਪਨੇ ਉਪਰ ਭੀ ਨਿਆਉ ਕਰੇ। (ਪ੍ਰੇਮ ਸੁਮਾਰਗ)

੧੩੧. ਗੁਰਮੁਖੀ ਵਿਦਯਾ ਕਾ ਪ੍ਰਕਾਸ਼ ਅਰ ਹਰ ਵਿਦਯਾ ਦੀ ਤਾਕੀਦ ਕਰੈ। (ਪ੍ਰੇਮ ਸੁਮਾਰਗ)

੧੩੨. ਏਕ ਇਸਤਰੀ ਪਰ ਸੰਤੋਖ ਕਰਨਾ ਬਡੇ ਪਰਖ ਕਾ ਕਾਮ ਹੈ। (ਪ੍ਰੇਮ ਸੁਮਾਰਗ)

੧੩੩. ਪ੍ਰਥਮੈ ਜਬ ਲਗ ਬਸਾਇ ਰਿਣ ਨ ਲੇਵੈ। ਰਿਣ ਬਡੀ ਹੱਤਿਆ ਹੈ। ਜੋ ਕਰਜ਼ ਲੇਵੈ ਤਿਸ ਕੋ ਚਾਹੀਐ ਜੋ ਬਿਨਾ ਮੰਗੈ ਪੈਸੇ ਕਰਜ਼ ਕੇ ਦੇਇ। ਜਬਲਗ ਨ ਦੇਇ ਤਬਲਗ ਸੁਆਦ ਅਰ ਖੁਸ਼ਬੋਈ ਅੰਗੀਕਾਰ ਨ ਕਰੈ। (ਪ੍ਰੇਮ ਸੁਮਾਰਗ)

੧੩੪. ਰਾਜੇ ਕੋ ਚਾਹੀਐ, ਖਬਰਦਾਰੀ ਲੇਵੈ ਪਰਜਾ ਕੀ। ਜੋ ਰਾਤ ਕੋ ਕੋਈ ਭੁਖਾ ਨੰਗਾ ਨ ਸੋਵੈ। ਅਰ ਬਹੁਤ ਖਬਰ ਗ੍ਰਹਿਸਤੀ ਕੀ ਲੇਵੈ। ਕਿਉਂਕਿ ਜੋ ਗ੍ਰਿਹਸਤੀ ਧਰਮ ਕਰਕੈ ਕਿਛੁ ਆਪਨੀ ਬਿਰਥਾ ਕਿਸੇ ਨੂੰ ਕਹਿ ਨਹੀਂ ਸਕਦਾ। (ਪ੍ਰੇਮ ਸੁਮਾਰਗ)

੧੩੫. 'ਸਹਜ ਜੋਗ' ਕਉ ਰਸੈ। ਅੰਦਰ ਬਾਹਰ ਦੇਹੀ ਕਾ। ਸਹਜ ਕਾ ਸੋਵਨਾ, ਸਹਜ ਕਾ ਜਾਗਨਾ, ਸਹਜ ਕਾ ਖਾਨਾ, ਸਹਜ ਕਾ ਪੀਨਾ, ਸਹਜ ਕਾ ਗ੍ਰਹਿਸਤ ਕਰਨਾ, ਸਹਜ ਕਾ ਕੀਰਤਨ ਕਰਨਾ। (ਪ੍ਰੇਮ ਸੁਮਾਰਗ)

੧੩੬. ਗੁਰ ਕਾ ਸਿਖ ਸ਼ਰਾਬ ਕਬੀ ਨ ਪੀਵੇ,
"ਜਿਤ ਪੀਤੈ ਮਤਿ ਦੂਰ ਹੋਇ ਬਰਲੁ ਪਵੈ ਵਿਚ ਆਇ।
(ਰਹਿਤਨਾਮਾ ਭਾਈ ਚੌਪਾ ਸਿੰਘ ਜੀ)

੧੩੭. ਨਾਤਾ ਗੁਰੂ ਕੇ ਸਿਖ ਨਾਲ ਕਰੇ, ਨ ਦੇਖੈ ਖਤਰੀ, ਨ ਦੇਖੈ ਸੂਦ ਕਿ ਵੈਸ਼ ਹੈ। (ਭਾਈ ਚੌਪਾ ਸਿੰਘ)

੧੩੮. ਗੁਰੂ ਕਾ ਸਿੱਖ ਗਰੀਬ ਕੀ ਰਸਨਾ ਕੋ ਗੁਰੂ ਕੀ ਗੋਲਕ ਜਾਣੈ। (ਭਾਈ ਚੌਪਾ ਸਿੰਘ)

੧੩੯. ਧਰਮ ਸਾਲੀਆ ਪੀਰ ਔਰ ਮਸੰਦ ਨ ਬਣੇ। (ਭਾਈ ਚੌਪਾ ਸਿੰਘ)

੧੪੦. ਸਿੱਖ ਕੇ ਸੰਕਟ ਕੋ ਜਥੋ ਤੋਂ ਕਰਕੇ ਦੂਰ ਕਰੇ। (ਭਾਈ ਚੌਪਾ ਸਿੰਘ)

੧੪੧. ਲੜਕੇ ਕੋ ਗੁਰੂ ਗਰੰਥ ਸਾਹਿਬ ਕਾ ਪਾਠ ਸਿਖਾਲੇ। (ਭਾਈ ਚੌਪਾ ਸਿੰਘ)

੧੪੨. ਆਗਯਾ ਗੁਰੂ ਗਰੰਥ ਸਾਹਿਬ ਕੀ ਮੰਨਣੀ। (ਭਾਈ ਚੌਪਾ ਸਿੰਘ)

੧੪੩. ਅਮਲ ਪਰਸਾਦੇ ਦਾ ਰੱਖਣਾ (ਭਾਈ ਚੌਪਾ ਸਿੰਘ)

੧੪੪. ਸ਼ਸਤਰ ਰੱਖਣੇ। (ਭਾਈ ਚੌਪਾ ਸਿੰਘ)

੧੪੫. ਰਣ ਮੇਂ ਪਿਠ ਨਹੀਂ ਦੇਣੀ। (ਭਾਈ ਚੌਪਾ ਸਿੰਘ)

੧੪੬. ਸਿੱਖ ਨੂੰ ਬਖਸ਼ਨੇ ਵਕਤ ਅੜੀ ਨਹੀਂ ਕਰਨੀ (ਭਾਈ ਚੌਪਾ ਸਿੰਘ)

੧੪੭. ਸਿੱਖ ਕਲਫ਼ ਨ ਲਗਾਵੇ। (ਭਾਈ ਚੌਪਾ ਸਿੰਘ)

Sri Satguru Jagjit Singh Ji eLibrary NamdhariElibrary@gmail.com

੧੪੮. ਸਿੱਖਾਂ ਦਾ ਮਾਮਲਾ ਸਿੱਖਾਂ ਵਿਚ ਨਿਬੇੜੇ। ਜੋ ਸਿੱਖ ਦੇ ਬਿਨਾਂ ਕਹੇ ਹਾਕਮ ਦੇ ਜਾਵੇ ਸੋ ਤਨਖਾਹੀਆ। (ਭਾਈ ਚੌਪਾ ਸਿੰਘ)

੧੪੯. ਸਿੱਖ ਸਿੱਖ ਕੋ ਕਲਪਾਇ ਨਾਹੀਂ। (ਭਾਈ ਚੌਪਾ ਸਿੰਘ)

੧੫੦. ਕਿਸੇ ਸੁਬੱਬ ਵਿਚ ਸਿੱਖਾਂ ਨਾਲ ਬੋਲ ਬਹੇ ਤਾਂ ਉਹ ਬਖ਼ਸ਼ ਬਖਸਾਇ ਲਏ ਰਾਤ ਵਿਚ ਨਾ ਪਾਏ। (ਭਾਈ ਚੌਪਾ ਸਿੰਘ)

੧੫੧. ਗੁਰੂ ਕਾ ਸਿੱਖ ਜੋ ਧਰਮਸਾਲੀਆਂ ਹੋਵੈ, ਐਸੇ ਗੁਣਾਂ ਵਾਲਾ ਹੋਵੇ। ਨਿਰਲੱਭੀ, ਨਿਰਮਾਨੀ, ਜਤੀ, ਸਤੀ, ਪ੍ਰਸਵਾਰਥੀ, ਧੀਰਜ, ਉਦਾਰ, ਦਯਾਵਾਨ, ਪ੍ਰੀਤਵਾਨ, ਤਪੀਆ, ਆਨੰਦ, ਰਹਿਤਵਾਨ, ਮਤਸਰ ਬਿਨਾ, ਪੜਦੇ ਕਜ, ਸੁਚੇਤ, ਦੇਹ ਪਵਿੱਤਰ, ਟਹਲ ਕਰੇ, ਵੰਡ ਖਾਏ, ਪ੍ਰਦੇਸੀ ਸਿੱਖ ਦੀ ਚੀਜ ਵਸਤ ਦੀ ਸੁਚੇਤੀ ਰਖੇ, ਦਰਦਵੰਦ ਹਵੈ।

੧੫੨. ਗੁਰੂ ਕੇ ਸਿੱਖ ਪਾਸ ਜੋ ਕੁਰਹਿਤੀਆ ਸਿੱਖ ਆ ਜਾਵੈ ਤ੍ਰੁਟਕੇ ਸਰਨ, ਗੁਰੂ ਕੀਤਾ ਮੇਲ ਲੈਣਾ। (ਭਾਈ ਚੌਪਾ ਸਿੰਘ)

੧੫੩. ਗੁਰੂ ਕਾ ਸਿੱਖ ਕੇਸਾਂ ਦੀ ਪਾਲਨਾ ਕਰੇ, ਦੋ ਵੇਲੇ ਕੰਘਾ ਕਰੈ। (ਭਾਈ ਚੌਪਾ ਸਿੰਘ)

੧੫੪. ਗੁਰੂ ਕੇ ਸਿੱਖ ਕਾ ਚਿਤ ਜੇ ਉਦਾਸ ਹੋਇ ਤਾਂ ਆਪਣੇ ਗੁਰਦੁਆਰੇ ਸਥਾਨਾਂ ਦਾ ਦਰਸ਼ਨ ਕਰੇ। (ਭਾਈ ਚੌਪਾ ਸਿੰਘ)

੧੫੫. ਸ੍ਰੀ ਗੁਰੂ ਗਰੰਥ ਸਾਹਿਬ ਜੀ ਨੂੰ ਦਸੋ ਗੁਰੂਓਂ ਕਾ ਸਰੂਪ ਜਾਨੈ। (ਭਾਈ ਚੌਪਾ ਸਿੰਘ)

੧੫੬. ਚਰਚਾ ਸ਼ਬਦ ਕੀ, ਫਲ ਸੰਗਤ ਕਾ, ਬੀਜ ਕਰਮਾਂ ਕਾ, ਬੀਚਾਰ ਗੁਰਮਤਿ ਕਾ, ਕਿਰਤ ਧਰਮ ਕੀ, ਹਥਿਆਰ ਜਤ ਕਾ, ਵਾਕ ਸਤਿ ਦਾ, ਜਸ ਦੇਗ ਦਾ, ਰਾਜ ਤੇਗ ਦਾ, ਸਾਖ ਪੁੰਨ ਕੀ, ਖ਼ੁਸ਼ਬੋਈ ਸਿੱਖੀ ਕੀ, ਸੋਭਾ ਟਹਲ ਕੀ, ਸ਼ੀਰੀ ਬਚਨ ਕੀ, ਲਾਜ ਲੋਕ ਕੀ, ਹਯਾਉ ਅੱਖੀਂ ਕਾ, ਗ੍ਰਿਹਸਤ ਭਲੀ ਨਾਰ ਕਾ, ਨਾਰ ਕੁਲਕੀ, ਰਹਿਣਾ ਹਜ਼ੂਰ ਕਾ, ਮੰਨਣਾ ਹੁਕਮ ਕਾ, ਆਗਿਆ ਸ੍ਰੀ ਗੁਰੂ ਗਰੰਥ ਸਾਹਿਬ ਕੀ, ਦੀਦਾਰ ਖਾਲਸੇ ਦਾ, ਬੋਲਣਾ ਮਰਿਯਾਦਾ ਕਾ, ਟਹਿਲ ਮਾਤਾ ਪਿਤਾ ਕੀ, ਚਿਤਵਣਾ ਭਲਿਆਈ ਦਾ ਮਾਰਨਾ ਪਾਪ ਦਾ, ਪੜ੍ਹਨਾ ਸ਼ੋਕ ਦਾ, ਜੀਤਨਾ ਮਨ ਦਾ, ਵਰਤਣ ਜੁਗਤ ਦੀ, ਪ੍ਰਸਾਦ ਕੜਾਹ ਕਾ, ਜੁਧ ਜੱਥੇ ਕਾ, ਬਲ ਬਾਂਹ ਕਾ, ਵਾਧਾ ਧਰਮ ਦਾ, ਨਾਤਾ ਸਿਖੀ ਕਾ। (ਭਾਈ ਚੌਪਾ ਸਿੰਘ)

੧੫੭. ਗੁਰੂ ਕਾ ਸਿਖ ਮਿਠਾ ਚੁਗਲ, ਮਿਠਾ ਮਸਖਰਾ ਨ ਹੋਇ। (ਭਾਈ ਚੌਪਾ ਸਿੰਘ)

੧੫੮. ਆਪ ਸਾਹਿਬਾਂ (ਗੁਰੂ ਗੋਬਿੰਦ ਸਿੰਘ) ਜੀ ਨੇ ਹੁਕਮ ਕਰਿਆ ਹੈ ਮੇਰਾ ਬਚਨ ਮੰਨੇ ਤੇ ਮੁਕਤਿ ਹੈ, ਮੇਰਾ ਸਰੂਪ ਡਿਠੇ ਤੇ ਮੁਕਤ ਨਹੀਂ। (ਭਾਈ ਚੌਪਾ ਸਿੰਘ)

Sri Satguru Jagjit Singh Ji eLibrary NamdhariElibrary@gmail.com

੧੫੯. ਜੋ ਪੱਗ ਬਾਸੀ ਰਖੈ ਸੋ ਤਨਖ਼ਾਹੀਆ
[ਪੱਗ ਰੋਜ਼ ਬੰਨ੍ਹਣੀ ਹੈ, ਬੰਨ੍ਹੀ ਹੋਈ ਹੀ ਸਿਰ ਤੇ ਨਹੀਂ ਰੱਖ ਲੈਣੀ।]
(ਭਾਈ ਚੌਪਾ ਸਿੰਘ)

੧੬੦. ਜੋ ਜਪੁਜੀ ਨ ਪੜ੍ਹੈ ਸੋ ਅਚੇਤ ਤਨਖ਼ਾਹੀਆ। (ਭਾਈ ਚੌਪਾ ਸਿੰਘ)

੧੬੧. ਜੋ ਸਿਖ ਹੋਇਕੈ ਨਚੈ ਸੋ ਤਨਖ਼ਾਹੀਆ। (ਭਾਈ ਚੌਪਾ ਸਿੰਘ)

੧੬੨. ਜੋ ਸਿਖ ਮਨਸੂਬਾ ਕਰ ਸਿਖਾਂ ਵਿਚ ਦੁਬਿਧਾ ਪਾਇ ਸੋ ਤਨਖ਼ਾਹੀਆ।
(ਭਾਈ ਚੌਪਾ ਸਿੰਘ)

੧੬੩. ਗ਼ਰੀਬ ਸਿਖ ਦਾ ਨਿਰਾਦਰ ਕਰੇ ਹੰਕਾਰੀ ਤਨਖ਼ਾਹੀਆ। (ਭਾਈ ਚੌਪਾ ਸਿੰਘ)

੧੬੪. ਸਿਖ ਵਾਹਿਗੁਰੂ ਜੀ ਕੀ ਫਤਹ ਬੁਲਾਇ ਅਗੋਂ ਨਾ ਬੋਲੈ
ਸੋ ਮਾਨੀ ਤਨਖ਼ਾਹੀਆ। (ਭਾਈ ਚੌਪਾ ਸਿੰਘ)

੧੬੫. ਟੋਪੀ ਵਾਲੇ ਦੀ ਪੈਰੀਂ ਪਵੇ ਕੇਸਾਧਾਰੀ, ਸੋ ਤਨਖ਼ਾਹੀਆ। (ਭਾਈ ਚੌਪਾ ਸਿੰਘ)

੧੬੬. **ਜੋ ਹੁੰਦੇ ਬਲ ਸਿਖਾਂ ਨੂੰ ਭੁੱਖਾ ਤੋਰੇ ਸੋ ਤਨਖ਼ਾਹੀਆ।** (ਭਾਈ ਚੌਪਾ ਸਿੰਘ)

੧੬੭. ਸਿਖ ਹੋ ਕੇ ਕਤਰੂ ਬੇਟੇ ਰਖੈ ਸੋ ਤਨਖ਼ਾਹੀਆ। (ਭਾਈ ਚੌਪਾ ਸਿੰਘ)

੧੬੮. ਗ਼ਰੀਬ ਨੂੰ ਨ ਸਦੇ ਸੋ ਲਿਬਾਸੀ ਤਨਖ਼ਾਹੀਆ। (ਭਾਈ ਚੌਪਾ ਸਿੰਘ)

੧੬੯. ਜੋ ਸ਼ਬਦ ਨਾਲ ਹਾਸਾ ਕਰੇ ਪਕਾ ਤਨਖ਼ਾਹੀਆ। (ਭਾਈ ਚੌਪਾ ਸਿੰਘ)

੧੭੦. ਜੋ ਦਸਾਂ ਜਾਮਿਆਂ ਮੈ ਭੇਦ ਜਾਣੈ ਸੋ ਤਨਖ਼ਾਹੀਆ। (ਭਾਈ ਚੌਪਾ ਸਿੰਘ)

੧੭੧. ਨੰਗੀ ਕੇਸੀ ਬਜ਼ਾਰ ਵਿਚ ਬੈਠੇ, ਫਿਰੇ ਤਨਖ਼ਾਹੀਆ। (ਭਾਈ ਚੌਪਾ ਸਿੰਘ)

੧੭੨. ਨੰਗੀ ਕੇਸੀ ਭੋਜਨ ਕਰੈ ਤਨਖ਼ਾਹੀਆ। (ਭਾਈ ਚੌਪਾ ਸਿੰਘ)

੧੭੩. ਗੁਰ ਕਾ ਸਿਖ ਮਟ, ਬੁੱਤ, ਤੀਰਥ, ਦੇਵੀ, ਦੇਵਤਾ, ਬਰਤ, ਪੂਜਾ, ਅਰਚਾ,
ਮੰਤ੍ਰ, ਜੰਤ੍ਰ, ਪੀਰ, ਬ੍ਰਾਹਮਣ, ਪੁਛਣਾ, ਸੁਖਣਾ, ਤਰਪਨ, ਗਾਯਤ੍ਰੀ ਕਿਤੇ
ਵਲ ਚਿਤ ਨਾ ਦੇਵੇ। (ਭਾਈ ਦਯਾ ਸਿੰਘ ਜੀ ਦਾ ਰਹਿਤਨਾਮਾ)

੧੭੪. ਕੁਸਿਖ ਹੋਵੈ ਤਿਸ ਕੋ ਸਿਖ ਕਰੇ। (ਭਾਈ ਦਯਾ ਸਿੰਘ ਜੀ)

੧੭੫. ਆਨੰਦ ਬਿਨਾ ਬਿਵਾਹ ਨ ਕਰੇ। (ਭਾਈ ਦਯਾ ਸਿੰਘ)

੧੭੬. ਲੋਭ ਕਰ ਖਾਇ ਔਰ ਪਰਸਾਦ ਕੋ ਨਿੰਦੇ ਸੋ ਤਨਖ਼ਾਹੀਆ ਹੈ।
ਵੰਡ ਖਾਇ।
ਕਾਜ ਕਿਸੂ ਕਾ ਹੋਇ ਤਾਂ ਸਵਾਰੇ।
ਦਸਵੰਧ ਦੇਵੈ।
ਜੂੜਾ ਸੀਸ ਕੇ ਮੱਧ ਭਾਗ ਮੇ ਰਾਖੇ।
**ਔਰ ਪਾਗ ਬਡੀ ਬਾਂਧੈ।**
ਕੇਸ ਚਾਪ ਕੈ ਰਖੈ।
ਕੰਘਾ ਦੋਵੇ ਕਾਲ ਕਰੇ, ਪਾਗ ਚੁਨੈ ਕਰ ਬਾਂਧੈ।
ਜੋ ਊਪਰ ਸੇ ਸਿਖ ਹੈ। ਮਗਰ ਭੀਤਰ ਸੇ ਧ੍ਰੋਹ ਹੈ
ਸੋ ਨਰਕ ਬੀਚ ਜਾਇਗਾ। (ਭਾਈ ਦਯਾ ਸਿੰਘ)

Sri Satguru Jagjit Singh Ji eLibrary NamdhariElibrary@gmail.com

੧੭੬ (ੳ) ਬਾਣੀ ਗੁਰੂ ਕੀ ਅਵਰ ਨ ਪਾਠ ।
ਪੜ੍ਹੇ ਗੁਰਮੁਖੀ, ਤਿਆਗੈ ਠਾਠ । (ਭਾਈ ਸਾਹਿਬ ਸਿੰਘ ਜੀ)
(ਅ) ਰਹਤ ਪਿਆਰੀ ਮੋਹਿ ਕੋ,
ਸਿਦਕ ਪਿਆਰਾ ਮਾਹਿ । (ਭਾਈ ਸਹਿਬ ਸਿੰਘ)

੧੭੭. ਹੁਕਾ ਤਯਾਗੇ, ਹਰਿ ਗੁਣ ਗਾਵੈ । (ਸੈਨਾਪਤਿ—ਗੁਰ ਸੋਭਾ)

੧੭੮. ਖਾਲਸਾ ਖਾਸ ਕਹਾਵੈ ਸੋਈ,
ਜਾਕੇ ਹਿਰਦੈ ਭਰਮ ਨ ਹੋਈ । (ਗੁਰ ਸੋਭਾ)

੧੭੯. ਪੰਥ ਪ੍ਰਕਾਸ਼ ਨੇ ਐਸੀ ਕਰਣੀ ਸਿਖਾਂ ਦੀ ਲਿਖੀ ਹੈ :
ਬੁਰੀ ਵਸਤੂ ਪੂਜਾ ਕੋ ਕਹਿਤੇ, ਧਰਮਸ਼ਾਲ ਨ ਬਹਿੰਦੇ ।
ਗੁਰ ਕੇ ਭਾਣੇ ਪਰ ਖੁਸ਼ ਰਹਿੰਦੇ, ਧਰਮ ਕਿਰਤ ਕਰ ਖਾਤੇ ।
ਪਿਤ ਸੁਤ ਮਿਤ ਕੇ ਮਰੇ ਸ਼ੋਕ ਨ ਕਰਤੇ, ਖੁਸ਼ੀ ਮਨਾਤੇ ।
ਮੜ੍ਹੀ ਮਸਾਣੀ, ਥੜੇ ਦਿਵਾਲੇ, ਸੀਸ ਨਾ ਕਾਂਹਿ ਝੁਕਾਤੇ ।
ਰਾਮ ਰਾਮ ਸਲਾਮ ਨ ਰਟਤੇ, ਗਜ ਕਰ ਫਤੇ ਗਜਾਤੇ ।
**ਬਿਨ ਅਨੰਦ ਪੜ੍ਹਾਏ ਤ੍ਰੀਮਤ ਕੋ ਨਹਿ ਅੰਗ ਛੁਹਾਤੇ ।**
... ... ...
ਕਾਮਪਰਤ ਥਾ ਜੋ ਕਛੁ ਕਬਹੀ,
'ਕਰਤ ਗੁਰਮਤਾ' ਮਿਲ ਕਰ ਸਭ ਹੀ ।
ਜਥੇਦਾਰ ਜੋ ਕੁਛ ਕਹਿ ਦੇਤਾ,
ਸੋਈ ਪੰਥ ਮਾਨ ਸਭ ਲੇਤਾ ।
... ... ... ...
ਜਾਤਿ ਗੋਤ ਕੁਲ ਕਿਰਿਆ ਨਾਮ,
ਪਿਛਲੇ ਸੋ ਤਜ ਦੇਤ ਤਮਾਮ ।
... ... ... ...
ਕਾਣ ਨ ਕਾਹੂੰ ਕੀ ਇਹ ਰਾਖਤ,
ਸ਼ਹਿਨਸ਼ਾਹਿ ਖੁਦ ਹੀ ਕੋ ਭਾਖਤ, (ਪੰਥ ਪ੍ਰਕਾਸ਼, ਭਾਈ ਰਤਨ ਸਿੰਘ ਭੰਗੂ)

੧੮੦. ਮੁਸਲਮਾਨ ਹਿੰਦੂਨ ਤੈਂ ਨਯਾਰੀ
ਰੀਤ ਇਨ੍ਹੋ ਮੈਂ ਹੈਂ ਭਲ ਸਾਰੀ (ਪੰਥ ਪ੍ਰਕਾਸ਼)

੧੮੧. ਬਾਤ ਬਾਤ ਮੈਂ ਇਹੋ ਅਲੈਹੈਂ
ਜੋ ਗੁਰੂ ਕਰ ਹੈ, ਸੋਈ ਹਵੈਹੈ (ਪੰਥ ਪ੍ਰਕਾਸ਼)

੧੮੨. ਪਰ ਤ੍ਰਿਯ ਸਮਝਤ ਮਾਤ ਸਮਾਨੈ ।
ਚੋਰੀ ਯਾਰੀ ਨਿੰਦ ਨ ਠਾਨੈ ।
ਬਯਾਹ ਨਕਾਹ ਨ ਏਹ ਕਰਾਤ ।
ਭੁਗਤ ਅਨੰਦ, ਅਨੰਦ ਪੜ੍ਹਾਤ । (ਪੰਥ ਪ੍ਰਕਾਸ਼)

Sri Satguru Jagjit Singh Ji eLibrary NamdhariElibrary@gmail.com

੧੮੩. **ਕਿਰਿਆ ਕਰਮ ਕਰਾਵਤ ਨਾਹਿ**
**ਹਡੀ ਪਾਇ ਨ ਗੰਗਾ ਮਾਹਿ ।** (ਪੰਥ ਪ੍ਰਕਾਸ਼)

੧੮੪. ਚਾਰ ਕੁਰਹਿਤਾਂ ਹਨ :
(i) ਕੇਸਾਂ ਦੀ ਬੇਅਦਬੀ
(ii) ਤਮਾਕੂ ਵਰਤਣਾ
(iii) ਮੁਜਲੀ ਸੇ ਭੋਗ ਕਰਨਾ
(iv) ਕੁਠਾ ਖਾਣਾ
(ਗੁਰੂ ਗੋਬਿੰਦ ਸਿੰਘ ਜੀ ਦੇ ਬਚਨ ਗੁਰਮਤਿ ਪ੍ਰਭਾਕਰ ਪੰਨਾ ੫੦੯)

੧੮੫. ਬਿਨਾ ਸ਼ਸਤ੍ਰ ਕੇਸੰ ਨਰੰ ਭੇਡ ਜਾਨੋ
ਗਹੇ ਕਾਨ ਤਾਕੋ ਕਿਤੈ ਲੈ ਸਿਧਾਨੋ
ਇਹ ਮੋਰ ਆਗਯਾ ਸੁਨੋ ਹੇ ਪਿਆਰੇ ।
ਬਿਨਾ ਤੇਗ ਕੇਸੰ ਦਿਵੋ ਨ ਦੀਦਾਰੇ ।
(ਗੁਰ ਬਿਲਾਸ,, ਪਾਤਸ਼ਾਹ ਦਸਵੀਂ—ਭਾਈ ਸੁਖਾ ਸਿੰਘ)

੧੮੬. ਗੁਰੂ ਅੰਗਦ ਸਾਹਿਬ ਦਾ ਫ਼ਰਮਾਨ :
ਜਪ ਜੀ ਅਰਥ ਵਿਚਾਰਨ ਕਰੋ ।
ਸਵਾਸ ਸਵਾਸ ਅੰਤਰ ਨਿਤ ਧਰੋ ।
ਜੋ ਆਪਨੀ ਕਛੁ ਕਰਹੁ ਕਮਾਈ ।
ਗੁਰੁ ਹਿਤ ਦਿਹੁ ਦਸਵੰਧ ਬਨਾਇ । (ਸੂਰਜ ਪ੍ਰਕਾਸ਼ ਰਾਸ ਪਹਿਲੀ)

੧੮੭. ਗੁਰੂ ਅਮਰ ਦਾਸ ਜੀ ਦਾ ਫ਼ਰਮਾਨ
"ਜਾਤਿ ਪਾਤਿ ਗੁਰੂ ਕੀ ਨਹਿ ਕੋਇ ।"
(ਰਾਸ ਪਹਿਲੀ ਅਧਿਆਇ ੪੦)

੧੮੮. ਭਾਈ ਭਿਖਾਰੀ ਦਾ ਕਹਿਣਾ ਹੈ :
"ਭਾਣਾ ਮਾਨਨ ਮਨ ਧਿਰ ਕੀਜੈ
ਸਤਨਾਮ ਕੋ ਸਿਮਰਨ ਕਰਨੋ ।
ਤਨ ਹੰਤਾ ਕੋ ਰਿਦੈ ਬਿਸਰਨੋ,
ਮੁਕਤੀ ਕੇ ਸਾਧਨ ਏ ਤੀਨ ।" (ਰਾਸ ਤੀਜੀ, ਅਧਿ: ੬੮)

੧੮੯. ਸ੍ਰੀ ਸਤਿਗੁਰ ਹਰਿ ਰਾਇ ਜੀ, ਸਿਖਨ ਦੇ ਉਪਦੇਸ਼,
ਗੁਰ ਨਿਮਤਿ ਲੰਗਰ ਕਰਹ ਹੁਇ ਕਲਯਾਨ ਬਿਸ਼ੇਸ਼ ।
(ਰਾਸ ੯, ਅਧਿਆਇ ੪)

੧੯੦. ਗੁਰੂ ਹਰਿ ਰਾਇ ਜੀ ਦਾ ਭਾਈ ਹਕੀਕਤ ਰਾਇ ਦੇ ਦਾਦਾ ਲਾਲਾ ਨੰਦ ਲਾਲ ਪੁਰੀ ਨੂੰ ਉਪਦੇਸ਼ :
ਕੇਸ ਨਾ ਕਟਾਣੇ, ਟੋਪੀ ਨ ਪਹਿਨਣੀ, ਤਮਾਕੂ ਨ ਪੀਣਾ ।
(ਪੋਥੀ ਪੰਜਾਹ ਸਾਖੀਆਂ)